








Nineteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 21, May 26, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਰਸੂਖਵਾਨਾਂ ਨੇ ਪੰਜਾਬ ਦਾ ਪਾਣੀ ਵੀ ਨਾ ਬਖਸ਼ਿਆ

**ਚੰਡੀਗੜ੍ਹ:** ਪੰਜਾਬ ਦੀਆਂ ਨਹਿਰਾਂ ਵਿਚ ਇਨ੍ਹੀ ਦਿਨੀਂ ਪਾਣੀ ਦੀ ਥਾਂ ਜ਼ਹਿਰ ਵਗ ਰਿਹਾ ਹੈ। ਸ੍ਰੀ ਹਰਗੋਬਿੰਦਪੁਰ ਨੇੜੇ ਪਿੰਡ ਕੀੜੀ ਅਫਗਾਨਾ ਸਥਿਤ ਖੰਡ ਮਿੱਲ ਵਿਚੋਂ ਨਿਕਲੇ ਇਸ ਸੀਰਾ ਰੂਪੀ ਜ਼ਹਿਰ ਨੇ ਪੰਜਾਬ ਸਮੇਤ ਹਰਿਆਣਾ ਤੇ ਰਾਜਸਥਾਨ ਨੂੰ ਵੀ ਆਪਣੇ ਲਪੇਟੇ ਵਿਚ ਲੈ ਲਿਆ ਹੈ।

ਰਾਜਸਥਾਨ ਤੇ ਸਰਹਿੰਦ ਨਹਿਰਾਂ ਰਾਹੀਂ ਇਹ ਜ਼ਹਿਰੀਲਾ ਪਾਣੀ ਹੁਣ ਲੋਕਾਂ ਦੇ ਘਰਾਂ ਤੱਕ ਅੱਪੜ ਗਿਆ ਹੈ। ਪੰਜਾਬ ਦੇ ਦੱਖਣੀ ਹਿੱਸੇ ਦੀ ਵੱਡੀ ਆਬਾਦੀ ਇਨ੍ਹਾਂ ਨਹਿਰਾਂ ਦੇ ਪਾਣੀ ਨੂੰ ਹੀ ਵਰਤਦੀ ਹੈ। ਜਲ ਸਪਲਾਈ ਵਿਭਾਗ ਨੇ ਨਹਿਰਾਂ ਤੋਂ ਪਾਣੀ ਦੀ ਸਪਲਾਈ ਲੈਣੀ ਬੰਦ ਕਰ ਦਿੱਤੀ ਹੈ। ਪੰਜਾਬ ਤੋਂ ਇੰਦਰਾ ਨਹਿਰ ਰਾਹੀਂ ਮਰੀਆਂ ਮੱਛੀਆਂ ਅਤੇ ਸੱਪਾਂ ਨਾਲ ਦੂਸ਼ਿਤ ਹੋਇਆ ਪਾਣੀ ਰਾਜਸਥਾਨ ਵਿਚ ਦਾਖਲ ਹੋ ਗਿਆ ਹੈ। ਉਥੋਂ ਦੀ ਸਰਕਾਰ ਨੇ ਵੀ ਪੀਣ ਵਾਲੇ ਪਾਣੀ ਦੀ ਸਪਲਾਈ ਰੋਕ ਦਿੱਤੀ ਹੈ। ਨਹਿਰ ਦਾ ਪਾਣੀ ਕਾਲਾ ਅਤੇ ਲਾਲ ਰੰਗ ਦਾ ਹੋ ਗਿਆ ਹੈ ਤੇ ਇਸ ਵਿਚੋਂ ਬਦਬੂ ਆਉਂਦੀ ਹੈ। ਪਾਣੀ 'ਚ ਮਰੀਆਂ ਮੱਛੀਆਂ ਅਤੇ ਸੱਪ ਦਿਖਾਈ ਦਿੱਤੇ ਹਨ ਜਿਸ ਕਾਰਨ ਸਟੋਰੇਜ ਟੈਂਕ ਨੂੰ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ। ਸ੍ਰੀ ਗੰਗਾਨਗਰ ਜ਼ਿਲ੍ਹੇ ਦੀ ਰੋਜ਼ਾਨਾ ਪਾਣੀ ਦੀ ਸਪਲਾਈ 50 ਹਜ਼ਾਰ ਕਿਲੋ ਲਿਟਰ ਹੈ। ਪ੍ਰਸ਼ਾਸਨ ਇਹੀ ਦਾਅਵੇ ਕਰ ਰਿਹਾ ਹੈ ਕਿ ਅਜੇ ਉਸ ਕੋਲ ਸਟੋਰ ਪਾਣੀ ਮੌਜੂਦ ਹੈ ਜੋ ਅਗਲੇ ਕੁਝ ਦਿਨ ਚੱਲੇਗਾ।

ਲੋਕਾਂ ਤੇ ਪਸ਼ੂ ਪੰਛੀਆਂ ਲਈ ਪਰੇਸ਼ਾਨੀ ਦਾ

## ਬਿਆਸ ਦਰਿਆ ਵਿਚ ਘੁਲੇ ਜ਼ਹਿਰ ਨੇ ਸਰਕਾਰ ਦੀ ਪੋਲ ਖੋਲ੍ਹੀ



ਇਹ ਸਿਲਸਿਲਾ ਉਸ ਵੇਲੇ ਸ਼ੁਰੂ ਹੋਇਆ ਸੀ ਜਦੋਂ ਕੀੜੀ ਅਫਗਾਨਾ ਸਥਿਤ ਖੰਡ ਮਿੱਲ ਵਿਚੋਂ ਹਜ਼ਾਰਾਂ ਟਨ ਸੀਰਾ ਬਿਆਸ ਦਰਿਆ ਵਿਚ ਸੁੱਟਿਆ ਗਿਆ। ਦਾਅਵਾ ਭਾਵੇਂ ਇਹ ਕੀਤਾ ਜਾ ਰਿਹਾ ਹੈ ਕਿ ਖੰਡ ਮਿਲ ਦਾ ਬਾਇਲਰ ਫਟਣ ਕਾਰਨ ਇਹ ਹਾਦਸਾ ਵਾਪਰਿਆ ਪਰ ਸਥਾਨਕ ਲੋਕ ਦਾਅਵਾ ਕਰ ਰਹੇ ਹਨ ਕਿ ਇਸ ਮਿਲ ਵੱਲੋਂ ਪਹਿਲਾਂ ਵੀ ਕਾਫੀ ਸਮੇਂ ਤੋਂ ਇਹ ਜ਼ਹਿਰ ਦਰਿਆ ਵਿਚ ਸੁੱਟਿਆ ਜਾ ਰਿਹਾ ਸੀ। ਇਸ ਵਾਰ ਸੀਰੇ ਦੀ ਇੰਨੀ ਮਾਤਰਾ ਛੱਡ ਦਿੱਤੀ ਗਈ ਕਿ ਕੁਝ ਘੰਟਿਆਂ ਵਿਚ ਲੱਖਾਂ ਮੱਛੀਆਂ ਦੀ ਮੌਤ ਦਾ ਕਾਰਨ ਬਣ ਗਈ।

ਦਰਿਆ ਦੇ ਨਾਲ ਲੱਗਦੇ ਸਮੁੱਚੇ ਇਲਾਕਿਆਂ ਵਿਚ ਹਲਚਲ ਮੱਚੀ ਹੋਈ ਹੈ। ਪ੍ਰਸ਼ਾਸਨ ਨੂੰ ਇਹ ਗੱਲ ਉਦੋਂ ਪਤਾ ਲੱਗੀ ਜਦੋਂ ਲੋਕ ਮਰੀਆਂ ਮੱਛੀਆਂ ਚੁੱਕ ਕੇ ਵੇਚਣ ਲਈ ਸ਼ਹਿਰ ਵੱਲ ਨੂੰ ਭੱਜੇ। ਤੁਰੰਤ ਇਸ ਮਿੱਲ ਨੂੰ ਬੰਦ ਕਰਵਾ ਦਿੱਤਾ ਗਿਆ, ਪਰ ਉਦੋਂ ਤੱਕ ਬੜੀ ਦੇਰ ਹੋ ਚੁੱਕੀ ਸੀ। ਇੰਨੀ ਵੱਡੀ ਤਬਾਹੀ ਦੇ ਬਾਵਜੂਦ ਸਰਕਾਰ ਮਿੱਲ ਪ੍ਰਬੰਧਕਾਂ ਨੂੰ ਹੱਥ ਪਾਉਣ ਤੋਂ ਟਾਲੇ ਦੀਆਂ ਜੁਗਤਾਂ ਘੜ ਰਹੀ ਹੈ। ਇਹ ਮਿੱਲ ਰਸੂਖਵਾਨ ਚੱਢਾ ਪਰਿਵਾਰ ਦੀ ਹੈ। ਮਿੱਲ ਮਾਲਕ ਜਸਦੀਪ ਕੌਰ ਚੱਢਾ ਮੁੱਖ ਮੰਤਰੀ ਕੈਪਟਨ ਦੇ ਧਾਰਮਿਕ ਮਾਮਲਿਆਂ ਬਾਰੇ ਸਲਾਹਕਾਰ ਪਰਮਜੀਤ ਸਿੰਘ ਸਰਨਾ ਦੀ ਭਤੀਜੀ ਹੈ। ਇਹ ਵੀ ਚਰਚਾ ਹੈ ਕਿ ਸਰਨਾ ਵੱਲੋਂ ਸਰਕਾਰ ਉਤੇ ਕਾਰਵਾਈ ਨਾ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੀ ਪੰਜਾਬ ਫੇਰੀ ਕਾਫੀ ਚਰਚਾ ਵਿਚ ਹੈ।

ਦੱਸ ਦਈਏ ਕਿ ਖੰਡ ਮਿੱਲਾਂ, ਫਾਰਮਾਸਿਊਟੀਕਲ ਯੂਨਿਟਾਂ ਅਤੇ ਰੰਗਾਈ

(ਬਾਕੀ ਸਫਾ 6 ਉਤੇ)

### ਬਾਦਲਾਂ ਨੇ ਬਣਾਇਆ ਸਿਆਸੀ ਮੁੱਦਾ

ਸ਼ਾਹਕੋਟ ਜ਼ਿਮਨੀ ਚੋਣ ਸਿਰ ਉਤੇ ਹੋਣ ਕਾਰਨ ਅਕਾਲੀ ਦਲ ਬਾਦਲ ਨੇ ਬਿਆਸ ਦਰਿਆ ਵਿਚ ਘੋਲੇ ਜ਼ਹਿਰ ਨੂੰ ਸਿਆਸੀ ਮੁੱਦਾ ਬਣਾ ਲਿਆ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਅਕਾਲੀ ਆਗੂ ਮਿੱਲ ਮਾਲਕ ਚੱਢਾ ਪਰਿਵਾਰ 'ਤੇ ਕਾਰਵਾਈ ਵਿਚ ਢਿੱਲ ਕਾਰਨ ਕਾਂਗਰਸ ਸਰਕਾਰ ਨੂੰ ਘੇਰ ਰਹੇ ਹਨ। ਦਰਅਸਲ, ਇਹ ਮਿੱਲ ਪਰਮਜੀਤ ਸਰਨਾ ਦੇ ਰਿਸ਼ਤੇਦਾਰ ਦੀ ਹੈ ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੁੱਖ ਵਿਰੋਧੀ ਧਿਰ ਹੈ। ਅਕਾਲੀ ਦਲ ਇਹ ਮੁੱਦਾ ਚੁੱਕ ਕੇ ਦੋਵਾਂ ਪਾਸਿਉਂ ਸਿਆਸੀ ਫਾਇਦੇ ਦੀਆਂ ਜੁਗਤਾਂ ਵਿਚ ਜੁਟਿਆ ਹੋਇਆ ਹੈ।

# ਹੁਣ ਸਿੱਖ ਸੈਂਸਰ ਬੋਰਡ ਕਰੇਗਾ ਧਾਰਮਿਕ ਫਿਲਮਾਂ ਦੀ ਘੋਖ

**ਅੰਮ੍ਰਿਤਸਰ:** ਅਕਾਲ ਤਖਤ ਨੇ ਸਿੱਖ ਧਰਮ ਬਾਰੇ ਬਣਨ ਵਾਲੀਆਂ ਫਿਲਮਾਂ ਦੀ ਘੋਖ ਲਈ ਸਿੱਖ ਵਿਦਵਾਨਾਂ ਦਾ 21 ਮੈਂਬਰੀ ਸਿੱਖ ਸੈਂਸਰ ਬੋਰਡ ਬਣਾਉਣ ਦਾ ਐਲਾਨ ਕੀਤਾ ਹੈ। ਇਹ ਬੋਰਡ ਅਜਿਹੀਆਂ ਫਿਲਮਾਂ ਨੂੰ ਘੋਖਣ ਮਗਰੋਂ ਆਪਣੀ ਰਿਪੋਰਟ ਅਕਾਲ ਤਖਤ ਨੂੰ ਦੇਵੇਗਾ ਅਤੇ ਮਗਰੋਂ ਤਖਤ ਵੱਲੋਂ ਸਬੰਧਤ ਫਿਲਮ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।

ਇਸ 21 ਮੈਂਬਰੀ ਸਿੱਖ ਸੈਂਸਰ ਬੋਰਡ ਵਿਚ ਸ਼ਾਮਲ ਵਿਦਵਾਨਾਂ ਦੇ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਕਰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫਿਲਮ ਨਿਰਮਾਤਾਵਾਂ ਅਤੇ ਹੋਰਨਾਂ ਨੂੰ ਆਖਿਆ ਕਿ ਸਿੱਖ ਧਰਮ ਨਾਲ ਸਬੰਧਤ ਕੋਈ ਵੀ ਫਿਲਮ, ਨਾਟਕ ਆਦਿ ਬਣਾਉਣ ਤੋਂ ਪਹਿਲਾਂ ਅਕਾਲ ਤਖਤ ਤੋਂ ਪ੍ਰਵਾਨਗੀ ਹਾਸਲ ਕੀਤੀ ਜਾਵੇ। ਸਿੱਖ ਸੈਂਸਰ ਬੋਰਡ ਅਜਿਹੀਆਂ ਫਿਲਮਾਂ, ਨਾਟਕਾਂ, ਡਰਾਮਿਆਂ ਆਦਿ ਵਿਚ ਸਿੱਖ ਇਤਿਹਾਸ, ਵਿਰਾਸਤ, ਮਰਿਆਦਾ ਆਦਿ ਨਾਲ ਸਬੰਧਤ ਦ੍ਰਿਸ਼ਾਂ ਨੂੰ ਮੁਕੰਮਲ ਤੌਰ ਉਤੇ ਘੋਖੇਗਾ ਅਤੇ ਉਸ ਦੀ ਰਿਪੋਰਟ ਮੁਤਾਬਕ ਹੀ ਅਕਾਲ ਤਖਤ ਵੱਲੋਂ ਪ੍ਰਵਾਨਗੀ ਦਿੱਤੀ ਜਾਵੇਗੀ। ਪਹਿਲਾਂ ਸਿੱਖ ਧਰਮ ਸਬੰਧੀ ਬਣੀਆਂ ਫਿਲਮਾਂ ਆਦਿ ਵਿਚ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਰੋਲ ਨਿਭਾਉਣ ਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਕਾਰਨ ਕਈ ਵਾਰ ਵਿਵਾਦ ਪੈਦਾ ਹੋਇਆ ਹੈ, ਜਿਸ ਨੂੰ ਰੋਕਣ ਲਈ ਸਿੱਖ ਸੈਂਸਰ ਬੋਰਡ ਦੀ ਸਥਾਪਨਾ ਕੀਤੀ ਗਈ ਹੈ।

ਸਿੱਖ ਸੈਂਸਰ ਬੋਰਡ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਨੂੰ ਬਣਾਇਆ ਗਿਆ ਹੈ। ਬੋਰਡ ਦੇ ਮੈਂਬਰਾਂ ਵਿਚ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ

(ਬਾਕੀ ਸਫਾ 6 ਉਤੇ)

Visit us on the web:www.punjabtimesusa.com

Ad Space Available
Please Call,
Ph: 847-359-0746




Ad Space Available
Please Call,
Ph: 847-359-0746

ਸਿੱਖ ਕੌਮ ਦੇ ਆਪਣੇ ਘਰ ਖਾਲਿਸਤਾਨ ਲਈ ਜਦੋ ਜਹਿਦ

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ ਕਰਨ ਲਈ ਪਿਛਲੇ ਦਿਨੀਂ ਨਿਊ ਜਰਸੀ ਵਿਖੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਲੋਂ ਮੀਟਿੰਗ ਕੀਤੀ ਗਈ ਜਿਸ ਵਿਚ ਇਕ ਅਹਿਮ ਫੈਸਲਾ ਲੈ ਕੇ ਕੇਂਦਰੀ ਕਮੇਟੀ (ਅਮਰੀਕਾ) ਦਾ ਗਠਨ ਕੀਤਾ ਗਿਆ ਹੈ।

ਪ੍ਰਧਾਨ (ਅਮਰੀਕਾ)



ਸੁਰਜੀਤ ਸਿੰਘ ਕੁਲਾਰ
ਨਿਊ ਯਾਰਕ

ਕਨਵੀਨਰ (ਅਮਰੀਕਾ)



ਬੂਟਾ ਸਿੰਘ ਖੜੌਦ
ਨਿਊ ਜਰਸੀ

ਕੌਮੀ ਜਨਰਲ ਸਕੱਤਰ



ਜੀਤ ਸਿੰਘ ਆਲੋਅਰਖ
ਟੈਕਸਸ

ਸਕੱਤਰ ਜਨਰਲ (ਅਮਰੀਕਾ)



ਰੁਪਿੰਦਰ ਸਿੰਘ ਬਾਠ
ਓਹਾਇਓ

ਜਨਰਲ ਸਕੱਤਰ (ਅਮਰੀਕਾ)



ਮੱਖਣ ਸਿੰਘ ਕਲੇਰ
ਸ਼ਿਕਾਗੋ

ਜਨਰਲ ਸਕੱਤਰ (ਅਮਰੀਕਾ)



ਦਵਿੰਦਰ ਸਿੰਘ ਦਿਓ
ਵਰਜੀਨੀਆ

ਮੀਤ ਪ੍ਰਧਾਨ (ਅਮਰੀਕਾ)



ਪਵਨ ਸਿੰਘ ਖਾਲਸਾ
ਵਰਜੀਨੀਆ

ਮੀਤ ਪ੍ਰਧਾਨ (ਅਮਰੀਕਾ)



ਅਮਰਜੀਤ ਸਿੰਘ
ਨਿਊ ਯਾਰਕ

ਮੀਤ ਪ੍ਰਧਾਨ (ਅਮਰੀਕਾ)



ਇੰਦਰਪਾਲ ਸਿੰਘ
ਸਿਆਟਲ

ਮੀਤ ਪ੍ਰਧਾਨ (ਅਮਰੀਕਾ)



ਰਵਿੰਦਰ ਸਿੰਘ ਰਿੰਪੀ
ਕੈਲੀਫੋਰਨੀਆ

ਕੈਸ਼ੀਅਰ (ਅਮਰੀਕਾ)



ਰਣਜੀਤ ਸਿੰਘ ਧਾਲੀਵਾਲ
ਨਿਊ ਜਰਸੀ

ਚੀਫ ਸਪੋਕਸਮੈਨ ਅਤੇ ਮੀਡੀਆ ਅਡਵਾਈਜ਼ਰ (ਅਮਰੀਕਾ)



ਸਰਬਜੀਤ ਸਿੰਘ
ਨਿਊ ਯਾਰਕ

## ਕਮੇਟੀ ਮੈਂਬਰ



ਸੁਰਿੰਦਰ ਸਿੰਘ
ਇੰਡੀਆਨਾ



ਅਮਰਜੀਤ ਸਿੰਘ
ਨਿਊ ਯਾਰਕ



ਇੰਦਰਜੀਤ ਸਿੰਘ
ਨਿਊ ਜਰਸੀ



ਸੁਖਵਿੰਦਰ ਸਿੰਘ
ਗਿੱਲ
ਸ਼ਿਕਾਗੋ



ਲਖਵਿੰਦਰ ਸਿੰਘ
ਮਿਸ਼ੀਗਨ



ਦੀਪਇੰਦਰ ਸਿੰਘ
ਮਾਨ
ਓਰੇਗਾਨ



ਰਮਿੰਦਰਜੀਤ ਸਿੰਘ
ਮਿੰਟੂ
ਕੈਲੀਫੋਰਨੀਆ



ਦਲਬੀਰ ਸਿੰਘ
ਚੀਮਾ
ਸ਼ਿਕਾਗੋ



ਸੁਰਿੰਦਰ ਸਿੰਘ
ਨਿਊ ਯਾਰਕ

ਜਾਰੀ ਕਰਤਾ: ਸਰਬਜੀਤ ਸਿੰਘ (ਚੀਫ ਸਪੋਕਸਮੈਨ ਅਤੇ ਮੀਡੀਆ ਅਡਵਾਈਜ਼ਰ)
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ

# ‘ਸਿੱਖ ਕੌਮ ਦਾ ਦੁਨੀਆਂ ’ਚ ਵਿਸ਼ੇਸ਼ ਰੁਤਬਾ’

**ਵਾਸ਼ਿੰਗਟਨ ਡੀ.ਸੀ (ਬਿਊਰੋ):** “ਸਿੱਖ ਕੌਮ ਦਾ ਦੁਨੀਆਂ ਵਿਚ ਵਿਸ਼ੇਸ਼ ਰੁਤਬਾ ਹੈ। ਭਾਈਚਾਰਕ ਸਾਂਝਾਂ ਬਹਾਲ ਕਰਨ ਲਈ ਸਾਨੂੰ ਸਾਂਝੇ ਤੌਰ ’ਤੇ ਉਪਰਾਲੇ ਜਾਰੀ ਰੱਖਣੇ ਚਾਹੀਦੇ ਹਨ।” ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਾਸ਼ਿੰਗਟਨ ਡੀ.ਸੀ. ਵਿਚ ਭਾਰਤੀ ਡਿਪਲੋਮੈਟ ਸ. ਨਵਤੇਜ ਸਿੰਘ ਸਰਨਾ ਨੇ ਬੀਤੇ ਦਿਨੀਂ ਵਾਸ਼ਿੰਗਟਨ ਮੈਟਰੋਪੋਲਿਟਨ ਦੀ ਨਾਮੀ ਸੰਸਥਾ ‘ਸਿੱਖਸ ਆਫ ਅਮੈਰਿਕਾ’ ਦੇ ਸਾਲਾਨਾ ਗਾਲਾ ਡਿਨਰ ਮੌਕੇ ਕੀਤਾ।

ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਸ. ਸਰਨਾ ਨੇ ਕਿਹਾ ਕਿ ਮੈਂ ਹੋਰ ਵੀ ਵੱਖ ਵੱਖ ਭਾਈਚਾਰਿਆਂ ਦੇ ਸਮਾਗਮਾਂ ਵਿਚ ਜਾਂਦਾ ਹਾਂ, ਅਕਸਰ ਸਾਡਾ ਭਾਈਚਾਰਾ ਪੁਲਿਸ ਚੀਫ ਨੂੰ ਸੱਦਾ ਦਿੰਦਾ ਹੈ। ਪ੍ਰੰਤੂ ਇਸ ਸਮਾਗਮ ਵਿਚ ਸਟੇਟ ਦੇ ਅਟਾਰਨੀ ਜਨਰਲ ਨੂੰ ਮਹਿਮਾਨ ਵਜੋਂ ਬੁਲਾ ਕੇ ਸਿੱਖ ਭਾਈਚਾਰੇ ਨੇ ਇਕ ਵਿਲੱਖਣਤਾ ਦਾ ਸਬੂਤ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸੰਸਥਾ ਹਰ ਸਾਲ ਵਾਸ਼ਿੰਗਟਨ ਡੀ.ਸੀ. ਦੀ ਇਤਿਹਾਸਕ 4 ਜੁਲਾਈ ਪਰੇਡ ਵਿਚ ਸਿੱਖ ਕੌਮ ਦਾ ਫਲੋਟ ਕੱਢਦੀ ਹੈ। ਇਸ ਮੌਕ ਕੇ ਇਥੋਂ ਦੇ ਵੱਖ ਵੱਖ ਗੁਰੂਘਰਾਂ ਦੇ ਪ੍ਰਬੰਧਕਾਂ, ਸਿੱਖ ਭਾਈਚਾਰੇ ਤੇ ਹੋਰ ਭਾਈਚਾਰਿਆਂ ਦੇ ਲੋਕਾਂ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕੁਝ ਕਾਰਕੁਨ ਵੀ ਹਾਜ਼ਰ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਲਾਹਕਾਰ ਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਕਿ ਸਿੱਖ ਭਾਈਚਾਰੇ ਉਤੇ ਪੂਰੇ ਹਿੰਦੋਸਤਾਨ ਨੂੰ ਮਾਣ ਹੈ। ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਬਾਰੇ ਆਪਣੇ ਵਲੋਂ ਲਿਖੀ ਕਿਤਾਬ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਇਸ ਕਿਤਾਬ ਦਾ ਤੈਲਗੂ ਭਾਸ਼ਾ ਵਿਚ ਵੀ ਤਰਜ਼ਮਾ ਹੋ ਚੁਕਾ ਹੈ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸਨ ਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਜੋਸ਼ ਤੇ ਸਪਿਰਟ ਲੈਣ ਵਾਸਤੇ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਮੌਕੇ ਭਾਰਤ ਦੇ ਪੰਜ ਵੱਖ ਵੱਖ ਖਿੱਤਿਆਂ ਤੋਂ ਪੰਜ ਪਿਆਰਿਆਂ ਨੂੰ ਰੂਹਾਨੀਅਤ, ਜੋਸ਼ ਅਤੇ ਸਾਂਝੀਵਾਲਤਾ ਦੇ ਰੂਪ ਵਿਚ ਅੱਗੇ ਲਿਆਂਦਾ।

ਇਸ ਤੋਂ ਇਲਾਵਾ ਅਮਰੀਕੀ ਪ੍ਰਸ਼ਾਸਨ ਵਿਚੋਂ ਮੈਰੀਲੈਂਡ ਸਟੇਟ ਦੇ ਅਟਾਰਨੀ ਜਨਰਲ ਬਰਾਇਨ ਫਰੌਸ਼, ਡਾਇਰੈਕਟਰ ਆਫਿਸ ਆਫ ਗਵਰਨਰ ਮੈਰੀਲੈਂਡ ਮਿਸਟਰ ਸਟੀਵਨ ਜੇ. ਮੈਕ ਐਡਮਜ਼ ਕੀ ਨੋਟ ਸਪੀਕਰਾਂ ਦੇ ਤੌਰ ‘ਤੇ ਪਹੁੰਚੇ ਹੋਏ ਸਨ।

ਇਸ ਤੋਂ ਪਹਿਲਾਂ ਅਮਰੀਕੀ ਤੇ ਭਾਰਤੀ ਕੌਮੀ ਤਰਾਨੇ ਦੇ ਗਾਇਕ ਤੋਂ ਇਲਾਵਾ ਸਰਬਜੀਤ ਸਿੰਘ ਨੇ ‘ਦੇਹ ਸ਼ਿਵਾ ਬਰ ਮੋਹੇ’ ਸ਼ਬਦ ਪੜ੍ਹਿਆ। ਸੰਸਥਾ ਦੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਅਮਰੀਕਾ ਵਿਚ ਸਿੱਖ ਪਛਾਣ ਦੇ ਮੁੱਦੇ ਨੂੰ ਛੋਹਿਆ ਅਤੇ ਆਰਮੀ ਤੋਂ ਲੈ ਕੇ ਰਾਜਨੀਤਕ ਖੇਤਰ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਚਾਨਣਾ ਪਾਇਆ।

ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸ. ਸਰਨਾ ਨੂੰ ਬਿੱਲ ਕਲਿੰਟਨ ਦਾ ਸਮਾਂ ਯਾਦ ਕਰਵਾਉਂਦਿਆਂ ਕਿਹਾ ਕਿ ਵਾਜਪਾਈ ਦੀ ਸਰਕਾਰ ਮੌਕੇ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਦੌਰੇ ‘ਤੇ ਮੈਂ ਟੀ.ਵੀ. ਰਾਹੀਂ ਨਵਤੇਜ ਸਿੰਘ ਸਰਨਾ ਨੂੰ ਵੇਖਿਆ ਸੀ। ਉਨ੍ਹਾਂ ਕਿਹਾ ਕਿ ਸਾਡੇ ਧੰਨਭਾਗ ਨੇ ਕਿ ਸਿੱਖੀ ਸਰੂਪ ਵਾਲਾ ਡਿਪਲੋਮੈਟ ਸ. ਸਰਨਾ ਦੇ ਰੂਪ ਵਿਚ ਸਾਨੂੰ ਵਾਸ਼ਿੰਗਟਨ ਡੀ.ਸੀ. ਵਿਚ ਮਿਲਿਆ।

ਸਨਮਾਨਿਤ ਸ਼ਖਸੀਅਤਾਂ ਤੋਂ ਇਲਾਵਾ ਦੋ ਵਿਸ਼ੇਸ਼ ਐਵਾਰਡ ਵੀ ਦਿੱਤੇ ਗਏ ਜਿਸ ਵਿਚ ਭਾਰਤੀ ਤੇ ਪਾਕਿਸਤਾਨੀ ਭਾਈਚਾਰੇ ਵਿਚਕਾਰ ਪੁਲ ਦਾ ਕੰਮ ਕਰਨ ਵਾਲੇ ਸ੍ਰੀ ਸ਼ਾਜਿਦ ਤਰਾਰ ਅਤੇ ਅਮਰੀਕਾ ਦੀ ‘ਰੋਜ਼ ਡੇਅ ਪਰੇਡ’ ਵਿਚ ਸਿੱਖ ਫਲੋਟ ਸ਼ਾਮਿਲ ਕਰਵਾਉਣ ਵਾਲੇ ਤੇ ਕਰਤਾਰਪੁਰ ਲਾਂਘੇ ਵਾਸਤੇ ਤੱਤਪਰ ਸ. ਰਛਪਾਲ ਸਿੰਘ ਢੀਂਡਸਾ ਸ਼ਾਮਲ ਸਨ। ਸਾਜਿਦ ਤਰਾਰ ਨੇ ਕਿਹਾ ਕਿ ਜੇ ਪਾਕਿਸਤਾਨ ਮੇਰੀ ਜਾਨ ਹੈ ਤਾਂ ਭਾਰਤ ਮੇਰਾ ਦਿਲ ਹੈ। ਸ. ਢੀਂਡਸਾ ਕੈਲੀਫੋਰਨੀਆ ਤੋਂ ਪਹੁੰਚ ਨਾ ਸਕੇ ਪਰ ਐਵਾਰਡ ਲਈ ਉਨ੍ਹਾਂ ਦਾ ਨਾਂ ਐਲਾਨਿਆ ਗਿਆ। ਇਸ ਮੌਕੇ ਵੱਖ ਵੱਖ ਰਾਜਾਂ ਦੇ ਸੱਭਿਆਚਾਰਕ ਨਾਚ ਪੇਸ਼ ਕੀਤੇ ਗਏ ਪ੍ਰੰਤੂ ਗਿੱਧੇ ਅਤੇ ਭੰਗੜੇ ਨੇ ਲੋਕਾਂ ਦਾ ਦਿਲ ਜਿੱਤ ਲਿਆ। ਪ੍ਰੋਗਰਾਮ ਦਾ ਵਿਸ਼ੇਸ਼ ਸੋਵੀਨਾਰ ਤਿਆਰ ਕਰਨ ਦਾ ਸਿਹਰਾ ਡਾ. ਸੁਰਿੰਦਰ ਸਿੰਘ ਗਿੱਲ ਦੇ ਸਿਰ ਜਾਂਦਾ ਹੈ। ਮੰਚ ਸੰਚਾਲਨ ਗੁਰਮੀਤ ਸੋਢੀ ਨੇ ਬਾਖੂਬੀ ਕੀਤਾ।

**ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦਾ ਦਾਅਵਾ:** ਇਸੇ ਦੌਰਾਨ ਭਾਜਪਾ ਦੇ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਨੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੀ ‘ਕਾਲੀ ਸੂਚੀ’ ਲਗਭਗ ਖਤਮ ਕਰ ਦਿੱਤੀ ਹੈ। ਗੌਰਤਲਬ ਹੈ ਕਿ ਇਸ ਸੂਚੀ ਵਿਚ ਸ਼ਾਮਲ ਨਾਂ ਵਾਲੇ ਸਿੱਖਾਂ ਨੂੰ 1980-90ਵਿਆਂ ਦੌਰਾਨ ਖਾਲਿਸਤਾਨੀ ਮੁਹਿੰਮ ਨਾਲ ਸਬੰਧਾਂ ਕਾਰਨ ਭਾਰਤ ਦਾ ਵੀਜ਼ਾ ਨਹੀਂ ਦਿੱਤਾ ਜਾਂਦਾ।

ਸ੍ਰੀ ਮਾਧਵ ਮੈਰੀਲੈਂਡ ਵਿਚ ਸਿੱਖ ਭਾਈਚਾਰੇ ਦੀ ਇਕੱਤਰਤਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, “ਅਸੀਂ ਗੈਰ ਮਨੁੱਖੀ ਕਾਲੀ ਸੂਚੀ ਲਗਭਗ ਖਤਮ ਕਰ ਦਿੱਤੀ ਹੈ, ਜਿਸ ਰਾਹੀਂ ਭਾਈਚਾਰੇ ਨੂੰ ਉਨ੍ਹਾਂ ਦੇ ਭਾਰਤ ਫੇਰੀ ਦੇ ਹੱਕ, ਹਰਿਮੰਦਰ ਸਾਹਿਬ ਦੇ ਦਰਸ਼ਨਾਂ ਅਤੇ ਆਪਣੇ ਕਰੀਬੀਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਦੇ ਹੱਕ ਤੋਂ ਵਾਂਝਾ ਕੀਤਾ ਜਾਂਦਾ ਸੀ। ਸੂਚੀ ਵਿਚ ਸਿਰਫ ਕੁਝ ਨਾਂ ਬਚੇ ਹਨ। ਇਹ ਨਾਂ ਵੀ ਛੇਤੀ ਹੀ ਹਟਾ ਦਿੱਤੇ ਜਾਣਗੇ।”

## ਸ਼੍ਰੋਮਣੀ ਕਮੇਟੀ ਵੱਲੋਂ ਜੀ.ਐਸ.ਟੀ. ਬਾਰੇ ਅੜੀ ਛੱਡਣ ਦੀ ਸਲਾਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੁੜ ਕਿਹਾ ਕਿ ਗੁਰਦੁਆਰਿਆਂ ਵਿਚ ਲੰਗਰ ਉਤੇ ਜੀ.ਐਸ.ਟੀ. ਤੁਰਤ ਮੁਆਫ ਹੋਣਾ ਚਾਹੀਦਾ ਹੈ ਤੇ ਇਸ ਸਬੰਧੀ ਕੇਂਦਰ ਸਰਕਾਰ ਨੂੰ ਆਪਣੀ ਅੜੀ ਛੱਡ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਕਈ ਵਾਰ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਜਾ ਚੁੱਕੇ ਹਨ, ਪਰ ਫਿਰ ਵੀ ਕੇਂਦਰ ਸਰਕਾਰ ਵੱਲੋਂ ਮਸਲੇ ਦਾ ਕੋਈ ਹੱਲ ਨਹੀਂ ਕੱਢਿਆ ਗਿਆ। ਗੁਰਦੁਆਰਿਆਂ ਵਿਖੇ ਸ਼ਰਧਾ ਨਾਲ ਪੁੱਜਦੀ ਸੰਗਤ ਨੂੰ ਬਿਨਾਂ ਭੇਦ-ਭਾਵ ਲੰਗਰ ਛਕਾਇਆ ਜਾਂਦਾ ਹੈ, ਪਰ ਜੀ.ਐਸ.ਟੀ. ਕਾਰਨ ਗੁਰਦੁਆਰਿਆਂ ਉਤੇ ਵਾਧੂ ਬੋਝ ਪੈ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਗੁਰਦੁਆਰਿਆਂ ਦੇ ਲੰਗਰਾਂ ਤੋਂ ਜੀ.ਐਸ.ਟੀ. ਬਿਨਾਂ ਦੇਰੀ ਹਟਾਇਆ ਜਾਵੇ।

## Matrimonials

### ਵਰ ਦੀ ਲੋੜ ਹੈ

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) 20

Wanted well settled Canadian/US citizen/green card holder boy for Jatt Sikh Kang Canadian PR girl 24 yrs, 5’-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 16-19

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5’-10”. Pl contact: jsnov1973@aol.com 12/4

### ਲੜਕੀ ਦੀ ਲੋੜ ਹੈ

Looking for a US Citizen or green card holder girl for Ravidasia Sikh boy, 30 yrs, 6', MA, B.Ed., currently in US on visitor visa. Contact, Ph. 1-414-460-7118, Email: klerjay@aol.com 20-23

Suitable match wanted for US born citizen boy, 30 yrs, 5'-6", MD, finishing first year residency, wheatish complexion, vegetarian and teetotaler, Contact: 321-888-5109, E-mail: billsinghtech@gmail.com 20-

Wanted mature, family oriented, vegetarian, preferably US based, over 30 issueless divorcee or widow for Lobana Sikh, 41, 5'-9" clean shaven, teetotaler, legally divorced, pending US immigration status. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561 21-24


**Michigan Truck Driving School**
**6405 Middlebelt Road, Romulus, MI 48174**

ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai
Cell:734-644-1010
Office:734-747-4298



ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ
**ਫੌਰੀ ਲੋੜ ਹੈ**

ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ।

ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ

ਸੰਪਰਕ ਕਰੋ, ਮਨਜੀਤ ਸਿੰਘ
ਫੋਨ: 262-894-0913
21-24



ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
Saturday 9:30AM and Sunday 4PM (Pacific Time)
7021 Village Park Way, Dublin, CA 94568


Email:
Homeomedicine@yahoo.com

# ਕਰਨਾਟਕ: ਨਿਆਂਪਾਲਿਕਾ ਅੱਗੇ ਨਾ ਚੱਲੀ ਭਾਜਪਾ ਦੀ ਦਾਦਾਗਿਰੀ

**ਬੈਂਗਲੂਰੂ:** ਕਰਨਾਟਕ ਵਿਚ ਭਾਜਪਾ ਸਰਕਾਰ ਦੋ ਦਿਨਾਂ ਵਿਚ ਹੀ ਡਿੱਗ ਗਈ। ਇਹ ਸਭ ਸੁਪਰੀਮ ਕੋਰਟ ਦੇ ਸਖਤ ਰਵੱਈਏ ਕਾਰਨ ਹੋਇਆ ਤੇ ਭਾਜਪਾ ਨੂੰ ਆਪਣੀ ਦਾਦਾਗਿਰੀ ਵਾਲੀ ਰਣਨੀਤੀ ਤੋਂ ਪਿੱਛੇ ਹਟਣਾ ਪਿਆ। ਸਰਬਉਚ ਅਦਾਲਤ ਦੇ ਹੁਕਮਾਂ ਉਤੇ ਵਿਧਾਨ ਸਭਾ ਵਿਚ ਬਹੁਮਤ ਸਾਬਤ ਨਾ ਕਰ ਸਕਣ ਉਤੇ ਕਰਨਾਟਕ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਯੇਡੀਯੁਰੱਪਾ ਨੂੰ ਆਖਰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ। ਜਿਸ ਤਰ੍ਹਾਂ ਜਲਦਬਾਜ਼ੀ ਵਿਚ ਸੂਬੇ ਦੇ ਰਾਜਪਾਲ ਵਜੂਭਾਈ ਵਾਲਾ ਨੇ ਵਿਰੋਧੀ ਧਿਰ ਦੇ ਬਹੁਮਤ ਨੂੰ ਅਣਗੌਲਿਆ ਕਰ ਕੇ ਕਰਨਾਟਕ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਫਿਰ ਭਾਜਪਾ ਦੇ ਯੇਡੀਯੁਰੱਪਾ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾ ਦਿੱਤੀ, ਇਸ ਨਾਲ ਭਾਜਪਾ ਦੀ ਕੇਂਦਰ ਸਰਕਾਰ ਦੀ ਦਬੰਗਤਾ ਅਤੇ ਸੂਬੇ ਦੇ ਰਾਜਪਾਲ ਦੀ ਪੱਖਪਾਤੀ ਭੂਮਿਕਾ ਵੀ ਸਪੱਸ਼ਟ ਹੋ ਕੇ ਸਾਹਮਣੇ ਆਈ ਹੈ।

ਕਾਂਗਰਸ ਤੇ ਜਨਤਾ ਦਲ (ਐਸ) ਵੱਲੋਂ ਰਾਜਪਾਲ ਦੇ ਇਸ ਫੈਸਲੇ ਨੂੰ ਸਰਬਉਚ ਅਦਾਲਤ ਵਿਚ ਚੁਣੌਤੀ ਦਿੱਤੀ ਗਈ। ਰਾਜਪਾਲ ਦਾ ਇਹ ਫੈਸਲਾ ਇਸ ਲਈ ਵੀ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ, ਕਿਉਂਕਿ ਉਨ੍ਹਾਂ ਨੇ ਨਾ ਸਿਰਫ ਭਾਜਪਾ ਦੇ ਵਿਵਾਦਤ ਨੇਤਾ ਕੇ.ਜੀ. ਬੋਪਈਆ ਨੂੰ ਪ੍ਰੋਟਾਈਮ ਸਪੀਕਰ ਐਲਾਨ ਦਿੱਤਾ, ਸਗੋਂ ਭਾਜਪਾ ਨੂੰ ਜੋੜ-ਤੋੜ ਅਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਨ ਲਈ ਵੀ 15 ਦਿਨ ਦਾ ਮੌਕਾ ਦੇ ਦਿੱਤਾ ਸੀ, ਪਰ ਅਦਾਲਤ ਨੇ ਭਾਜਪਾ ਨੂੰ 19 ਮਈ ਨੂੰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ ਦਾ ਨਿਰਦੇਸ਼ ਦੇ ਦਿੱਤੇ। 222 ਸੀਟਾਂ ਉਤੇ ਹੋਈਆਂ





ਚੋਣਾਂ ਵਿਚੋਂ 104 ਸੀਟਾਂ ਉਤੇ ਭਾਜਪਾ ਦੀ ਜਿੱਤ ਹੋਈ ਸੀ, ਜਿਸ ਕਾਰਨ ਬਹੁਮਤ ਸਾਬਤ ਕਰ ਸਕਣਾ ਅਸੰਭਵ ਸੀ। ਕਾਂਗਰਸ ਨੇ ਆਪਣੇ 78 ਵਿਧਾਇਕਾਂ ਅਤੇ ਜਨਤਾ ਦਲ (ਐਸ) ਦੇ 38 ਵਿਧਾਇਕਾਂ ਨੂੰ ਇਕਜੁਟ ਰੱਖਣ ਦੀ ਵੱਡੀ ਵਿਵਸਥਾ ਕੀਤੀ ਹੋਈ ਸੀ। ਹੁਣ ਸਥਿਤੀ ਕਾਂਗਰਸ ਅਤੇ ਜਨਤਾ ਦਲ (ਐਸ) ਦੇ ਹੱਕ ਵਿਚ ਆ ਗਈ ਹੈ, ਜਿਨ੍ਹਾਂ ਕੋਲ ਸਾਂਝੇ ਤੌਰ 'ਤੇ 116 ਵਿਧਾਇਕਾਂ ਦਾ ਬਹੁਮਤ ਹੈ। ਇਨ੍ਹਾਂ ਨੂੰ 2 ਆਜ਼ਾਦ ਵਿਧਾਇਕਾਂ ਦਾ ਸਮਰਥਨ ਵੀ ਪ੍ਰਾਪਤ ਹੈ।

ਕਰਨਾਟਕ 'ਚ ਭਰੋਸੇ ਦਾ ਵੋਟ ਹਾਸਲ ਕੀਤੇ ਬਿਨਾਂ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਵੱਲੋਂ ਅਸਤੀਫਾ ਦੇਣ ਨੂੰ ਤ੍ਰਿਣਮੂਲ ਕਾਂਗਰਸ, ਬਸਪਾ ਅਤੇ ਖੱਬੇ-ਪੱਖੀ ਪਾਰਟੀਆਂ ਨੇ 'ਧਰਮ ਨਿਰਪੱਖ ਜਮਹੂਰੀ ਤਾਕਤਾਂ ਦੀ ਜਿੱਤ' ਕਰਾਰ ਦਿੱਤਾ ਹੈ। ਦੱਸ ਦਈਏ ਕਿ 15 ਮਈ ਨੂੰ ਟੁੱਟਵਾਂ ਫਤਵਾ ਆਉਣ ਨਾਲ ਸੂਬੇ ਵਿਚ ਰਾਜਸੀ ਸੰਕਟ ਸ਼ੁਰੂ ਹੋ ਗਿਆ ਸੀ ਅਤੇ ਇਨ੍ਹਾਂ ਚੋਣਾਂ ਵਿਚ ਭਾਜਪਾ 104 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਸੀ। ਕਾਂਗਰਸ ਜਿਸ ਨੇ 78 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ, ਨੇ ਤੁਰਤ ਜਨਤਾ ਦਲ (ਐਸ) ਨਾਲ ਗੱਠਜੋੜ ਕਰ ਲਿਆ ਜਿਸ ਨੇ 37 ਸੀਟਾਂ ਜਿੱਤੀਆਂ ਸਨ ਅਤੇ ਇਥੋਂ ਤੱਕ ਕਾਂਗਰਸ ਨੇ ਐਚ.ਡੀ. ਕੁਮਾਰਸਵਾਮੀ ਲਈ ਮੁੱਖ ਮੰਤਰੀ ਅਹੁਦੇ ਦੀ ਹਮਾਇਤ ਵੀ ਕਰ ਦਿੱਤੀ।

ਭਾਜਪਾ ਉਤੇ ਵਿਧਾਇਕਾਂ ਨੂੰ ਲਾਲਚ ਦੇਣ ਦੇ ਦੋਸ਼ਾਂ ਦਰਮਿਆਨ ਕਾਂਗਰਸ ਆਪਣੇ ਵਿਧਾਇਕਾਂ ਨੂੰ ਬੈਂਗਲੂਰੂ ਤੋਂ ਬਾਹਰ ਇਕ ਰਿਜ਼ਾਰਟ 'ਤੇ ਲੈ ਗਈ ਜਦਕਿ ਜਨਤਾ ਦਲ (ਐਸ) ਨੇ ਬੈਂਗਲੂਰੂ ਵਿਚ ਆਪਣੇ ਵਿਧਾਇਕਾਂ ਨੂੰ ਇਕ ਹੋਟਲ ਵਿਚ ਠਹਿਰਾਇਆ ਅਤੇ ਬਾਅਦ ਵਿਚ ਉਨ੍ਹਾਂ ਨੂੰ ਹੈਦਰਾਬਾਦ ਦੇ ਇਕ ਹੋਟਲ ਵਿਚ ਲੈ ਗਏ। ਇਸੇ ਦੌਰਾਨ ਕਾਂਗਰਸ ਨੇ ਇਕ ਆਡੀਓ ਟੇਪ ਵੀ ਜਾਰੀ ਕਰ ਦਿੱਤੀ ਜਿਸ ਵਿਚ ਸ਼ਾਇਦ ਮੁੱਖ ਮੰਤਰੀ ਯੇਡੀਯੁਰੱਪਾ ਇਕ ਵਿਧਾਇਕ ਨੂੰ ਇਹ ਲਾਲਚ ਦਿੰਦੇ ਸੁਣੇ ਗਏ। ਜ਼ਿਕਰਯੋਗ ਹੈ ਕਿ 224 ਮੈਂਬਰਾਂ ਵਾਲੀ ਵਿਧਾਨ ਸਭਾ 'ਚ ਇਕ ਸੀਟ ਐਂਗਲੋ ਇੰਡੀਅਨ ਮੈਂਬਰ ਲਈ ਰਾਖਵੀਂ ਹੁੰਦੀ ਹੈ, ਜਿਸ ਨੂੰ ਸਰਕਾਰ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। 224 ਵਿਧਾਨ ਸਭਾ ਸੀਟਾਂ ਵਿਚੋਂ ਨਾਮਜ਼ਦ ਮੈਂਬਰ ਦੀ ਇਕ ਸੀਟ ਤੋਂ ਇਲਾਵਾ ਇਕ ਸੀਟ 'ਤੇ ਚੋਣ ਰੱਦ ਹੋਣ ਕਾਰਨ 222 ਸੀਟਾਂ ਉਤੇ ਚੋਣ ਲੜੀ ਗਈ ਸੀ, ਜਿਸ 'ਚ ਬਹੁਮਤ ਦੇ 102 ਦੇ ਅੰਕੜੇ ਤੋਂ ਭਾਜਪਾ 8 ਸੀਟਾਂ ਦੀ ਦੂਰੀ ਉਤੇ ਸੀ।

### ਕਾਂਗਰਸ ਦੀ ਨੈਤਿਕ ਜਿੱਤ ਹੋਈ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਨਾਟਕ ਦੇ ਸਿਆਸੀ ਘਟਨਾਕ੍ਰਮ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਬੀ.ਐਸ. ਯੇਡੀਯੁਰੱਪਾ ਦੇ ਅਸਤੀਫੇ ਨਾਲ ਕਾਂਗਰਸ ਪਾਰਟੀ ਦੇ ਨੈਤਿਕ ਅਤੇ ਸਿਆਸੀ ਸਟੈਂਡ ਦੀ ਪੁਸ਼ਟੀ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਦੀ ਭੁੱਖੀ ਭਾਜਪਾ ਦੇ ਹੱਥਾਂ ਵਿਚੋਂ ਭਾਰਤੀ ਜਮਹੂਰੀਅਤ ਦੀ ਮੁਕੰਮਲ ਤਬਾਹੀ ਨੂੰ ਬਚਾਇਆ ਗਿਆ ਹੈ ਅਤੇ ਦੇਸ਼ ਦੇ ਸੰਵਿਧਾਨ ਦੇ ਸਿਧਾਂਤਾਂ ਨੂੰ ਕਾਇਮ ਰੱਖਿਆ ਗਿਆ ਹੈ।

## ਬਿਹਾਰ, ਗੋਆ ਤੇ ਮਨੀਪੁਰ 'ਚ ਭਾਜਪਾ ਦੇ ਤਖਤਾ ਪਲਟ ਦੇ ਦਾਅਵੇ ਪੇਸ਼

**ਪਟਨਾ:** ਵਿਧਾਨ ਸਭਾਵਾਂ ਵਿਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਦੀ ਸਥਿਤੀ ਵਿਚ ਇਕਸਾਰ ਨੇਮ ਤਿਆਰ ਕਰਨ ਲਈ ਰਾਸ਼ਟਰੀ ਜਨਤਾ ਦਲ ਵੱਲੋਂ ਬਿਹਾਰ ਵਿਚ, ਕਾਂਗਰਸ ਵੱਲੋਂ ਗੋਆ ਅਤੇ ਮਨੀਪੁਰ ਵਿਚ ਸਰਕਾਰ ਬਣਾਉਣ ਦੇ ਦਾਅਵੇ ਪੇਸ਼ ਕੀਤੇ ਗਏ। ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਨੇ ਕਾਂਗਰਸ, ਹਿੰਦੁਸਤਾਨੀ ਆਵਾਮ ਮੋਰਚਾ ਅਤੇ ਸੀ.ਪੀ.ਆਈ.ਐਮ.ਐਲ. ਦੇ ਆਗੂਆਂ ਨੂੰ ਨਾਲ ਲੈ ਕੇ ਬਿਹਾਰ ਦੇ ਰਾਜਪਾਲ ਸੱਤਿਆਪਾਲ ਮਲਿਕ ਦੇ ਨਾਲ ਮੀਟਿੰਗ ਕਰ ਕੇ ਮੰਗ ਕੀਤੀ ਕਿ ਉਸ ਦੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਸੱਦਾ ਪੱਤਰ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਵਿਚ ਸਭ ਤੋਂ ਵੱਡੀ ਪਾਰਟੀ ਹੈ ਅਤੇ ਚੋਣਾਂ ਤੋਂ ਪਹਿਲਾਂ ਸਭ ਤੋਂ ਵੱਡਾ ਚੋਣ ਗੱਠਜੋੜ ਵੀ ਉਨ੍ਹਾਂ ਦਾ ਹੈ। ਪਟਨਾ ਵਿਚ ਰਾਜ ਭਵਨ ਬਾਹਰ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਰਾਜਪਾਲ ਨੂੰ ਦੱਸਿਆ ਹੈ ਕਿ ਉਨ੍ਹਾਂ ਕੋਲ 111 ਵਿਧਾਇਕ ਹਨ ਤੇ ਉਨ੍ਹਾਂ ਨੂੰ ਬਹੁਮਤ ਸਾਬਤ ਕਰਨ ਦਾ ਮੌਕਾ ਦਿੱਤਾ ਜਾਵੇ।

ਗੋਆ ਵਿਚ ਕਾਂਗਰਸ ਦੇ ਆਗੂ ਚੰਦਰਕਾਂਤ ਕਾਵਲੇਕਰ ਵੀ ਰਾਜਪਾਲ ਮਿਰਦੁਲਾ ਸਿਨਹਾ ਨੂੰ ਮਿਲੇ ਹਨ ਤੇ ਉਨ੍ਹਾਂ ਵੀ ਰਾਜਪਾਲ ਨੂੰ ਯਾਦ ਪੱਤਰ ਦੇ ਕੇ ਕਾਂਗਰਸ ਨੂੰ ਬਹੁਮਤ ਸਾਬਤ ਕਰਨ ਦਾ ਮੌਕਾ ਦੇਣ ਦੀ ਮੰਗ ਕੀਤੀ ਹੈ। ਮਨੀਪੁਰ ਵਿਚ ਕਾਂਗਰਸ ਕੋਲ ਵਿਧਾਨ ਸਭਾ ਵਿਚ 60 ਵਿਚੋਂ 28 ਸੀਟਾਂ ਹਨ ਤੇ ਉਹ ਸਭ ਤੋਂ ਵੱਡੀ ਪਾਰਟੀ ਹੈ।

## ਸਕੂਲਾਂ ਵਿਚ 'ਜੈ ਹਿੰਦ' ਬੋਲ ਕੇ ਲਵਾਉਣੀ ਪਵੇਗੀ ਹਾਜ਼ਰੀ

**ਭੋਪਾਲ:** ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਸਰਕੂਲਰ ਜਾਰੀ ਕਰ ਕੇ ਕਿਹਾ ਹੈ ਕਿ ਹੁਣ ਤੋਂ ਸਰਕਾਰੀ ਸਕੂਲਾਂ ਦੇ ਬੱਚੇ ਆਪਣੀ ਹਾਜ਼ਰੀ ਲਵਾਉਣ ਸਮੇਂ 'ਯੈਸ ਮੈਮ, ਯੈੱਸ ਸਰ' ਕਹਿਣ ਦੀ ਥਾਂ 'ਜੈ ਹਿੰਦ' ਬੋਲਿਆ ਕਰਨਗੇ। ਤਰਕ ਦਿੱਤਾ ਜਾ ਰਿਹਾ ਹੈ ਕਿ ਬੱਚਿਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਭਾਜਪਾ ਸਰਕਾਰ ਸਕੂਲਾਂ ਵਿਚ ਤਿਰੰਗਾ ਲਹਿਰਾਉਣ ਤੇ ਕੌਮੀ ਤਰਾਨਾ ਗਾਉਣ ਦੇ ਹੁਕਮ ਵੀ ਜਾਰੀ ਕਰ ਚੁੱਕੀ ਹੈ।

ਸਿੱਖਿਆ ਮੰਤਰੀ ਵਿਜੇ ਸ਼ਾਹ ਨੇ ਐਨ.ਸੀ.ਸੀ. ਕੈਡੇਟਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਜ਼ਰੀ ਸਮੇਂ 'ਯੈਸ ਮੈਮ, ਯੈਸ ਸਰ' ਬੋਲਣਾ ਸਹੀ ਨਹੀਂ। ਇਸ ਦੌਰਾਨ ਉਨ੍ਹਾਂ ਕਿਹਾ ਸੀ ਕਿ ਸੂਬੇ ਦੇ 1.22 ਲੱਖ ਸਰਕਾਰੀ ਸਕੂਲਾਂ ਵਿਚ 'ਜੈ ਹਿੰਦ' ਬੋਲਣਾ ਲਾਜ਼ਮੀ ਕੀਤਾ ਜਾਵੇਗਾ। ਸਿੱਖਿਆ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਇਹ ਨਿਯਮ ਨਿੱਜੀ ਸਕੂਲਾਂ ਲਈ ਵੀ ਲਾਜ਼ਮੀ ਹੋਵੇਗਾ।

## ਦੁਨੀਆਂ ਦਾ ਚੱਕਰ ਲਾ ਕੇ ਪਰਤੀਆਂ ਜਲ ਸੈਨਾ ਦੀਆਂ ਜਾਂਬਾਜ਼ ਮੁਟਿਆਰਾਂ

**ਪਣਜੀ:** ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਅਤੇ ਜਲ ਸੈਨਾ ਮੁਖੀ ਸੁਨੀਲ ਲਾਂਬਾ ਨੇ ਗੋਆ ਤੱਟ ਉਤੇ ਵਿਸ਼ਵ ਦਾ ਚੱਕਰ ਲਾ ਕੇ ਪੁੱਜੀਆਂ ਜਲ ਸੈਨਾ ਦੀਆਂ ਜਾਂਬਾਜ਼ ਮੁਟਿਆਰਾਂ ਦਾ ਸਵਾਗਤ ਕੀਤਾ। ਅੱਠ ਮਹੀਨੇ ਤੋਂ ਵਧ ਸਮੇਂ ਸਮੁੰਦਰ ਰਾਹੀਂ ਦੁਨੀਆਂ ਦਾ ਚੱਕਰ ਲਾਉਣ ਵਾਲੀ ਵਿਜਯਾ ਦੇਵੀ ਅਤੇ ਪਾਇਲ ਗੁਪਤਾ ਸ਼ਾਮਲ ਸਨ। ਇਨ੍ਹਾਂ ਨੇ 55 ਫੁਟ ਦੇ 'ਆਈ.ਐਨ.ਐਸ.ਵੀ. ਤਾਰਨੀ' ਵਿਚ ਆਪਣੀ ਇਹ ਯਾਤਰਾ ਪੂਰੀ ਕੀਤੀ। ਭਾਰਤੀ ਜਲ ਸੈਨਾ ਵਿਚ ਇਸ ਨੂੰ ਬੀਤੇ ਵਰ੍ਹੇ 18 ਫਰਵਰੀ ਨੂੰ ਸ਼ਾਮਲ ਕੀਤਾ ਗਿਆ ਸੀ।

ਜਲ ਸੈਨਾ ਦੇ ਇਕ ਬੁਲਾਰੇ ਨੇ ਦੱਸਿਆ




'ਆਈ.ਐਨ.ਐਸ.ਵੀ. ਤਾਰਨੀ' ਦੇ ਚਾਲਕ ਦਲ ਦੀਆਂ ਮਹਿਲਾ ਮੈਂਬਰ ਇਥੇ ਪੁੱਜ ਗਈਆਂ ਹਨ।

ਇਸ ਮੁਹਿੰਮ ਦਾ ਨਾਮ 'ਨਾਵਿਕਾ ਸਾਗਰ ਪਰਿਕਰਮਾ' ਸੀ ਅਤੇ ਬੀਤੇ ਵਰ੍ਹੇ 10 ਸਤੰਬਰ ਨੂੰ ਆਈ.ਐਨ.ਐਸ. ਮਾਂਡਵੀ ਬੋਟ ਪੂਲ ਤੋਂ ਇਸ ਨੂੰ ਹਰੀ ਝੰਡੀ ਦਿੱਤੀ ਗਈ ਸੀ। ਇਸ ਮੁਹਿੰਮ ਦੀ ਅਗਵਾਈ ਲੈਫਟੀਨੈਂਟ ਕਮਾਂਡਰ ਵਰਤਿਕਾ ਜੋਸ਼ੀ ਨੇ ਕੀਤੀ। ਇਸ ਵਿਚ ਚਾਲਕ ਦਲ ਦੀਆਂ ਮੈਂਬਰ ਲੈਫਟੀਨੈਂਟ ਕਮਾਂਡਰ ਪ੍ਰਤਿਭਾ ਜਾਮਵਾਲ, ਸਵਾਤੀ ਪੀ, ਲੈਫਟੀਨੈਂਟ ਐਸ਼ਵਰਿਆ ਬੋਡਾਪਤੀ, ਐਸ ਕਿ ਇਹ ਯਾਤਰਾ ਛੇ ਹਿੱਸਿਆਂ ਵਿਚ ਪੂਰੀ ਕੀਤੀ ਗਈ ਅਤੇ ਚਾਲਕ ਦਲ ਨੇ ਇਸ ਦੌਰਾਨ ਫਰੇਮੈਂਟਲ (ਆਸਟਰੇਲੀਆ), ਲਾਇਟਲਟਨ (ਨਿਊਜ਼ੀਲੈਂਡ), ਪੋਰਟ ਸਟੈਨਲੀ (ਫਾਕਲੈਂਡ ਦੀਪ) ਕੇਪ ਟਾਊਨ (ਦੱਖਣ ਅਫਰੀਕਾ) ਅਤੇ ਮਾਰੀਸ਼ਸ ਵਿਚ ਠਹਿਰ ਲਈ ਸੀ।

ਯਾਤਰਾ ਦੌਰਾਨ 21600 ਨਾਟੀਕਲ ਮੀਲ ਦੀ ਦੂਰੀ ਤੈਅ ਕੀਤੀ ਅਤੇ ਦੋ ਵਾਰ ਭੂਮੱਧ ਰੇਖਾ ਪਾਰ ਕੀਤੀ। ਤਾਰਨੀ ਨੇ ਪੰਜ ਮੁਲਕਾਂ, ਚਾਰ ਮਹਾਂਦੀਪਾਂ ਅਤੇ ਤਿੰਨ ਸਾਗਰਾਂ ਨੂੰ ਪਾਰ ਕੀਤਾ।

## ਸ਼ਰਦ ਯਾਦਵ ਨੇ ਲੋਕਤੰਤਰਿਕ ਜਨਤਾ ਦਲ ਬਣਾਇਆ

**ਨਵੀਂ ਦਿੱਲੀ:** ਜਨਤਾ ਦਲ (ਯੂ) ਦੇ ਬਾਗੀ ਆਗੂ ਸ਼ਰਦ ਯਾਦਵ ਨੇ ਲੋਕਤੰਤਰਿਕ ਜਨਤਾ ਦਲ (ਐਲ.ਜੇ.ਡੀ.) ਨਾਂ ਦੀ ਨਵੀਂ ਪਾਰਟੀ ਦਾ ਗਠਨ ਕੀਤਾ। ਉਨ੍ਹਾਂ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਬਚਾਉਣ ਅਤੇ ਖਤਰਨਾਕ ਸ਼ਕਤੀਆਂ ਨੂੰ ਹਰਾਉਣ



ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਸ੍ਰੀ ਯਾਦਵ ਪਾਰਟੀ ਦੇ ਗਠਨ ਮੌਕੇ ਕੀਤੇ ਗਏ ਕੌਮੀ ਸੰਮੇਲਨ ਵਿਚ ਦੇਸ਼ ਦੀ ਵਰਤਮਾਨ ਸਿਆਸੀ ਸਥਿਤੀ ਉਤੇ ਬੋਲ ਰਹੇ ਸਨ। ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਹੋਏ ਇਸ ਸੰਮੇਲਨ ਵਿਚ ਸ੍ਰੀ ਯਾਦਵ ਦੇ ਨਾਲ ਜਨਤਾ ਦਲ (ਯੂ) ਦੇ ਬਾਗੀ ਆਗੂਆਂ ਸਮੇਤ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਅਤੇ ਗੁਜਰਾਤ ਦੇ 10 ਹਜ਼ਾਰ ਦੇ ਕਰੀਬ ਹਮਾਇਤੀ ਹਾਜ਼ਰ ਸਨ।

## ਭਾਰਤ ਦੁਨੀਆਂ ਦਾ ਛੇਵਾਂ ਸਭ ਤੋਂ ਅਮੀਰ ਦੇਸ਼

**ਨਵੀਂ ਦਿੱਲੀ:** ਭਾਰਤ 8230 ਅਰਬ ਡਾਲਰ ਦੀ ਜਾਇਦਾਦ ਨਾਲ ਦੁਨੀਆਂ ਦਾ ਛੇਵਾਂ ਸਭ ਤੋਂ ਅਮੀਰ ਦੇਸ਼ ਹੈ। ਅਮਰੀਕਾ ਇਸ ਮਾਮਲੇ ਵਿਚ ਸਭ ਤੋਂ ਉਪਰ ਹੈ। ਐਫਰੇਸ਼ੀਆ ਬੈਂਕ ਗਲੋਬਲ ਵੈਲਥ ਮਾਈਗਰੇਸ਼ਨ ਰੀਵਿਊ ਮੁਤਾਬਕ ਇਸ ਸੂਚੀ ਵਿਚ ਅਮਰੀਕਾ 62584 ਅਰਬ ਡਾਲਰ ਦੀ ਜਾਇਦਾਦ ਨਾਲ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਹੈ। ਇਸ ਪਿੱਛੋਂ 24,803 ਅਰਬ ਡਾਲਰ ਦੀ ਜਾਇਦਾਦ ਨਾਲ ਚੀਨ ਦੂਸਰੇ ਅਤੇ 19522 ਅਰਬ ਡਾਲਰ ਦੀ ਜਾਇਦਾਦ ਨਾਲ ਜਪਾਨ ਤੀਸਰੇ ਸਥਾਨ ਉਤੇ ਹੈ।

ਬੈਂਕ ਨੇ ਆਪਣੇ ਸਮੀਖਿਆ ਵਿਚ ਕਿਸੇ ਦੇਸ਼ ਦੇ ਹਰੇਕ ਵਿਅਕਤੀ ਦੀ ਕੁੱਲ ਨਿੱਜੀ ਜਾਇਦਾਦ ਨੂੰ ਆਧਾਰ ਮੰਨਿਆ ਹੈ। 10 ਚੋਟੀ ਦੇ ਅਮੀਰ ਮੁਲਕਾਂ ਵਿਚ ਬਰਤਾਨੀਆ ਦੀ ਕੁੱਲ ਜਾਇਦਾਦ 9919 ਅਰਬ ਡਾਲਰ, ਜਰਮਨੀ 9660, ਆਸਟਰੇਲੀਆ 6142, ਕੈਨੇਡਾ 6393, ਫਰਾਂਸ 6649 ਅਤੇ ਇਟਲੀ ਦੀ 4276 ਅਰਬ ਡਾਲਰ ਹੈ। ਰਿਪੋਰਟ ਮੁਤਾਬਕ ਭਾਰਤ ਵਿਚ ਜਾਇਦਾਦ ਵਧਣ ਦਾ ਕਾਰਨ ਉਦਮੀਆਂ ਦੀ ਜ਼ਿਆਦਾ ਗਿਣਤੀ, ਚੰਗੀ ਸਿੱਖਿਆ ਪ੍ਰਣਾਲੀ, ਸੂਚਨਾ ਤਕਨਾਲੋਜੀ ਦਾ ਸ਼ਾਨਦਾਰ ਦ੍ਰਿਸ਼, ਕਾਰੋਬਾਰੀ ਪ੍ਰਕਿਰਿਆ ਦੀ ਆਊਟਸੋਰਸਿੰਗ, ਰੀਅਲ ਅਸਟੇਟ, ਸਿਹਤ ਸੰਭਾਲ ਅਤੇ ਮੀਡੀਆ ਖੇਤਰ ਹੈ। ਪਿਛਲੇ 10 ਸਾਲਾਂ ਵਿਚ ਇਨ੍ਹਾਂ ਖੇਤਰਾਂ ਦੇ ਕਾਰੋਬਾਰ ਵਿਚ 200 ਫੀਸਦੀ ਦਾ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ ਇਨ੍ਹਾਂ ਖੇਤਰਾਂ ਵਿਚ ਰੁਜ਼ਗਾਰ ਦੀਆਂ ਚੰਗੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਬੈਂਕ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਚੀਨ ਦੀ ਜਾਇਦਾਦ ਵਿਚ ਕਾਫੀ ਵਾਧਾ ਹੋਵੇਗਾ। 2027 ਤੱਕ ਚੀਨ ਦੀ ਜਾਇਦਾਦ ਵਧ ਕੇ 69449 ਅਰਬ ਡਾਲਰ ਅਤੇ ਅਮਰੀਕਾ ਦੀ ਜਾਇਦਾਦ ਵਧ ਕੇ 75101 ਅਰਬ ਡਾਲਰ ਹੋ ਜਾਵੇਗੀ।

## ਭਾਰਤੀ ਪ੍ਰੋਫੈਸ਼ਨਲਾਂ ਦੀ ਬੇਦਖਲੀ ਖਿਲਾਫ ਆਨਲਾਈਨ ਪਟੀਸ਼ਨ

**ਲੰਡਨ:** ਤੀਹ ਹਜ਼ਾਰ ਤੋਂ ਵੱਧ ਲੋਕਾਂ ਨੇ ਇਕ ਆਨਲਾਈਨ ਪਟੀਸ਼ਨ ਰਾਹੀਂ ਬਰਤਾਨਵੀ ਸਰਕਾਰ ਨੂੰ ਉਚ ਮੁਹਾਰਤ ਰੱਖਣ ਵਾਲੇ ਸੈਂਕੜੇ ਭਾਰਤੀ ਪ੍ਰੋਫੈਸ਼ਨਲਾਂ ਨੂੰ ਇਸ ਮੁਲਕ ਵਿਚ ਰਹਿਣ ਤੇ ਕੰਮ ਕਰਨ ਦੇ ਹੱਕ ਤੋਂ ਵਾਂਝਾ ਕਰਨ ਲਈ ਕੌਮੀ ਸੁਰੱਖਿਆ ਦੀ ਮੱਦ ਦੀ ਦੁਰਵਰਤੋਂ ਨਾ ਕਰਨ ਦੀ ਅਪੀਲ ਕੀਤੀ ਹੈ।

ਪਾਕਿਸਤਾਨੀ ਮੂਲ ਦੇ ਬਰਤਾਨੀਆ ਦੇ ਨਵ ਨਿਯੁਕਤ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਇਸ ਹਫਤੇ ਇਕ ਸੰਸਦੀ ਕਮੇਟੀ ਨੂੰ ਦੱਸਿਆ ਕਿ ਉਹ ਬਹੁਤ ਹੀ ਤੰਗੀ ਭੁਗਤ ਰਹੇ ਲੋਕਾਂ ਦੇ ਕੇਸਾਂ ਦੀ ਫੌਰੀ ਘੋਖ ਕਰਨਗੇ ਜਦ ਕਿ ਯੂਕੇ ਦੇ ਗ੍ਰਹਿ ਵਿਭਾਗ ਵੱਲੋਂ ਕੇਸਾਂ ਦੀ ਪੁਣਛਾਣ ਮੁਕੰਮਲ ਕਰ ਲਈ ਗਈ ਹੈ।

ਇਨ੍ਹਾਂ ਬਿਨੈਕਾਰਾਂ ਵਿਚ ਟੀਅਰ 1 (ਜਨਰਲ) ਵੀਜ਼ਾ ਯੂਰਪੀ ਸੰਘ ਤੋਂ ਬਾਹਰਲੇ ਦੇਸ਼ਾਂ ਦੇ ਡਾਕਟਰ, ਵਕੀਲ, ਇੰਜੀਨੀਅਰ ਤੇ ਉਦਮੀ ਸ਼ਾਮਲ ਹਨ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਟੈਕਸ ਰਿਟਰਨਾਂ ਵਿਚ ਮਾਮੂਲੀ ਜਿਹੀ ਤਰੁੱਟੀ ਕਰ ਕੇ ਵਸੇਬੇ ਦੇ ਹੱਕ ਤੋਂ ਮਹਿਰੂਮ ਕੀਤਾ ਜਾ ਰਿਹਾ ਹੈ। ਹਾਊਸ ਆਫ ਕਾਮਨਜ਼ ਵਿਚ ਗ੍ਰਹਿ ਮਾਮਲਿਆਂ ਬਾਰੇ ਸਿਲੈਕਟ ਕਮੇਟੀ ਨੂੰ ਸ੍ਰੀ ਜਾਵਿਦ ਨੇ ਦੱਸਿਆ ਕਿ ਇਹ ਇਕ ਅਹਿਮ ਮੁੱਦਾ ਹੈ ਕਿਉਂਕਿ ਜੇ ਲੋਕਾਂ ਦੀਆਂ ਟੀਅਰ1 ਲਈ ਅਰਜ਼ੀਆਂ ਗਲਤ ਕਾਰਨਾਂ ਜਾਂ ਮਿਸਾਲ ਦੇ ਤੌਰ ਉਤੇ ਸਹੀ ਤਰ੍ਹਾਂ ਨਾ ਦੇਖਣ ਕਰ ਕੇ ਰੱਦ ਕੀਤੀਆਂ ਗਈਆਂ ਹਨ ਤਾਂ ਇਸ ਨੂੰ ਧਿਆਨ ਨਾਲ ਵਾਚਣ ਦੀ ਲੋੜ ਹੈ। ਹੋ ਸਕਦਾ ਹੈ ਵਾਕਈ ਗਲਤੀ ਲੱਗੀ ਹੋਵੇ ਤਾਂ ਵੀ ਇਸ ਦੀ ਦਰੁਸਤ ਕਰਨ ਦੀ ਲੋੜ ਹੈ।

## ਏਅਰ ਇੰਡੀਆ ਨੂੰ ਭਰਨਾ ਪਵੇਗਾ 88 ਲੱਖ ਡਾਲਰ ਦਾ ਹਰਜਾਨਾ

**ਨਵੀਂ ਦਿੱਲੀ:** ਏਅਰ ਇੰਡੀਆ ਨੂੰ ਆਪਣੇ 323 ਮੁਸਾਫਰਾਂ ਨੂੰ 88 ਲੱਖ ਡਾਲਰ ਦਾ ਹਰਜਾਨਾ ਦੇਣਾ ਪੈ ਸਕਦਾ ਹੈ। ਏਅਰ ਇੰਡੀਆ ਦੀ 9 ਮਈ ਦੀ ਦਿੱਲੀ-ਸ਼ਿਕਾਗੋ ਉਡਾਣ ਚਾਲਕ ਦਸਤੇ ਨੂੰ ਡਿਊਟੀ ਸਮੇਂ ਦੌਰਾਨ ਮਿਲਣ ਵਾਲੀ ਛੋਟ (ਐਫ. ਡੀ. ਐਲ. ਟੀ.) ਵਾਪਸ ਲੈਣ ਕਰ ਕੇ ਪਛੜ ਗਈ ਸੀ।

ਇਹ ਘਟਨਾ ਏਅਰ ਇੰਡੀਆ ਤੇ ਫੈਡਰੇਸ਼ਨ ਆਫ ਇੰਡੀਅਨ ਏਅਰਲਾਈਨਜ਼ ਜੋ ਪ੍ਰਾਈਵੇਟ ਕੈਰੀਅਰਜ਼ ਜੈਟ ਏਅਰਵੇਜ਼, ਇੰਡੀਗੋ, ਸਪਾਈਸਜੈਟ ਤੇ ਗੋਏਅਰ ਦੀ ਨੁਮਾਇੰਦਗੀ ਕਰਦੀ ਹੈ, ਦੀ ਇਕ ਅਪੀਲ ਵਿਚ ਸਾਹਮਣੇ ਲਿਆਂਦੀ ਗਈ ਸੀ ਜਿਸ ਰਾਹੀਂ ਡੀ.ਜੀ.ਸੀ.ਏ. ਨੂੰ ਐਫ.ਡੀ.ਐਲ.ਟੀਜ਼. 'ਚ ਫੇਰਬਦਲ ਦੀ ਮਨਜ਼ੂਰੀ ਨਾ ਦੇਣ ਦੀਆਂ 18 ਅਪਰੈਲ ਦੀਆਂ ਹਦਾਇਤਾਂ ਵਿਚ ਤਰਮੀਮ ਦੀ ਆਗਿਆ ਮੰਗੀ ਗਈ ਸੀ। ਸ਼ਿਕਾਗੋ ਲਈ 9 ਮਈ ਏਅਰ ਇੰਡੀਆ ਦੀ ਉਡਾਣ 127 ਨੂੰ 16 ਘੰਟਿਆਂ ਦਾ ਵਕਤ ਲੱਗਿਆ ਸੀ।

ਮੌਸਮ ਖਰਾਬ ਹੋਣ ਕਰ ਕੇ ਜਹਾਜ਼ ਸ਼ਿਕਾਗੋ ਦੀ ਬਜਾਏ ਮਿਲਵਾਕੀ ਉਤਾਰਨਾ ਪਿਆ ਸੀ। ਉਸ ਦਿਨ ਐਫ.ਡੀ.ਐਲ.ਟੀ. ਵਿਚ ਫੇਰਬਦਲ ਵਾਪਸ ਲੈਣ ਕਰ ਕੇ ਚਾਲਕ ਦਸਤੇ ਲਈ ਇਕ ਹੀ ਲੈਂਡਿੰਗ ਦੀ ਪ੍ਰਵਾਨਗੀ ਸੀ।

# ਸ਼ਾਹਕੋਟ ਚੋਣ: ਦਲ-ਬਦਲੂਆਂ ਨੇ ਬਦਲੇ ਸਿਆਸੀ ਸਮੀਕਰਨ

**ਚੰਡੀਗੜ੍ਹ:** ਪੰਜਾਬ 'ਚ ਸੱਤਾਧਾਰੀ ਕਾਂਗਰਸ ਤੇ ਮੁੱਖ ਵਿਰੋਧੀ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਸ਼੍ਰੋਮਣੀ ਅਕਾਲੀ ਦਲ ਵੱਲ ਵਧ ਰਹੇ ਰੁਝਾਨ ਤੋਂ ਸੂਬੇ ਦੀ ਸਿਆਸਤ ਵਿਚ ਨਵੀਂ ਚਰਚਾ ਛੇੜੀ ਹੋਈ ਹੈ। ਕਾਂਗਰਸ ਤੇ ਆਪ ਦੇ ਆਗੂਆਂ ਵੱਲੋਂ ਅਕਾਲੀ ਦਲ ਵਿਚ ਸ਼ਾਮਲ ਹੋਣ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ



ਵਾਲੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਸਿਆਸੀ ਕਾਰਜਕੁਸ਼ਲਤਾ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਇਨ੍ਹਾਂ ਸਿਆਸੀ ਗਤੀਵਿਧੀਆਂ ਤੋਂ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਸੱਤਾ ਵਿਚ ਹੋਣ ਦੇ ਬਾਵਜੂਦ ਕਾਂਗਰਸ ਦੇ ਵਰਕਰ ਤੇ ਆਗੂ ਨਿਰਾਸ਼ਾ ਦੇ ਆਲਮ ਵਿਚ ਨਹੀਂ ਸਗੋਂ 'ਆਪ' ਦੇ ਆਗੂ ਵੀ ਕਾਂਗਰਸ ਵੱਲ ਮੂੰਹ ਕਰਨ ਨੂੰ ਤਿਆਰ ਨਹੀਂ ਹਨ।

ਤਾਜ਼ਾ ਰਾਜਨੀਤਕ ਹਾਲਾਤ ਅਕਾਲੀ ਦਲ ਨੂੰ ਰਾਸ ਆ ਰਹੇ ਹਨ ਹਾਲਾਂਕਿ ਲੋਕ ਮਨਾਂ ਵਿਚ ਅਕਾਲੀ ਆਪਣੀ ਭੱਲ ਸੰਵਾਰਨ ਵਿਚ ਕਾਮਯਾਬ ਨਹੀਂ ਹੋਏ ਦਿਖਾਈ ਦੇ ਰਹੇ ਤੇ ਜ਼ਿਮਨੀ ਤੇ ਸਥਾਨਕ ਚੋਣਾਂ ਵਿਚ ਲਗਾਤਾਰ ਝਟਕੇ ਸਹਿਣੇ ਪੈ ਰਹੇ ਹਨ। ਪਿਛਲੇ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਅਜਿਹਾ ਝਟਕਾ ਲੱਗਿਆ ਸੀ ਕਿ ਦਸ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਵੀ ਇਹ ਪਾਰਟੀ ਮੁੱਖ ਵਿਰੋਧੀ ਧਿਰ ਦਾ ਰੁਤਬਾ ਹਾਸਲ ਕਰਨ ਵਿੱਚ ਕਾਮਯਾਬ ਨਾ ਹੋ ਸਕੀ ਸੀ। ਇਹੀ ਕਾਰਨ ਹੈ ਕਿ ਸੂਬੇ ਵਿੱਚ ਸੱਤਾ ਤਬਦੀਲੀ ਪਿਛੋਂ ਅਕਾਲੀ ਦਲ ਨੂੰ ਜ਼ਮੀਨੀ ਪੱਧਰ ਉਤੇ ਪੈਰ ਲਾਉਣ ਵਿਚ ਸਖਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਤੱਕੜੀ ਦਾ ਪਲੜਾ ਫੜਿਆ ਜਾ ਰਿਹਾ ਹੈ।

ਪੰਜਾਬ ਦੀ ਸੱਤਾ ਉਤੇ ਇਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸਿਆਸੀ ਤੌਰ 'ਤੇ ਅਕਾਲੀ ਦਲ ਲਈ ਮੁਸ਼ਕਲਾਂ ਭਰਿਆ ਦੌਰ ਮੰਨਿਆ ਜਾਂਦਾ ਸੀ ਪਰ ਕਾਂਗਰਸ ਸਰਕਾਰ ਵੱਲੋਂ ਪਿਛਲੇ ਦਸ ਸਾਲਾਂ ਦੌਰਾਨ ਸਿੰਜਾਈ ਵਿਭਾਗ ਸਮੇਤ ਹੋਰਨਾਂ ਅੱਧੀ ਦਰਜਨ ਵਿਭਾਗਾਂ ਵਿਚ ਹੋਏ ਵੱਡੇ ਘਪਲਿਆਂ ਉਪਰ ਪਰਦਾਪੋਸ਼ੀ ਵਾਲਾ ਰੁਖ ਅਪਨਾਉਣ ਤੋਂ ਬਾਅਦ ਅਕਾਲੀਆਂ ਦੇ ਹੌਸਲੇ ਬੁਲੰਦ ਹੋਣ ਲੱਗੇ। ਇਥੋਂ ਤੱਕ ਕਿ ਕਾਂਗਰਸ ਦੇ ਰਾਜ ਅੰਦਰ ਥਾਣਿਆਂ ਤੋਂ ਲੈ ਕੇ ਉਪਰਲੀਆਂ ਪ੍ਰਜੀਸ਼ਨਾਂ ਉਪਰ ਪੁਲਿਸ ਅਧਿਕਾਰੀ ਵੀ ਅਕਾਲੀਆਂ ਦੀ 'ਪਹਿਲੀ ਪਸੰਦ' ਦੇ ਹੀ ਕਾਇਮ ਰਹਿਣ ਕਾਰਨ ਲੋਕਾਂ ਵਿਚ ਕਾਂਗਰਸ ਸਰਕਾਰ ਪ੍ਰਤੀ ਸ਼ੰਕੇ ਉਭਰਨ ਲੱਗੇ। ਇਨ੍ਹਾਂ ਬਦਲੀਆਂ ਹੋਈਆਂ ਪ੍ਰਸਥਿਆਂ ਦਾ ਲਾਹਾ ਲੈਂਦਿਆਂ ਅਕਾਲੀ ਦਲ ਨੇ ਜਥੇਬੰਦਕ ਤੌਰ ਉਤੇ ਮਜ਼ਬੂਤੀ ਹਾਸਲ ਕੀਤੀ ਅਤੇ ਪਾਰਟੀ ਦਾ ਕੋਈ ਵੀ ਨਾਮਵਰ ਆਗੂ ਸੱਤਾ ਦੇ ਲਾਲਚਵੱਸ ਕਾਂਗਰਸ ਵਿਚ ਜਾਣ ਨਹੀਂ ਦਿੱਤਾ ਬਲਕਿ ਹੋਰਨਾਂ ਲਈ ਦਰਵਾਜ਼ੇ ਖੋਲ੍ਹੇ। ਇਸ ਦੇ ਉਲਟ ਕਾਂਗਰਸ ਦੀ ਸਰਕਾਰ ਹੋਂਦ ਵਿਚ ਆਉਣ ਤੋਂ ਬਾਅਦ ਦਰਜਨ ਦੇ ਕਰੀਬ ਕਾਂਗਰਸੀ ਆਗੂਆਂ ਨੇ ਹੀ ਅਕਾਲੀ ਦਲ ਦਾ ਪੱਲਾ ਫੜਨ ਵਿਚ ਹੀ ਭਲਾਈ ਸਮਝੀ। ਪੰਜਾਬ ਦਾ ਕੋਈ ਕੱਦਾਵਰ ਆਗੂ ਕਾਂਗਰਸ ਵਿਚ ਸ਼ਾਮਲ ਨਹੀਂ ਹੋਇਆ। ਕੁਝ ਦਿਨ ਪਹਿਲਾਂ ਹੀ ਸੁਨਾਮ ਦੇ ਕਾਂਗਰਸੀ ਨੇਤਾ ਰਾਜਿੰਦਰ ਸਿੰਘ ਦੀਪਾ ਅਤੇ ਰਜਿੰਦਰ ਕੌਰ ਮੀਮਸਾ ਅਕਾਲੀ ਦਲ 'ਚ ਸ਼ਾਮਲ ਹੋਏ। ਸੂਤਰਾਂ ਮੁਤਾਬਕ ਹੋਰ ਵੀ ਕਈ ਕਾਂਗਰਸੀ ਆਗੂ ਅਕਾਲੀ ਦਲ 'ਚ ਜਾਣ ਲਈ ਤਿਆਰ ਹਨ।

ਗੁਰਦਾਸਪੁਰ ਸੰਸਦੀ ਹਲਕੇ ਅਤੇ ਸ਼ਾਹਕੋਟ ਵਿਧਾਨ ਸਭਾ ਹਲਕੇ ਨਾਲ ਸਬੰਧਤ ਦਰਜਨਾਂ ਆਪ ਨੇਤਾਵਾਂ ਨੇ ਵੀ ਸੱਤਾਧਾਰੀ ਧਿਰ ਵਿਚ ਸ਼ਮੂਲੀਅਤ ਕਰਨ ਦੀ ਥਾਂ ਅਕਾਲੀ ਦਲ ਵਿਚ ਹੀ ਭਵਿੱਖ ਚੰਗਾ ਸਮਝਿਆ। ਕੈਪਟਨ ਵਜ਼ਾਰਤ ਦੇ ਕਈ ਮੰਤਰੀਆਂ ਖਾਸ ਕਰ ਕੇ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਆਦਿ ਵੱਲੋਂ ਮੰਤਰੀ ਮੰਡਲ ਦੀਆਂ ਮੀਟਿੰਗ ਵਿਚ ਅਕਾਲੀਆਂ ਦੀ ਚੜ੍ਹਤ ਦਾ ਮਾਮਲਾ ਉਠਾਇਆ ਜਾ ਚੁੱਕਾ ਹੈ। ਕਾਂਗਰਸੀ ਨੇਤਾਵਾਂ ਦਾ ਕਹਿਣਾ ਹੈ ਕਿ ਸੱਤਾ ਵਿਚ ਹੁੰਦੇ ਹੋਏ ਵੀ ਵਿਰੋਧੀ ਧਿਰ ਵਾਲੇ ਹਾਲਾਤ ਪੈਦਾ ਹੋਏ ਪਏ ਹਨ। ਪੰਜਾਬ ਵਿਚ ਲੰਘੇ ਸਾਲ ਮਾਰਚ ਮਹੀਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਹੋਂਦ ਵਿਚ ਆਈ ਤਾਂ ਸਰਕਾਰ ਦੀ ਕਾਰਗੁਜ਼ਾਰੀ ਉਤੇ ਕਾਂਗਰਸੀਆਂ ਨੇ ਹੀ ਸਵਾਲ ਖੜ੍ਹੇ ਕਰਨੇ ਸ਼ੁਰੂ ਨਹੀਂ ਕੀਤੇ ਸਗੋਂ ਅਕਾਲੀਆਂ ਨਾਲ ਰਲੇ ਹੋਣ ਦੇ ਦੋਸ਼ ਵੀ ਲੱਗਣ ਲੱਗੇ।

ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਸ਼ਾਹਕੋਟ ਅਤੇ ਗੁਰਦਾਸਪੁਰ ਹਲਕਿਆਂ ਨਾਲ ਸਬੰਧਤ ਜਿਹੜੇ ਆਗੂਆਂ ਨੇ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ ਹੈ, ਉਨ੍ਹਾਂ ਨੂੰ ਆਪੋ-ਆਪਣੇ ਖੇਤਰਾਂ ਵਿਚ ਕਾਂਗਰਸ ਪਾਰਟੀ ਅੰਦਰ ਢੁਕਵੀਂ ਥਾਂ ਨਹੀਂ ਮਿਲੀ ਤਾਂ ਅਜਿਹੇ ਆਗੂ ਅਕਾਲੀ ਦਲ ਵਿਚ ਚਲੇ ਗਏ।

## 'ਆਪ' ਦੇ ਬਾਗੀਆਂ ਦਾ ਅਕਾਲੀ ਦਲ ਵੱਲ ਝੁਕਾਅ

**ਚੰਡੀਗੜ੍ਹ:** 'ਆਪ' ਨੂੰ ਛੱਡਣ ਵਾਲੇ ਤਕਰੀਬਨ ਸਾਰੇ ਆਗੂ ਹੁਕਮਰਾਨ ਕਾਂਗਰਸ ਦੀ ਥਾਂ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ। ਵਿਧਾਨ ਸਭਾ ਹਲਕਾ ਸ਼ਾਹਕੋਟ ਉਪ ਚੋਣ ਹੋਣ ਦਾ ਐਲਾਨ ਹੁੰਦਿਆਂ ਹੀ ਸਾਲ 2017 ਵਿਚ ਇਸ ਹਲਕੇ ਤੋਂ 'ਆਪ' ਦੀ ਟਿਕਟ ਤੋਂ ਚੋਣ ਲੜ ਕੇ ਵਿਰੋਧੀਆਂ ਨੂੰ ਸਖਤ ਟੱਕਰ ਦੇਣ ਵਾਲੇ ਡਾ. ਅਮਰਜੀਤ ਸਿੰਘ ਥਿੰਦ ਨੇ 'ਆਪ' ਦਾ ਸਾਥ ਛੱਡ ਦਿੱਤਾ ਸੀ ਅਤੇ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। 'ਆਪ' ਦੀ ਲੀਡਰਸ਼ਿਪ ਨੂੰ ਡਾ. ਥਿੰਦ ਉਪਰ ਭਾਰੀ ਆਸਾਂ ਸਨ। ਫਿਰ 'ਆਪ' ਦੇ ਜਲੰਧਰ ਸ਼ਹਿਰੀ ਦੇ ਪ੍ਰਧਾਨ ਬੱਬੂ ਨੀਲਕੰਠ ਨੇ ਵੀ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਦਾ ਪੱਲਾ ਫੜ ਲਿਆ ਸੀ। ਇਸ ਤੋਂ ਬਾਅਦ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੀ ਟਿਕਟ ਤੋਂ ਹਲਕਾ ਜਲੰਧਰ ਕੈਂਟ ਤੋਂ ਚੋਣ ਲੜਨ ਵਾਲੇ ਹਰਕ੍ਰਿਸ਼ਨ ਸਿੰਘ ਵਾਲੀਆ ਤੇ ਕਰਨਲ (ਸੇਵਾ ਮੁਕਤ) ਸੀਡੀ ਸਿੰਘ ਕੰਬੋਜ ਵੀ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਦੱਸਣਯੋਗ ਹੈ ਕਿ ਪਿਛਲੇ ਸਮੇਂ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਹੋਈ ਉਪ ਚੋਣ ਦੌਰਾਨ ਵੀ 'ਆਪ' ਨੂੰ ਅਜਿਹੇ ਕਈ ਝਟਕੇ ਲੱਗੇ ਸਨ।

## ਪੰਜਾਬ ਸਿਵਲ ਸਕੱਤਰੇਤ 'ਚੋਂ ਰੌਣਕਾਂ ਗਾਇਬ

**ਚੰਡੀਗੜ੍ਹ:** ਮੰਤਰੀ ਮੰਡਲ ਵਿਸਥਾਰ ਵਿਚ 9 ਨਵੇਂ ਮੰਤਰੀ ਬਣਾਏ ਜਾਣ ਮਗਰੋਂ ਵੀ ਪੰਜਾਬ ਸਿਵਲ ਸਕੱਤਰੇਤ 'ਚੋਂ ਰੌਣਕ ਗਾਇਬ ਹਨ। ਸ਼ਾਹਕੋਟ ਚੋਣਾਂ 'ਚ ਰੁੱਝੇ ਹੋਣ ਦੇ ਚਲਦੇ ਸਰਕਾਰ ਦੇ ਬਹੁਤੇ ਮੰਤਰੀ ਸਕੱਤਰੇਤ ਵੱਲ ਘੱਟ ਹੀ ਰੁੱਖ ਕਰ ਰਹੇ ਹਨ। ਮੰਤਰੀ ਮੰਡਲ ਦੇ ਵਿਸਥਾਰ ਤੋਂ ਕੁਝ ਦਿਨ ਬਾਅਦ ਤੱਕ ਤਾਂ ਸਕੱਤਰੇਤ 'ਚ ਰੌਣਕਾਂ ਦੇਖਣ ਨੂੰ ਮਿਲ ਰਹੀਆਂ ਸਨ ਅਤੇ ਮੰਤਰੀਆਂ ਦੇ ਸਮਰਥਕ ਤੇ ਜਾਣਕਾਰਾਂ ਵੱਲੋਂ ਵਧਾਈਆਂ ਦੇਣ ਦਾ ਸਿਲਸਿਲਾ ਵੀ ਜਾਰੀ ਰਿਹਾ ਪਰ ਕੁਝ ਦਿਨਾਂ ਮਗਰੋਂ ਇਹ ਰੌਣਕ ਘੱਟ ਗਈ, ਇਥੋਂ ਤੱਕ ਕਿ ਕਿਸੇ ਕਿਸੇ ਦਿਨ ਇਕਾ-ਦੁੱਕਾ ਮੰਤਰੀਆਂ ਤੋਂ ਇਲਾਵਾ ਕੋਈ ਵੀ ਮੰਤਰੀ ਸਕੱਤਰੇਤ ਆਉਣ ਦੀ ਜ਼ਹਿਮਤ ਨਹੀਂ ਉਠਾਉਂਦਾ।

# ਪੰਜਾਬੀਆਂ ਦੇ ਮਘਾਇਆ ਚੋਣ ਪਿੜ

**ਬਰੈਂਪਟਨ:** ਕੈਨੇਡਾ ਵਿਚ ਓਂਟਾਰੀਓ ਅਸੈਂਬਲੀ ਚੋਣਾਂ ਲਈ ਵੱਖ-ਵੱਖ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਲਿਬਰਲ ਪਾਰਟੀ, ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਤੇ ਨਿਊ ਡੈਮੋਕ੍ਰੇਟਿਕ ਪਾਰਟੀ ਵਿਚ ਮੁਕਾਬਲਾ ਤਿਕੋਨਾ ਬਣਦਾ ਜਾ ਰਿਹਾ ਹੈ। ਐਨ.ਡੀ.ਪੀ. ਜਿਸ ਨੂੰ ਪਹਿਲਿਆਂ ਦੋਵੇਂ ਪਾਰਟੀਆਂ ਰਾਜਨੀਤਕ ਪੱਖ ਤੋਂ ਇੰਨਾ ਮਹੱਤਵ ਨਹੀਂ ਦਿੰਦੀਆਂ ਸਨ, ਹੁਣ ਪਾਰਟੀ ਦੇ ਵਧ ਰਹੇ ਪ੍ਰਭਾਵ ਤੋਂ ਫਿਕਰਮੰਦ ਜਾਪਦੀਆਂ ਹਨ।

ਐਨ.ਡੀ.ਪੀ. ਨੇ 56 ਫੀਸਦੀ ਟਿਕਟਾਂ ਔਰਤਾਂ ਨੂੰ ਦਿੱਤੀਆਂ ਹਨ। ਐਨ.ਡੀ.ਪੀ. ਦੀ ਸਟੇਟ ਲੀਡਰ ਐਂਡਰੀਓ ਹੌਰਵਿਥ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਔਰਤਾਂ ਨੂੰ ਸਿਆਸਤ ਵਿਚ ਆਉਣ ਲਈ ਉਤਸ਼ਾਹਤ ਕਰ ਰਹੀ ਹੈ ਤੇ ਉਨ੍ਹਾਂ ਨੂੰ ਬਰਾਬਰ ਦੀ ਭਾਈਵਾਲ ਬਣਾਉਣ ਜਾ ਰਹੀ ਹੈ। ਪਾਰਟੀ ਦੇ ਕੌਮੀ ਲੀਡਰ ਜਗਮੀਤ ਸਿੰਘ ਪਹਿਲਾਂ ਓਂਟਾਰੀਓ ਦੇ ਡਿਪਟੀ ਲੀਡਰ ਰਹਿ ਚੁੱਕੇ ਹਨ ਤੇ ਵੱਡਾ ਸਵਾਲ ਪੰਜਾਬੀ ਵੋਟਰਾਂ ਦਾ ਹੈ। ਇਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੈ। ਇਨ੍ਹਾਂ

### ਓਂਟਾਰੀਓ ਚੋਣਾਂ

ਵੋਟਰਾਂ ਦੀ ਪਹਿਲੀ ਪਸੰਦ ਲਿਬਰਲ ਮੰਨੇ ਜਾਂਦੇ ਹਨ। ਲਿਬਰਲ ਆਗੂ ਕੈਥਲਿਨ ਵਿਨ ਨੂੰ ਪੰਜਾਬੀਆਂ ਤੋਂ ਭਰਵੇਂ ਹੁੰਗਾਰੇ ਦੀ ਉਮੀਦ ਹੈ।



ਕੰਜ਼ਰਵੇਟਿਵ ਆਗੂ ਡਗ ਫੋਰਡ ਦਾ ਝੁਕਾਅ ਵੀ ਪੰਜਾਬੀਆਂ ਵੱਲ ਹੈ।

ਚੋਣਾਂ ਵਿਚ ਪੰਜਾਬੀ ਅਤੇ ਭਾਰਤੀ ਮੂਲ ਦੇ ਕਈ ਉਮੀਦਵਾਰ ਇਕ-ਦੂਜੇ ਖਿਲਾਫ਼ ਖੜ੍ਹੇ ਹਨ। ਸੱਤ ਜੂਨ ਨੂੰ ਹੋਣ ਵਾਲੀਆਂ ਚੋਣਾਂ ਵਿਚ ਪੰਜਾਬੀਆਂ ਦੇ ਗੜ੍ਹ ਬਰੈਂਪਟਨ ਤੇ ਮਿਸੀਸਾਗਾ ਦੇ ਹਲਕਿਆਂ ਵਿਚ ਡੈਮੋਕ੍ਰੇਟਿਕ (ਐਨ.ਡੀ.ਪੀ.), ਲਿਬਰਲ ਤੇ ਕੰਜ਼ਰਵੇਟਿਵ (ਟੋਰੀ) ਪਾਰਟੀਆਂ ਵੱਲੋਂ ਡੇਢ ਦਰਜਨ ਪੰਜਾਬੀ ਤੇ ਭਾਰਤੀ ਮੂਲ ਦੇ ਉਮੀਦਵਾਰ ਮੈਦਾਨ ਵਿਚ ਉਤਾਰੇ ਗਏ ਹਨ। ਸੂਬੇ ਵਿਚ ਲਿਬਰਲ ਪਾਰਟੀ ਦੀ ਹਾਲਤ ਸਰਵੇਖਣਾਂ ਵਿਚ ਪਤਲੀ ਦਿਸਦੀ ਹੈ ਤੇ ਟੋਰੀ ਅੱਗੇ ਚੱਲ ਰਹੀ ਹੈ।

ਬਰੈਂਪਟਨ ਵਿਚ ਲਿਬਰਲ ਹਰਿੰਦਰ ਮੱਲ੍ਹੀ ਖਿਲਾਫ਼ ਰਿਪੁਦਮਨ ਢਿੱਲੋਂ (ਟੋਰੀ), ਐਨਡੀਪੀ ਦੇ ਗੁਰਰਤਨ ਸਿੰਘ ਦੇ ਮੁਕਾਬਲੇ ਡਾ. ਪਰਮਿੰਦਰ (ਲਿਬਰਲ) ਅਤੇ ਸੁਦੀਪ ਵਰਮਾ (ਟੋਰੀ), ਵਿੱਕੀ ਢਿੱਲੋਂ (ਲਿਬਰਲ) ਖਿਲਾਫ਼ ਅਮਰਜੋਤ ਸੰਧੂ (ਟੋਰੀ), ਸੁਖਵੰਤ ਠੇਠੀ (ਲਿਬਰਲ) ਦੇ ਮੁਕਾਬਲੇ ਪ੍ਰਭਮੀਤ ਸਰਕਾਰੀਆ (ਟੋਰੀ), ਹਰਜੀਤ ਜਸਵਾਲ (ਟੋਰੀ) ਖਿਲਾਫ਼ ਸਫਦਰ ਹੁਸੈਨ ਤੇ ਸਾਰਾ ਸਿੰਘ, ਮਿਸੀਸਾਗਾ ਵਿਚ ਅੰਮ੍ਰਿਤ ਮਾਂਗਟ (ਲਿਬਰਲ) ਖਿਲਾਫ਼ ਦੀਪਕ ਆਨੰਦ (ਟੋਰੀ) ਤੇ ਸਿੰਮੀ ਸੈਣੀ (ਗਰੀਨ ਪਾਰਟੀ), ਨੀਨਾ ਤਾਂਗੜੀ (ਟੋਰੀ) ਦੇ ਮੁਕਾਬਲੇ ਅਭਿਮੀਤ ਮਾਨ ਤੇ ਮਿਲਟਨ ਤੋਂ ਪਰਮ ਗਿੱਲ (ਟੋਰੀ) ਤੇ ਇੰਦਰਾ ਨਾਇਡੂ ਮੈਦਾਨ ਵਿਚ ਹਨ।

# ਸ਼ਾਹਕੋਟ ਚੋਣ ਮਗਰੋਂ ਪੰਚਾਇਤੀ ਚੋਣਾਂ ਦਾ ਅਖਾੜਾ ਤਿਆਰ

**ਚੰਡੀਗੜ੍ਹ:** ਸ਼ਾਹਕੋਟ ਜ਼ਿਮਨੀ ਚੋਣ ਤੋਂ ਬਾਅਦ ਪੰਚਾਇਤ ਚੋਣਾਂ ਵਿਚ ਸਿਆਸੀ ਪਾਰਟੀਆਂ ਆਹਮੋ-ਸਾਹਮਣੇ ਹੋਣਗੀਆਂ। ਇਸ ਵਾਰ ਪੰਚਾਇਤ ਚੋਣਾਂ ਜੁਲਾਈ ਦੇ ਆਖਰ 'ਚ ਜਾਂ ਅਗਸਤ ਦੇ ਪਹਿਲੇ ਹਫਤੇ ਹੋਣਗੀਆਂ। ਸੂਤਰਾਂ ਮੁਤਾਬਕ ਸਰਕਾਰ ਵੱਲੋਂ 9 ਅਗਸਤ ਤੋਂ ਪਹਿਲਾਂ ਚੋਣਾਂ ਕਰਵਾਉਣ ਦੀ ਸੰਭਾਵਨਾ ਹੈ।



ਪਿਛਲੀ ਵਾਰ ਪੰਚਾਇਤੀ ਚੋਣਾਂ 3 ਜੁਲਾਈ 2013 ਨੂੰ ਹੋਈਆਂ ਸੀ। ਪੰਚਾਇਤਾਂ ਨੂੰ 10 ਅਗਸਤ, 2013 ਨੂੰ ਅਹੁਦਿਆਂ ਦੀ ਸਹੁੰ ਚੁਕਾਈ ਗਈ ਸੀ। ਇਸ ਹਿਸਾਬ ਨਾਲ ਮੌਜੂਦਾ ਪੰਚਾਇਤਾਂ ਦੀ ਮਿਆਦ 9 ਅਗਸਤ 2018 ਤੱਕ ਹੈ। ਇਸ ਕਾਰਨ ਸਰਕਾਰ ਵੱਲੋਂ ਇਸ ਮਿਤੀ ਤੋਂ ਪਹਿਲਾਂ ਚੋਣਾਂ ਕਰਵਾਉਣ ਦੀ ਸੰਭਾਵਨਾ ਹੈ। ਦੂਜੇ ਪਾਸੇ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀਆਂ ਦੀਆਂ ਚੋਣਾਂ 19 ਜੂਨ, 2013 ਨੂੰ ਹੋਈਆਂ ਸਨ। ਇਨ੍ਹਾਂ ਦੋਵਾਂ ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ 10 ਜੁਲਾਈ, 2013 ਨੂੰ ਅਹੁਦਿਆਂ ਦੀ ਸਹੁੰ ਚੁਕਾਈ ਗਈ ਸੀ। ਇਨ੍ਹਾਂ ਪ੍ਰੀਸ਼ਦ ਤੇ ਬਲਾਕ ਸਮਿਤੀਆਂ ਦੀ ਮਿਆਦ 9 ਜੁਲਾਈ, 2018 ਤੱਕ ਹੈ। ਇਸ ਲਈ ਇਨ੍ਹਾਂ ਪੰਚਾਇਤੀ ਸੰਸਥਾਵਾਂ ਦੀ ਚੋਣ ਵੀ ਇਸ ਮਿਤੀ ਤੋਂ ਪਹਿਲਾਂ ਹੋਣ ਦੇ ਅਸਾਰ ਹਨ।


ਪਿਛਲੀਆਂ ਚੋਣਾਂ ਦੌਰਾਨ ਸੂਬੇ ਵਿਚ ਪੰਚਾਇਤਾਂ ਦੀ ਕੁੱਲ ਗਿਣਤੀ 13,028 ਸੀ। ਇਸ ਵਾਰ 285 ਨਵੀਆਂ ਪੰਚਾਇਤ ਬਣਾਉਣ ਦੀ ਤਜਵੀਜ਼ ਵੀ ਤਿਆਰ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਇਸ ਵਾਰ ਆਕਾਰ ਦੇ ਮੱਦੇਨਜ਼ਰ ਮੁੜ ਗਠਨ ਤਹਿਤ ਪੰਚਾਇਤਾਂ ਦੀ ਗਿਣਤੀ 300 ਤੱਕ ਵਧ ਸਕਦੀ ਹੈ। ਇਸ ਪ੍ਰਕਿਰਿਆ ਦੌਰਾਨ ਅਜਿਹੀਆਂ ਪੰਚਾਇਤਾਂ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਦਾ ਵੋਟਰਾਂ ਆਦਿ ਪੱਖੋਂ ਆਕਾਰ ਬੜਾ ਛੋਟਾ ਹੈ, ਜਿਸ ਤਹਿਤ ਕੁਝ ਪੰਚਾਇਤਾਂ ਨੂੰ ਇਕ-ਦੂਜੇ ਵਿਚ ਮਿਲਾਇਆ ਵੀ ਜਾ ਰਿਹਾ ਹੈ।

# ਸਿੱਖ ਇਤਿਹਾਸ ਦੀ ਪੁਣਛਾਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਫੜੀ ਸਰਗਰਮੀ

**ਅੰਮ੍ਰਿਤਸਰ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪਾਠ ਪੁਸਤਕ ਵਿਚ ਸਿੱਖ ਇਤਿਹਾਸ ਮਨਫੀ ਕਰਨ ਦੀ ਘਟਨਾ ਤੋਂ ਬਾਅਦ ਚੌਕਸ ਹੋਈ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਦੇ ਸਕੂਲ ਬੋਰਡਾਂ ਦੀਆਂ ਪਾਠ ਪੁਸਤਕਾਂ ਵਿਚ ਸਿੱਖ ਇਤਿਹਾਸ ਦੀ ਪੁਣਛਾਣ ਕਰਨ ਦਾ ਫੈਸਲਾ ਕੀਤਾ ਗਿਆ ਹੈ ਤੇ ਇਸ ਬਾਬਤ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀ 15 ਮੈਂਬਰੀ ਕਮੇਟੀ ਬਣਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਇਸ ਕਮੇਟੀ ਦੀ ਅਗਵਾਈ ਡਾ. ਤੇਜਿੰਦਰ ਕੌਰ ਧਾਲੀਵਾਲ ਨੂੰ ਸੌਂਪੀ ਗਈ ਹੈ, ਜਦੋਂਕਿ ਇਸ ਦੇ ਮੈਂਬਰਾਂ ਵਿਚ ਬੀਬੀ ਹਰਜਿੰਦਰ ਕੌਰ ਚੰਡੀਗੜ੍ਹ ਤੇ ਬੀਬੀ ਕਿਰਨਜੋਤ ਕੌਰ (ਮੈਂਬਰ, ਸ਼੍ਰੋਮਣੀ ਕਮੇਟੀ), ਸਿੱਖ ਵਿਦਵਾਨ ਡਾ. ਬਲਵੰਤ ਸਿੰਘ ਢਿੱਲੋਂ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਧਰਮਿੰਦਰ ਸਿੰਘ ਉੱਭਾ (ਪ੍ਰਿੰਸੀਪਲ, ਖਾਲਸਾ ਕਾਲਜ ਪਟਿਆਲਾ), ਡਾ. ਧਰਮਵੀਰ ਸਿੰਘ (ਚੀਫ ਖਾਲਸਾ ਦੀਵਾਨ), ਬੀਬੀ ਅਮਰਜੀਤ ਕੌਰ (ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ), ਪ੍ਰੋਫੈਸਰ ਮਨਜੀਤ ਕੌਰ (ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ), ਪ੍ਰਿੰਸੀਪਲ ਹਰਮੀਤ ਕੌਰ ਲੁਧਿਆਣਾ, ਪ੍ਰਿੰਸੀਪਲ ਸਤਵੰਤ ਕੌਰ (ਸਹਾਇਕ ਡਾਇਰੈਕਟਰ), ਪ੍ਰਿੰਸੀਪਲ ਤਰਸੇਮ ਸਿੰਘ, ਬਲਬੀਰ ਸਿੰਘ ਢੋਲ (ਸਾਬਕਾ ਡੀ.ਪੀ.ਆਈ), ਬੀਬੀ ਦਰਸ਼ਨ ਕੌਰ (ਸਾਬਕਾ ਡੀ.ਪੀ.ਆਈ), ਪ੍ਰਿੰਸੀਪਲ ਡਾ. ਪ੍ਰੀਤ ਮਹਿੰਦਰਪਾਲ ਸਿੰਘ ਗੜ੍ਹਸ਼ੰਕਰ ਤੇ ਪ੍ਰੋਫੈਸਰ ਬਲਦੇਵ ਸਿੰਘ ਬੱਲੂਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ 15 ਮੈਂਬਰੀ ਕਮੇਟੀ ਵਿਚ 8 ਮਹਿਲਾ ਵਿਦਵਾਨ ਵੀ ਸ਼ਾਮਲ ਹਨ।




ਉਨ੍ਹਾਂ ਕਿਹਾ ਕਿ ਜਲਦੀ ਹੀ ਉਚ ਸਿੱਖਿਆ ਨਾਲ ਸਬੰਧਤ ਪਾਠਕ੍ਰਮ ਲਈ ਵੀ ਇਕ ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਦੇਸ਼ ਭਰ ਦੇ ਸਾਰੇ ਸੂਬਿਆਂ ਦੇ ਸਕੂਲ ਬੋਰਡਾਂ ਦੀਆਂ ਪਾਠ ਪੁਸਤਕਾਂ ਦੀ ਘੋਖ ਕਰੇਗੀ ਅਤੇ ਜੇਕਰ ਸਿੱਖ ਇਤਿਹਾਸ ਸਬੰਧੀ ਕੋਈ ਗਲਤ ਜਾਣਕਾਰੀ ਸਾਹਮਣੇ ਆਈ ਤਾਂ ਉਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਰਿਪੋਰਟ ਕਰੇਗੀ।

ਦੱਸਣਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਮਨਫੀ ਕੀਤੇ ਜਾਣ ਉਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਨੇ ਸਖਤ ਇਤਰਾਜ਼ ਪ੍ਰਗਟਾਇਆ ਸੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਾਰਾਜ਼ ਕਾਂਗਰਸੀ ਵਿਧਾਇਕ ਪੁੱਜੇ ਦਿੱਲੀ ਦਰਬਾਰ

**ਚੰਡੀਗੜ੍ਹ:** ਮੰਤਰੀ ਦੀ ਕੁਰਸੀ ਨਾ ਮਿਲਣ ਤੋਂ ਨਾਰਾਜ਼ ਪੰਜਾਬ ਦੇ ਤਿੰਨ ਕਾਂਗਰਸੀ ਵਿਧਾਇਕਾਂ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨਾਲ ਮੀਟਿੰਗ ਕਰ ਕੇ ਆਪਣੇ ਦੁਖੜੇ ਸੁਣਾਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਆਪਣਾ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਵਜ਼ਾਰਤ ਵਿਚ ਵਾਧਾ ਕਰਦੇ ਸਮੇਂ ਉਨ੍ਹਾਂ ਦੀ ਸੀਨੀਆਰਤਾ ਨੂੰ ਅਣਗੌਲਿਆ ਕੀਤਾ ਹੈ ਤੇ ਜੂਨੀਅਰ ਵਿਧਾਇਕਾਂ ਨੂੰ ਮੰਤਰੀ ਬਣਾ ਦਿਤਾ ਹੈ।

ਕਾਂਗਰਸ ਵਿਧਾਇਕਾਂ ਦੀ ਕਾਂਗਰਸ ਪ੍ਰਧਾਨ ਨਾਲ ਮੀਟਿੰਗ ਵੀਹ ਮਿੰਟ ਦੇ ਕਰੀਬ ਚੱਲੀ ਪਰ ਉਨ੍ਹਾਂ ਨੇ ਗੱਲਬਾਤ ਦੌਰਾਨ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜ੍ਹੇ ਕੀਤੇ ਤੇ ਆਪਣੇ ਨਾਲ ਵਿਤਕਰੇ ਬਾਰੇ ਵੀ ਦੱਸਿਆ। ਇਨ੍ਹਾਂ ਵਿਧਾਇਕਾਂ ਵਿਚ ਸੀਨੀਅਰ ਅਮਰੀਕ ਸਿੰਘ ਢਿੱਲੋਂ, ਕਾਕਾ ਰਣਦੀਪ ਸਿੰਘ ਨਾਭਾ ਅਤੇ ਰਾਕੇਸ਼ ਪਾਂਡੇ ਸ਼ਾਮਲ ਹਨ। ਸ੍ਰੀ ਗਾਂਧੀ ਨੇ ਇਨ੍ਹਾਂ ਵਿਧਾਇਕਾਂ ਨੂੰ ਕਿਹਾ ਕਿ ਇਸ ਬਾਰੇ ਪਾਰਟੀ ਦੇ ਜਨਰਲ ਸਕੱਤਰ ਅਸ਼ੋਕ ਗਹਿਲੋਤ ਨੂੰ ਪੂਰੀ ਰਿਪੋਰਟ ਦੇਣ। ਗੌਰਤਲਬ ਹੈ ਕਿ ਇਨ੍ਹਾਂ ਵਿਧਾਇਕਾਂ ਨੇ ਪਹਿਲਾਂ ਰੋਸ ਵਜੋਂ ਵਿਧਾਨ ਸਭਾ ਦੀਆਂ ਕਮੇਟੀਆਂ ਤੋਂ ਅਸਤੀਫੇ ਦੇ ਦਿੱਤੇ ਸਨ। ਤਿੰਨੇ ਵਿਧਾਇਕਾਂ ਨੇ ਕਾਂਗਰਸ ਪ੍ਰਧਾਨ ਨਾਲ ਗੱਲਬਾਤ ਦੀ ਪੁਸ਼ਟੀ ਕੀਤੀ ਹੈ ਤੇ ਕਿਹਾ ਕਿ ਉਨ੍ਹਾਂ ਨੇ ਆਪਣਾ ਪੱਖ ਰੱਖ ਦਿੱਤਾ ਹੈ।

# ਮਲੇਸ਼ੀਆ ਵਜ਼ਾਰਤ 'ਚ ਪਹਿਲਾ ਸਿੱਖ ਕੈਬਨਿਟ ਮੰਤਰੀ

**ਕੁਆਲਾਲੰਪੁਰ:** ਮਲੇਸ਼ੀਆ ਵਿਚ ਭਾਰਤੀ ਮੂਲ ਦੇ ਉਘੇ ਵਕੀਲ ਤੇ ਸਿਆਸਤਦਾਨ ਗੋਬਿੰਦ ਸਿੰਘ ਦਿਓ ਇਸ ਮੁਸਲਿਮ ਬਹੁਗਿਣਤੀ ਮੁਲਕ ਦੇ ਇਤਿਹਾਸ ਵਿਚ ਪਹਿਲੇ ਸਿੱਖ ਕੈਬਨਿਟ ਮੰਤਰੀ ਬਣ ਗਏ ਹਨ। 44 ਸਾਲਾ ਸ੍ਰੀ ਦਿਓ ਜਿਨ੍ਹਾਂ ਨੂੰ ਸੰਚਾਰ ਤੇ ਮਲਟੀਮੀਡੀਆ ਮਹਿਕਮਾ ਦਿੱਤਾ ਗਿਆ ਹੈ, ਭਾਰਤੀ ਮੂਲ ਦੇ ਦੋ ਸਿਆਸਤਦਾਨਾਂ ਵਿਚੋਂ ਹਨ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਦੇ ਮੰਤਰੀ ਮੰਡਲ ਵਿਚ ਥਾਂ ਦਿੱਤੀ ਗਈ ਹੈ। ਦੂਜੇ ਭਾਰਤੀ ਮੂਲ ਦੇ ਵਕੀਲ ਡੈਮੋਕਰੇਟਿਕ ਐਕਸ਼ਨ ਪਾਰਟੀ (ਡੀ.ਏ.ਪੀ.) ਦੇ ਐਮ. ਕੁਲਾਸੇਗਰਾਨ ਹਨ ਜਿਨ੍ਹਾਂ ਨੂੰ ਮਨੁੱਖੀ ਸਰੋਤ ਮੰਤਰਾਲਾ ਦਿੱਤਾ ਗਿਆ ਹੈ। 61 ਸਾਲਾ ਕੁਲਾਸੇਗਰਾਨ ਡੀ.ਏ.ਪੀ. ਦੇ ਕੌਮੀ ਮੀਤ ਪ੍ਰਧਾਨ ਹਨ ਤੇ ਪੇਰਾਕ ਵਿਚ ਇਪੋਹ ਬਾਰਾਤ ਹਲਕੇ ਤੋਂ ਨੁਮਾਇੰਦਗੀ ਕਰਦੇ ਹਨ।

ਸ੍ਰੀ ਦਿਓ ਮਲੇਸ਼ੀਆਈ ਪਾਰਲੀਮੈਂਟ ਵਿਚ ਪੁਚੌਂਗ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਤੇ ਮਲੇਸ਼ੀਆ ਦੇ ਵਕੀਲ ਤੇ ਸਿਆਸਤਦਾਨ ਮਰਹੂਮ ਕਰਪਾਲ ਸਿੰਘ ਦੇ ਪੁੱਤਰ ਹਨ। ਉਹ ਪਹਿਲੀ ਵਾਰ 2008 ਵਿਚ ਪਾਰਲੀਮੈਂਟ ਲਈ ਚੁਣੇ ਗਏ ਸਨ ਤੇ 2013 ਵਿਚ ਪਾਰਲੀਮੈਂਟ ਦੇ ਹੇਠਲੇ ਸਦਨ ਲਈ ਦੁਬਾਰਾ ਚੁਣੇ ਗਏ ਸਨ। ਇਸ ਵਾਰ ਉਨ੍ਹਾਂ 47635 ਵੋਟਾਂ ਦੇ ਫਰਕ ਨਾਲ ਸੀਟ ਜਿੱਤੀ ਹੈ। ਮੀਰੀ ਇੰਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਤੇ ਕਾਊਂਸਲਰ ਕਰਮਬੀਰ ਸਿੰਘ ਨੇ ਬੋਰਨੀਓ ਪੋਸਟ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬੀ ਭਾਈਚਾਰੇ ਦੇ ਮੈਂਬਰ ਗੋਬਿੰਦ ਸਿੰਘ ਨੂੰ ਕੈਬਨਿਟ ਵਿਚ ਸ਼ਾਮਲ ਕਰਨਾ ਚੰਗੀ ਗੱਲ ਹੈ। ਇਹ ਸਾਡੇ ਭਾਈਚਾਰੇ ਲਈ ਮਾਣ ਤੇ ਖੁਸ਼ੀ ਦਾ ਮੌਕਾ ਹੈ ਤੇ ਮਲੇਸ਼ੀਆਈ ਸਮਾਜ ਵਿਚ ਪੰਜਾਬੀ ਭਾਈਚਾਰੇ ਦੀ ਭੱਲ ਦਾ ਪ੍ਰਤੀਕ ਵੀ ਹੈ। ਮਲੇਸ਼ੀਆ ਵਿਚ ਸਿੱਖਾਂ ਦੀ ਕਰੀਬ ਇਕ ਲੱਖ ਆਬਾਦੀ ਹੈ। ਦੇਸ਼ ਦੇ ਬਾਦਸ਼ਾਹ ਸੁਲਤਾਨ ਮੁਹੰਮਦ ਦੀ ਪ੍ਰਧਾਨਗੀ ਹੇਠ ਸ਼ਾਹੀ ਮਹਿਲ ਵਿਚ ਹੋਏ ਇਕ ਸਮਾਗਮ ਦੌਰਾਨ ਕੁੱਲ 13 ਫੈਡਰਲ ਮੰਤਰੀਆਂ ਨੂੰ ਅਹੁਦੇ ਦਾ ਹਲਫ ਦਿਵਾਇਆ ਗਿਆ।

# ਹਿੰਦ-ਪਾਕਿ ਫੌਜ ਵੱਲੋਂ ਆਮ ਲੋਕਾਂ 'ਤੇ ਗੋਲਾਬਾਰੀ

**ਜੰਮੂ:** ਜੰਮੂ-ਕਸ਼ਮੀਰ ਦੇ ਅਰਨੀਆ ਅਤੇ ਆਰ.ਐਸ. ਪੁਰਾ ਸੈਕਟਰਾਂ ਵਿਚ ਪਾਕਿਸਤਾਨ ਰੇਂਜਰਾਂ ਵੱਲੋਂ ਸਰਹੱਦ ਉਤੇ ਲਗਾਤਾਰ ਮੋਰਟਾਰਾਂ ਨਾਲ ਕੀਤੀ ਭਾਰੀ ਗੋਲਾਬਾਰੀ ਵਿਚ ਸੱਤਰ ਸਾਲ ਦੀ ਔਰਤ ਤੇ ਇਕ ਬੀ.ਐਸ.ਐਸ.ਐਫ. ਜਵਾਨ ਸਮੇਤ 20 ਵਿਅਕਤੀ ਜ਼ਖ਼ਮੀ ਹੋ ਗਏ ਹਨ। ਜਵਾਬੀ ਗੋਲਾਬਾਰੀ ਵਿਚ ਸਰਹੱਦ ਪਾਰ ਵੀ ਕਾਫੀ ਨੁਕਸਾਨ ਹੋਇਆ ਹੈ ਤੇ ਵੱਡੀ ਗਿਣਤੀ ਵਿਚ ਬੰਕਰ ਤਬਾਹ ਹੋ ਗਏ ਹਨ।

ਪਾਕਿਸਤਾਨੀ ਰੇਂਜਰਾਂ ਨੇ ਸੀਮਾ ਸੁਰੱਖਿਆ ਬਲ ਦੀਆਂ ਮੂਹਰਲੀਆਂ ਚੌਕੀਆਂ ਅਤੇ ਭਾਰਤ ਦੇ ਵਸੋਂ ਵਾਲੇ 90 ਪਿੰਡਾਂ ਨੂੰ ਨਿਸ਼ਾਨਾ ਬਣਾਇਆ। ਲਗਾਤਾਰ ਹੋ ਰਹੀ ਗੋਲਾਬਾਰੀ ਕਾਰਨ ਲੋਕਾਂ ਵਿਚ ਦਹਿਸ਼ਤ ਵਾਲਾ ਮਾਹੌਲ ਹੈ ਤੇ ਲੋਕ ਪਾਕਿਸਤਾਨ ਦੀ ਮਾਰ ਹੇਠ ਆਉਣ ਵਾਲੇ ਇਲਾਕੇ ਵਿਚੋਂ ਨਿਕਲ ਕੇ ਸੁਰੱਖਿਅਤ ਸਥਾਨਾਂ ਵੱਲ ਨਿਕਲ ਰਹੇ ਹਨ। ਪ੍ਰਸ਼ਾਸਨ ਨੇ ਇਨ੍ਹਾਂ ਖੇਤਰਾਂ ਦੇ ਸਕੂਲ ਬੰਦ ਕਰਨ ਦੇ ਹੁਕਮ ਦੇ ਦਿੱਤੇ ਹਨ। ਗੋਲਾਬਾਰੀ ਕਾਰਨ ਘਬਰਾਏ ਹੋਏ ਲੋਕ ਆਪਣੇ ਮਾਲ ਅਸਬਾਬ ਨਾਲ ਜਾਂ ਤਾਂ ਆਪਣੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਨ ਜਾਂ ਫਿਰ ਸਰਕਾਰ ਵੱਲੋਂ ਸਥਾਪਤ ਕੀਤੇ ਆਰਜ਼ੀ ਰਾਹਤ ਕੈਂਪਾਂ ਵਿਚ ਪੁੱਜ ਰਹੇ ਹਨ। ਸਰਕਾਰ ਵੱਲੋਂ 100 ਦੇ ਕਰੀਬ ਪਿੰਡ ਖਾਲੀ ਕਰਵਾਏ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ 'ਚ ਰਮਜ਼ਾਨ ਮਹੀਨੇ ਦੌਰਾਨ ਭਾਰਤ ਵੱਲੋਂ ਐਲਾਨੀ ਇਕ ਪਾਸੜ ਜੰਗਬੰਦੀ ਦੇ ਬਾਵਜੂਦ ਤਣਾਅ ਬਰਕਰਾਰ ਹੈ। ਪਾਕਿ ਵੱਲੋਂ ਅੰਤਰਰਾਸ਼ਟਰੀ ਸਰਹੱਦ 'ਤੇ 15 ਮਈ ਤੋਂ ਮੁੜ ਸ਼ੁਰੂ ਕੀਤੀ ਗਈ ਤਾਜ਼ਾ ਗੋਲੀਬਾਰੀ ਦੌਰਾਨ ਬੀ.ਐਸ.ਐਫ. ਦੇ 2 ਜਵਾਨਾਂ ਸਮੇਤ 4 ਆਮ ਨਾਗਰਿਕ ਜਿਸ 'ਚ ਪਤੀ-ਪਤਨੀ ਸ਼ਾਮਲ ਹਨ, ਆਪਣੀ ਜਾਨ ਗਵਾ ਚੁੱਕੇ ਹਨ ਅਤੇ ਦਰਜਨ ਭਰ ਜ਼ਖ਼ਮੀ ਹੋ ਚੁੱਕੇ ਹਨ। ਪਾਕਿਸਤਾਨ ਵੱਲੋਂ ਇਸ ਸਾਲ ਦੌਰਾਨ ਇਸ ਵੇਲੇ ਤੱਕ 700 ਦੇ ਲਗਭਗ ਗੋਲੀਬਾਰੀ ਦੀ ਉਲੰਘਣਾ ਦੌਰਾਨ 38 ਵਿਅਕਤੀ ਆਪਣੀ ਜਵਾਨ ਗਵਾ ਚੁੱਕੇ ਹਨ, ਜਿਸ 'ਚ ਫੌਜ ਤੇ ਬੀ.ਐਸ.ਐਫ. ਦੇ 17 ਜਵਾਨਾਂ ਸਮੇਤ 19 ਨਾਗਰਿਕ ਵੀ ਸ਼ਾਮਲ ਹਨ।

# ਰਸੂਖਵਾਨਾਂ ਨੇ ਪੰਜਾਬ ਦਾ ਪਾਣੀ ਵੀ ਨਾ ਬਖਸ਼ਿਆ

*(ਸਫਾ ਇਕ ਦੀ ਬਾਕੀ)*

ਸਨਅਤ ਵੱਲੋਂ ਪੰਜਾਬ ਦੀਆਂ ਨਦੀਆਂ-ਨਾਲਿਆਂ ਵਿਚ ਰਸਾਇਣਕ ਤੇ ਜ਼ਹਿਰੀਲਾ ਪਾਣੀ ਛੱਡਣ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਹਨ। ਦਰਿਆਈ ਪਾਣੀਆਂ ਵਿਚ ਰਸਾਇਣਕ ਤਰਲ ਰੋੜ੍ਹਨੇ ਜਾਂ ਰੁੜ੍ਹਨ ਦੇਣੇ ਜਲ ਐਕਟ, 1974 ਦੀ ਉਲੰਘਣਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਖਿਲਾਫ਼ ਫੌਜਦਾਰੀ ਤੇ ਦੀਵਾਨੀ ਕਾਰਵਾਈ ਬਣਦੀ ਹੈ। ਖੰਡ ਮਿੱਲ ਵਾਲੇ ਤੇ ਪ੍ਰਸ਼ਾਸਨ ਇਸ ਨੂੰ ਹਾਦਸਾ ਦੱਸ ਕੇ ਮਾਮਲੇ ਨੂੰ ਠੰਢਾ ਕਰਨ ਵਿਚ ਜੁਟੇ ਹੋਏ ਹਨ, ਜਦਕਿ ਹਾਲਾਤ ਇਹ ਹਨ ਕਿ ਸਤਲੁਜ ਦਰਿਆ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ। ਸਤਲੁਜ ਭਾਖੜਾ ਡੈਮ ਤੋਂ ਮੈਦਾਨੀ ਇਲਾਕੇ ਵਿਚ ਦਾਖਲ ਹੁੰਦਾ ਹੈ ਅਤੇ ਇਹ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਰਾਹ ਦੇ ਮੈਦਾਨ ਵਿਚੋਂ ਤਕਰੀਬਨ 277 ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਨੰਗਲ ਟਾਊਨਸ਼ਿਪ, ਨਯਾ ਨੰਗਲ, ਆਨੰਦਪੁਰ ਸਾਹਿਬ, ਰੋਪੜ, ਨਵਾਂ ਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦਾ ਘਰੇਲੂ ਅਤੇ ਸਨਅਤੀ ਪਾਣੀ ਆਖਰ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ। ਇਸ ਪਾਣੀ ਨੂੰ ਦਰਿਆ ਵਿਚ ਡਿੰਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਇਕ ਅਧਿਐਨ ਦਰਸਾਉਂਦਾ ਹੈ ਕਿ ਫੈਕਟਰੀਆਂ ਸਭ ਤੋਂ ਵੱਧ ਜਲ ਦੂਸ਼ਿਤ ਕਰਦੀਆਂ ਹਨ। ਉਹ ਪਾਣੀ ਨੂੰ ਬਿਨਾਂ ਸੋਧੇ ਹੀ ਬਾਹਰ ਛੱਡ ਦਿੰਦੀਆਂ ਹਨ।

ਸਰਕਾਰੀ ਅੰਕੜਿਆਂ ਮੁਤਾਬਕ ਅੱਜ ਭਾਰਤ ਦੇ 16 ਕਰੋੜ ਤੋਂ ਵੀ ਵਧੇਰੇ ਲੋਕਾਂ ਨੂੰ ਸਾਫ ਪਾਣੀ ਪੀਣ ਲਈ ਨਹੀਂ ਮਿਲਦਾ। ਸਿਆਸਤਦਾਨਾਂ ਅਤੇ ਕਾਰਪੋਰੇਟਾਂ ਦੀ ਮਿਲੀਭੁਗਤ ਨੇ ਵਾਤਾਵਰਣ ਦੀ ਖਰਾਬੀ ਹੋਰ ਵਧਾਈ ਹੈ। ਪੰਜਾਬ ਦੀਆਂ ਸਨਅਤੀ ਇਕਾਈਆਂ ਦਰਿਆਈ ਪਾਣੀਆਂ ਵਿਚ ਜ਼ਹਿਰ ਘੋਲ ਰਹੀਆਂ ਹਨ। ਸਨਅਤੀ ਇਕਾਈਆਂ ਦਾ ਕੈਮੀਕਲ ਵਾਲਾ ਪਾਣੀ ਬੁੱਢੇ ਨਾਲੇ ਰਾਹੀਂ ਸਤਲੁਜ ਦਰਿਆ ਵਿਚ ਮਿਲ ਕੇ ਸ਼ੁੱਧ ਪਾਣੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਹ ਪ੍ਰਦੂਸ਼ਿਤ ਪਾਣੀ ਮਾਲਵਾ ਸਮੇਤ ਰਾਜਸਥਾਨ ਦੇ ਲੋਕਾਂ ਨੂੰ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਲੈ ਰਿਹਾ ਹੈ। ਹਕੀਕਤ ਇਹ ਹੈ ਕਿ ਪੰਜਾਬ ਵਿਚ ਹੁਣ ਮਨੁੱਖਾਂ ਦੇ ਨਾਲ-ਨਾਲ ਪਸ਼ੂ ਵੀ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ।

## ਹੁਣ ਸਿੱਖ ਸੈਂਸਰ ਬੋਰਡ ਕਰੇਗਾ ਧਾਰਮਿਕ ਫਿਲਮਾਂ ਦੀ ਘੋਖ

*(ਸਫਾ ਇਕ ਦੀ ਬਾਕੀ)*



ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਰਦੀਪ ਸਿੰਘ ਮੁਹਾਲੀ, ਬੀਬੀ ਕਿਰਨਜੋਤ ਕੌਰ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ, ਦਿੱਲੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ, ਦਮਦਮੀ ਟਕਸਾਲ ਵਲੋਂ ਗਿਆਨੀ ਪਰਮਿੰਦਰ ਸਿੰਘ, ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵਲੋਂ ਗਿਆਨੀ ਰੇਸ਼ਮ ਸਿੰਘ, ਬਾਬਾ ਨਾਗਰ ਸਿੰਘ ਚੱਬੇਵਾਲ ਅਤੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਸ਼ਾਮਲ ਹਨ। ਦੱਸਣਯੋਗ ਹੈ ਕਿ ਹਾਲ ਹੀ ਵਿਚ ਆਈ ਫਿਲਮ 'ਨਾਨਕ ਸ਼ਾਹ ਫਕੀਰ' ਵੱਡੇ ਵਿਵਾਦ ਦਾ ਵਿਸ਼ਾ ਬਣੀ ਸੀ।

# ਬਗੈਰ ਕਸੂਰ ਜੇਲ੍ਹ ਵਿਚ ਕੱਟੇ 20 ਸਾਲ

**ਕਰਾਚੀ:** ਅਸਮਾ ਨਵਾਬ ਨੂੰ ਉਸ ਦੇ ਪਰਿਵਾਰ ਦੀ ਹੱਤਿਆ ਦੇ ਇਲਜ਼ਾਮ ਹੇਠ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਜੇਲ੍ਹ ਵਿਚ ਬੰਦ ਇਸ ਮਹਿਲਾ ਨੂੰ ਦੋ ਦਹਾਕਿਆਂ ਤੋਂ ਬਾਅਦ ਅਦਾਲਤ ਨੇ ਬਰੀ ਕਰ ਦਿੱਤਾ ਹੈ। ਉਹ ਹੁਣ ਜੇਲ੍ਹ ਦੀਆਂ ਖੌਫਨਾਕ ਯਾਦਾਂ ਨਾਲ ਆਪਣਾ ਜੀਵਨ ਨਵੇਂ ਸਿਰੇ ਤੋਂ ਜਿਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮਾਮਲੇ ਦੇ ਸਾਹਮਣੇ ਆਉਣ ਨਾਲ ਪਾਕਿਸਤਾਨ ਦੀ ਨਿਆਂ ਪ੍ਰਣਾਲੀ ਉਤੇ ਸਵਾਲ ਖੜ੍ਹੇ ਹੋ ਗਏ ਹਨ।

ਅਸਮਾ ਉਸ ਸਮੇਂ ਸਿਰਫ 16 ਸਾਲ ਦੀ ਸੀ, ਜਦ ਕਿਸੇ ਨੇ 1998 ਵਿਚ ਕਰਾਚੀ ਸਥਿਤ ਉਸ ਦੇ ਘਰ ਵਿਚ ਲੁੱਟ-ਖੋਹ ਕਰਨ ਦੀ ਕੋਸ਼ਿਸ਼ ਦੌਰਾਨ ਉਸ ਦੇ ਮਾਤਾ-ਪਿਤਾ ਤੇ ਇਕਲੌਤੇ ਭਰਾ ਦਾ ਗਲ ਵੱਢ ਕੇ ਕਤਲ ਕਰ ਦਿੱਤਾ ਸੀ। ਜਦ ਇਸ ਹੱਤਿਆ ਦੀ ਖਬਰ ਅਖਬਾਰਾਂ ਦੀ ਸੁਰਖੀ ਬਣੀ ਤਾਂ ਵਕੀਲਾਂ ਨੇ ਫੌਰੀ ਰੂਪ ਵਿਚ ਨਿਆਂ ਦੇਣ ਲਈ ਸਿਰਫ 12 ਦਿਨਾਂ ਵਿਚ ਮੁਕੱਦਮਾ ਪੂਰਾ ਕਰ ਦਿੱਤਾ। ਉਦੋਂ ਅਸਮਾ ਅਤੇ ਉਸ ਦੇ ਤਤਕਾਲੀ ਪ੍ਰੇਮੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਖਿਲਾਫ ਅਪੀਲਾਂ ਨੂੰ ਅੰਜਾਮ ਤੱਕ ਪਹੁੰਚਣ ਵਿਚ 19 ਸਾਲ ਛੇ ਮਹੀਨੇ ਲੱਗ ਗਏ। ਹੁਣ ਅਸਮਾ 36 ਸਾਲ ਦੀ ਹੋ ਚੱਕੀ ਹੈ ਤੇ ਉਹ ਆਪਣੀ ਜ਼ਿੰਦਗੀ ਦੇ ਇਨ੍ਹਾਂ ਕੀਮਤੀ 20 ਸਾਲਾਂ ਕਰ ਕੇ ਬੇਹੱਦ ਦੁਖੀ ਹੈ।

## ਸਕੂਲ ਵਿਚ ਗੋਲੀਬਾਰੀ, ਦਸ ਹਲਾਕ

**ਹਿਊਸਟਨ:** ਇਥੋਂ 50 ਕਿਲੋਮੀਟਰ ਦੂਰ ਦੱਖਣ ਪੂਰਬ ਵਿਚ ਸੈਂਟਾ ਫੇਅ ਹਾਈ ਸਕੂਲ ਵਿਚ ਬੰਦੂਕਧਾਰੀ ਵੱਲੋਂ ਕੀਤੀ ਫਾਇਰਿੰਗ 'ਚ ਦਸ ਜਣੇ ਮਾਰੇ ਗਏ, ਜਿਨ੍ਹਾਂ 'ਚ ਬਹੁਤੇ ਵਿਦਿਆਰਥੀਆਂ ਹਨ। ਪੁਲਿਸ ਨੇ ਬੰਦੂਕਧਾਰੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦੌਰਾਨ ਇਕ ਅਣਪਛਾਤੇ ਲਾਅ ਐਨਫੋਰਸਮੈਂਟ ਅਧਿਕਾਰੀ ਨੂੰ ਵੀ ਗੋਲੀ ਲੱਗੀ।

ਗੋਲੀਬਾਰੀ ਕਰਨ ਵਾਲੇ ਵਿਦਿਆਰਥੀ ਦਮਿਤ੍ਰਿਓਸ ਪੈਗੂਰਟਿਸ ਨੇ ਆਪਣੇ ਕੰਪਿਊਟਰ ਅਤੇ ਫੋਨ ਉਤੇ ਹਮਲੇ ਬਾਰੇ ਜਾਣਕਾਰੀ ਦਿੱਤੀ ਸੀ ਜਿਨ੍ਹਾਂ ਨੂੰ ਬਰਾਮਦ ਕਰ ਲਿਆ ਗਿਆ ਹੈ। ਉਸ ਨੇ ਫੇਸਬੁੱਕ ਉਤੇ ਇਕ ਕਮੀਜ਼ ਦੀ ਤਸਵੀਰ ਪੋਸਟ ਕੀਤੀ ਸੀ ਜਿਸ ਉਤੇ 'ਬੋਰਨ ਟੂ ਕਿੱਲ' ਲਿਖਿਆ ਸੀ। ਉਸ ਨੇ ਸਕੂਲ 'ਚ ਕਹਿਰ ਢਾਹੁਣ ਲਈ ਆਪਣੇ ਪਿਤਾ ਦੀ ਸ਼ੌਟਗਨ ਅਤੇ ਪਿਸਤੌਲ ਦੀ ਵਰਤੋਂ ਕੀਤੀ ਸੀ।

## ਗੋਲੀ ਦੇ ਸ਼ਿਕਾਰ ਪੰਜਾਬੀ ਨੇ ਦਮ ਤੋੜਿਆ

**ਸਿਨਸਿਨੈਟੀ, ਓਹਾਇਓ (ਬਿਊਰੋ):** ਇਥੇ ਇਕ ਸਿਆਹਫਾਮ ਵਲੋਂ ਗੋਲੀ ਮਾਰ ਕੇ ਜ਼ਖਮੀ ਕੀਤੇ ਜਸਪ੍ਰੀਤ ਸਿੰਘ ਉਪਲ ਪੁੱਤਰ ਮੇਵਾ ਸਿੰਘ ਨਡਾਲਾ ਦੀ ਹਸਪਤਾਲ ਵਿਚ ਮੌਤ ਹੋ ਗਈ। 10 ਮਈ ਨੂੰ ਜਸਪ੍ਰੀਤ ਸਿੰਘ ਆਪਣੇ ਘਰ ਦੇ ਬਾਹਰ ਸੈਰ ਕਰ ਰਿਹਾ ਸੀ ਕਿ ਇਕ ਕਾਲੇ ਵਿਅਕਤੀ ਨੇ ਗੋਲੀ ਮਾਰ ਦਿੱਤੀ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।

ਜਸਪ੍ਰੀਤ ਸਿੰਘ ਕਰੀਬ 8 ਸਾਲ ਤੋਂ ਆਪਣੀ ਪਤਨੀ, 2 ਲੜਕੇ ਤੇ 2 ਲੜਕੀਆਂ ਨਾਲ ਅਮਰੀਕਾ 'ਚ ਰਹਿ ਰਿਹਾ ਸੀ। ਹੈਮਿਲਟਨ ਪੁਲਿਸ ਨੇ ਬਰੋਡਰਿਕ ਮਲਿਕ ਨਾਂ ਦੇ ਕਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਅਕਾਲੀ ਸਰਕਾਰ ਵੇਲੇ ਦਰਜ ਝੂਠੇ ਪਰਚਿਆਂ ਦੀ ਸੂਚੀ ਹੋਈ ਲੰਮੀ

## ਗਿੱਲ ਕਮਿਸ਼ਨ ਨੇ ਸਤਵੀਂ ਅੰਤ੍ਰਿਮ ਰਿਪੋਰਟ ਕੈਪਟਨ ਨੂੰ ਸੌਂਪੀ

**ਚੰਡੀਗੜ੍ਹ:** ਜਸਟਿਸ (ਸੇਵਾ-ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਸਿਆਸੀ ਤੌਰ ਉਤੇ ਪ੍ਰੇਰਿਤ ਅਤੇ ਝੂਠੇ ਕੇਸਾਂ ਬਾਰੇ ਆਪਣੀ ਸਤਵੀਂ ਅੰਤ੍ਰਿਮ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ ਹੈ ਜਿਸ ਵਿਚ 21 ਕੇਸ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ।



ਕਮਿਸ਼ਨ ਨੇ ਮੰਦਭਾਵਨਾ ਨਾਲ ਦਰਜ ਕੀਤੀਆਂ 21 ਐਫ.ਆਰ.ਆਈਜ਼ ਰੱਦ ਕਰਨ ਦੀ ਸਿਫਾਰਸ਼ ਕੀਤੀ ਜਦਕਿ ਇਸ ਦੌਰ ਵਿਚ 179 ਕੇਸਾਂ ਦੀ ਪੜਤਾਲ ਕਰਨ ਪਿਛੋਂ ਇਨ੍ਹਾਂ ਵਿਚੋਂ 158 ਝੂਠੇ ਮਾਮਲੇ ਖਾਰਜ ਕਰ ਦਿੱਤੇ ਹਨ। ਕਮਿਸ਼ਨ ਨੂੰ ਕੁੱਲ 4213 ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਵਿਚੋਂ 1074 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿਚੋਂ 746 ਨੂੰ ਖਾਰਜ ਕਰ ਦਿੱਤਾ ਜਦਕਿ 328 ਸ਼ਿਕਾਇਤਾਂ ਉਤੇ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ ਆਪਣੀ ਸਤਵੀਂ ਰਿਪੋਰਟ ਵਿਚ 21 ਕੇਸਾਂ ਵਿਚ ਐਫ.ਆਰ.ਆਈਜ਼ ਰੱਦ ਕਰਨ ਤੋਂ ਇਲਾਵਾ ਕਸੂਰਵਾਰ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਨ ਦੀ ਵੀ ਸਿਫਾਰਸ਼ ਕੀਤੀ ਹੈ ਜਿਨ੍ਹਾਂ ਵਿਚ ਕੁਝ ਪੁਲਿਸ ਵਾਲਿਆਂ ਖਿਲਾਫ ਐਨ.ਡੀ.ਪੀ.ਐਸ. ਐਕਟ ਦੀ ਧਾਰਾ 58 ਅਤੇ ਆਈ.ਪੀ.ਸੀ. ਦੀਆਂ ਧਾਰਾਵਾਂ 193 ਅਤੇ 195 ਤਹਿਤ ਐਫ.ਆਰ.ਆਈਜ਼ ਦਰਜ ਕਰਨ ਦੀ ਵੀ ਸਿਫਾਰਸ਼ ਕੀਤੀ ਗਈ ਹੈ।

ਕਮਿਸ਼ਨ ਨੇ ਸ਼ਿਕਾਇਤਕਰਤਾਵਾਂ ਨੂੰ ਢੁਕਵਾਂ ਵਿੱਤੀ ਮੁਆਵਜ਼ਾ ਦੇਣ ਲਈ ਇਸ ਦੀ ਵਸੂਲੀ ਵੀ ਸਬੰਧਤ ਪੁਲਿਸ ਵਾਲਿਆਂ ਤੋਂ ਕਰਨ ਅਤੇ ਐਫ.ਆਰ.ਆਈ. ਦਰਜ ਕਰਨ ਅਤੇ ਪੈਰਵੀ ਕਰਨ ਵਾਲੇ ਗਵਾਹਾਂ ਉਤੇ ਆਈ.ਪੀ.ਸੀ. ਦੀ ਧਾਰਾ 182 ਤਹਿਤ ਕਾਰਵਾਈ ਅਰੰਭਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਦੀਆਂ ਹੁਣ ਤੱਕ ਸਿਫਾਰਸ਼ਾਂ ਦੇ ਅਮਲ ਵਿਚ ਤੇਜ਼ੀ ਲਿਆਉਣ ਲਈ ਸਰਕਾਰ ਵੱਲੋਂ ਜ਼ਿਲ੍ਹਾ ਮੈਜਿਸਟ੍ਰੇਟਾਂ ਅਤੇ ਜ਼ਿਲ੍ਹਾ ਅਟਾਰਨੀਆਂ ਨੂੰ ਪਹਿਲਾਂ ਹੀ ਨੋਡਲ ਅਫਸਰ ਨਿਯੁਕਤ ਕੀਤਾ ਹੋਇਆ ਹੈ।

ਸੂਬੇ ਦਾ ਗ੍ਰਹਿ ਵਿਭਾਗ ਇਸ ਸਬੰਧੀ ਡਾਇਰੈਕਟਰ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਦੇ ਨਾਲ-ਨਾਲ ਜ਼ਿਲ੍ਹਾ ਮੈਜਿਸਟ੍ਰੇਟਾਂ, ਜ਼ਿਲ੍ਹਾ ਪੁਲੀਸ ਮੁਖੀ ਅਤੇ ਜ਼ਿਲ੍ਹਾ ਅਟਾਰਨੀਆਂ ਨੂੰ ਵਿਸਥਾਰਤ ਹਦਾਇਤਾਂ ਜਾਰੀ ਕਰ ਚੁੱਕਾ ਹੈ। ਨੋਡਲ ਅਫਸਰਾਂ ਨੂੰ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਤਿੰਨ ਹਫਤਿਆਂ ਵਿਚ ਪਾਲਣ ਕਰਨ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਕੀਤੀਆਂ ਹੋਈਆਂ ਹਨ ਅਤੇ ਗ੍ਰਹਿ ਵਿਭਾਗ ਦੀ ਇਤਲਾਹ ਨਾਲ ਕਮਿਸ਼ਨ ਨੂੰ ਸਿੱਧੇ ਤੌਰ ਉਤੇ ਰਿਪੋਰਟ ਸੌਂਪਣ ਲਈ ਵੀ ਆਖਿਆ ਗਿਆ ਹੈ।

## ਸਰਬੱਤ ਖਾਲਸਾ: ਗਰਮਖਿਆਲੀਆਂ ਵਿਰੁਧ ਦਰਜ ਦੇਸ਼ ਧ੍ਰੋਹ ਦੇ ਪਰਚੇ ਰੱਦ

**ਅੰਮ੍ਰਿਤਸਰ:** ਢਾਈ ਸਾਲ ਪਹਿਲਾਂ 10 ਨਵੰਬਰ 2015 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੱਬਾ ਵਿਖੇ ਗਰਮਖਿਆਲੀ ਪੰਥਕ ਧਿਰਾਂ ਵੱਲੋਂ ਕਰਵਾਏ ਸਰਬੱਤ ਖਾਲਸਾ ਸੰਮੇਲਨ ਨੂੰ ਦੇਸ਼ ਧ੍ਰੋਹ ਦਾ ਮਾਮਲਾ ਦੱਸਦਿਆਂ ਅਕਾਲੀ ਭਾਜਪਾ ਸਰਕਾਰ ਵੱਲੋਂ ਦਰਜ ਕਰਾਇਆ ਗਿਆ ਪਰਚਾ ਹੁਣ ਕੈਪਟਨ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅੰਮ੍ਰਿਤਸਰ ਪੁਲਿਸ ਵੱਲੋਂ ਬਕਾਇਦਾ ਉਕਤ ਪਰਚਾ ਰੱਦ ਕਰਨ ਸਬੰਧੀ ਇਕ ਵਿਸਥਾਰਤ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਗਈ ਹੈ।

ਪਰਚਾ ਰੱਦ ਹੋਣ ਦਾ ਸਿਹਰਾ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੇ ਕਮਿਸ਼ਨ ਦੇ ਮੁਖੀ ਜਸਟਿਸ ਰਣਜੀਤ ਸਿੰਘ ਨੂੰ ਦਿੰਦਿਆਂ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਦਾ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਚਾਟੀਵਿੰਡ ਪੁਲਿਸ ਨੇ ਸਿਮਰਨਜੀਤ ਸਿੰਘ ਮਾਨ, ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਵੱਸਣ ਸਿੰਘ ਜ਼ਫ਼ਰਵਾਲ, ਰੇਸ਼ਮ ਸਿੰਘ ਯੂ.ਐਸ.ਏ. ਸਮੇਤ ਕਈਆਂ ਖਿਲਾਫ ਇਹ ਕਹਿੰਦਿਆਂ ਪਰਚਾ ਦਰਜ ਕਰ ਲਿਆ ਸੀ ਕਿ ਇਨ੍ਹਾਂ ਵੱਲੋਂ ਗਿਣੀ ਮਿਥੀ ਸਾਜ਼ਿਸ਼ ਨਾਲ ਇਹ ਸੰਮੇਲਨ ਕੀਤਾ ਗਿਆ ਹੈ, ਜਿਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਹੈ ਤੇ ਇਸ ਨਾਲ ਫਿਰਕਾ ਪ੍ਰਸਤੀ ਫੈਲਣ ਦਾ ਖਦਸ਼ਾ ਹੈ।

# ਪੰਜਾਬ ਦੇ 14 ਜੇਲ੍ਹ ਅਫਸਰਾਂ ਵਿਰੁਧ ਕਾਰਵਾਈ ਦੀ ਤਿਆਰੀ

**ਪਟਿਆਲਾ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਪਾਕਿਸਤਾਨੀ ਕੈਦੀਆਂ ਵੱਲੋਂ ਪਾਕਿਸਤਾਨ 'ਚ ਬੈਠੇ ਆਪਣੇ ਸਰਗਨਿਆਂ ਨਾਲ ਮੋਬਾਈਲ 'ਤੇ ਰਾਬਤਾ ਰੱਖਣ, ਜੇਲ੍ਹ 'ਚੋਂ ਹੀ ਅਤਿਵਾਦੀਆਂ ਦੀ ਭਰਤੀ ਦੇ ਯਤਨ ਕਰਨ ਅਤੇ ਭਾਰਤ ਵਿਰੁੱਧ ਸਾਜ਼ਿਸ਼ਾਂ ਰਚਣ ਦੇ ਦੋਸ਼ਾਂ ਤਹਿਤ ਪੰਜਾਬ ਜੇਲ੍ਹ ਵਿਭਾਗ ਦੇ ਕਰੀਬ ਇਕ ਦਰਜਨ ਅਧਿਕਾਰੀਆਂ ਵਿਰੁੱਧ ਗੰਭੀਰ ਵਿਭਾਗੀ ਕਾਰਵਾਈ ਹੋ ਸਕਦੀ ਹੈ। ਹੁਣ ਜੇਲ੍ਹ ਵਿਭਾਗ ਨੇ ਇਨ੍ਹਾਂ ਵਿਰੁੱਧ ਆਈ ਜਾਂਚ ਰਿਪੋਰਟ ਤੋਂ ਬਾਅਦ ਪੰਜਾਬ ਸਰਕਾਰ ਨੂੰ ਸਖਤ ਕਾਰਵਾਈ ਕਰਨ ਲਈ ਸਿਫਾਰਸ਼ ਕਰ ਦਿੱਤੀ ਹੈ। ਇਹ ਰਿਪੋਰਟ ਆਈ.ਜੀ. (ਜੇਲ੍ਹਾਂ) ਰੂਪ ਕੁਮਾਰ ਅਰੋੜਾ ਵੱਲੋਂ ਤਿਆਰ ਕੀਤੀ ਗਈ ਹੈ।

ਇਸ ਸਬੰਧੀ ਡੀ.ਜੀ.ਪੀ. (ਜੇਲ੍ਹਾਂ) ਆਈ.ਪੀ.ਐਸ. ਸਹੋਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਅਦਾਲਤ ਦੇ ਹੁਕਮ ਮਿਲ ਗਏ ਹਨ। ਸਰਕਾਰ ਨੇ ਮਾਮਲੇ ਦੀ ਜਾਂਚ ਆਰੰਭੀ ਹੋਈ ਹੈ। ਵਿਭਾਗੀ ਜਾਂਚ ਵਿਚ 14 ਅਧਿਕਾਰੀ ਸਬੰਧਤ ਜੇਲ੍ਹਾਂ ਵਿਚ ਡਿਊਟੀ ਦੌਰਾਨ ਕੁਤਾਹੀ ਅਤੇ ਅਣਗਹਿਲੀ ਵਰਤਣ ਦੇ ਦੋਸ਼ੀ ਪਾਏ ਗਏ ਹਨ। ਇਨ੍ਹਾਂ ਵਿਰੁੱਧ ਪੰਜਾਬ ਸਰਕਾਰ ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕਰ ਦਿੱਤੀ ਹੈ। ਮੁਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਲਸ਼ਕਰ ਏ ਤੋਇਬਾ ਦੇ ਅਤਿਵਾਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਮੋਬਾਈਲ ਫੋਨ ਵਰਤਣ ਦੀ ਖੁੱਲ੍ਹ ਦਿੱਤੀ ਗਈ।

ਇਸ ਦੋਸ਼ ਵਿਚ ਇਕ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਸਮੇਤ 14 ਅਧਿਕਾਰੀਆਂ ਦੇ ਨਾਂ ਸਾਹਮਣੇ ਆਏ ਹਨ। ਇਹ ਅਧਿਕਾਰੀ ਸਾਲ 2009 ਤੋਂ ਲੈ ਕੇ 2011 ਤੱਕ ਪੰਜਾਬ ਦੀਆਂ ਦੋ ਜੇਲ੍ਹਾਂ ਵਿਚ ਤਾਇਨਾਤ ਸਨ ਜਿਥੋਂ ਲਸ਼ਕਰ ਦੇ ਅਤਿਵਾਦੀ ਬਿਨਾਂ ਕਿਸੇ ਰੋਕ ਟੋਕ ਦੇ ਪਾਕਿਸਤਾਨ ਵਿਚ ਫੋਨ ਕਰਦੇ ਰਹੇ। ਸਾਲ 2017 ਵਿਚ ਜੈਪੁਰ ਦੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਸਿਫਾਰਸ਼ ਕੀਤੀ ਸੀ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਪਾਕਿਸਤਾਨ ਦੇ ਅਤਿਵਾਦੀਆਂ ਵੱਲੋਂ ਮੋਬਾਈਲ ਫੋਨ ਉਤੇ ਪਾਕਿਸਤਾਨ ਅਤੇ ਭਾਰਤ ਵਿਚ ਆਪਣੇ ਸਮਰਥਕਾਂ ਨਾਲ ਸੰਪਰਕ ਕਰਨ ਦੇ ਦੋਸ਼ ਸਖਤ ਕਾਰਵਾਈ ਕੀਤੀ ਜਾਵੇ। 10 ਦਸੰਬਰ ਨੂੰ ਜੈਪੁਰ ਦੀ ਅਦਾਲਤ ਨੇ ਲਸ਼ਕਰ ਦੇ ਅੱਠ ਅਤਿਵਾਦੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਸੀ। ਇਨ੍ਹਾਂ ਵਿਚੋਂ ਬੀਕਾਨੇਰ ਜੇਲ੍ਹ ਵਿਚ ਬੰਦ ਅਸਗਰ ਅਲੀ, ਨਾਭਾ ਜੇਲ੍ਹ ਵਿਚ ਬੰਦ ਸ਼ਾਕਰ ਉਲਾ ਅੰਮ੍ਰਿਤਸਰ ਅਤੇ ਪਟਿਆਲਾ ਦੀਆਂ ਜੇਲ੍ਹਾਂ ਵਿਚ ਬੰਦ ਰਿਹਾ ਮੁਹੰਮਦ ਇਕਬਾਲ ਪਾਕਿਸਤਾਨ ਵਿਚ ਆਪਣੇ ਸਰਗਨਿਆਂ ਨਾਲ ਮਿਲ ਕੇ ਜੇਲ੍ਹ ਅੰਦਰੋਂ ਹੀ ਅਤਿਵਾਦੀਆਂ ਦੀ ਭਰਤੀ ਕਰਦੇ ਰਹੇ।




## ਅਕਾਲੀ ਦਲ ਵਿਰੁਧ ਮੁਕੱਦਮੇ ਦੀ ਸੁਣਵਾਈ ਅੱਗੇ ਪਈ

**ਹੁਸ਼ਿਆਰਪੁਰ:** ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਦੋ ਸੰਵਿਧਾਨ ਰੱਖਣ ਵਿਰੁੱਧ ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਕੌਮੀ ਉਪ ਪ੍ਰਧਾਨ ਬਲਵੰਤ ਸਿੰਘ ਖੇੜਾ ਵੱਲੋਂ ਕੀਤੇ ਕੇਸ ਦੀ ਸੁਣਵਾਈ ਹੋਈ।

ਮੁਕੱਦਮੇ ਦੀ ਪੈਰਵਾਈ ਕਰ ਰਹੇ ਸ਼ਿਕਾਇਤਕਰਤਾ ਦੇ ਵਕੀਲ ਬੀ.ਐਸ. ਰਿਆੜ ਅਤੇ ਹਿਤੇਸ਼ ਪੁਰੀ ਨੇ ਬਰਾਤ ਦੁਆਰਾ ਅਦਾਲਤ 'ਚ ਪੇਸ਼ ਕੀਤੇ ਰਿਕਾਰਡ ਨੂੰ ਅਧੂਰਾ ਦੱਸਿਆ ਜਿਸ ਉਤੇ ਦੋਹਾਂ ਧਿਰਾਂ ਦੇ ਵਕੀਲਾਂ ਦਰਮਿਆਨ ਕਰੀਬ ਅੱਧਾ ਘੰਟਾ ਬਹਿਸ ਹੋਈ। ਅਦਾਲਤ ਨੇ ਦੋਹਾਂ ਧਿਰਾਂ ਦੇ ਪੱਖ ਸੁਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਨੂੰ ਪੂਰਾ ਰਿਕਾਰਡ ਲੈ ਕੇ 9 ਜੁਲਾਈ ਨੂੰ ਅਦਾਲਤ 'ਚ ਦੁਬਾਰਾ ਪੇਸ਼ ਹੋਣ ਲਈ ਕਿਹਾ।

# ਸਵੱਛਤਾ ਸਰਵੇਖਣ ਵਿਚ ਪੰਜਾਬ ਦਾ ਨਾਂ ਵੀ ਚਮਕਿਆ

**ਚੰਡੀਗੜ੍ਹ:** ਪੰਜਾਬ ਦੇ ਦੋ ਸ਼ਹਿਰਾਂ ਨੇ ਸਫਾਈ ਪੱਖੋਂ ਕੌਮੀ ਪੱਧਰ ਉਤੇ ਬਾਜ਼ੀ ਮਾਰੀ ਹੈ। ਪਟਿਆਲਾ ਨੇੜਲੇ ਸ਼ਹਿਰ ਬਾਦਸ਼ੋਂ ਨੂੰ ਇਕ ਲੱਖ ਤੋਂ ਹੇਠਲੀ ਆਬਾਦੀ ਦੇ ਸ਼ਹਿਰਾਂ ਵਿਚੋਂ ਉਤਰੀ ਭਾਰਤ ਦਾ ਸਭ ਤੋਂ ਸਾਫ ਸ਼ਹਿਰ ਐਲਾਨਿਆ ਗਿਆ ਹੈ। ਪੰਜਾਬ ਦੇ ਹੀ ਇਕ ਹੋਰ ਸ਼ਹਿਰ ਮੂਨਕ ਨੂੰ ਸਿਟੀਜ਼ਨ ਫੀਡਬੈਕ ਭਾਵ ਲੋਕਾਂ ਦੀ ਰਾਇ ਦੇ ਮੱਦੇਨਜ਼ਰ ਉਤਰੀ ਭਾਰਤ ਦਾ ਸਰਵੋਤਮ ਸ਼ਹਿਰ ਐਲਾਨਿਆ ਗਿਆ ਹੈ। ਭਾਰਤ ਸਰਕਾਰ ਵੱਲੋਂ ਸਵੱਛਤਾ ਸਰਵੇਖਣ-2018 ਦੀ ਨਸ਼ਰ ਕੀਤੀ ਰਿਪੋਰਟ ਵਿਚ ਇਹ ਤੱਥ ਸਾਹਮਣੇ ਆਏ ਹਨ।

ਬੀਤੇ ਵਰ੍ਹੇ ਸਵੱਛਤਾ ਸਰਵੇਖਣ, ਭਾਰਤ ਭਰ ਦੇ ਇਕ ਲੱਖ ਜਾਂ ਉਸ ਤੋਂ ਵੱਧ ਆਬਾਦੀ ਵਾਲੇ 434 ਸ਼ਹਿਰਾਂ ਵਿਚ ਕਰਵਾਇਆ ਗਿਆ ਸੀ। ਇਸ ਸਰਵੇਖਣ ਵਿਚ ਸ਼ੁਮਾਰ ਪੰਜਾਬ ਦੇ 16 ਸ਼ਹਿਰਾਂ ਵਿਚੋਂ ਮੁਹਾਲੀ ਨੂੰ 121ਵਾਂ ਸਥਾਨ ਹਾਸਲ ਹੋਇਆ ਹੈ, ਜਦੋਂਕਿ ਕੁਝ ਬਾਕੀ ਸ਼ਹਿਰਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ। ਸਵੱਛਤਾ ਸਰਵੇਖਣ-2018 ਵਿਚ ਭਾਰਤ ਭਰ ਦੇ 4203 ਸ਼ਹਿਰਾਂ ਨੂੰ ਸੇਵਾਵਾਂ ਦੇ ਪੱਧਰ ਉਤੇ ਕਾਰਗੁਜ਼ਾਰੀ, ਲੋਕ ਰਾਇ ਤੇ ਸਿੱਧੇ ਤੌਰ ਉਤੇ ਪਰਖ ਕਰਨ ਦੇ 3 ਮਾਪਦੰਡਾਂ ਪੱਖੋਂ ਘੋਖਿਆ ਗਿਆ ਸੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸੂਬੇ ਦੀ ਚੰਗੀ ਕਾਰਗੁਜ਼ਾਰੀ ਲਈ ਵਿਭਾਗ ਦੇ ਪ੍ਰਮੁੱਖ ਸਕੱਤਰ ਏ. ਵੇਣੂ ਪ੍ਰਸਾਦ ਤੇ ਮਿਸ਼ਨ ਡਾਇਰੈਕਟਰ ਅਜੋਏ ਸ਼ਰਮਾ ਨੂੰ ਵਧਾਈ ਦਿੱਤੀ ਹੈ।

ਸਵੱਛ ਸਰਵੇਖਣ 2018 ਵਿਚ ਚੰਡੀਗੜ੍ਹ ਨੂੰ ਤੀਜੇ ਸਭ ਤੋਂ ਸਵੱਛ ਸ਼ਹਿਰ ਦਾ ਦਰਜਾ ਮਿਲਿਆ ਹੈ ਜਿਸ ਨੂੰ ਸ਼ਹਿਰ ਵਾਸੀਆਂ ਲਈ ਮਾਣਯੋਗ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਸ ਰਾਸ਼ਟਰਵਿਆਪੀ ਸਰਵੇਖਣ ਵਿਚ ਚੰਡੀਗੜ੍ਹ ਨੂੰ ਇਹ ਦਰਜਾ 4203 ਸ਼ਹਿਰਾਂ ਵਿਚੋਂ ਮਿਲਿਆ। ਪਹਿਲੇ ਤੇ ਦੂਜੇ ਸਥਾਨ ਉਤੇ ਮੱਧ ਪ੍ਰਦੇਸ਼ ਦੇ ਦੋ ਸ਼ਹਿਰ ਇੰਦੌਰ ਤੇ ਭੁਪਾਲ ਰਹੇ। 2016 ਵਿਚ ਸ਼ੁਰੂ ਹੋਏ ਇਸ ਸਰਵੇਖਣ ਵਿਚ ਇੰਦੌਰ ਮੁੱਢ ਤੋਂ ਹੀ ਮੋਹਰੀ ਚੱਲਿਆ ਆ ਰਿਹਾ ਹੈ। 2016 ਵਾਲਾ ਸਰਵੇਖਣ ਮਹਿਜ਼ 73 ਮਿਊਂਸਪਲ ਨਗਰਾਂ ਤੱਕ ਸੀਮਤ ਸੀ ਜਿਨ੍ਹਾਂ ਵਿਚੋਂ ਚੰਡੀਗੜ੍ਹ ਦਾ ਸਥਾਨ ਦੂਜਾ ਸੀ। 2017 ਵਿਚ 434 ਸ਼ਹਿਰ ਸਰਵੇਖਣ ਦੀ ਜ਼ੱਦ ਵਿਚ ਆਏ ਅਤੇ ਚੰਡੀਗੜ੍ਹ ਪਛੜਕੇ 11ਵੇਂ ਸਥਾਨ ਉਤੇ ਜਾ ਪਹੁੰਚਿਆ। ਇਸੇ ਲਈ ਐਤਕੀਂ ਤੀਜੇ ਸਥਾਨ ਉਪਰ ਆਉਣਾ ਚੰਡੀਗੜ੍ਹ ਪ੍ਰਸ਼ਾਸਨ ਅਤੇ ਚੰਡੀਗੜ੍ਹ ਨਗਰ ਨਿਗਮ ਨੂੰ ਬੜਾ ਰਾਹਤਕਾਰੀ ਜਾਪ ਰਿਹਾ ਹੈ।

# ਪੰਜਾਬ ਸਰਕਾਰ ਨੂੰ ਉਧਾਰ ਮਿਲਣਾ ਵੀ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਬੈਂਕਾਂ ਨੇ ਉਧਾਰ ਦੇਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਸਰਕਾਰ ਨੇ ਸਾਰੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਵੰਡ ਲਈ ਇਨ੍ਹਾਂ ਬੈਂਕਾਂ ਕੋਲ ਅਰਜ਼ੀ ਦਿੱਤੀ ਸੀ ਪਰ ਉਨ੍ਹਾਂ ਟਾਲਾ ਵੱਟ ਲਿਆ ਹੈ। ਫਸਲੀ ਤੇ ਖੇਤੀ ਕਰਜ਼ਾ ਮੁਆਫੀ ਯੋਜਨਾ ਲਾਗੂ ਹੋਣ ਕਰ ਕੇ ਬੈਂਕਾਂ ਨੂੰ ਪਹਿਲਾਂ ਹੀ ਝਟਕੇ ਲੱਗ ਰਹੇ ਹਨ। ਉਨ੍ਹਾਂ ਦੇ ਵੱਟੇ-ਖਾਤਿਆਂ (ਐਨ.ਪੀ.ਏਜ਼.) ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਜਿਸ ਕਰ ਕੇ ਸੰਸਥਾਗਤ ਵਿੱਤ ਅਤੇ ਬੈਂਕਿੰਗ ਵਿਭਾਗ ਵੱਲੋਂ ਪੇਸ਼ ਕੀਤੀ ਨਵੀਂ ਤਜਵੀਜ਼ ਤੋਂ ਬੈਂਕ ਮੂੰਹ ਮੋੜ ਰਹੇ ਹਨ।

ਇਸ ਮੁੱਦੇ ਉਤੇ ਸੂਬੇ ਦੇ ਵਿੱਤ ਵਿਭਾਗ ਦੇ ਅਧਿਕਾਰੀਆਂ ਅਤੇ ਬੈਂਕਾਂ ਦੇ ਨੁਮਾਇੰਦਿਆਂ ਦੌਰਾਨ ਕਈ ਬੈਠਕਾਂ ਹੋਣ ਦੇ ਬਾਵਜੂਦ ਕੋਈ ਵੀ ਬੈਂਕ ਇਸ ਤਜਵੀਜ਼ ਲਈ ਅੱਗੇ ਨਹੀਂ ਆਇਆ ਹੈ ਜਦਕਿ ਸਰਕਾਰ ਨੇ ਕਿਹਾ ਹੈ ਕਿ ਉਹ ਬੈਂਕਾਂ ਨੂੰ ਇਹ ਪੈਸਾ ਮੋੜ ਦੇਵੇਗੀ। ਪੰਜਾਬ ਸਰਕਾਰ ਜਨਵਰੀ ਤੋਂ ਹੀ ਬੈਂਕਾਂ ਨੂੰ ਆਖ ਰਹੀ ਹੈ ਕਿ ਉਹ ਸਾਰੇ ਸਮਾਜਿਕ ਸੁਰੱਖਿਆ ਪੈਨਸ਼ਨਰਾਂ ਨੂੰ ਹਰ ਮਹੀਨੇ ਖੁਦ ਹੀ ਉਨ੍ਹਾਂ ਦੇ ਖਾਤਿਆਂ ਵਿਚ ਪੈਨਸ਼ਨ ਪਾ ਦੇਵੇ। ਇਸ ਮਗਰੋਂ ਵੰਡੀ ਗਈ ਪੈਨਸ਼ਨ ਦਾ ਪੈਸਾ ਸੂਬਾ ਸਰਕਾਰ ਵਾਪਸ ਕਰ ਦੇਵੇਗੀ।



ਸੂਬੇ ਦੀ ਮਾੜੀ ਵਿੱਤੀ ਹਾਲਤ ਨੂੰ ਦੇਖਦਿਆਂ ਕੋਈ ਵੀ ਬੈਂਕ ਪੈਨਸ਼ਨ ਵੰਡਣ ਲਈ ਅੱਗੇ ਨਹੀਂ ਆਇਆ। ਸਰਕਾਰ ਨੇ ਬੈਠਕਾਂ ਦੌਰਾਨ ਵਿਆਜ ਦੀ ਅਦਾਇਗੀ ਕਰਨ ਦੀ ਤਜਵੀਜ਼ ਵੀ ਦਿੱਤੀ ਸੀ ਪਰ ਗੱਲ ਸਿਰੇ ਨਾ ਚੜ੍ਹੀ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ 18,41,115 ਸਮਾਜਿਕ ਸੁਰੱਖਿਆ ਪੈਨਸ਼ਨਰ ਹਨ। ਇਨ੍ਹਾਂ ਵਿਚ 12.12 ਲੱਖ ਬੁਢਾਪਾ ਪੈਨਸ਼ਨਰ, 3.52 ਲੱਖ ਵਿਧਵਾਵਾਂ ਅਤੇ ਬੇਸਹਾਰਾ ਮਹਿਲਾਵਾਂ, 1.20 ਲੱਖ ਆਸ਼ਰਿਤ ਬੱਚੇ ਅਤੇ 1.55 ਲੱਖ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀ ਸ਼ਾਮਲ ਹਨ। ਇਨ੍ਹਾਂ ਲਾਭਪਾਤਰੀਆਂ ਨੂੰ ਹਰ ਮਹੀਨੇ ਤਕਰੀਬਨ 130 ਕਰੋੜ ਰੁਪਏ ਵੰਡੇ ਜਾਂਦੇ ਹਨ। ਇਹ ਮੁੱਦਾ ਬੈਂਕਰਜ਼ ਕਮੇਟੀ ਦੀ ਸੂਬਾ ਪੱਧਰੀ ਬੈਠਕ ਦੌਰਾਨ ਵਿਚਾਰਿਆ ਗਿਆ। ਜਨਤਕ ਖੇਤਰ ਦੇ ਬੈਂਕ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਨਾ ਛਾਪੇ ਜਾਣ ਦੀ ਸ਼ਰਤ ਉਤੇ ਦੱਸਿਆ ਕਿ ਪੰਜਾਬ ਸਰਕਾਰ ਦਾ ਕਰਜ਼ੇ ਉਤਾਰਨ ਬਾਰੇ ਰਿਕਾਰਡ ਖਰਾਬ ਹੈ ਅਤੇ ਉਹ ਆਪਣੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਸਮੇਤ ਹੋਰ ਦੇਣਦਾਰੀਆਂ ਅਦਾ ਕਰਨ ਵਿਚ ਨਾਕਾਮ ਰਹੇ ਹਨ। ਪੈਸੇ ਮੁੜਨ ਵਿਚ ਲੰਬੀ ਉਡੀਕ ਕਰਨੀ ਪੈ ਸਕਦੀ ਹੈ ਜੋ ਕਾਰੋਬਾਰ ਪੱਖੋਂ ਚੰਗਾ ਵਿਚਾਰ ਨਹੀਂ ਹੈ। ਉਂਜ ਪੰਜਾਬ ਸਰਕਾਰ ਨੇ ਬੈਂਕਾਂ ਨੂੰ ਭਰੋਸਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣੇ ਜਿਹੇ ਲਾਗੂ ਸਮਾਜਿਕ ਸੁਰੱਖਿਆ ਟੈਕਸ ਦੀ ਵਰਤੋਂ ਪੈਨਸ਼ਨਾਂ ਅਦਾ ਕਰਨ ਲਈ ਕੀਤੀ ਜਾਵੇਗੀ ਪਰ ਬੈਂਕਾਂ ਦੀਆਂ ਨਜ਼ਰਾਂ ਟੈਕਸ ਇਕੱਤਰ ਕਰਨ ਉਤੇ ਟਿਕੀਆਂ ਹੋਈਆਂ ਹਨ।

# ਪੰਜਾਬ 'ਚ ਮਰੀਜ਼ਾਂ ਨੂੰ ਚੜ੍ਹੇਗਾ ਬੱਕਰੀ ਦਾ ਖੂਨ

**ਲੁਧਿਆਣਾ:** ਲੁਧਿਆਣਾ ਦੇ ਸਰਕਾਰੀ ਆਯੁਰਵੈਦਿਕ ਹਸਪਤਾਲ ਵਿਚ ਥੈਲੇਸੀਮੀਆ ਦੇ ਮਰੀਜ਼ਾਂ ਦੇ ਖੂਨ ਵਿਚ ਹੀਮੋਗਲੋਬਿਨ ਦੇ ਪੱਧਰ ਵਿਚ ਕਮੀ ਨਾ ਆਉਣ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਬੱਕਰੀ ਦਾ ਖੂਨ ਚੜ੍ਹਾਇਆ ਜਾਏਗਾ। ਇਲਾਜ ਦੇ ਪ੍ਰੋਜੈਕਟ ਲਈ ਕੇਂਦਰ ਸਰਕਾਰ ਨੇ 35 ਲੱਖ ਰੁਪਏ ਜਾਰੀ ਕੀਤੇ ਹਨ। ਪੰਜਾਬ ਸਰਕਾਰ ਨੇ ਵੀ ਇਸ ਪ੍ਰੋਜੈਕਟ ਲਈ 13 ਲੱਖ ਰੁਪਏ ਦਾ ਯੋਗਦਾਨ ਪਾਇਆ ਹੈ। ਹਸਪਤਾਲ ਦੇ ਮੈਡੀਕਲ ਅਫਸਰ ਹੇਮੰਤ ਕੁਮਾਰ ਨੇ ਦੱਸਿਆ ਕਿ ਹਸਪਤਾਲ ਅੰਦਰ 4 ਤੋਂ 5 ਮਹੀਨਿਆਂ ਅੰਦਰ ਇਲਾਜ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਮੈਡੀਕਲ ਅਫਸਰ ਨੇ ਕਿਹਾ ਕਿ ਬੱਕਰੀ ਦੇ ਖੂਨ ਨੂੰ ਗੁਦਾ ਰਾਹੀਂ ਮਰੀਜ਼ ਦੇ ਸਰੀਰ ਅੰਦਰ ਦਾਖਲ ਕਰਾਇਆ ਜਾਵੇਗਾ। ਇਹ ਮਰੀਜ਼ ਅੰਦਰ ਹੀਮੋਗਲੋਬਿਨ ਦੇ ਪੱਧਰ ਨੂੰ ਹੇਠਾਂ ਡਿੱਗਣ ਤੋਂ ਰੋਕੇਗਾ। ਇਕ ਸਮੇਂ ਤੱਕ ਮਰੀਜ਼ ਨੂੰ ਖੂਨ ਚੜ੍ਹਾਉਣ ਦੀ ਵੀ ਜ਼ਰੂਰਤ ਨਹੀਂ ਪਏਗੀ। ਮੈਡੀਕਲ ਅਫਸਰ ਕੁਮਾਰ ਤੇ ਹਸਪਤਾਲ ਦਾ ਇਕ ਹੋਰ ਡਾਕਟਰ ਇਸ ਪ੍ਰੋਜੈਕਟ ਦੀ ਕਮਾਨ ਸੰਭਾਲਣਗੇ। ਉਨ੍ਹਾਂ ਨੂੰ ਅਹਿਮਦਾਬਾਦ ਹਸਪਤਾਲ ਵਿਚ ਸਿਖਲਾਈ ਦਿੱਤੀ ਗਈ ਹੈ। ਗੁਜਰਾਤ ਵਿਚ ਅਖੰਡਨੰਦ ਆਯੁਰਵੈਦਿਕ ਹਸਪਤਾਲ ਅਹਿਮਦਾਬਾਦ ਵਿਚ ਵੀ ਅਜਿਹਾ ਪ੍ਰੋਗਰਾਮ ਚੱਲ ਰਿਹਾ ਹੈ। ਪ੍ਰੋਜੈਕਟ ਲਈ ਸਾਰਾ ਸਾਜ਼ੋ-ਸਾਮਾਨ ਖਰੀਦਿਆ ਜਾ ਰਿਹਾ ਹੈ। ਇਲਾਜ ਕਰਨ ਦਾ ਇਹ 5 ਹਜ਼ਾਰ ਸਾਲ ਪੁਰਾਣਾ ਢੰਗ ਹੈ।



# ਕੈਪਟਨ ਵੱਲੋਂ ਸਰਹੱਦੀ ਖੇਤਰਾਂ ਲਈ ਪ੍ਰਾਜੈਕਟਾਂ ਦੀ ਝੜੀ

**ਤਰਨ ਤਾਰਨ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਹੱਦੀ ਖੇਤਰ ਦੇ ਇਸ ਜ਼ਿਲ੍ਹੇ ਲਈ 555 ਕਰੋੜ ਰੁਪਏ ਦੀ ਲਾਗਤ ਵਾਲੇ ਕਈ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ। ਉਨ੍ਹਾਂ ਇਹ ਐਲਾਨ ਰਾਜ ਨੂੰ ਨਸ਼ਾ ਮੁਕਤ ਕੀਤੇ ਜਾਣ ਲਈ ਵਿੱਢੀ ਮੁਹਿੰਮ 'ਡੈਪੋ' ਪ੍ਰੋਗਰਾਮ ਦਾ ਦੂਜਾ ਪੜਾਅ ਸੂਬਾ ਵਾਸੀਆਂ ਨੂੰ ਸਮਰਪਤ ਕਰਨ ਮੌਕੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਤਕਰੀਬਨ 20 ਮਿੰਟ ਦੇ ਭਾਸ਼ਣ ਵਿਚ ਸੂਬੇ ਅੰਦਰ ਸਿੱਖਿਆ ਅਤੇ ਸਿਹਤ ਨੂੰ ਸਰਕਾਰ ਦੀ ਪਰਮ ਅਗੇਤ ਦੇਣ ਦੀ ਗੱਲ ਕੀਤੀ।

ਉਨ੍ਹਾਂ ਇਸ ਮੌਕੇ ਸੂਬੇ ਅੰਦਰ ਨਸ਼ਿਆਂ ਖਿਲਾਫ਼ ਜਾਗ੍ਰਿਤੀ ਫੈਲਾਉਣ ਦਾ ਕਾਰਜ ਕਰਦੀਆਂ ਨਸ਼ਾ ਨਿਗਰਾਨ ਕਮੇਟੀਆਂ, 60 ਓਟ ਕੇਂਦਰਾਂ ਅਤੇ 'ਬੱਡੀ' ਪ੍ਰੋਗਰਾਮ ਨੂੰ ਵੀ ਸੂਬਾ ਵਾਸੀਆਂ ਨੂੰ ਸਮਰਪਤ ਕੀਤਾ। ਜ਼ਿਲ੍ਹੇ ਅੰਦਰ ਸ਼ੁਰੂ ਕੀਤੇ ਜਾਣ ਵਾਲੇ 555 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰਾਜੈਕਟਾਂ ਦਾ ਵਿਸਥਾਰ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਖੇਮਕਰਨ ਤੋਂ ਝਬਾਲ ਰੋਡ ਲਈ 150 ਕਰੋੜ ਰੁਪਏ ਦੇ ਇਲਾਵਾ ਹਰੀਕੇ-ਖਾਲੜਾ ਰੋਡ ਨੂੰ ਚੌੜਾ ਅਤੇ ਅਪਗ੍ਰੇਡ ਕਰਨ ਲਈ 125 ਕਰੋੜ ਰੁਪਏ ਅਤੇ 770 ਕਿਲੋਮੀਟਰ ਦੀ ਲੰਬਾਈ ਵਾਲੀਆਂ 312 ਸੰਪਰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਲਈ 73 ਕਰੋੜ ਰੁਪਏ ਦੇ ਪ੍ਰਾਜੈਕਟ ਸ਼ਾਮਲ ਹਨ।

ਆਸਲ ਉਤਾੜ ਤੋਂ ਖੇਮਕਰਨ ਤੱਕ ਨਵੀਂ ਸੜਕ ਦੀ ਉਸਾਰੀ ਲਈ 9.25 ਕਰੋੜ ਰੁਪਏ, ਪੱਟੀ-ਸਰਹਾਲੀ ਰੋਡ ਤੋਂ ਹਰੀਕੇ ਖਾਲੜਾ ਵਾਇਆ ਆਸਲ-ਭੱਗੂਪੁਰ ਰੋਡ ਨੂੰ ਚੌੜਾ ਤੇ ਮੁਰੰਮਤ ਕਰਨ ਲਈ ਤਿੰਨ ਕਰੋੜ ਰੁਪਏ ਅਤੇ ਘੜਕਾ ਪਿੰਡ ਦੀ ਆਬਾਦੀ ਨੂੰ ਬਿਆਸ ਦਰਿਆ ਤੋਂ ਪਾਰ ਖੇਤਾਂ ਲਈ ਪਲਟੂਨ ਪੁਲ ਲਈ ਵੀ 3 ਕਰੋੜ ਰੁਪਏ ਵੀ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਜ਼ਿਲ੍ਹੇ ਦੇ 779 ਸਕੂਲਾਂ ਦੇ ਵਿਕਾਸ ਲਈ 60 ਕਰੋੜ ਰੁਪਏ, ਵੱਖ-ਵੱਖ ਮੰਡੀਆਂ ਦੇ ਵਿਕਾਸ ਕੰਮਾਂ ਲਈ 44 ਕਰੋੜ ਰੁਪਏ ਰੱਖੇ ਜਾਣ ਦਾ ਵੀ ਐਲਾਨ ਕੀਤਾ ਅਤੇ 12 ਕਰੋੜ ਰੁਪਏ ਦੀ ਲਾਗਤ ਨਾਲ ਖਡੂਰ ਸਾਹਿਬ ਅੰਦਰ ਸਰਕਾਰੀ ਡਿਗਰੀ ਕਾਲਜ ਸਥਾਪਤ ਕਰਨ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਪੱਟੀ ਵਿਚ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਵੱਲੋਂ 10 ਕਰੋੜ ਰੁਪਏ ਦੀ ਲਾਗਤ ਨਾਲ ਮੱਝਾਂ ਦਾ ਖੋਜ ਕੇਂਦਰ ਸਥਾਪਤ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਵੱਲੋਂ ਕੀਤੇ ਹੋਰ ਐਲਾਨਾਂ ਵਿਚ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਪੱਟੀ-ਸਰਹਾਲੀ ਰੋਡ ਉਤੇ ਪੱਟੀ ਡਰੇਨ ਉਪਰ ਉਚੇ ਪੁਲ ਦਾ ਨਿਰਮਾਣ ਕਰਨ ਅਤੇ ਪੱਟੀ-ਸਰਹਾਲੀ ਰੋਡ ਤੋਂ ਪੀਰ ਸ਼ਾਹ ਤੱਕ ਰਸਤੇ ਨੂੰ ਜੋੜਨ ਲਈ 4.50 ਕਰੋੜ ਦੀ ਲਾਗਤ ਨਾਲ ਉਚੇ ਪੁਲ ਦਾ ਨਿਰਮਾਣ ਕਰਨ ਦਾ ਐਲਾਨ ਕੀਤਾ।

## ਕੈਪਟਨ ਸਰਕਾਰ ਨੇ ਕੇਂਦਰ ਦੀ ਮੁਫਤ ਇਲਾਜ ਵਾਲੀ ਯੋਜਨਾ ਤੋਂ ਪਾਸਾ ਵੱਟਿਆ

**ਜਲੰਧਰ:** ਗਰੀਬਾਂ ਦੇ ਮੁਫਤ ਇਲਾਜ ਲਈ ਬੀਮਾ ਕਰਵਾਉਣ ਵਾਲੀ ਕੇਂਦਰ ਸਰਕਾਰ ਦੀ 'ਆਯੂਸ਼ਮਨ' ਯੋਜਨਾ ਤੋਂ ਪੰਜਾਬ ਦਾ ਪਿੱਛੇ ਹਟਣਾ ਚਰਚਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਇਹ ਪਹਿਲੀ ਵਾਰ ਹੈ, ਜਦੋਂ ਪੰਜਾਬ ਨੇ ਕੇਂਦਰ ਦੀ ਸਿਹਤ ਨਾਲ ਜੁੜੀ ਕਿਸੇ ਸਕੀਮ ਨੂੰ ਲਾਗੂ ਕਰਨ ਤੋਂ ਨਾਂਹ ਕੀਤੀ ਹੋਵੇ। ਬੀਤੇ ਦਿਨੀਂ ਸ਼ਿਮਲਾ 'ਚ ਇਹ ਯੋਜਨਾ ਲਾਗੂ ਕਰਨ ਲਈ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਢਾ ਤੋਂ ਇਲਾਵਾ ਪੰਜ ਰਾਜਾਂ ਨੇ ਇਸ ਨੂੰ ਲਾਗੂ ਕਰਨ ਲਈ ਸਮਝੌਤੇ 'ਤੇ ਹਸਤਾਖਰ ਕੀਤੇ ਸਨ, ਜਦਕਿ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਇਸ ਸਮਝੌਤੇ ਉਤੇ ਇਸ ਕਰ ਕੇ ਹਸਤਾਖਰ ਨਹੀਂ ਕੀਤੇ ਗਏ, ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ 60:40 ਦੇ ਅਨੁਪਾਤ ਨਾਲ ਕੇਂਦਰ ਵੱਲੋਂ ਰਾਜਾਂ ਨੂੰ ਘੱਟ ਰਕਮ ਮਿਲਦੀ ਹੈ।

ਇਸ ਸਕੀਮ ਤਹਿਤ ਸਰਕਾਰੀ ਤੇ ਗੈਰ-ਸਰਕਾਰੀ ਹਸਪਤਾਲਾਂ ਵਿਚ ਲੋੜਵੰਦ ਮਰੀਜ਼ਾਂ ਨੂੰ 5 ਲੱਖ ਰੁਪਏ ਤੱਕ ਦੀ ਇਲਾਜ ਕਰਵਾਉਣ ਦੀ ਮੁਫਤ ਸਹੂਲਤ ਮਿਲਣੀ ਸੀ। ਪੰਜਾਬ ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਉਸ ਨੂੰ ਆਪਣੇ ਹਿੱਸੇ ਦਾ 40 ਫੀਸਦੀ ਨਾ ਦੇਣਾ ਪਵੇ, ਇਸ ਕਰ ਕੇ ਤੋਂ ਇਸ ਯੋਜਨਾ ਨੂੰ ਲਾਗੂ ਕਰਨ ਤੋਂ ਪਾਸਾ ਵੱਟ ਲਿਆ ਗਿਆ ਹੈ। ਭਾਜਪਾ ਦਾ ਦੋਸ਼ ਹੈ ਕਿ ਪੰਜਾਬ 'ਚ ਜਿਹੜੀਆਂ ਸਿਹਤ ਯੋਜਨਾਵਾਂ ਚੱਲ ਰਹੀਆਂ ਦੱਸੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚੋਂ ਤਾਂ ਕੁਝ ਯੋਜਨਾਵਾਂ ਬੰਦ ਹੋ ਗਈਆਂ ਹਨ।

ਇਸੇ ਦੌਰਾਨ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਦੀ ਸਿਹਤ ਬੀਮਾ ਯੋਜਨਾ ਨੂੰ ਲਾਗੂ ਨਾ ਕਰਨ ਉਤੇ ਕੈਪਟਨ ਸਰਕਾਰ ਦੀ ਨਿਖੇਧੀ ਕੀਤੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿਚ ਲਾਗੂ ਕੀਤੀ ਜਾ ਰਹੀ ਆਯੂਸ਼ਮਨ ਭਾਰਤ ਸਕੀਮ ਨੂੰ ਲਾਗੂ ਕਰਨ ਤੋਂ ਦਿੱਤੇ ਕੋਰੇ ਜੁਆਬ ਨਾਲ ਪੰਜਾਬ ਸਰਕਾਰ ਦੀ ਗਰੀਬ ਵਿਰੋਧੀ ਅਤੇ ਲੋਕ ਵਿਰੋਧੀ ਮਾਨਸਿਕਤਾ ਦਾ ਪਰਦਾਫਾਸ਼ ਹੋ ਗਿਆ ਹੈ।

# ਪੰਜਾਬ ਵਿਚ ਧੋਖੇਬਾਜ਼ ਟਰੈਵਲ ਏਜੰਟਾਂ ਦੀ ਆਵੇਗੀ ਸ਼ਾਮਤ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਧੋਖੇਬਾਜ਼ ਟਰੈਵਲ ਏਜੰਟਾਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ। ਪੰਜਾਬ ਸਰਕਾਰ ਨੇ ਸਮੂਹ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿਚ ਅਣਅਧਿਕਾਰਤ ਟਰੈਵਲ ਏਜੰਟਾਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।





ਮੁੱਖ ਮੰਤਰੀ ਦੀਆਂ ਹਦਾਇਤਾਂ ਉਤੇ ਕਾਰਵਾਈ ਕਰਦਿਆਂ ਵਧੀਕ ਮੁੱਖ ਸਕੱਤਰ ਗ੍ਰਹਿ ਐਨ.ਐਸ. ਕਲਸੀ ਨੇ ਸੂਬੇ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਟਰੈਵਲ ਏਜੰਟਾਂ ਵਜੋਂ ਕੰਮ ਕਰਨ ਅਤੇ ਲਾਇਸੈਂਸ ਨਾਲ ਸਬੰਧਤ ਕਾਨੂੰਨ ਦੀ ਪਾਲਣਾ ਨੂੰ ਸਖਤੀ ਨਾਲ ਯਕੀਨੀ ਬਣਾਉਣ ਲਈ ਕਿਹਾ ਹੈ। ਗ੍ਰਹਿ ਵਿਭਾਗ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹੇ ਵਿਚ ਰਜਿਸਟਰਡ ਟਰੈਵਲ ਏਜੰਟਾਂ ਦੀ ਵਿਸਥਾਰਤ ਜਾਣਕਾਰੀ ਜ਼ਿਲ੍ਹੇ ਦੇ ਵੈੱਬ ਪੋਰਟਲ ਉਤੇ ਅਪਡੇਟ ਕਰਨ ਦੀ ਹਦਾਇਤ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਦੇ ਲਾਇਸੈਂਸ ਬਾਰੇ ਜਾਣਕਾਰੀ ਅਤੇ ਇਸ ਦੀ ਮਿਆਦ ਅਤੇ ਤਸਵੀਰ ਸ਼ਾਮਲ ਹੈ। ਇਕ ਪੀ.ਸੀ.ਐਸ. ਅਧਿਕਾਰੀ ਨੂੰ ਨੋਡਲ ਅਫਸਰ ਨਿਯੁਕਤ ਕਰਨ ਲਈ ਕਿਹਾ ਹੈ।

ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਆਪਣੀਆਂ ਮਾਸਿਕ ਜਾਇਜ਼ਾ ਮੀਟਿੰਗਾਂ ਦੌਰਾਨ ਕਿਸੇ ਵੀ ਟਰੈਵਲ ਏਜੰਟ ਵਿਰੁੱਧ ਕਾਰਵਾਈ ਰਿਪੋਰਟ ਬਾਰੇ ਜਾਇਜ਼ਾ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ।

ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਾਰੀਆਂ ਇਸ਼ਤਿਹਾਰ ਏਜੰਸੀਆਂ, ਅਖਬਾਰਾਂ, ਇਲੈਕਟ੍ਰਾਨਿਕ ਮੀਡੀਆ ਅਤੇ ਹੋਰ ਅਜਿਹੀਆਂ ਏਜੰਸੀਆਂ ਨੂੰ ਨਿਯਮਾਂ ਬਾਰੇ ਜਾਣੂ ਕਰਵਾਉਣ। ਗ੍ਰਹਿ ਵਿਭਾਗ ਨੇ ਵੀ ਇਹ ਜ਼ਰੂਰੀ ਬਣਾਉਣ ਦਾ ਫੈਸਲਾ ਕੀਤਾ ਹੈ ਕਿ ਵਿਦੇਸ਼ ਵਿਚ ਟਰੈਵਲ ਏਜੰਟਾਂ ਦੇ ਰਾਹੀਂ ਪੜ੍ਹਾਈ ਕਰਨ ਦੀ ਇੱਛਾ ਰੱਖਣ ਵਾਲੇ ਵਿਦਿਆਰਥੀ ਏਜੰਟ ਦੀ ਤਰਫੋਂ ਆਪਣੀ ਅਰਜ਼ੀ ਦੇ ਨਾਲ ਇਕ ਸਰਟੀਫਿਕੇਟ ਨੱਥੀ ਕਰਨਗੇ, ਜਿਸ ਬਾਰੇ ਜ਼ਿਲ੍ਹਾ ਪੁਲਿਸ ਤੋਂ ਕਲੀਅਰੈਂਸ ਸਰਟੀਫਿਕੇਟ ਲਿਆ ਜਾਵੇ।

## ਪੰਜਾਬ 'ਚ ਅਫੀਮ ਦੀ ਖੇਤੀ ਦੀ ਮੰਗ ਮੁੜ ਉਠੀ

**ਬਠਿੰਡਾ:** ਪੰਜਾਬ ਵਿਚ ਖਸਖਸ ਦੀ ਖੇਤੀ ਦੀ ਮੰਗ ਉਤੇ ਧਰਮਵੀਰ ਗਾਂਧੀ ਇਕ ਵਾਰ ਫਿਰ ਡਟ ਗਏ ਹਨ। ਉਨ੍ਹਾਂ ਕਿਹਾ ਕਿ ਇਹ ਖੇਤੀ ਹੈ ਤੇ ਲਾਹੇਵੰਦ ਧੰਦਾ ਵੀ। ਉਨ੍ਹਾਂ ਬਠਿੰਡਾ ਵਿਚ ਰੈਲੀ



ਕਰ ਕੇ ਹੋਰਨਾਂ ਸੂਬਿਆਂ ਵਾਂਗ ਪੰਜਾਬ ਵਿਚ ਵੀ ਖਸਖਸ, ਅਫੀਮ ਤੇ ਭੁੱਕੀ ਦੀ ਖੇਤੀ ਕੀਤੇ ਜਾਣ ਦੀ ਮੰਗ ਕੀਤੀ।

ਪੰਜਾਬ ਵਿਚ ਖਸਖਸ ਦੀ ਖੇਤੀ ਲਈ ਮਨਜ਼ੂਰੀ ਦੀ ਮੰਗ ਨੂੰ ਲੈ ਕੇ ਬਠਿੰਡਾ ਦੀ ਦਾਣਾ ਮੰਡੀ ਵਿਚ ਉਨਤ ਕਿਸਾਨ ਵੈੱਲਫੇਅਰ ਸੁਸਾਇਟੀ ਦੇ ਬੈਨਰ ਹੇਠ ਕੀਤੀ ਰੈਲੀ ਵਿਚ ਡਾ. ਗਾਂਧੀ ਤੋਂ ਇਲਾਵਾ ਕਿਸਾਨ ਤੇ ਹੋਰ ਜਥੇਬੰਦੀਆਂ ਮੁਤਾਬਕ ਫਸਲੀ ਵੰਨ ਸੁਵੰਨਤਾ ਲਈ ਪੰਜਾਬ ਵਿਚ ਖਸਖਸ ਦੀ ਖੇਤੀ ਨੂੰ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ।

ਧਰਮਵੀਰ ਗਾਂਧੀ ਨੇ ਕਿਹਾ ਕਿ ਪੰਜਾਬ ਵਿਚ ਖਸਖਸ ਦੀ ਖੇਤੀ ਨੂੰ ਮਨਜ਼ੂਰੀ ਦੇਣ ਨਾਲ ਜਿਥੇ ਕਿਸਾਨ ਲਈ ਇਹ ਖੇਤੀ ਮੁਨਾਫੇ ਵਾਲੀ ਹੋਵੇਗੀ ਉਥੇ ਹੀ ਨੌਜਵਾਨਾਂ ਦਾ ਝੁਕਾਅ ਸਿੰਥੈਟਿਕ ਅਤੇ ਮੈਡੀਕਲ ਨਸ਼ਿਆਂ ਵੱਲ ਘਟੇਗਾ।

ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਵਿਚ ਭੁੱਕੀ ਅਤੇ ਅਫੀਮ ਉਤੇ ਪਾਬੰਦੀ ਲਾਉਣ ਤੋਂ ਬਾਅਦ ਮਾਫੀਆ, ਅਫਸਰਾਂ ਅਤੇ ਨੇਤਾਵਾਂ ਦੀ ਮਿਲੀਭੁਗਤ ਨਾਲ ਵੱਡੇ ਪੱਧਰ ਤੇ ਚਿੱਟੇ ਅਤੇ ਹੋਰ ਮੈਡੀਕਲ ਨਸ਼ਿਆਂ ਦਾ ਵੱਡਾ ਕਾਰੋਬਾਰ ਕਰ ਰਿਹਾ ਹੈ ਅਤੇ ਸਰਕਾਰਾਂ ਇਨ੍ਹਾਂ ਲੋਕਾਂ ਨੂੰ ਉਤਸ਼ਾਹਤ ਕਰਦੀਆਂ ਹਨ।

# ਪੁਰਾਤਨ ਬੇਰੀਆਂ ਦੀ ਸਾਂਭ ਸੰਭਾਲ ਲਈ ਕੀਤੀ ਛਾਂਗ-ਛੰਗਾਈ

**ਅੰਮ੍ਰਿਤਸਰ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਖੇਤੀ ਵਿਗਿਆਨੀਆਂ ਅਤੇ ਬਾਗਬਾਨੀ ਮਾਹਿਰਾਂ ਦੀ ਟੀਮ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਥਿਤ ਇਤਿਹਾਸਕ ਬੇਰੀਆਂ ਦੀ ਸਾਂਭ-ਸੰਭਾਲ ਦਾ ਕੰਮ ਮੁਕੰਮਲ ਕਰ ਲਿਆ। ਮਾਹਿਰਾਂ ਦੀ ਇਹ ਯੂਨੀਵਰਸਿਟੀ ਨਾਲ ਸਬੰਧਤ ਬਾਗਬਾਨੀ ਮਾਹਿਰਾਂ ਦੀ ਟੀਮ ਵੱਲੋਂ ਪਿਛਲੇ 12 ਸਾਲਾਂ ਤੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਸੰਭਾਲ ਸਦਕਾ ਇਨ੍ਹਾਂ ਬੇਰੀਆਂ ਨੂੰ ਹਰ ਵਰ੍ਹੇ ਭਰਵਾਂ ਫਲ ਲੱਗਦਾ ਆ ਰਿਹਾ ਹੈ। ਡਾ. ਐਨ.ਪੀ ਸਿੰਘ ਨੇ ਦੱਸਿਆ ਕਿ ਪਤਝੜ ਦੀ ਰੁੱਤ ਵਿਚ ਇਨ੍ਹਾਂ ਬੇਰੀਆਂ



ਟੀਮ ਇਨ੍ਹਾਂ ਬੇਰੀਆਂ ਨੂੰ ਛਾਂਗਣ ਤੇ ਲੋੜੀਂਦੀ ਦਵਾਈ ਦਾ ਛਿੜਕਾਅ ਕਰ ਰਹੀ ਸੀ। ਮਾਹਿਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਸੁਝਾਅ ਵੀ ਦਿੱਤਾ ਕਿ ਦੁੱਖ ਭੰਜਨੀ ਬੇਰੀ ਦੇ ਤਣੇ ਨੂੰ ਫੈਲਣ ਲਈ ਹੋਰ ਥਾਂ ਦੀ ਲੋੜ ਹੈ। ਇਸ ਮੰਤਵ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ।

ਜ਼ਿਕਰਯੋਗ ਹੈ ਕਿ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਦੀਆਂ ਪੁਰਾਣੀਆਂ ਤਿੰਨ ਬੇਰੀਆਂ- ਦੁਖ ਭੰਜਨੀ ਬੇਰ, ਬੇਰ ਬਾਬਾ ਬੁੱਢਾ ਜੀ ਅਤੇ ਲਾਚੀ ਬੇਰ ਸਥਿਤ ਹਨ। ਇਨ੍ਹਾਂ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਲਈ ਖੇਤੀਬਾੜੀ ਦੀ ਛੰਗਾਈ ਕੀਤੀ ਜਾਂਦੀ ਹੈ ਅਤੇ ਬੇਰੀਆਂ ਨੂੰ ਕੀੜੇ ਮਕੌੜਿਆਂ ਤੋਂ ਬਚਾਉਣ ਲਈ ਸਪਰੇਅ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਦੋ ਦਿਨ ਕੀਤੀ ਸਾਂਭ-ਸੰਭਾਲ ਸਦਕਾ ਜੂਨ-ਜੁਲਾਈ ਵਿਚ ਇਨ੍ਹਾਂ ਬੇਰੀਆਂ ਨੂੰ ਭਰਵਾਂ ਫਲ ਲੱਗਦਾ ਹੈ।

ਮਾਹਿਰਾਂ ਦੀ ਟੀਮ ਨੇ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਤੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਬੇਰੀਆਂ 'ਤੇ ਫੁੱਲਾਂ ਦੇ ਹਾਰ ਨਾ ਪਾਏ ਜਾਣ ਕਿਉਂਕਿ ਇਹ ਫੁੱਲ ਬੇਰੀਆਂ ਲਈ ਨੁਕਸਾਨਦੇਹ ਸਾਬਤ ਹੋ ਰਹੇ ਹਨ। ਇਨ੍ਹਾਂ ਫੁੱਲਾਂ ਰਾਹੀਂ ਮਿਲੀਬਗ ਨਾਂ ਦਾ ਕੀੜਾ ਬੇਰੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

## ਹਾਈ ਕੋਰਟ ਨੇ ਪਾਠਕ੍ਰਮ ਰੂਪ ਰੇਖਾ ਬਾਰੇ ਜਵਾਬ ਮੰਗਿਆ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਅਧਿਕਾਰੀਆਂ ਤੋਂ ਪੁੱਛਿਆ ਹੈ ਕਿ ਉਹ ਅਦਾਲਤ ਨੂੰ ਜਾਣੂ ਕਰਾਉਣ ਕਿ ਬੱਚਿਆਂ ਦੇ 2018-19 ਸੈਸ਼ਨ ਦੇ ਪਾਠਕ੍ਰਮ ਰੂਪ ਰੇਖਾ ਲਈ ਉਨ੍ਹਾਂ ਨੇ ਕੀ ਕੀਤਾ ਹੈ। ਅਦਾਲਤ ਨੇ ਇਨ੍ਹਾਂ ਸੂਬਿਆਂ ਤੋਂ ਅਧਿਆਪਕਾਂ ਦੇ ਟ੍ਰੇਨਿੰਗ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਮੰਗੀ ਹੈ। ਇਹ ਹਦਾਇਤਾਂ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਪੀ.ਬੀ. ਬਜੰਤਰੀ ਵੱਲੋਂ ਇਕ ਕੇਸ ਦੀ ਸੁਣਵਾਈ ਦੌਰਾਨ ਦਿੱਤੀਆਂ।

ਇਸ ਸਬੰਧੀ ਅਦਾਲਤ ਨੂੰ ਦੱਸਿਆ ਗਿਆ ਕਿ ਹਰਿਆਣਾ ਨੇ ਪਾਠਕ੍ਰਮ ਤਿਆਰ ਕਰ ਲਿਆ ਹੈ ਪਰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਉਹ 2018-19 ਦੇ ਸੈਸ਼ਨ ਵਿਚ ਇਸ ਨੂੰ ਲਾਗੂ ਕਰੇਗਾ ਜਾਂ ਨਹੀਂ। ਪੰਜਾਬ ਨੇ ਆਪਣੇ ਚਾਰ ਜ਼ਿਲ੍ਹਿਆਂ ਵਿਚ ਇਸ ਪ੍ਰੋਜੈਕਟ ਨੂੰ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤਾ ਹੈ ਪਰ ਇਸ ਦੀ ਪ੍ਰਗਤੀ ਰਿਪੋਰਟ ਨਹੀਂ ਮਿਲੀ ਜਦੋਂ ਕਿ ਯੂਟੀ ਨੇ ਇਸ ਸਬੰਧੀ ਕੁਝ ਵੀ ਨਹੀਂ ਕੀਤਾ।

# ਭਾਸ਼ਾ ਵਿਭਾਗ ਵੀ ਸਰਕਾਰ ਦੀ ਵਿੱਤੀ ਤੰਗੀ ਦੇ ਘੇਰੇ ਵਿਚ

**ਪਟਿਆਲਾ:** ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਸਥਾਪਤ ਭਾਸ਼ਾ ਵਿਭਾਗ ਪੰਜਾਬ ਆਰਥਿਕ ਮੰਦਹਾਲੀ ਤੇ ਸਰਕਾਰੀ ਬੇਰੁਖੀ ਕਾਰਨ ਆਪਣੇ ਮੁੱਖ ਮਨੋਰਥਾਂ ਨੂੰ ਪੂਰਾ ਕਰਨ ਤੋਂ ਵੀ ਖੁੰਝਦਾ ਜਾ ਰਿਹਾ ਹੈ, ਜਿਸ ਕਾਰਨ ਵਿਭਾਗ ਦੇ ਕਈ ਅਹਿਮ ਪ੍ਰੋਗਰਾਮ ਵਿੱਤੀ ਘਾਟੇ ਦੀ ਭੇਟ ਚੜ੍ਹ ਚੁੱਕੇ ਹਨ।




1949 ਵਿਚ ਸਾਹਿਤਕਾਰਾਂ ਦੀ ਹੌਸਲਾ ਅਫ਼ਜ਼ਾਈ ਲਈ ਭਾਸ਼ਾ ਵਿਭਾਗ ਵੱਲੋਂ ਸ਼ੁਰੂ ਕੀਤਾ ਸ਼੍ਰੋਮਣੀ ਸਾਹਿਤਕਾਰ ਐਵਾਰਡ ਵੀ ਪਿਛਲੇ ਤਕਰੀਬਨ ਪੰਜ ਸਾਲ ਤੋਂ ਕਿਸੇ ਸਾਹਿਤਕਾਰ ਨੂੰ ਨਹੀਂ ਦਿੱਤਾ ਗਿਆ। ਭਾਸ਼ਾ ਵਿਭਾਗ ਵੱਲੋਂ ਕਲਮ ਦੇ ਧਨੀ ਸਾਹਿਤਕਾਰਾਂ, ਵਿਦਵਾਨਾਂ ਨੂੰ ਉਨ੍ਹਾਂ ਵੱਲੋਂ ਭਾਸ਼ਾ ਤੇ ਸਾਹਿਤ ਦੇ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਲਈ ਪੁਰਸਕਾਰਾਂ ਨਾਲ ਸਨਮਾਨਤ ਕਰਨ ਦਾ ਸਿਲਸਲਾ ਸ਼ੁਰੂ ਕੀਤਾ ਗਿਆ ਸੀ, ਪਰ ਇਹ ਸਿਲਸਲਾ ਵੀ ਹੁਣ ਅੱਧ ਵਿਚਾਲੇ ਲਟਕ ਰਿਹਾ ਹੈ। ਭਾਵੇਂ ਕਿ ਸ਼ੁਰੂਆਤੀ ਦੌਰ ਵਿਚ ਪੂਰੀ ਗਰਮਜੋਸ਼ੀ ਨਾਲ ਹਰੇਕ ਵਰ੍ਹੇ ਪੁਰਸਕਾਰ ਦਿੱਤੇ ਜਾਂਦੇ ਰਹੇ ਪਰ ਸਮਾਂ ਬੀਤਣ ਤੋਂ ਬਾਅਦ ਸਰਕਾਰਾਂ ਦੀ ਬੇਰੁਖੀ ਕਾਰਨ ਹੁਣ ਪਿੱਛੇ ਤਕਰੀਬਨ 5 ਸਾਲਾਂ ਤੋਂ ਸ਼੍ਰੋਮਣੀ ਸਾਹਿਤਕਾਰਾਂ ਨੂੰ ਪੁਰਸਕਾਰ ਦੇਣ ਤੋਂ ਪਾਸਾ ਵੱਟ ਲਿਆ ਹੈ।

2012 ਦੇ ਪੁਰਸਕਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੱਛੜ ਕੇ 2016 ਵਿਚ ਸਾਹਿਤਕਾਰਾਂ ਨੂੰ ਦਿੱਤੇ ਸਨ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਨਾਮਾਂ ਦੀ ਰਾਸ਼ੀ ਵਿਚ ਚੋਖਾ ਵਾਧਾ ਵੀ ਕਰ ਦਿੱਤਾ ਗਿਆ ਸੀ, ਜਿਸ ਤਹਿਤ ਪੰਜਾਬੀ ਸਾਹਿਤ ਰਤਨ ਪੁਰਸਕਾਰ ਲਈ 10 ਲੱਖ ਰੁਪਏ ਦਾ ਇਨਾਮ ਜਦ ਕਿ ਬਾਕੀ ਦੇ ਪੁਰਸਕਾਰਾਂ ਲਈ 5 ਲੱਖ ਰੁਪਏ ਦੇ ਨਾਲ ਮੈਡਲ ਤੇ ਸਿਰੋਪਾਓ ਭੇਟ ਕੀਤੇ ਜਾਂਦੇ ਹਨ। ਇਨ੍ਹਾਂ ਪੁਰਸਕਾਰਾਂ ਦੇ ਸ਼੍ਰੋਮਣੀ ਸਾਹਿਤਕਾਰਾਂ ਦਾ ਸਨਮਾਨ ਪੰਜਾਬੀ ਸਾਹਿਤ ਰਤਨ, ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਸ਼੍ਰੋਮਣੀ ਹਿੰਦੀ ਸਾਹਿਤਕਾਰ, ਸ਼੍ਰੋਮਣੀ ਉਰਦੂ ਸਾਹਿਤਕਾਰ, ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਆਦਿ ਵਰਗੀਆਂ 15 ਵੱਖ-ਵੱਖ ਸ਼੍ਰੇਣੀਆਂ ਦੇ ਪੁਰਸਕਾਰਾਂ ਨਾਲ ਸਾਹਿਤਕਾਰਾਂ ਨੂੰ ਸਨਮਾਨਤ ਕੀਤਾ ਜਾਂਦਾ ਸੀ, ਪਰ 2012 ਤੋਂ ਬਾਅਦ ਕੋਈ ਵੀ ਅਜਿਹਾ ਪ੍ਰੋਗਰਾਮ ਸਰਕਾਰ ਤੇ ਭਾਸ਼ਾ ਵਿਭਾਗ ਵੱਲੋਂ ਨਹੀਂ ਉਲੀਕਿਆ ਗਿਆ, ਜਿਸ ਨਾਲ ਸਾਹਿਤਕਾਰਾਂ ਦੀ ਹੌਸਲਾ ਅਫ਼ਜ਼ਾਈ ਹੋ ਸਕੇ।

## ਗੁਰਜੰਟ ਸਿੰਘ ਨੇ ਪੰਜਾਬ ਪੁਲਿਸ ਵੱਲੋਂ ਲਾਏ ਦੋਸ਼ ਨਕਾਰੇ

**ਐਡੀਲੇਡ:** ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਮੁਖੀ ਗੁਰਜੰਟ ਸਿੰਘ ਖਾਲਸਾ (ਆਸਟਰੇਲੀਆ) ਨੇ ਭਾਰਤੀ ਏਜੰਸੀ ਐਨ.ਆਈ.ਏ. (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਵੱਲੋਂ ਉਸ ਖਿਲਾਫ ਪੰਜਾਬ ਵਿਚ ਹੋਈ ਟਾਰਗੇਟ ਕਿਲਿੰਗ ਦੇ ਦੋਸ਼ੀਆਂ ਨੂੰ ਸਤੰਬਰ ਵਿਚ 1500 ਆਸਟਰੇਲੀਅਨ ਡਾਲਰ ਦੀ ਫੰਡਿੰਗ ਕਰਨ ਦੇ ਲਗਾਏ ਦੋਸ਼ਾਂ ਨੂੰ ਪੰਜਾਬ ਪੁਲਿਸ ਅਤੇ ਭਾਰਤੀ ਏਜੰਸੀਆਂ ਦੀ ਸਾਜ਼ਿਸ਼ ਕਰਾਰ ਦਿੰਦਿਆਂ ਮੁੱਢੋਂ ਨਕਾਰਿਆ ਹੈ।

ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਦੋ ਖਾਲਿਸਤਾਨੀਆਂ ਵੱਲੋਂ ਉਸ (ਗੁਰਜੰਟ ਸਿੰਘ) ਵਿਰੁੱਧ ਲਾਏ ਗਏ ਦੋਸ਼ਾਂ ਨੂੰ ਵੀ ਉਸ ਨੇ ਤੱਥਹੀਣ ਦੱਸਿਆ ਹੈ। ਗੁਰਜੰਟ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਕਿ ਉਸ ਦਾ ਕਿਸੇ ਸਿਆਸੀ ਪਾਰਟੀ ਅਤੇ ਗਰਮਖਿਆਲੀ ਜਥੇਬੰਦੀ ਨਾਲ ਸਬੰਧ ਨਹੀਂ ਹੈ। ਉਸ ਨੇ ਖਦਸ਼ਾ ਪ੍ਰਗਟਾਇਆ ਕਿ ਜੇਕਰ ਉਹ ਭਾਰਤ ਜਾਂਦਾ ਹੈ ਤਾਂ ਉਸ ਦੀ ਜਾਨ ਨੂੰ ਖਤਰਾ ਹੈ।

# ਜੀ.ਐਸ.ਟੀ. ਦੇ ਗੇੜ 'ਚ ਫਸੀ ਪੰਜਾਬ ਸਰਕਾਰ

**ਚੰਡੀਗੜ੍ਹ:** ਪਿਛਲੇ 9 ਮਹੀਨਿਆਂ ਵਿਚ 30 ਫੀਸਦੀ ਦੇ ਕਰੀਬ ਜੀ.ਐਸ.ਟੀ. ਵਸੂਲੀ ਘਟਣ ਨਾਲ ਇਸ ਦਾ ਅਸਰ ਸਰਕਾਰੀ ਯੋਜਨਾਵਾਂ ਉਤੇ ਵੀ ਪੈਣ ਦਾ ਖਦਸ਼ਾ ਹੈ ਕਿਉਂਕਿ ਪਿਛਲੇ ਸਾਲ ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਇਸ ਗੱਲ ਦੀ ਸੰਭਾਵਨਾ ਸੀ ਕਿ ਪੰਜਾਬ ਵਿਚ 4000 ਕਰੋੜ ਦੇ ਕਰੀਬ ਜੀ.ਐਸ.ਟੀ. ਦੀ ਸਾਲਾਨਾ ਵਸੂਲੀ ਵਿਚ ਵਾਧਾ ਹੋ ਜਾਵੇਗਾ, ਪਰ 9 ਮਹੀਨੇ ਵਿਚ ਜੀ.ਐਸ.ਟੀ. ਦੀ ਵਸੂਲੀ ਘਟਣ ਨਾਲ ਕਈ ਸੰਕੇਤ ਮਿਲ ਰਹੇ ਹਨ।




ਜੀ.ਐਸ.ਟੀ. ਦੇ ਲਾਗੂ ਹੋਣ ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਪੰਜਾਬ ਦੇ ਖਾਤੇ ਵਿਚ ਔਸਤ 580 ਕਰੋੜ ਰੁਪਏ ਦਾ ਮਾਸਿਕ ਮਾਲੀਆ ਘੱਟ ਆ ਰਿਹਾ ਹੈ ਜੋ ਮਿਥੇ ਟੀਚਿਆਂ ਦੀ ਤੁਲਨਾ ਵਿਚ 37 ਫੀਸਦੀ ਘੱਟ ਹੈ। ਹਾਲਾਂ ਕਿ ਜੀ.ਐਸ.ਟੀ. ਸਬੰਧੀ ਸਰਕਾਰੀ ਇਕਰਾਰਨਾਮੇ ਅਨੁਸਾਰ ਪੰਜਾਬ ਨੂੰ ਇਨ੍ਹਾਂ ਸਾਰੇ ਮਹੀਨਿਆਂ ਦੌਰਾਨ 1567 ਕਰੋੜ ਰੁਪਏ ਦੀ ਮਾਸਿਕ ਸੁਰੱਖਿਅਤ ਰਕਮ ਨਿਯਮਤ ਤੌਰ ਉਤੇ ਮਿਲਦੀ ਆਈ ਹੈ, ਫਿਰ ਵੀ ਜੀ.ਐਸ.ਟੀ. ਦੀਆਂ ਵਸੂਲੀਆਂ ਵਿਚ ਕਮੀ ਦਾ ਰੁਝਾਨ ਭਵਿੱਖ ਵਿਚ ਆਰਥਿਕ ਪੱਖੋਂ ਪੰਜਾਬ ਲਈ ਨੁਕਸਾਨਦੇਹ ਹੋ ਸਕਦਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਰਾਜ ਦੇ ਮਾਲੀਏ ਦੇ ਵਿਕਾਸ ਦੀ ਦਰ ਵੀ ਘਟ ਗਈ ਹੈ। ਪਿਛਲੇ ਮਾਲੀ ਸਾਲ (2017-18) ਲਈ ਅਨੁਮਾਨੀ ਕੁੱਲ ਸਾਲਾਨਾ ਆਮਦਨ 60,079.87 ਕਰੋੜ ਰੁਪਏ ਸੀ, ਪਰ ਵੱਖ-ਵੱਖ ਸਰੋਤਾਂ ਤੋਂ ਅਸਲ ਆਮਦਨ 49,109.01 ਕਰੋੜ ਰਹੀ।

ਜ਼ਿਕਰਯੋਗ ਹੈ ਕਿ ਖੁਰਾਕੀ ਅਨਾਜਾਂ ਉਤੇ ਕੋਈ ਜੀ.ਐਸ.ਟੀ. ਨਹੀਂ ਜਦੋਂਕਿ ਪਹਿਲਾਂ ਪੰਜਾਬ ਤੋਂ ਅਨਾਜ ਉਤੇ ਟੈਕਸ ਤੋਂ ਚਾਰ ਹਜ਼ਾਰ ਕਰੋੜ ਦੀ ਸਾਲਾਨਾ ਆਮਦਨ ਹੁੰਦੀ ਸੀ। ਹਰ ਰਾਜ ਦੀਆਂ ਜ਼ਮੀਨੀ ਅਸਲੀਅਤਾਂ ਭਾਵੇਂ ਵੱਖੋ ਵੱਖਰੀਆਂ ਹੁੰਦੀਆਂ ਹਨ, ਫਿਰ ਵੀ ਪੰਜਾਬ ਵਰਗਾ ਹੀ ਘਾਟਾ ਹਿਮਾਚਲ ਪ੍ਰਦੇਸ਼, ਉਤਰਾਖੰਡ, ਬਿਹਾਰ ਤੇ ਜੰਮੂ ਕਸ਼ਮੀਰ ਨੇ ਵੀ ਦਿਖਾਇਆ ਹੈ, ਜਦੋਂਕਿ ਮਹਾਰਾਸ਼ਟਰ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਿਚ ਜੀ.ਐਸ.ਟੀ. ਵਸੂਲੀਆਂ ਤਿੰਨ ਤੋਂ 8 ਫੀਸਦੀ ਤੱਕ ਵਧਣੀਆਂ ਸੰਭਵ ਹੋਈਆਂ ਹਨ। ਜਦੋਂ ਉਹ ਰਾਜ ਅਜਿਹਾ ਕੁਝ ਸੰਭਵ ਬਣਾ ਸਕਦੇ ਹਨ ਤਾਂ ਪੰਜਾਬ ਕਿਉਂ ਨਹੀਂ?

ਜੀ.ਐਸ.ਟੀ. ਲਾਗੂ ਹੋਣ ਤੋਂ ਪਹਿਲਾਂ ਵੈਟ ਵਸੂਲੀ 14000 ਕਰੋੜ ਤੱਕ ਹੁੰਦੀ ਰਹੀ ਹੈ। ਇਸ ਵੇਲੇ ਰਾਜ ਵਿਚ ਬਜ਼ੁਰਗਾਂ ਸਮੇਤ ਹੋਰ ਵੀ ਕਈ ਖੇਤਰ ਦੇ ਲੋਕਾਂ ਲਈ ਭਲਾਈ ਯੋਜਨਾਵਾਂ ਚੱਲ ਰਹੀਆਂ ਹਨ। ਇਨ੍ਹਾਂ ਯੋਜਨਾਵਾਂ ਨੂੰ ਚਲਾਉਣ ਲਈ ਜੀ.ਐਸ.ਟੀ. ਦੀ ਵਸੂਲੀ ਵੱਧ ਆਉਣ ਦੀ ਆਸ ਵੀ ਸਰਕਾਰੀ ਖੇਤਰਾਂ ਨੇ ਲਾਈ ਹੋਈ ਸੀ। ਜੀ.ਐਸ.ਟੀ. ਦੀ ਵਸੂਲੀ ਘਟਣ ਦਾ ਬਿਜਲੀ ਖੇਤਰ 'ਚ ਸਭ ਤੋਂ ਜ਼ਿਆਦਾ ਅਸਰ ਪਵੇਗਾ ਕਿਉਂਕਿ ਸਰਕਾਰ ਵੱਲੋਂ ਸਾਲ 2017-18 ਦੀ ਪਾਵਰਕਾਮ ਨੂੰ ਦਿੱਤੀ ਜਾਣ ਵਾਲੀ 10,252 ਕਰੋੜ ਦੀ ਸਬਸਿਡੀ ਦੀ ਰਕਮ ਵਿਚੋਂ 4000 ਕਰੋੜ ਦੀ ਅਦਾਇਗੀ ਅਜੇ ਕੀਤੀ ਜਾਣੀ ਹੈ।

ਸਾਲ 2018-19 ਵਿਚ ਸਬਸਿਡੀ ਦੀ ਰਕਮ ਵਧ ਕੇ 13718 ਕਰੋੜ ਤੱਕ ਪੁੱਜ ਜਾਵੇਗੀ ਕਿਉਂਕਿ ਸਰਕਾਰ ਵੱਲੋਂ ਖੇਤੀ ਖੇਤਰ ਤੋਂ ਇਲਾਵਾ ਸਨਅਤੀ ਇਕਾਈਆਂ ਨੂੰ ਵੀ ਸਬਸਿਡੀ ਦੀ ਰਕਮ ਦੀ ਅਦਾਇਗੀ ਕਰਦੀ ਹੈ।

### ਕੈਪਟਨ ਤੇ ਮਨਪ੍ਰੀਤ ਦੇ ਸੁਰ ਬਦਲੇ

ਪੰਜਾਬ ਉਨ੍ਹਾਂ ਰਾਜਾਂ ਵਿਚੋਂ ਹੈ ਜਿਸ ਨੇ ਜੀ.ਐਸ.ਟੀ. ਪ੍ਰਣਾਲੀ ਦਾ ਮੁੱਢ ਤੋਂ ਹੀ ਸਵਾਗਤ ਕੀਤਾ ਸੀ। ਪਿਛਲੇ ਸਾਲ ਜੁਲਾਈ ਮਹੀਨੇ ਵਿਚ ਜਦੋਂ ਇਸ ਨੂੰ ਲਾਗੂ ਕੀਤਾ ਗਿਆ ਸੀ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਪ੍ਰਣਾਲੀ ਨੂੰ 'ਸਾਰੇ ਆਰਥਿਕ ਦੁੱਖਾਂ ਦਾ ਦਾਰੂ' ਦੱਸਿਆ ਸੀ। ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਸੀ ਕਿ ਇਹ ਪ੍ਰਣਾਲੀ ਲੀਹ ਉਤੇ ਆਉਣ ਮਗਰੋਂ ਪੰਜਾਬ ਨੂੰ ਫੰਡਾਂ ਲਈ ਕੇਂਦਰ ਅੱਗੇ ਹੱਥ ਨਹੀਂ ਅੱਡਣਾ ਪਵੇਗਾ। ਹੁਣ ਦੋਵਾਂ ਦੀ ਬੋਲੀ ਵੱਖਰੀ ਹੈ।

# ਹੁਣ ਸਰਕਾਰੀ ਖਜ਼ਾਨੇ ਦੇ ਸਿਰ 'ਤੇ ਮੌਜਾਂ ਲੁੱਟਣ ਵਾਲਿਆਂ ਦੇ ਦਿਨ ਪੁੱਗੇ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸਿਆਸਤਦਾਨਾਂ, ਡੇਰੇਦਾਰਾਂ, ਜਥੇਦਾਰਾਂ ਅਤੇ ਸ਼ਿਵ ਸੈਨਾ ਦੇ ਆਗੂਆਂ ਨੂੰ ਸੁਰੱਖਿਆ ਲਈ ਦਿੱਤੀਆਂ ਮਹਿੰਗੀਆਂ ਕਾਰਾਂ ਦੀ ਸਮੀਖਿਆ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਉਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਇਸ ਕਮੇਟੀ ਦੇ ਮੁਖੀ ਹੋਣਗੇ। ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਅਤੇ ਵਧੀਕ ਡੀ.ਜੀ.ਪੀ. (ਸੁਰੱਖਿਆ) ਆਰ.ਐਨ. ਢੋਕੇ ਨੂੰ ਇਸ ਕਮੇਟੀ ਦਾ ਮੁਖੀ ਲਾਇਆ ਗਿਆ ਹੈ।



ਸਰਕਾਰ ਦਾ ਕਹਿਣਾ ਹੈ ਕਿ ਮੀਡੀਆ ਦੇ ਇਕ ਹਿੱਸੇ ਵੱਲੋਂ ਸੁਰੱਖਿਆ ਦੇ ਨਾਂ ਉਤੇ ਸਰਕਾਰੀ ਵਾਹਨਾਂ ਦੀ ਵਰਤੋਂ ਸਬੰਧੀ ਮਾਮਲਾ ਸਾਹਮਣੇ ਲਿਆਂਦਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਕਮੇਟੀ ਨੂੰ ਸੁਰੱਖਿਆ ਅਤੇ ਸੁਰੱਖਿਆ ਕਾਰਾਂ ਦੀ ਸਮੀਖਿਆ ਕਰਨ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਵੱਲੋਂ ਗਠਿਤ ਕਮੇਟੀ ਵੱਲੋਂ ਸੁਰੱਖਿਆ ਕਾਰਾਂ ਅਤੇ ਸੁਰੱਖਿਆ ਲਈ ਪੁਲਿਸ ਤਾਇਨਾਤੀ ਲਈ ਵਿਸ਼ੇਸ਼ ਨਿਯਮ ਬਣਾਏ ਜਾਣਗੇ ਤਾਂ ਜੋ ਪੁਲਿਸ ਅਫਸਰ ਆਪਣੀ ਮਰਜ਼ੀ ਨਾਲ ਹੀ ਕਿਸੇ ਨੂੰ ਸੁਰੱਖਿਆ ਮੁਹੱਈਆ ਨਾ ਕਰਾਉਣ। ਸਰਕਾਰ ਦਾ ਮੰਨਣਾ ਹੈ ਕਿ ਸੁਰੱਖਿਆ ਲਈ ਕਈ ਤਰਕਸੰਗਤ ਨੀਤੀ ਨਾ ਹੋਣ ਕਾਰਨ ਸਰਕਾਰੀ ਖਜ਼ਾਨੇ ਉਤੇ ਵੀ ਬੇਲੋੜਾ ਬੋਝ ਪੈਂਦਾ ਹੈ। ਕਮੇਟੀ ਵੱਲੋਂ ਸੁਰੱਖਿਆ ਦੇਣ ਸਬੰਧੀ ਠੋਸ ਸੁਝਾਅ ਅਤੇ ਨਿਯਮਾਂ ਦੀਆਂ ਸਿਫਾਰਸ਼ਾਂ ਕੀਤੀਆਂ ਜਾਣਗੀਆਂ। ਇਸ ਕਦਮ ਨਾਲ ਕਈਆਂ ਦੀ ਸੁਰੱਖਿਆ ਖੁੱਸ ਸਕਦੀ ਹੈ।

## ਲੁਧਿਆਣਾ ਤੋਂ ਕੋਲਕਾਤਾ ਤੱਕ ਬਣੇਗੀ ਤੀਜੀ ਰੇਲ ਪਟੜੀ

**ਪਟਿਆਲਾ:** ਕੇਂਦਰ ਵੱਲੋਂ ਲੁਧਿਆਣਾ ਤੋਂ ਕੋਲਕਾਤਾ ਅਤੇ ਦਿੱਲੀ ਤੋਂ ਮੁੰਬਈ ਤੱਕ ਮਾਲ ਗੱਡੀਆਂ (ਗੁਡਜ਼ ਟਰੇਨ) ਲਈ ਤੀਜੀ ਰੇਲ ਲਾਈਨ ਬਣਾਉਣ ਦੀ ਤਿਆਰੀ ਹੋ ਰਹੀ ਹੈ ਜਿਸ ਨਾਲ ਆਮ ਰੇਲਵੇ ਦੀ ਆਵਾਜਾਈ ਨੂੰ ਕਾਫੀ ਰਾਹਤ ਮਿਲੇਗੀ।

ਕੇਂਦਰੀ ਰੇਲ ਰਾਜ ਮੰਤਰੀ ਰਾਜਨ ਗੋਹਾਈਂ ਨੇ ਕਿਹਾ ਕਿ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਤਹਿਤ 26 ਫੀਸਦੀ ਸਰਕਾਰੀ ਅਤੇ 74 ਫੀਸਦੀ ਦੋ ਵਿਦੇਸ਼ੀ ਕੰਪਨੀਆਂ ਦੇ ਹਿੱਸੇ ਨਾਲ 5-5 ਸੌ ਰੇਲਵੇ ਇੰਜਣ ਬਣਾਉਣ ਦਾ ਠੇਕਾ ਇਸ ਕਰ ਕੇ ਦਿੱਤਾ ਹੈ ਤਾਂ ਕਿ ਅਮਰੀਕਾ ਅਤੇ ਫਰਾਂਸ ਦੀ ਨਵੀਂ ਤਕਨੀਕ ਨਾਲ ਬਣਨ ਵਾਲੇ ਰੇਲ ਇੰਜਣ ਭਾਰਤ ਵਿਚ ਵੀ ਚੱਲ ਸਕਣ, ਜਿਸ ਤਹਿਤ ਇਨ੍ਹਾਂ ਕੰਪਨੀਆਂ ਨੇ ਦੋ-ਦੋ ਲੋਕੋਮੋਟਿਵ ਬਣਾ ਕੇ ਸਰਕਾਰ ਦੇ ਹਵਾਲੇ ਕਰ ਵੀ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ 600 ਰੇਲਵੇ ਸਟੇਸ਼ਨਾਂ ਦੇ ਨਵੀਨੀਕਰਨ ਲਈ ਬਿਲਡ ਆਪਰੇਟ ਐਂਡ ਟਰਾਂਸਫਰ (ਬੀ.ਓ.ਟੀ.) ਸਕੀਮ ਤਹਿਤ ਕੰਮ ਸ਼ੁਰੂ ਕੀਤਾ ਗਿਆ ਹੈ।

ਮੰਤਰੀ ਨੇ ਕਿਹਾ ਕਿ ਰਾਜਪੁਰਾ ਤੋਂ ਚੰਡੀਗੜ੍ਹ ਰੇਲਵੇ ਲਾਈਨ ਵਿਛਾਉਣ ਵਿਚ ਪੰਜਾਬ ਸਰਕਾਰ ਅੜਿੱਕਾ ਪੈਦਾ ਕਰ ਰਹੀ ਹੈ ਜਦ ਕਿ ਕੇਂਦਰ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਜਪੁਰਾ ਤੋਂ ਬਠਿੰਡਾ ਰੇਲਵੇ ਟਰੈਕ ਜਲਦੀ ਡਬਲ ਹੋ ਜਾਵੇਗਾ।

# ਕਰਜ਼ ਮੁਆਫੀ: ਕੈਪਟਨ ਵੱਲੋਂ ਮੋਦੀ ਸਰਕਾਰ ਕੋਲ ਮੁੜ ਤਰਲਾ

**ਚੰਡੀਗੜ੍ਹ:** ਕਿਸਾਨਾਂ ਦੀ ਨਿੱਘਰ ਰਹੀ ਹਾਲਤ ਤੇ ਲਗਾਤਾਰ ਖੁਦਕੁਸ਼ੀਆਂ ਉਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਕਿਸਾਨੀ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਪ੍ਰਧਾਨ ਮੰਤਰੀ ਨੂੰ ਯਕਮੁਸ਼ਤ ਖੇਤੀ ਕਰਜ਼ਾ ਮੁਆਫ ਕਰਨ ਦਾ ਐਲਾਨ ਕਰਨ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਦਿਹਾਤੀ ਇਲਾਕਿਆਂ ਵਿਚ ਸਮਾਜਿਕ ਆਰਥਿਕ ਬੇਚੈਨੀ ਤੋਂ ਬਚਣ ਲਈ ਭਾਰਤ ਸਰਕਾਰ ਦੇ ਤੁਰਤ ਦਖਲ ਦੀ ਮੰਗ ਕੀਤੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਲਈ ਰਾਸ਼ਟਰੀ ਪੱਧਰ ਉਤੇ ਕਰਜ਼ਾ ਮੁਆਫੀ ਸਕੀਮ ਬਾਰੇ ਸੂਬਾ ਸਰਕਾਰ ਵੱਲੋਂ ਵਾਰ-ਵਾਰ ਕੀਤੀਆਂ ਗਈਆਂ ਬੇਨਤੀਆਂ ਦੇ ਬਾਵਜੂਦ ਇਸ ਸਬੰਧੀ ਕੋਈ ਉਤਸ਼ਾਹਜਨਕ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਨੇ ਉਪਜੀਵਕਾ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਵਾਸਤੇ ਯਕਮੁਸ਼ਤ ਰਾਹਤ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਰਜ਼ੇ ਦੇ ਲਗਾਤਾਰ ਦਬਾਅ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਉਨ੍ਹਾਂ ਵਿਚ ਵੱਡੀ ਪੱਧਰ ਉਤੇ ਬੇਚੈਨੀ ਫੈਲ ਰਹੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਇਸ ਮੁੱਦੇ ਉਤੇ ਤੁਰਤ ਧਿਆਨ ਦਿੱਤੇ ਜਾਣ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੌਮੀ ਪੱਧਰ ਉਤੇ ਖੇਤੀਬਾੜੀ ਕਰਜ਼ਾ ਮੁਆਫੀ ਬਾਰੇ ਪਹਿਲ ਦੇ ਆਧਾਰ ਉਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਘਟਾਉਣੀਆਂ ਚਾਹੀਦੀਆਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਸਾਲ 2015 ਦੀ ਸਾਉਣੀ ਰੁੱਤ ਦੌਰਾਨ ਫਿਰ ਚਿੱਟੀ ਮੱਖੀ ਦੇ ਹਮਲੇ ਨਾਲ ਨਰਮੇ ਦੀ ਫਸਲ ਬਰਬਾਦ ਹੋ ਗਈ ਸੀ ਅਤੇ ਇਸ ਸਮੇਂ ਦੌਰਾਨ ਹੀ ਆਲੂ, ਗੰਨਾ ਅਤੇ ਬਾਸਮਤੀ ਦੇ ਕਾਸ਼ਤਕਾਰਾਂ ਨੂੰ ਫਸਲਾਂ ਦੀਆਂ ਕੀਮਤਾਂ ਬਹੁਤ ਘੱਟ ਹੋਣ ਦਾ ਖਮਿਆਜ਼ਾ ਭੁਗਤਣਾ ਪਿਆ ਸੀ। ਇਸ ਸਮੇਂ ਦੌਰਾਨ ਘੱਟੋ-ਘੱਟ ਸਮਰਥਨ ਮੁੱਲ 'ਚ ਕੀਤਾ ਗਿਆ ਵਾਧਾ ਵੀ ਖੇਤੀ ਲਾਗਤਾਂ ਦੀਆਂ ਕੀਮਤਾਂ ਵਿਚ ਹੋਏ ਵਾਧੇ ਦੇ ਅਨੁਕੂਲ ਨਹੀਂ ਸੀ। ਇਸ ਦੇ ਸਿੱਟੇ ਵਜੋਂ ਹੀ ਕਿਸਾਨਾਂ ਉਤੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਗਈ ਜਿਸ ਤੋਂ ਪੈਦਾ ਹੋਈ ਨਿਰਾਸ਼ਾ ਕਿਸਾਨ ਖੁਦਕੁਸ਼ੀਆਂ ਦੇ ਰੂਪ ਵਿਚ ਸਾਹਮਣੇ ਆਈ।

ਮੁੱਖ ਮੰਤਰੀ ਨੇ ਆਖਿਆ ਕਿ ਭਾਵੇਂ ਭਾਰਤ ਸਰਕਾਰ ਨੇ ਸਾਲ 2003-04 ਵਿਚ ਤਿੰਨ ਸਾਲਾਂ ਵਿਚ ਖੇਤੀਬਾੜੀ ਲਈ ਸੰਸਥਾਗਤ ਕਰਜ਼ਾ ਦੁੱਗਣਾ ਕਰਨ ਦਾ ਪ੍ਰੋਗਰਾਮ ਚੰਗੀ ਨੀਅਤ ਨਾਲ ਸ਼ੁਰੂ ਕੀਤਾ ਸੀ ਅਤੇ ਟੀਚਿਆਂ ਦੀ ਪ੍ਰਾਪਤੀ ਲਈ ਬੈਂਕਾਂ ਨੇ ਖੁੱਲ੍ਹੇ ਕਰਜ਼ੇ ਦਿੱਤੇ ਅਤੇ ਇਥੋਂ ਤੱਕ ਕਿ ਕਈ ਵਾਰ ਤਾਂ ਆਰਥਿਕ ਯੋਗਤਾ ਤੇ ਬੈਂਕਾਂ ਦੇ ਸਦਾਚਾਰ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਦੇ ਸਿੱਟੇ ਵਜੋਂ 31 ਮਾਰਚ 2017 ਤੱਕ ਪੰਜਾਬ ਦੇ ਕਿਸਾਨਾਂ ਵੱਲ ਬੈਂਕਾਂ ਦੀ ਅਗਾਊਂ ਦੇਣਦਾਰੀ ਵਧ ਕੇ ਲਗਭਗ 72,771 ਕਰੋੜ ਰੁਪਏ ਹੋ ਗਈ ਜੋ ਸੂਬੇ ਦੀ ਖੇਤੀਬਾੜੀ ਦੀ ਜੀ.ਡੀ.ਪੀ. ਨਾਲੋਂ ਵੀ ਵੱਧ ਹੈ।

# ਕਰਜ਼ ਮੁਆਫੀ ਦਾ ਘੇਰਾ ਹੋਰ ਵੱਡਾ ਕਰਨ ਦੀ ਤਿਆਰੀ

**ਚੰਡੀਗੜ੍ਹ:** ਕੌਮੀਕ੍ਰਿਤ ਬੈਂਕਾਂ ਨੇ ਫਸਲੀ ਕਰਜ਼ਾ ਰਾਹਤ ਲਈ ਕਿਸਾਨਾਂ ਦੀਆਂ ਸੂਚੀਆਂ ਪੰਜਾਬ ਸਰਕਾਰ ਦੇ ਹਵਾਲੇ ਕਰ ਦਿੱਤੀਆਂ ਹਨ ਤੇ ਕੈਪਟਨ ਸਰਕਾਰ ਨੇ ਕਿਸਾਨਾਂ ਵੱਲੋਂ ਇਨ੍ਹਾਂ ਬੈਂਕਾਂ ਤੋਂ ਲਿਆ ਦੋ ਲੱਖ ਰੁਪਏ ਤੱਕ ਦਾ ਫਸਲੀ ਕਰਜ਼ ਮੁਆਫ ਕਰਨ ਲਈ ਪੈਸੇ ਦਾ ਜੁਗਾੜ ਕਰ ਲਿਆ ਹੈ। ਕੈਪਟਨ ਸਰਕਾਰ ਨੇ ਕੌਮੀਕ੍ਰਿਤ ਬੈਂਕਾਂ ਦਾ ਫਸਲੀ ਕਰਜ਼ਾ ਮੁਆਫ ਕਰਨ ਲਈ ਮੰਡੀ ਬੋਰਡ ਨੂੰ ਕਰਜ਼ ਲੈਣ ਲਈ ਕਿਹਾ ਸੀ ਤੇ ਮੰਡੀ ਬੋਰਡ ਨੇ ਇਸ ਮਕਸਦ ਲਈ ਪੈਸੇ ਦਾ ਪ੍ਰਬੰਧ ਲਗਭਗ ਕਰ ਲਿਆ ਹੈ। ਜਾਣਕਾਰੀ ਮੁਤਾਬਕ ਸਬੰਧਤ ਕਿਸਾਨਾਂ ਦਾ ਇਹ ਕਰਜ਼ ਆਗਾਮੀ ਅਕਤੂਬਰ-ਨਵੰਬਰ ਤੱਕ ਖਤਮ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦਾਅਵਾ ਹੈ ਕਿ ਕਿਸਾਨਾਂ ਨੂੰ ਕਰਜ਼ ਰਾਹਤ ਦੇਣ ਲਈ ਤਿਆਰੀਆਂ ਕਰ ਲਈਆਂ ਹਨ।

ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ 17 ਅਕਤੂਬਰ, 2017 ਨੂੰ ਕਰਜ਼ ਰਾਹਤ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਪਿੱਛੋਂ ਕਿਸਾਨ ਕਰਜ਼ ਦੀਆਂ ਕਿਸ਼ਤਾਂ ਨਹੀਂ ਮੋੜ ਰਹੇ, ਜਿਸ ਕਰ ਕੇ ਵਸੂਲੀ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਇਸ ਕਾਰਨ ਕਿਸਾਨ ਡਿਫਾਲਟਰ ਹੋ ਗਏ ਹਨ, ਜਿਸ ਕਾਰਨ ਫਸਲੀ ਕਰਜ਼ੇ ਉਤੇ ਕੇਂਦਰ ਵੱਲੋਂ ਦਿੱਤੀ ਜਾਂਦੀ ਤਿੰਨ ਫੀਸਦੀ ਵਿਆਜ ਛੋਟ ਵੀ ਘਟ ਗਈ ਹੈ, ਕਿਉਂਕਿ ਡਿਫਾਲਟਰ ਕਿਸਾਨਾਂ ਨੂੰ ਇਹ ਰਾਹਤ ਨਹੀਂ ਮਿਲਦੀ।

ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਐਸ.ਸੀ./ਐਸ.ਟੀ. ਤੇ ਜਨਰਲ ਵਰਗ ਦੇ ਕਰਜ਼ਾਈ ਕਿਸਾਨਾਂ ਬਾਰੇ ਵੱਖ-ਵੱਖ ਜਾਣਕਾਰੀ ਮੰਗੀ ਜਾ ਰਹੀ ਹੈ, ਜਦੋਂ ਕਿ ਬੈਂਕਾਂ ਕੋਲ ਜਾਤੀਗਤ ਜਾਣਕਾਰੀ ਨਹੀਂ ਹੈ। ਬੈਂਕਰਜ਼ ਕਮੇਟੀ ਨੇ ਪੰਜਾਬ ਸਰਕਾਰ ਨੂੰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਲਾਗੂ ਕਰਨ ਨੂੰ ਕਿਹਾ ਹੈ। ਖੇਤੀਬਾੜੀ ਵਿਭਾਗ ਦੇ ਇਕ ਅਧਿਕਾਰੀ ਮੁਤਾਬਕ ਇਹ ਯੋਜਨਾ ਪੰਜਾਬ ਦੇ ਕਿਸਾਨਾਂ ਦੇ ਹਿੱਤ 'ਚ ਨਹੀਂ ਹੈ।

## ਬਾਬੇ ਨਾਨਕ ਦੇ ਸਥਾਨਾਂ ਨੂੰ ਜੋੜਦੀਆਂ ਸੜਕਾਂ ਦਾ ਨਾਂ ਹੋਵੇਗਾ 'ਗੁਰੂ ਨਾਨਕ ਮਾਰਗ'

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਸਮਾਰੋਹ ਵਜੋਂ ਮਨਾਉਣ ਦੀ ਯੋਜਨਾ ਦੇ ਹਿੱਸੇ ਤਹਿਤ ਪੰਜਾਬ ਸਰਕਾਰ ਨੇ ਸੂਬੇ ਭਰ ਵਿਚ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਪਵਿੱਤਰ ਸਥਾਨਾਂ ਨੂੰ ਜੋੜਦੀਆਂ ਸੜਕਾਂ ਦਾ ਨਾਮ 'ਗੁਰੂ ਨਾਨਕ ਮਾਰਗ' ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਤਿਆਰੀਆਂ ਨੂੰ ਅੰਤਿਮ ਰੂਪ ਦੇਣ ਵਾਸਤੇ ਬਣਾਈ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਥਾਵਾਂ ਦਾ ਸਰਕਾਰ ਵੱਲੋਂ ਵਿਸ਼ੇਸ਼ ਵਿਕਾਸ ਕਰਨ ਦਾ ਵੀ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਸ ਸਬੰਧੀ ਵੱਖ-ਵੱਖ ਜਥੇਬੰਦੀਆਂ ਨਾਲ ਤਾਲਮੇਲ ਕਰਨ ਲਈ ਇਕ ਉਚ ਪੱਧਰੀ ਕਮੇਟੀ ਕਾਇਮ ਕੀਤੀ ਹੈ।

# ਲੜਕਾ-ਲੜਕੀ ਅਨੁਪਾਤ ਵਿਚ ਕਪੂਰਥਲਾ ਮੋਹਰੀ, ਪਠਾਨਕੋਟ ਫਾਡੀ

**ਪਟਿਆਲਾ:** ਸਿਹਤ ਵਿਭਾਗ ਦੇ ਲਿੰਗ ਅਨੁਪਾਤ ਦੇ ਅੰਕੜਿਆਂ ਮੁਤਾਬਕ ਸੂਬੇ ਵਿਚ ਇਕ ਹਜ਼ਾਰ ਲੜਕਿਆਂ ਦੇ ਮੁਕਾਬਲੇ ਸਾਲ 2017 ਤੱਕ 891 ਲੜਕੀਆਂ ਪੈਦਾ ਹੋਈਆਂ ਜਦਕਿ ਡਾਇਰੈਕਟਰ ਸੈਂਸਜ਼ ਉਪਰੇਸ਼ਨ ਪੰਜਾਬ ਦੇ ਅੰਕੜਿਆਂ ਮੁਤਾਬਕ 2011 ਵਿਚ ਇਹ ਅਨੁਪਾਤ 893 ਸੀ। ਇਸ ਤਰ੍ਹਾਂ ਇਨ੍ਹਾਂ ਛੇ ਸਾਲਾਂ ਦੌਰਾਨ ਲਿੰਗ ਅਨੁਪਾਤ 'ਚ 2 ਲੜਕੀਆਂ ਦੀ ਕਮੀ ਹੋਈ ਹੈ। ਡਾਇਰੈਕਟਰ ਸੈਂਸਜ਼ ਉਪਰੇਸ਼ਨ ਪੰਜਾਬ ਦੇ ਅੰਕੜਿਆਂ ਮੁਤਾਬਕ ਸਾਲ 2001 'ਚ ਇਕ ਹਜ਼ਾਰ ਲੜਕਿਆਂ ਦੇ ਮੁਕਾਬਲੇ 876 ਕੁੜੀਆਂ ਪੈਦਾ ਹੋਈਆਂ ਸਨ ਤੇ ਸਾਲ 2011'ਚ ਲੜਕੀਆਂ ਦੇ ਅਨੁਪਾਤ ਵਿਚ ਵਾਧਾ ਹੋ ਕੇ ਅੰਕੜਾ 893 ਹੋ ਗਿਆ ਸੀ।

ਇਸ ਅਰਸੇ ਦੌਰਾਨ ਲਿੰਗ ਅਨੁਪਾਤ 'ਚ 17 ਕੁੜੀਆਂ ਦਾ ਵਾਧਾ ਹੋਇਆ ਸੀ ਤੇ ਇਸਤਰੀਆਂ ਦੀ ਗਿਣਤੀ 1.9 ਫੀਸਦੀ ਵਧੀ ਸੀ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਸਾਲ 2017 ਦੌਰਾਨ 19 ਹਜ਼ਾਰ 185 ਲੜਕਿਆਂ ਦੀ ਤੁਲਨਾ 'ਚ 17 ਹਜ਼ਾਰ 93 ਲੜਕੀਆਂ ਪੈਦਾ ਹੋਈਆਂ। ਇਨ੍ਹਾਂ ਅੰਕੜਿਆਂ 'ਚ ਜ਼ਿਲ੍ਹਾ ਕਪੂਰਥਲਾ ਸਭ ਤੋਂ ਮੋਹਰੀ ਤੇ ਪਠਾਨਕੋਟ ਸਭ ਤੋਂ ਫਾਡੀ ਹੈ। ਇਕ ਹਜ਼ਾਰ ਲੜਕਿਆਂ ਦੀ ਤੁਲਨਾ 'ਚ ਕਪੂਰਥਲੇ ਵਿਚ 976, ਫਿਰੋਜ਼ਪੁਰ 964, ਮੋਗਾ 953, ਬਰਨਾਲਾ 952, ਫਰੀਦਕੋਟ 933, ਮਾਨਸਾ 929, ਫਾਜ਼ਿਲਕਾ 917, ਮੁਕਤਸਰ ਸਾਹਿਬ 916, ਫਤਿਹਗੜ੍ਹ ਸਾਹਿਬ 'ਚ 908, ਲੁਧਿਆਣਾ 'ਚ 903, ਹੁਸ਼ਿਆਰਪੁਰ 896, ਸ੍ਰੀ ਅੰਮ੍ਰਿਤਸਰ ਸਾਹਿਬ 891, ਗੁਰਦਾਸਪੁਰ 890, ਰੂਪਨਗਰ 881, ਪਟਿਆਲਾ 875, ਸ਼ਹੀਦ ਭਗਤ ਸਿੰਘ ਨਗਰ 875, ਮੋਹਾਲੀ 873, ਸੰਗਰੂਰ 868, ਜਲੰਧਰ 863, ਤਰਨਤਾਰਨ 855, ਬਠਿੰਡਾ ਵਿਚ 832 ਅਤੇ ਪਠਾਨਕੋਟ ਵਿਚ 817 ਲੜਕੀਆਂ ਪੈਦਾ ਹੋਈਆਂ।

# ਓਂਟਾਰੀਓ ਚੋਣਾਂ: ਡੱਗ ਫੋਰਡ ਦਾ ਏਜੰਡਾ ਅਜੇ ਸਪੱਸ਼ਟ ਨਹੀਂ

ਓਂਟਾਰੀਓ ਸਟੇਟ ਵਿਚ 7 ਜੂਨ ਨੂੰ ਹੋਣ ਵਾਲੀਆਂ ਚੋਣਾਂ ਲਈ ਲਿਬਰਲ ਪਾਰਟੀ ਵੱਲੋਂ ਕੀਤੇ ਜਾ ਰਹੇ ਚੋਣ ਵਾਅਦਿਆਂ ਵਿਚ ਛੋਟੇ ਬੱਚਿਆਂ ਲਈ ਮੁਫਤ ਡੇਅ ਕੇਅਰ ਦੇ ਪ੍ਰੋਗਰਾਮ, ਸੀਨੀਅਰਜ਼ ਲਈ ਮੁਫਤ ਦਵਾਈਆਂ, ਮੁਫਤ ਡੈਂਟਲ ਕੇਅਰ, ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣਾ, ਮਾਨਸਿਕ ਸਿਹਤ ਵਾਸਤੇ ਫੰਡ ਦੇਣਾ ਅਤੇ ਆਉਣ ਵਾਲੇ ਸਮੇਂ ਵਿਚ ਆਵਾਜਾਈ ਨੂੰ ਬਿਹਤਰ ਬਣਾਉਣਾ ਆਦਿ ਮੁੱਦੇ ਸ਼ਾਮਿਲ ਕੀਤੇ ਗਏ ਹਨ। 25 ਸਾਲ ਤੱਕ ਦੇ ਬੱਚਿਆਂ ਨੂੰ ਮੁਫਤ ਦਵਾਈਆਂ ਅਤੇ ਘੱਟ ਆਮਦਨੀ ਵਾਲੇ ਪਰਿਵਾਰਾਂ ਦੇ ਬੱਚਿਆਂ ਲਈ ਯੂਨੀਵਰਸਿਟੀ ਫੀਸ ਪਹਿਲਾਂ ਹੀ ਮਾਫ ਕੀਤੀ ਜਾ ਚੁਕੀ ਹੈ। ਲਿਬਰਲ ਸਰਕਾਰ ਵੱਲੋਂ ਇਨ੍ਹਾਂ

ਹਜ਼ਾਰਾ ਸਿੰਘ
ਫੋਨ: 905-795-3428

ਖਰਚਿਆਂ ਦੀ ਪੂਰਤੀ ਲਈ ਵੱਧ ਆਮਦਨ ਵਾਲੇ ਲੋਕਾਂ ਦੇ ਟੈਕਸ ਵਧਾਏ ਗਏ ਹਨ। ਵੱਧ ਆਮਦਨ ਵਾਲੇ ਪਰਿਵਾਰਾਂ ਨੂੰ ਯੂਨੀਵਰਸਿਟੀ ਵਿਚ ਪੜ੍ਹਦੇ ਬੱਚਿਆਂ ਕਾਰਨ ਮਿਲਣ ਵਾਲੀਆਂ ਟੈਕਸ ਛੋਟਾਂ ਬੰਦ ਕਰ ਦਿੱਤੀਆਂ ਗਈਆਂ ਹਨ। ਘੱਟੋ ਘੱਟ ਉਜਰਤ ਵੀ ਵਧਾ ਕੇ $14 ਡਾਲਰ ਕੀਤੀ ਗਈ ਹੈ ਜੋ ਕਿ ਅਗਲੇ ਸਾਲ ਵਧ ਕੇ $15 ਡਾਲਰ ਹੋ ਜਾਏਗੀ।

ਚੋਣਾਂ ਲੜਨ ਵਾਲੀ ਦੂਸਰੀ ਮੁੱਖ ਪਾਰਟੀ ਪੀ. ਸੀ. ਹੈ ਜਿਸ ਦੇ ਨੇਤਾ ਡੱਗ ਫੋਰਡ ਲਿਬਰਲ ਸਰਕਾਰ ਦੀ ਨੁਕਤਾਚੀਨੀ ਜ਼ਰੂਰ ਕਰ ਰਹੇ ਹਨ ਪਰ ਉਹ ਆਪਣੀਆਂ ਨੀਤੀਆਂ ਬਾਰੇ ਸਪੱਸ਼ਟ ਨਹੀਂ ਹਨ। ਪੀ. ਸੀ. ਨੇਤਾ ਡੱਗ ਫੋਰਡ ਲਿਬਰਲ ਪਾਰਟੀ ਦੀਆਂ ਨੀਤੀਆਂ ਦੇ ਵਿਰੋਧ ਵਿਚ ਤਾਂ ਬੋਲਦਾ ਹੈ ਪਰ ਉਹ ਇਨ੍ਹਾਂ ਦਾ ਕੋਈ ਬਦਲ ਪੇਸ਼ ਨਹੀਂ ਕਰਦਾ। ਡੱਗ ਫੋਰਡ ਲੋਕ ਹਿਤੈਸ਼ੀ ਹੋਣ ਦੀ ਗੱਲ ਜ਼ਰੂਰ ਕਰਦਾ ਹੈ ਪਰ ਘੱਟੋ ਘੱਟ ਉਜਰਤ ਨੂੰ $15 ਡਾਲਰ ਕਰਨ ਦੇ ਹੱਕ ਵਿਚ ਨਹੀਂ ਹੈ। ਉਹ ਸਰਕਾਰ ਦੇ ਖਰਚੇ ਘਟਾ ਕੇ ਕੋਈ 6 ਬਿਲੀਅਨ ਡਾਲਰ ਬਚਾਉਣ ਦੀ ਗੱਲ ਤਾਂ ਕਰਦਾ ਹੈ ਪਰ ਪੱਤਰਕਾਰਾਂ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਉਹ ਇਹ ਖਰਚੇ ਕਿਵੇਂ ਘਟਾਏਗਾ, ਬਾਰੇ ਗੋਲ ਮੋਲ ਜਿਹੇ ਜਵਾਬ ਨਾਲ ਕੰਮ ਸਾਰਦਾ ਹੈ। ਗੱਲ ਬੜੀ ਸਪੱਸ਼ਟ ਹੈ ਕਿ ਖਰਚੇ ਘਟਾਉਣ ਲਈ ਜਾਂ ਪ੍ਰੋਗਰਾਮ ਕੱਟਣੇ ਪੈਣਗੇ ਜਾਂ ਨੌਕਰੀਆਂ। ਪਰ ਡੱਗ ਫੋਰਡ ਇਹ ਸਪੱਸ਼ਟ ਕਰਨ ਨੂੰ ਤਿਆਰ ਨਹੀਂ। ਇਸੇ ਹੀ ਤਰ੍ਹਾਂ ਜਦ ਪੱਤਰਕਾਰ ਉਸ ਨੂੰ ਇਹ ਪੁੱਛਦੇ ਹਨ ਕਿ ਉਹ ਲਿਬਰਲ ਸਰਕਾਰ ਵੱਲੋਂ ਹੈਲਥ ਕੇਅਰ, ਡੈਂਟਲ ਕੇਅਰ, ਚਾਈਲਡ ਕੇਅਰ, ਸੀਨੀਅਰਜ਼ ਕੇਅਰ ਆਦਿ 'ਤੇ ਖਰਚ ਕਰਨ ਦੇ ਕੀਤੇ ਐਲਾਨਾਂ ਵਿਚੋਂ ਕਿਸ ਨੂੰ ਰੱਦ ਕਰੇਗਾ ਤਾਂ ਵੀ ਫੋਰਡ ਕੋਈ ਪੱਕਾ ਜਵਾਬ ਨਹੀਂ ਦਿੰਦਾ। ਡੱਗ ਫੋਰਡ ਲਿਬਰਲ ਪਾਰਟੀ ਦੇ ਐਲਾਨਾਂ ਦਾ ਵਿਰੋਧ ਤਾਂ ਕਰਦਾ ਹੈ ਪਰ ਇਨ੍ਹਾਂ ਵਿਚੋਂ ਕਿਹੜੇ ਪ੍ਰੋਗਰਾਮ ਰੱਦ ਕਰੇਗਾ, ਇਸ ਬਾਰੇ ਉਹ ਜਾਂ ਤਾਂ ਖਾਮੋਸ਼ ਹੈ ਜਾਂ ਭੰਬਲਭੂਸੇ ਵਾਲੇ ਉਤਰ ਦਿੰਦਾ ਹੈ।

ਆਪਣੀ ਪਾਰਟੀ ਦੇ ਪਲੇਟਫਾਰਮ ਬਾਰੇ ਡੱਗ ਫੋਰਡ ਦਾ ਕਹਿਣਾ ਸੀ ਕਿ ਪਲੇਟਫਾਰਮ ਛੋਟਾ ਹੋਵੇਗਾ ਅਤੇ ਸਾਰਾ ਪਲੇਟਫਾਰਮ ਇੱਕੋ ਵਾਰ ਜਾਰੀ ਕਰਨ ਦੀ ਥਾਂ ਛੋਟੇ ਛੋਟੇ ਹਿੱਸਿਆਂ ਵਿਚ ਦੱਸਿਆ ਜਾਏਗਾ, ਜੋ ਉਸ ਨੇ ਜਾਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਇੱਕ ਐਲਾਨ ਵਿਚ ਮੱਧ ਵਰਗੀ ਆਮਦਨੀ ਵਾਲੇ ਲੋਕਾਂ ਦਾ ਤੇ ਵੱਡੀਆਂ ਕੰਪਨੀਆਂ ਦਾ ਟੈਕਸ ਘਟਾਉਣ ਅਤੇ ਦੂਸਰੇ ਵਿਚ ਘੱਟ ਆਮਦਨੀ ਵਾਲੇ ਬਜ਼ੁਰਗਾਂ ਨੂੰ ਮੁਫਤ ਡੈਂਟਲ ਕੇਅਰ ਦੇਣ ਦਾ ਵਾਅਦਾ ਕੀਤਾ ਗਿਆ ਹੈ। ਜਿਸ ਸਵਾਲ ਨੂੰ ਡੱਗ ਫੋਰਡ ਟਾਲਦੇ ਆ ਰਹੇ ਹਨ, ਉਹ ਇਹ ਹੈ ਕਿ ਟੈਕਸ ਵਿਚ ਛੋਟਾਂ ਅਤੇ ਬੱਜਟ ਵਿਚ 6 ਬਿਲੀਅਨ ਦਾ ਕੱਟ ਲਾਉਣ ਵਾਸਤੇ ਉਹ ਕਿੰਨੀਆਂ ਨੌਕਰੀਆਂ ਜਾਂ ਸੇਵਾਵਾਂ ਕੱਟ ਕਰੇਗਾ? ਪੀ. ਸੀ. ਪਾਰਟੀ ਦਾ ਪਿਛਲਾ ਇਤਿਹਾਸ ਇਹੋ ਦੱਸਦਾ ਹੈ ਕਿ ਟੈਕਸਾਂ ਵਿਚ ਛੋਟ ਦੇ ਨਾਂ ਹੇਠ ਵੋਟਾਂ ਲੈਣ ਤੋਂ ਬਾਅਦ ਸੇਵਾਵਾਂ ਅਤੇ ਨੌਕਰੀਆਂ ਵਿਚ ਭਾਰੀ ਕਟੌਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਓਂਟਾਰੀਓ ਦੀ ਪਿਛਲੀ ਮਾਈਕ ਹੈਰਿਸ ਦੀ ਸਰਕਾਰ ਵੇਲੇ ਐਸਾ ਕੁਝ ਹੀ ਹੋਇਆ ਸੀ।

ਮਾਹਿਰਾਂ ਦੀ ਰਾਇ ਅਨੁਸਾਰ ਅਤੇ ਪੀ. ਸੀ. ਪਾਰਟੀ ਦੇ ਇਤਿਹਾਸ ਅਨੁਸਾਰ ਜੇ ਡੱਗ ਫੋਰਡ ਸਰਕਾਰ ਬਣਾਉਂਦੇ ਹਨ ਤਾਂ ਨਰਸਾਂ, ਅਧਿਆਪਕਾਂ ਅਤੇ ਸਰਕਾਰੀ ਕਰਮਚਾਰੀਆਂ ਦੀਆਂ ਨੌਕਰੀਆਂ ਹਜ਼ਾਰਾਂ ਦੀ ਗਿਣਤੀ ਵਿਚ ਕੱਟੀਆਂ ਜਾਣਗੀਆਂ। ਪਿਛਲੀਆਂ ਚੋਣਾਂ ਵਿਚ ਪੀ. ਸੀ. ਲੀਡਰ ਟਿਮ ਹੁਡਕ ਨੇ ਐਸਾ ਐਲਾਨ ਕਰ ਵੀ ਦਿੱਤਾ ਸੀ ਜਿਸ ਕਾਰਨ ਪਾਰਟੀ ਹਾਰ ਗਈ ਸੀ। ਹਾਰ ਤੋਂ ਦੁਖੀ ਪਾਰਟੀ ਦੇ ਲੋਕ ਆਖ ਰਹੇ ਸਨ ਕਿ ਟਿਮ ਹੁਡਕ ਨੂੰ ਇਹ ਭੇਤ ਚੋਣਾਂ ਤੋਂ ਪਹਿਲਾਂ ਨਹੀਂ ਖੋਲ੍ਹਣਾ ਚਾਹੀਦਾ ਸੀ। ਕਹਿਣ ਦਾ ਭਾਵ ਕਿ ਲੋਕਾਂ ਨੂੰ ਗੋਲ ਮੋਲ ਗੱਲਾਂ ਨਾਲ ਭਰਮਾ ਕੇ ਪਹਿਲਾਂ ਚੋਣਾਂ ਜਿੱਤ ਲੈਣੀਆਂ ਚਾਹੀਦੀਆਂ ਸਨ ਅਤੇ ਫਿਰ ਅਸਲੀ ਰੰਗ ਦਿਖਾਉਣਾ ਚਾਹੀਦਾ ਸੀ।

ਇਸ ਵਾਰ ਜਾਪਦਾ ਹੈ ਕਿ ਡੱਗ ਫੋਰਡ ਦੇ ਸਲਾਹਕਾਰ ਉਸ ਨੂੰ ਰੋਜ਼ ਚੁੱਪ ਰਹਿਣ ਦੀਆਂ ਤਾਕੀਦਾਂ ਕਰ ਕੇ ਹੀ ਘਰੋਂ ਤੋਰਦੇ ਹਨ। ਇਸੇ ਕਰਕੇ ਹੀ ਉਹ ਬਹੁਤਾ ਕੁੱਝ ਸਪੱਸ਼ਟ ਨਹੀਂ ਕਰ ਰਿਹਾ। ਪਾਰਟੀ ਸਲਾਹਕਾਰ ਸੋਚ ਰਹੇ ਹਨ ਕਿ ਜਦ ਬਿਨਾ ਕੁਝ ਸਪੱਸ਼ਟ ਕੀਤੇ ਹੀ ਚੋਣਾਂ ਜਿੱਤ ਜਾਣ ਦੀ ਸੰਭਾਵਨ ਬਣ ਰਹੀ ਹੈ ਤਾਂ ਕੁਝ ਕਹਿ ਕੇ ਜਿੱਤੀ ਬਾਜ਼ੀ ਹੱਥੋਂ ਕਿਉਂ ਗੁਆਈ ਜਾਵੇ? ਇਸੇ ਸੋਚ ਅਧੀਨ ਹੀ ਚੋਣ ਮੁਹਿੰਮ ਨੂੰ ਮੁੱਦਿਆਂ ਦੀ ਥਾਂ ਟਰੰਪ ਸਟਾਈਲ ਲਹਿਰ ਵਾਂਗ ਚਲਾਇਆ ਜਾ ਰਿਹਾ ਹੈ।

ਲਿਬਰਲ ਪਾਰਟੀ ਤਾਂ ਐਲਾਨੀਆ ਘਾਟੇ ਵਾਲੇ ਬਜਟ ਲਿਆ ਕੇ ਸਹੂਲਤਾਂ ਪੈਦਾ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ ਪਰ ਫੋਰਡ ਘਾਟੇ ਵਾਲੇ ਬਜਟਾਂ ਦੇ ਹੱਕ 'ਚ ਨਹੀਂ। ਜਿਸ ਤੋਂ ਵੱਡਾ ਸਵਾਲ ਪੈਦਾ ਹੋ ਜਾਂਦਾ ਕਿ ਬਿਨਾ ਘਾਟੇ ਵਾਲੇ ਬਜਟ ਦੇ ਡੱਗ ਫੋਰਡ ਸਹੂਲਤਾਂ ਕਿਵੇਂ ਪੈਦਾ ਕਰਨਗੇ?

ਇਨ੍ਹਾਂ ਚੋਣਾਂ ਵਿਚ ਡੱਗ ਫੋਰਡ ਦੀ ਹਮਾਇਤ ਵਿਚ ਆਉਣ ਵਾਲੇ ਕੰਜ਼ਰਵੇਟਿਵ ਕ੍ਰਿਸਚੀਅਨਜ਼ ਵੀ ਇੱਕ ਦਿਲਚਸਪ ਵਿਸ਼ਾ ਹੈ। ਇਸ ਗਰੁਪ ਨੂੰ



ਨਾਲ ਰੱਖਣ ਲਈ ਡੱਗ ਫੋਰਡ ਨੇ ਸੈਕਸ ਕਰੀਕਲਮ ਅਤੇ ਮੈਥੇਮੈਟਿਕਸ ਕਰੀਕਲਮ ਨੂੰ ਬਦਲਣ ਦੀ ਗੱਲ ਸਪੱਸ਼ਟ ਕਹਿ ਦਿੱਤੀ ਹੈ। ਪਰ ਉਨ੍ਹਾਂ ਅਜੇ ਇਹ ਸਪੱਸ਼ਟ ਨਹੀਂ ਕੀਤਾ ਕਿ ਨਵਾਂ ਸਿਲੇਬਸ ਕਿਹੋ ਜਿਹੇ ਹੋਣਗੇ। ਇਸ ਮਸਲੇ 'ਤੇ ਪਾਰਟੀ ਦੀ ਨੀਤੀ ਵੀ ਸਪੱਸ਼ਟ ਨਹੀਂ ਰਹੀ। ਪਾਰਟੀ ਦੇ ਪਿਛਲੇ ਨੇਤਾ ਪੈਟਰਿਕ ਬਰਾਊਨ ਪਹਿਲਾਂ ਸੈਕਸ ਕਰੀਕਲਮ ਦੇ ਵਿਰੋਧ ਵਿਚ ਸਨ, ਫਿਰ ਇੱਕ ਸਾਲ ਬਾਅਦ ਹੱਕ 'ਚ ਹੋ ਗਏ, ਉਨ੍ਹਾਂ ਦੇ ਜਾਣ ਤੋਂ ਬਾਅਦ ਨਵਾਂ ਲੀਡਰ ਫਿਰ ਵਿਰੋਧ ਵਾਲੀ ਅਸਪਸ਼ਟ ਜਿਹੀ ਸੁਰ ਕੱਢਣ ਲੱਗ ਪਿਆ।

ਸੈਕਸ ਕਰੀਕਲਮ ਦੇ ਮੁੱਦੇ 'ਤੇ ਪੰਜਾਬੀ ਭਾਈਚਾਰੇ ਦੇ ਕਾਰਕੁਨਾਂ ਦੀ ਸਥਿਤੀ ਵੀ ਦਿਲਚਸਪ ਹੈ। ਹੈਰਾਨੀ ਦੀ ਗੱਲ ਹੈ ਕਿ ਕਰੀਕਲਮ ਦਾ ਵਿਰੋਧ ਕਰਨ ਵਾਲੇ ਕਈ ਪੀ. ਸੀ. ਪਾਰਟੀ ਦੀ ਨਾਮੀਨੇਸ਼ਨ ਹਾਰ ਗਏ ਹਨ ਅਤੇ ਕਈ ਜਿੱਤ ਕੇ ਉਮੀਦਵਾਰ ਬਣ ਗਏ ਹਨ। ਤਿੰਨ ਸਾਲ ਪਹਿਲਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਕਰੀਕਲਮ ਦਾ ਵਿਰੋਧ ਕਰਨ ਵਾਲੇ ਅਸਲ ਵਿਚ ਕਰੀਕਲਮ ਦੇ ਸਰੋਵਰ ਵਿਚੋਂ ਐਮ. ਪੀ. ਪੀ. ਦੀ ਮੱਛੀ ਫੜਨ ਲਈ ਕੁੰਡੀ ਲਾਈ ਬੈਠੇ ਹਨ। ਕਰੀਕਲਮ ਵਿਚ ਤਬਦੀਲੀਆਂ ਲਈ ਇਹ ਲੋਕ ਵੀ ਸਪੱਸ਼ਟ ਨਹੀਂ ਹਨ। ਸਪੱਸ਼ਟ ਕੀ ਹੋਣ! ਅਸਲ ਮਸਲਾ ਤਾਂ ਕੁਰਸੀ ਹਾਸਿਲ ਕਰਨ ਦਾ ਹੈ। ਕੁਰਸੀ ਹਾਸਿਲ ਕਰਨ ਲਈ ਲੀਡਰ ਮਗਰ ਚੱਲਣਾ ਪਵੇਗਾ। ਲੀਡਰ ਦੇ ਮਗਰ ਹੀ ਪਹਿਲਾਂ ਇਹ ਕਰੀਕਲਮ ਵਿਰੋਧੀ ਸਨ, ਫਿਰ ਹਮਾਇਤੀ ਹੋ ਗਏ, ਹੁਣ ਫਿਰ ਵਿਰੋਧੀ ਹੋ ਗਏ। ਸਟੈਂਡ ਬਦਲਣ ਦਾ ਸਵਾਲ ਇਨ੍ਹਾਂ ਕਾਰਕੁਨਾਂ 'ਤੇ ਹੀ ਨਹੀਂ ਹੈ, ਨਵੇਂ ਲੀਡਰ ਫੋਰਡ 'ਤੇ ਵੀ ਖੜ੍ਹਾ ਹੁੰਦਾ ਹੈ। ਡੱਗ ਫੋਰਡ ਨੇ ਪਹਿਲਾਂ ਸਰਮਾਏਦਾਰ ਡਿਵੈਲਪਰਾਂ ਨਾਲ ਸੁਰ ਮਿਲਾ ਕੇ ਨਵੇਂ ਘਰ ਬਣਾਉਣ ਲਈ ਗਰੀਨ ਬੈਲਟ ਖੋਲ੍ਹਣ ਦਾ ਐਲਾਨ ਕਰ ਦਿੱਤਾ ਪਰ ਲੋਕਾਂ ਦੇ ਵਿਰੋਧ ਕਾਰਨ ਅਗਲੇ ਹੀ ਦਿਨ ਇਹ ਐਲਾਨ ਵਾਪਿਸ ਲੈ ਲਿਆ। ਸਰਕਾਰ ਨੂੰ ਲੋਕਾਂ ਦੀ ਰਾਇ ਅਨੁਸਾਰ ਚਲਾਉਣ ਦਾ ਦਾਅਵਾ ਕਰਨ ਵਾਲੇ ਫੋਰਡ ਨੇ ਗਰੀਨ ਬੈਲਟ ਖੋਲ੍ਹਣ ਦੇ ਐਲਾਨ ਤੋਂ ਪਹਿਲਾਂ ਲੋਕਾਂ ਨੂੰ ਕਿਉਂ ਨਾ ਪੁੱਛਿਆ? ਇਸ ਤੋਂ ਜਾਪਦਾ ਹੈ ਕਿ ਲੋਕਾਂ ਨੂੰ ਪੁੱਛ ਕੇ ਚੱਲਣ ਵਾਲੀ ਗੱਲ ਕੇਵਲ ਸਿਆਸੀ ਜੁਮਲਾ ਸੀ ਅਸਲ ਗੱਲ ਤਾਂ ਮੋਟਾ ਮਾਲ ਬਣਾਉਣ ਵਾਲੇ ਕਾਰੋਬਾਰੀਆਂ ਨੂੰ ਪੁੱਛ ਕੇ ਚੱਲਣ ਦੀ ਹੈ।

ਡੱਗ ਫੋਰਡ ਦੇ ਸਲਾਹਕਾਰ ਸਮਝਾਉਂਦੇ ਤਾਂ ਹੋਣਗੇ ਪਰ ਫਿਰ ਵੀ ਮਨ ਦੀ ਗੱਲ ਬਾਹਰ ਆ ਹੀ ਜਾਂਦੀ ਹੈ। ਪਿਛਲੇ ਹਫਤੇ ਇੱਕ ਬਹਿਸ ਵਿਚ ਜਵਾਬ ਦਿੰਦਿਆਂ ਡੱਗ ਫੋਰਡ ਨੇ ਪਰਵਾਸੀਆਂ ਬਾਰੇ ਟਰੰਪ ਵਰਗੀ ਭਾਸ਼ਾ ਵਿਚ ਕੁਝ ਅਟਾ ਪਟਾ ਜਿਹਾ ਬੋਲ ਦਿੱਤਾ ਜਿਸ ਬਾਰੇ ਅਗਲੇ ਦਿਨ ਸਪੱਸ਼ਟੀਕਰਨ ਦੇ ਕੇ ਗੱਲ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਫੋਰਡ ਦੀ ਗੱਲਬਾਤ ਦਾ ਸਾਰ ਇਹ ਸੀ ਕਿ ਉਹ ਪਰਵਾਸੀਆਂ ਨੂੰ ਉਤਰੀ ਓਂਟਾਰੀਓ ਵਿਚ ਵਸਾਉਣ ਦੇ ਹੱਕ ਵਿਚ ਨਹੀਂ ਹੈ।

ਡੱਗ ਫੋਰਡ ਦੀ ਅਗਵਾਈ ਵਿਚ ਚੱਲ ਰਹੀ ਪੀ. ਸੀ. ਪਾਰਟੀ ਵਿਚੋਂ ਅਸੂਲਪ੍ਰਸਤੀ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਬਾਰੇ ਆ ਰਹੀਆਂ ਖਬਰਾਂ ਵੀ ਨਿਰਾਸ਼ਾਜਨਕ ਹਨ। ਡੱਗ ਫੋਰਡ ਨੇ 11 ਉਮੀਦਵਾਰ ਸਿੱਧੇ ਹੀ ਨਿਯੁਕਤ ਕਰ ਦਿੱਤੇ ਹਨ। ਇਨ੍ਹਾਂ ਵਿਚ ਪਹਿਲਾਂ ਰਹਿ ਚੁਕੇ ਪ੍ਰੀਮੀਅਰ ਮਾਈਕ ਹੈਰਿਸ ਦਾ ਲੜਕਾ ਵੀ ਸ਼ਾਮਿਲ ਹੈ ਜੋ ਪਹਿਲਾਂ ਇੱਕ ਹਲਕੇ ਤੋਂ ਨਾਮੀਨੇਸ਼ਨ ਚੋਣ ਹਾਰ ਚੁਕਾ ਸੀ।

ਇੱਥੇ ਡੱਗ ਫੋਰਡ ਵੱਲੋਂ ਮਿਸੀਸਾਗਾ ਸੈਂਟਰ ਤੋਂ ਉਮੀਦਵਾਰ ਬੀਬੀ ਤਾਨੀਆ ਦੀ ਉਮੀਦਵਾਰੀ ਖਾਰਿਜ ਕਰਨ ਦਾ ਕੇਸ ਵੀ ਦਿਲਚਸਪ ਹੈ। ਨਾਮੀਨੇਸ਼ਨ ਚੋਣ ਤੋਂ ਪਹਿਲਾਂ ਬੀਬੀ ਤਾਨੀਆ ਵੱਲੋਂ ਮੁਸਲਮਾਨ ਔਰਤਾਂ ਦੇ ਬੁਰਕੇ ਬਾਰੇ ਅਪਮਾਨਜਨਕ ਲਫਜ਼ ਲਿਖਣ ਦੀ ਗੱਲ ਬਾਹਰ ਆ ਚੁਕੀ ਸੀ ਪਰ ਡੱਗ ਫੋਰਡ ਨੇ ਕੋਈ ਗੱਲ ਨਹੀਂ ਗੌਲੀ। ਫਿਰ ਜਦ ਉਸ ਨੇ ਨਾਮੀਨੇਸ਼ਨ ਜਿੱਤ ਲਈ ਤਾਂ ਫੋਰਡ ਨੇ ਇਨ੍ਹਾਂ ਟਿੱਪਣੀਆਂ ਕਾਰਨ ਹੀ ਉਸ ਦੀ ਉਮੀਦਵਾਰੀ ਖਾਰਿਜ ਕਰ ਦਿੱਤੀ। ਸਵਾਲ ਪੈਦਾ ਹੁੰਦਾ ਹੈ ਕਿ ਆਖਰ ਪਾਰਟੀ ਦੀ ਅਸੂਲੀ ਨੀਤੀ ਕੀ ਹੈ? ਜੇ ਤਾਨੀਆਂ ਦੀਆਂ ਲਿਖਤਾਂ ਇਤਰਾਜ਼ਯੋਗ ਸਨ ਤਾਂ ਉਸ ਬਾਰੇ ਨਾਮੀਨੇਸ਼ਨ ਤੋਂ ਪਹਿਲਾਂ ਫੈਸਲਾ ਕਿਉਂ ਨਹੀਂ ਲਿਆ? ਫੋਰਡ ਦੇ ਇਸ ਫੈਸਲੇ ਕਾਰਨ 'ਸੋਸ਼ਲ ਕੰਜ਼ਰਵੇਟਿਵ' ਕਾਫੀ ਨਾਰਾਜ਼ ਹਨ। ਸੱਚ ਇਹ ਹੈ ਕਿ ਡੱਗ ਫੋਰਡ ਲੀਡਰ ਬਣਿਆ ਹੀ ਤਾਨੀਆ ਦੀ ਹਮਾਇਤ ਕਾਰਨ ਸੀ। ਵਿਚਾਰਵਾਨ ਲੋਕ ਇਸ ਨੂੰ ਫੋਰਡ ਦੀ ਅਸਪੱਸ਼ਟ ਤੇ ਬਚਕਾਨਾ ਲੀਡਰਸ਼ਿਪ ਆਖਦੇ ਹਨ।

ਚੋਣ ਸਰਵੇਖਣ ਬੇਸ਼ੱਕ ਫੋਰਡ ਦੇ ਹੱਕ ਵਿਚ ਆ ਰਹੇ ਹਨ ਪਰ ਫੋਰਡ ਵੱਲੋਂ ਆਪਣੀਆਂ ਨੀਤੀਆਂ ਅਤੇ ਅਹਿਮ ਮੁੱਦਿਆਂ ਬਾਰੇ ਸਟੈਂਡ ਸਪੱਸ਼ਟ ਨਾ ਕਰਨ ਕਰ ਕੇ ਇਹ ਹਾਲਾਤ ਬਦਲ ਵੀ ਸਕਦੇ ਹਨ। ਡੱਗ ਫੋਰਡ ਦੇ ਸਲਾਹਕਾਰ ਇੱਕੋ ਗੱਲ ਸਮਝਾ ਰਹੇ ਹਨ ਕਿ ਬਹੁਤਾ ਸਪੱਸ਼ਟ ਹੋਣ ਦੀ ਲੋੜ ਨਹੀਂ ਹੈ, ਵੋਟਾਂ ਤੱਕ ਦੱਬ ਘੁੱਟ ਕੇ ਟਾਈਮ ਕੱਢੋ, ਲੋਕ ਪੀ. ਸੀ. ਨੂੰ ਵੋਟ ਪਾਉਣ ਲਈ ਤਿਆਰ ਬੈਠੇ ਹਨ। ਜੇ ਲੋਕਾਂ ਵਾਕਿਆ ਈ ਸਰਕਾਰ ਬਦਲਣ ਲਈ ਵੋਟਾਂ ਪਾਉਣ ਵੇਲੇ ਇਹ ਨਾ ਸੋਚਿਆ ਕਿ ਉਹ ਸਰਕਾਰ ਕਿਉਂ ਬਦਲਣਾ ਚਾਹੁੰਦੇ ਹਨ ਅਤੇ ਕੀ ਨਵੀਂ ਸਰਕਾਰ ਉਨ੍ਹਾਂ ਦੇ ਮਸਲਿਆਂ ਦਾ ਹੱਲ ਪੇਸ਼ ਕਰ ਰਹੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਸਟੇਟ ਨੂੰ ਤਾਂ ਡੱਗ ਫੋਰਡ ਚਲਾਏਗਾ ਪਰ ਡੱਗ ਫੋਰਡ ਨੂੰ ਕੋਈ ਹੋਰ। ਉਂਜ 7 ਜੂਨ ਅਜੇ ਕਾਫੀ ਦੂਰ ਹੈ, ਹੋ ਸਕਦਾ ਹੈ ਡੱਗ ਫੋਰਡ ਆਪਣੀਆਂ ਨੀਤੀਆਂ ਨੂੰ ਹੋਰ ਸਪੱਸ਼ਟ ਕਰ ਹੀ ਦੇਵੇ। ਸੂਬੇ ਦੇ ਵੋਟਰ ਇਸ ਵੱਲ ਟਿਕਟਿਕੀ ਲਾਈ ਬੈਠੇ ਹਨ।

## ਦਸਤਾਰ ਮਾਮਲਾ: ਦਿੱਲੀ ਕਮੇਟੀ ਵੱਲੋਂ ਰਾਜਨਾਥ ਨੂੰ ਪੱਤਰ

**ਨਵੀਂ ਦਿੱਲੀ:** ਗੁਜਰਾਤ ਦੇ ਭਾਵਨਗਰ ਪਾਸਪੋਰਟ ਦਫਤਰ ਵੱਲੋਂ ਸਿੱਖ ਨੂੰ ਪਾਸਪੋਰਟ ਉਤੇ ਦਸਤਾਰ ਉਤਾਰ ਕੇ ਫੋਟੋ ਖਿਚਵਾਉਣ ਦਾ ਆਦੇਸ਼ ਦੇਣ ਦੇ ਮਾਮਲੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਰੁਖ



ਅਖਤਿਆਰ ਕਰ ਲਿਆ ਹੈ। ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਸਬੰਧੀ ਕਮੇਟੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖਿਆ ਗਿਆ ਹੈ।

ਸ੍ਰੀ ਜੀ.ਕੇ. ਨੇ ਦੱਸਿਆ ਕਿ ਕਮੇਟੀ ਕੋਲ ਭਾਵਨਗਰ ਵਿਚ ਰਹਿਣ ਵਾਲੇ ਅਜੀਤ ਸਿੰਘ ਹਰੀਮਲ ਕੁਕਡੇਜਾ ਵੱਲੋਂ ਸ਼ਿਕਾਇਤੀ ਪੱਤਰ ਭੇਜਿਆ ਗਿਆ ਹੈ ਜਿਸ 'ਚ ਉਨ੍ਹਾਂ ਦੱਸਿਆ ਹੈ ਕਿ ਸਿੰਧੀ ਪਰਿਵਾਰ ਵਿਚ ਜਨਮ ਲੈਣ ਦੇ ਬਾਵਜੂਦ ਸਿੱਖੀ ਨਾਲ ਪਿਆਰ ਹੋਣ ਕਰ ਕੇ ਉਹ ਸਿੰਘ ਸਜ ਗਿਆ ਸੀ ਅਤੇ ਗੁਰਦੁਆਰੇ ਵਿਖੇ ਗ੍ਰੰਥੀ ਤੇ ਰਾਗੀ ਸਿੰਘ ਵਜੋਂ ਸੇਵਾ ਨਿਭਾਉਂਦਾ ਹੈ। ਅਜੀਤ ਨੇ ਪਾਸਪੋਰਟ ਦਫਤਰ ਵਿਚ ਪਾਸਪੋਰਟ ਬਣਾਉਣ ਦੀ ਅਰਜ਼ੀ ਦਿੱਤੀ ਸੀ ਪਰ ਜਦੋਂ ਉਹ ਗਾਤਰਾ ਪਾ ਕੇ ਪਾਸਪੋਰਟ ਦਫਤਰ 'ਚ ਫੋਟੋ ਖਿਚਵਾਉਣ ਲਈ ਪੁੱਜਿਆ ਤਾਂ ਅਧਿਕਾਰੀ ਨੇ ਗਾਤਰਾ ਤੇ ਦਸਤਾਰ ਉਤਾਰਨ ਦਾ ਆਦੇਸ਼ ਦਿੱਤਾ।

ਸ੍ਰੀ ਜੀ.ਕੇ. ਨੇ ਦੱਸਿਆ ਕਿ ਆਦੇਸ਼ ਮੰਨਣ ਤੋਂ ਅਜੀਤ ਨੇ ਨਾਂਹ ਕਰ ਦਿਤੀ, ਜਿਸ 'ਤੇ ਅਧਿਕਾਰੀ ਨੇ ਸਾਫ ਕਿਹਾ ਕਿ ਜਦੋਂ ਤੱਕ ਕੇਸ ਬਾਹਰ ਨਹੀਂ ਦਿਖਣਗੇ ਉਦੋਂ ਤੱਕ ਉਹ ਫੋਟੋ ਨਹੀਂ ਖਿੱਚੇਗਾ। ਅਗਲੇ ਦਿਨ ਸਥਾਨਕ ਸਿੱਖ ਸੰਗਤ ਨੇ ਜਦੋਂ ਅਧਿਕਾਰੀ ਕੋਲ ਪੁੱਜ ਕੇ ਸਵਾਲ ਪੁੱਛੇ ਤਾਂ ਉਸ ਨੇ ਕਿਹਾ ਕਿ ਦਸਤਾਰ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ ਕਿਉਂਕਿ ਪਾਸਪੋਰਟ ਉਤੇ ਛਪਣ ਵਾਲੀ ਫੋਟੋ ਲਈ ਕੰਨ ਸਾਫ ਨਜ਼ਰ ਆਉਣੇ ਚਾਹੀਦੇ ਹਨ। ਉਸ ਪਿਛੋਂ ਅਜੀਤ ਦੇ ਸਾਥੀ ਵਿਸ਼ਾਲ ਸਿੰਘ ਨੇ ਆਰ.ਟੀ.ਆਈ. ਸਬੰਧੀ ਅਰਜ਼ੀ ਦਾਖਲ ਕੀਤੀ ਜਿਸ ਦੇ ਜਵਾਬ 'ਚ ਸਾਫ ਲਿਖਿਆ ਸੀ ਕਿ ਅਜਿਹਾ ਕੋਈ ਨਿਯਮ ਨਹੀਂ ਹੈ।

## ਨਰਾਇਣ ਦਾਸ ਨੇ ਸਿੱਖਾਂ ਕੋਲੋਂ ਮੰਗੀ ਮੁਆਫੀ

**ਅੰਮ੍ਰਿਤਸਰ:** ਪੰਜਵੇਂ ਗੁਰੂ ਅਰਜਨ ਦੇਵ ਜੀ ਬਾਰੇ ਗਲਤ ਟਿੱਪਣੀ ਕਰਨ ਵਾਲੇ ਸੰਤ ਨਰਾਇਣ ਦਾਸ ਨੇ ਆਪਣੀ ਗਲਤੀ ਲਈ ਸਿੱਖ ਕੌਮ ਕੋਲੋਂ ਮੁਆਫੀ ਮੰਗੀ ਹੈ। ਉਸ ਨੇ ਇਸ ਸਬੰਧੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਈ-ਮੇਲ ਕੀਤਾ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਨਰਾਇਣ ਦਾਸ ਵੱਲੋਂ ਗੁਰੂ ਅਰਜਨ ਦੇਵ ਜੀ ਅਤੇ ਭਗਤਾਂ ਦੀ ਬਾਣੀ ਬਾਰੇ ਟਿੱਪਣੀ ਕੀਤੀ ਗਈ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਸੀ। ਇਸ ਕਾਰਨ ਸਿੱਖ ਸੰਗਤ ਵਿਚ ਭਾਰੀ ਰੋਸ ਸੀ।

ਦਮਦਮੀ ਟਕਸਾਲ ਸਮੇਤ ਸ਼੍ਰੋਮਣੀ ਕਮੇਟੀ ਅਤੇ ਹੋਰ ਪੰਥਕ ਧਿਰਾਂ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਦੇ ਉਸ ਨੂੰ ਤੁਰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਸੀ। ਇਸ ਪਿੱਛੋਂ ਨਰਾਇਣ ਨਿਵਾਸ ਆਸ਼ਰਮ ਰਿਸ਼ੀਕੇਸ਼ (ਉਤਰਾਖੰਡ) ਦੇ ਆਗੂ ਨਰਾਇਣ ਦਾਸ ਨੇ ਅਕਾਲ ਤਖਤ ਦੇ ਜਥੇਦਾਰ ਦੇ ਨਾਮ ਪੰਜਾਬੀ ਵਿਚ ਹੱਥ ਨਾਲ ਲਿਖਿਆ ਇਕ ਪੱਤਰ ਈ-ਮੇਲ ਕੀਤਾ ਹੈ। ਇਹ ਪੱਤਰ ਇਕ ਸਾਦੇ ਕਾਗਜ਼ ਉਤੇ ਹੈ। ਇਸ ਉਪਰ ਉਸ ਦਾ ਪਤਾ ਅਤੇ ਮੋਬਾਈਲ ਨੰਬਰ ਹੈ। ਇਸ ਪੱਤਰ ਦੀਆਂ ਕਾਪੀਆਂ ਹੋਰ ਜਥੇਦਾਰਾਂ ਅਤੇ ਦਮਦਮੀ ਟਕਸਾਲ ਨੂੰ ਵੀ ਭੇਜੀਆਂ ਗਈਆਂ ਹਨ। ਟਕਸਾਲ ਆਗੂ ਸਰਚਾਂਦ ਸਿੰਘ ਵੱਲੋਂ ਇਸ ਦੀ ਕਾਪੀ ਮੀਡੀਆ ਨੂੰ ਵੀ ਭੇਜੀ ਗਈ ਹੈ।

ਪੱਤਰ ਵਿਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ ਬਾਰੇ ਉਸ ਕੋਲੋਂ ਬੋਲੇ ਗਲਤ ਸ਼ਬਦਾਂ ਲਈ ਅਕਾਲ ਤਖਤ ਸਾਹਿਬ ਉਤੇ ਹਾਜ਼ਰ ਹੋ ਕੇ ਖਿਮਾ ਯਾਚਨਾ ਕਰ ਕੇ ਆਪਣੀ ਭੁੱਲ ਬਖਸ਼ਾਉਣੀ ਚਾਹੁੰਦਾ ਹੈ। ਉਸ ਨੇ ਲਿਖਿਆ ਕਿ ਸਮੂਹ ਸਿੱਖ ਜਥੇਬੰਦੀਆਂ ਉਸ ਦੀ ਭੁੱਲ ਨੂੰ ਅਣਜਾਣ ਸਮਝ ਕੇ ਮੁਆਫ ਕਰ ਦੇਣ। ਉਸ ਨੇ ਸਿੱਖ ਪੰਥ ਨੂੰ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿਚ ਕੋਈ ਵੀ ਅਜਿਹੀ ਗਲਤੀ ਨਹੀਂ ਹੋਵੇਗੀ, ਜਿਸ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੇ।


## ਜਥੇਦਾਰ ਨੇ ਨਿਊਜ਼ੀਲੈਂਡ ਦੇ ਹਰਨੇਕ ਸਿੰਘ ਨੇਕੀ ਨੂੰ ਕੀਤਾ ਤਲਬ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿਊਜ਼ੀਲੈਂਡ ਦੇ ਹਰਨੇਕ ਸਿੰਘ ਨੇਕੀ ਨੂੰ ਗੁਰੂ ਸਾਹਿਬਾਨ, ਸਿੱਖ ਇਤਿਹਾਸ ਅਤੇ ਪਰੰਪਰਾਵਾਂ ਖਿਲਾਫ ਗਲਤ ਪ੍ਰਚਾਰ ਕਰਨ ਦੇ ਦੋਸ਼ ਹੇਠ ਦਸ ਦਿਨਾਂ ਵਿਚ ਅਕਾਲ ਤਖਤ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਹੈ। ਇਹ ਵਿਅਕਤੀ ਨਿਊਜ਼ੀਲੈਂਡ ਵਿਚ ਇਕ ਰੇਡੀਓ ਚਲਾ ਰਿਹਾ ਹੈ। ਇਸ ਸਬੰਧੀ ਇਕ ਪੱਤਰ ਹਰਨੇਕ ਸਿੰਘ ਨੇਕੀ ਨੂੰ ਭੇਜਿਆ ਗਿਆ ਹੈ।

ਇਹ ਪੱਤਰ ਅਕਾਲ ਤਖਤ ਦੇ ਸਕੱਤਰੇਤ ਤੋਂ ਜਥੇਦਾਰ ਦੇ ਨਿੱਜੀ ਸਹਾਇਕ ਸਤਿੰਦਰ ਸਿੰਘ ਵੱਲੋਂ ਭੇਜਿਆ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਖਿਲਾਫ ਪਿਛਲੇ ਦਿਨੀਂ ਸਿੱਖ ਸੰਗਤ ਵੱਲੋਂ ਵੱਡੇ ਪੱਧਰ ਉਤੇ ਸ਼ਿਕਾਇਤਾਂ ਆਈਆਂ ਸਨ ਕਿ ਇਹ ਆਪਣੇ ਰੇਡੀਓ ਰਾਹੀਂ ਸੰਗਤ ਵਿਚ ਗੁਰੂ ਸਾਹਿਬਾਨ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਬਾਰੇ ਗਲਤ ਪ੍ਰਚਾਰ ਕਰ ਰਿਹਾ ਹੈ। ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਉਤੇ ਉਸ ਨੂੰ ਸਪੱਸ਼ਟੀਕਰਨ ਦੇਣ ਵਾਸਤੇ ਹਦਾਇਤ ਕੀਤੀ ਗਈ ਹੈ। ਉਸ ਨੂੰ ਦਸ ਦਿਨਾਂ ਦਾ ਸਮਾਂ ਦਿੱਤਾ ਗਿਆ ਕਿ ਉਹ ਅਕਾਲ ਤਖਤ ਵਿਖੇ ਹਾਜ਼ਰ ਹੋ ਕੇ ਇਨ੍ਹਾਂ ਸ਼ਿਕਾਇਤਾਂ ਸਬੰਧੀ ਆਪਣਾ ਪੱਖ ਸਪਸ਼ਟ ਕਰੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ 20 ਮਈ ਨੂੰ ਨਿਊਜ਼ੀਲੈਂਡ ਵਿਚ ਸਿੱਖ ਸੰਗਤ ਨੇ ਇਕੱਠੇ ਹੋ ਕੇ ਉਸ ਖਿਲਾਫ ਰੋਸ ਵਿਖਾਵਾ ਵੀ ਕੀਤਾ ਸੀ। ਸੰਗਤ ਨੇ ਇਕੱਠੇ ਹੋ ਕੇ ਉਸ ਦੇ ਸਟੂਡੀਓ ਤੋਂ ਪਾਵਨ ਸਰੂਪ ਵਾਪਸ ਲਿਆਂਦਾ ਸੀ, ਜਿਸ ਨੂੰ ਨੇੜੇ ਹੀ ਇਕ ਗੁਰਦੁਆਰੇ ਵਿਚ ਰੱਖ ਦਿੱਤਾ ਗਿਆ ਸੀ।

# ਲੋਕਤੰਤਰ 'ਚ ਸਿਆਸੀ ਤਿਕੜਮਬਾਜ਼ੀ ਦੀ ਨਿਰੰਤਰਤਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਰਨਾਟਕ ਵਿਧਾਨ ਸਭਾ ਅੰਦਰ ਬਹੁ-ਮੱਤ ਦੀ ਪਰਖ ਤੋਂ ਪਹਿਲਾਂ ਦੋ ਦਿਨਾਂ ਦਾ ਮੁੱਖ ਮੰਤਰੀ ਯੇਦੀਯੁਰੱਪਾ ਅਸਤੀਫਾ ਦੇਣ ਨੂੰ ਮਜਬੂਰ ਹੋ ਗਿਆ ਹੈ। ਜਿਹੜਾ ਵਿਹਾਰ ਉਥੋਂ ਦੇ ਗਵਰਨਰ ਵਜੂਭਾਈ ਵਾਲਾ ਨੇ ਕੀਤਾ, ਉਹ ਅਸਲੋਂ ਹੀ ਨਿੰਦਣ ਯੋਗ ਸੀ। ਆਪਣੇ ਪਿਛੋਕੜ ਕਾਰਨ ਉਸ ਨੇ ਏਦਾਂ ਕਰਨਾ ਵੀ ਸੀ। ਜਦੋਂ ਨਰਿੰਦਰ ਮੋਦੀ ਨੇ ਪਹਿਲੀ ਵਾਰੀ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਵਾਗ ਸੰਭਾਲੀ ਤਾਂ ਉਹ ਵਿਧਾਇਕ ਨਹੀਂ ਸੀ ਹੁੰਦਾ। ਚੋਣ ਲੜਨ ਲਈ ਜਿਸ ਵਿਧਾਇਕ ਨੂੰ ਉਸ ਨੇ ਸੀਟ ਛੱਡਣ ਨੂੰ ਕਿਹਾ, ਉਹ ਮੰਨਿਆ ਨਹੀਂ ਸੀ। ਫਿਰ ਨਰਿੰਦਰ ਮੋਦੀ ਲਈ ਜਿਹੜੇ ਵਿਧਾਇਕ ਨੇ ਰਾਜਕੋਟ ਸੀਟ ਛੱਡੀ ਸੀ, ਉਹ ਕਰਨਾਟਕ ਦਾ ਅਜੋਕਾ ਗਵਰਨਰ ਵਜੂਭਾਈ ਵਾਲਾ ਹੀ ਸੀ। ਅਗਲੀ ਚੋਣ ਜਿੱਤ ਕੇ ਉਹ ਗੁਜਰਾਤ ਵਿਧਾਨ ਸਭਾ ਦਾ ਸਪੀਕਰ ਅਤੇ ਫਿਰ ਨਰਿੰਦਰ ਮੋਦੀ ਸਰਕਾਰ ਵਿਚ ਮੰਤਰੀ ਵੀ ਬਣਿਆ ਸੀ। ਕਰਨਾਟਕ ਦਾ ਗਵਰਨਰ ਉਸ ਨੂੰ ਬਣਾਇਆ ਹੀ ਇਸ ਕਰ ਕੇ ਸੀ ਕਿ ਲੋੜ ਪੈਣ ਵੇਲੇ ਨਾਲ ਨਿਭਦਾ ਰਹਿ ਸਕਦਾ ਹੈ, ਤੇ ਉਹ ਨਿਭਦਾ ਗਿਆ ਹੈ।

ਉਸ ਗਵਰਨਰ ਦੀ ਗੱਲ ਹੋਰ ਕਿਸੇ ਸਮੇਂ ਲਈ ਛੱਡ ਕੇ ਅਸੀਂ ਬੀਤੇ ਸਾਲ ਲੋਕ ਸਭਾ ਵਿਚ ਦਿੱਤਾ ਨਰਿੰਦਰ ਮੋਦੀ ਦਾ ਭਾਸ਼ਣ ਚੇਤੇ ਕਰੀਏ ਤਾਂ ਵੱਧ ਠੀਕ ਰਹੇਗਾ। ਉਸ ਤੋਂ ਪਤਾ ਲੱਗਦਾ ਹੈ ਕਿ ਮੋਦੀ ਕਿਸ ਸੋਚ ਉਤੇ ਚੱਲ ਰਿਹਾ ਹੈ, ਉਸ ਰੋਗ ਦੀ ਜੜ੍ਹ ਕਿਸ ਨੇ ਲਾਈ ਤੇ ਭੁਗਤਦਾ ਕੌਣ ਫਿਰਦਾ ਹੈ! ਪਿਛਲੇ ਸਾਲ ਇੱਕ ਦਿਨ ਲੋਕ ਸਭਾ ਵਿਚ ਮੋਦੀ ਨੇ ਆਪਣੀ ਗੱਲ ਇਥੋਂ ਸ਼ੁਰੂ ਕੀਤੀ ਕਿ ਮੇਰੀ ਇੱਛਾ ਗਰੀਬੀ ਹਟਾਉਣ ਦੀ ਹੈ, ਵਿਰੋਧੀ ਧਿਰ ਦੇ ਲੋਕ ਮੈਨੂੰ ਹਟਾਉਣ ਦੀ ਗੱਲ ਕਰਦੇ ਰਹਿੰਦੇ ਹਨ। ਵਿਰੋਧੀ ਧਿਰ ਨੇ ਰੌਲਾ ਪਾ ਦਿੱਤਾ ਕਿ ਇਹ ਸਾਡੇ ਉਤੇ ਦੋਸ਼ ਹੈ। ਮੋਦੀ ਕਹਿਣ ਲੱਗਾ ਕਿ ਜਦੋਂ ਇਹੀ ਗੱਲ ਇਸੇ ਲੋਕ ਸਭਾ ਵਿਚ ਇੰਦਰਾ ਗਾਂਧੀ ਨੇ ਕਹੀ ਸੀ, ਉਦੋਂ ਵੀ ਵਿਰੋਧੀ ਧਿਰ ਨੇ ਇਹੋ ਕਿਹਾ ਸੀ, ਇਹ ਮੇਰੇ ਸ਼ਬਦ ਨਹੀਂ, ਇੰਦਰਾ ਗਾਂਧੀ ਦੇ ਹਨ। ਉਸ ਦਿਨ ਇਸ ਤਰ੍ਹਾਂ ਦੀਆਂ ਕਈ ਗੱਲਾਂ ਮੋਦੀ ਨੇ ਕਹੀਆਂ ਸਨ, ਜਿਨ੍ਹਾਂ ਦਾ ਸਾਰ-ਤੱਤ ਸਿਰਫ ਇਹ ਸੀ ਕਿ ਉਹੀ ਕੁਝ ਮੈਂ ਕਹਿੰਦਾ ਤੇ ਕਰਦਾ ਹਾਂ, ਜੋ ਇੰਦਰਾ ਗਾਂਧੀ ਕਰਦੀ ਹੁੰਦੀ ਸੀ। ਲੋਕ ਸਭਾ ਦੀ ਕਾਰਵਾਈ ਦਾ ਰਿਕਾਰਡ ਉਹ ਨਾਲੋ-ਨਾਲ ਪੇਸ਼ ਕਰੀ ਜਾਂਦਾ ਸੀ ਤੇ ਉਹ ਝੁਠਲਾਇਆ ਨਹੀਂ ਸੀ ਜਾ ਸਕਦਾ। ਪਿਛਲੇ ਸਾਲ ਦੀ ਉਸ ਗੱਲ ਤੋਂ ਬਾਅਦ ਇਸ ਚੱਲ ਰਹੇ ਸਾਲ ਦੇ ਪਿਛਲੇ ਮਹੀਨੇ ਉਸ ਨੇ ਫਿਰ ਇੱਕ ਗੱਲ ਕਹੀ ਕਿ ਇੰਦਰਾ ਗਾਂਧੀ ਦੀ ਜਦੋਂ ਚੜ੍ਹਤ ਸੀ, ਉਦੋਂ ਜਿੰਨੇ ਰਾਜਾਂ ਵਿਚ ਉਸ ਦੀ ਪਾਰਟੀ ਦੀਆਂ ਸਰਕਾਰਾਂ ਸਨ, ਮੇਰੇ ਰਾਜ ਹੇਠ ਮੇਰੀ ਪਾਰਟੀ ਦੀਆਂ ਸਰਕਾਰਾਂ ਉਸ ਤੋਂ ਵੱਧ ਹੋ ਗਈਆਂ ਹਨ। ਉਸ ਦੇ ਮੂੰਹੋਂ ਇੱਕ ਗੱਲ ਇਹ ਵੀ ਨਿਕਲ ਗਈ ਕਿ ਇੰਦਰਾ ਗਾਂਧੀ ਆਪਣੇ ਰਾਜ ਦੌਰਾਨ ਕਿਸੇ ਹੋਰ ਪਾਰਟੀ ਦਾ ਰਾਜ ਕਿਸੇ ਸੂਬੇ ਵਿਚ ਚੱਲਦਾ ਬਰਦਾਸ਼ਤ ਨਹੀਂ ਸੀ ਕਰਦੀ। ਭਾਸ਼ਣ ਮੁਕਾਉਣ ਤੋਂ ਪਹਿਲਾਂ ਮੋਦੀ ਨੇ ਇਹ ਗੱਲ ਕਹਿ ਦਿੱਤੀ ਕਿ ਕੁਝ ਥੋੜ੍ਹੇ ਜਿਹੇ ਰਾਜ ਹਾਲੇ ਭਾਜਪਾ ਜਾਂ ਇਸ ਦੇ ਗੱਠਜੋੜ ਦੇ ਰਾਜ ਤੋਂ ਬਾਹਰ ਰਹਿੰਦੇ ਹਨ।

ਉਸ ਦਾ ਉਹ ਸਾਰਾ ਭਾਸ਼ਣ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਹ ਅਰਥ ਨਿਕਲਦਾ ਹੈ ਕਿ ਸੱਤਾ ਦੇ ਸਿਖਰ ਉਤੇ ਇੰਦਰਾ ਗਾਂਧੀ ਜਦੋਂ ਪਹੁੰਚੀ ਤਾਂ ਜਿਵੇਂ 'ਇੰਦਰਾ ਇਜ਼ ਇੰਡੀਆ' ਦਾ ਨਾਅਰਾ ਉਠਿਆ ਸੀ, ਉਸੇ ਤਰ੍ਹਾਂ ਇਸ ਦੇਸ਼ ਦੇ ਕੁਝ ਲੋਕਾਂ ਦੀ ਮਾਨਸਿਕਤਾ ਅੱਜ ਮੋਦੀ ਵਾਸਤੇ ਬਣਦੀ ਜਾਂਦੀ ਹੈ। ਇਸ ਹਫਤੇ ਕਰਨਾਟਕ ਦੀ ਬਹਿਸ ਦੌਰਾਨ ਇੱਕ ਭਾਜਪਾ ਬੁਲਾਰੇ ਨੇ ਇਹ ਵੀ ਕਹਿ ਦਿੱਤਾ ਕਿ ਸਾਨੂੰ ਦੋਸ਼ ਦੇਈ ਜਾਂਦੇ ਹੋ, ਕੇਰਲਾ ਵਿਚ ਪਹਿਲੀ ਕਮਿਊਨਿਸਟ ਸਰਕਾਰ ਬਹੁਮੱਤ ਦੇ ਬਾਵਜੂਦ ਕਿਸ ਨੇ ਤੋੜੀ ਸੀ? ਉਸ ਨੇ ਇਹ ਕਹਿ ਕੇ ਮਜ਼ਾਕ ਉਡਾਇਆ ਕਿ ਉਦੋਂ ਜਿਨ੍ਹਾਂ ਨੇ ਕਮਿਊਨਿਸਟ ਸਰਕਾਰ ਤੋੜੀ ਤੇ ਜਿਹੜੇ ਕਮਿਊਨਿਸਟਾਂ ਦੀ ਸਰਕਾਰ ਤੋੜੀ ਗਈ-ਅੱਜ ਦੋਵੇਂ ਧੜੇ ਮੋਦੀ ਵਿਰੋਧ ਵਿਚ ਖੜ੍ਹੇ ਬੋਲ ਰਹੇ ਹਨ। ਬਿਨਾ ਸ਼ੱਕ ਇਤਿਹਾਸ ਪੱਖੋਂ ਇਹ ਚੋਭ ਸੱਚੀ ਹੈ, ਪਰ ਇਸ ਬਹਾਨੇ ਨਾਲ ਭਾਜਪਾ ਨੂੰ ਉਹੋ ਕੁਝ ਕਰਨ ਦਾ ਲਾਇਸੈਂਸ ਤਾਂ ਨਹੀਂ ਮਿਲ ਸਕਦਾ। ਫਿਰ ਵੀ ਨਰਿੰਦਰ ਮੋਦੀ ਤਾਂ ਮੋਦੀ ਹੈ, ਮੋਦੀ ਟੀਮ ਇਹ ਕੰਮ ਕਰ ਰਹੀ ਹੈ। ਇੰਦਰਾ ਗਾਂਧੀ ਦੇ ਸੁੱਟੇ ਹੋਏ ਕੰਡੇ ਅੱਜ ਉਸ ਦਾ ਪੋਤਾ ਆਪਣੇ ਸਲਾਹਕਾਰਾਂ ਦੀ ਕੱਚ-ਘਰੜ ਟੀਮ ਨਾਲ ਚੁਗਣ ਦੇ ਯਤਨ ਕਰ ਰਿਹਾ ਹੈ, ਪਰ ਅਗਲੇ ਪਾਸੇ ਵਾਲੇ ਛੋਟੀ ਕੀਤੇ ਕੋਈ ਰਾਹ ਨਹੀਂ ਦੇ ਰਹੇ। ਇਹ ਖਿੱਚੋਤਾਣ ਹਾਲੇ ਕਾਫੀ ਲੰਬਾ ਸਮਾਂ ਚੱਲੇਗੀ।

ਰਹੀ ਗੱਲ ਕਰਨਾਟਕਾ ਦੀ, ਇਤਿਹਾਸ ਪੱਖੋਂ ਉਥੇ ਸੱਚਾ ਕੌਣ ਅਤੇ ਝੂਠਾ ਕੌਣ ਜਾਂ ਫਿਰ ਅਗਲੀ ਗੱਲ ਕਿ ਕਿਸੇ ਦੇ ਨਾਲ ਪੱਕੀ ਤਰ੍ਹਾਂ ਖੜ੍ਹਾ ਕੌਣ ਤੇ ਛੜੱਪੇ ਮਾਰਨ ਵਾਲਾ ਕੌਣ ਹੈ? ਇਸ ਦੀ ਵੀ ਬੜੀ ਲੰਮੀ ਦਾਸਤਾਨ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਸੁਪਰੀਮ ਕੋਰਟ ਹਰ ਗੱਲ ਖੁਦ ਵੇਖ ਰਹੀ ਸੀ, ਕਰਨਾਟਕਾ ਦੇ ਗਵਰਨਰ ਵਜੂਭਾਈ ਵਾਲਾ ਨੇ ਉਦੋਂ ਪ੍ਰੋ. ਟੈਮ ਸਪੀਕਰ ਵਜੋਂ ਉਸ ਵਿਧਾਇਕ ਨੂੰ ਮੋਹਰੇ ਲਾ ਦਿੱਤਾ, ਜਿਸ ਉਤੇ ਕਈ ਦਾਗ ਲੱਗੇ ਹੋਏ ਹਨ। ਉਸ ਨੂੰ ਦਾਗੀ ਸਿਰਫ ਇਸ ਲਈ ਨਹੀਂ ਕਿਹਾ ਜਾ ਰਿਹਾ ਕਿ ਉਹ ਕਾਂਗਰਸ ਜਾਂ ਜਨਤਾ ਦਲ (ਐਸ) ਦਾ ਵਿਰੋਧ ਕਰ ਚੁਕਾ ਸੀ, ਸਗੋਂ ਅੱਜ ਦੀ ਘੜੀ ਜਿਸ ਯੇਦੀਯੁਰੱਪਾ ਦੀ ਬੇੜੀ ਪਾਰ ਲਾਉਣ ਲਈ ਉਸ ਨੂੰ ਅੱਗੇ ਕੀਤਾ, ਉਸ ਵੱਲ ਵੀ ਉਸ ਵਿਧਾਇਕ ਦਾ ਸਪੀਕਰ ਵਜੋਂ ਦੋਗਲਾ ਕਿਰਦਾਰ ਰਿਹਾ ਅਤੇ ਯੇਦੀਯੁਰੱਪਾ ਉਸ ਦੀ ਇੱਕ ਵਾਰ ਸਿਫਤ ਤੇ ਦੂਸਰੀ ਵਾਰ ਨਿਖੇਧੀ ਕਰ ਚੁਕਾ ਸੀ। ਪਹਿਲਾਂ ਯੇਦੀਯੁਰੱਪਾ ਨੇ ਜਦੋਂ ਭਰੋਸੇ ਦਾ ਵੋਟ ਲੈਣਾ ਸੀ ਤਾਂ ਇਸੇ ਬੰਦੇ ਨੇ ਉਸ ਦੇ ਪੱਖ ਵਿਚ ਬੇਅਸੂਲੀ ਕੀਤੀ ਤੇ ਅਦਾਲਤ ਨੇ ਉਸ ਵਿਰੁਧ ਟਿੱਪਣੀਆਂ ਕੀਤੀਆਂ ਸਨ। ਫਿਰ ਯੇਦੀਯੁਰੱਪਾ ਨੇ ਜਦੋਂ ਭਾਜਪਾ ਦੇ ਜਗਦੀਸ਼ ਸ਼ੈਟਰ ਦੀ ਸਰਕਾਰ ਡੇਗਣੀ ਸੀ ਤਾਂ ਉਦੋਂ ਯੇਦੀਯੁਰੱਪਾ ਧੜੇ ਖਿਲਾਫ ਇਹੋ ਕੀਤਾ ਤੇ ਫਿਰ ਅਦਾਲਤ ਨੇ ਇਸੇ ਬੰਦੇ ਖਿਲਾਫ ਟਿੱਪਣੀਆਂ ਕੀਤੀਆਂ ਤੇ ਉਸ ਦੀ ਕਾਰਵਾਈ ਨੂੰ ਅਸੂਲਾਂ ਉਤੇ ਸ਼ੱਕ ਦੀ ਰੇਖਾ ਖਿੱਚਣ ਵਾਲੀ ਕਿਹਾ ਸੀ। ਉਸ ਵਕਤ ਯੇਦੀਯੁਰੱਪਾ ਉਸੇ ਬੰਦੇ ਬਾਰੇ ਏਦਾਂ ਹੱਦੋਂ ਵੱਧ ਭੈੜੇ ਸ਼ਬਦ ਕਹਿੰਦਾ ਸੀ, ਜਿਹੜੇ ਹਾਲ ਦੀ ਘੜੀ ਕਾਂਗਰਸ ਵਾਲਿਆਂ ਨੇ ਵੀ ਨਹੀਂ ਕਹੇ।

ਦੂਸਰਾ ਕਿਰਦਾਰ ਖੁਦ ਬੀ. ਐਸ. ਯੇਦੀਯੁਰੱਪਾ ਹੈ, ਜੋ ਭਾਜਪਾ ਦਾ ਬੜਾ ਭਰੋਸੇਮੰਦ ਕਿਹਾ ਜਾਂਦਾ ਹੈ, ਪਰ ਉਹ ਵੀ ਇਸ ਪਾਰਟੀ ਨੂੰ ਅੰਗੂਠਾ ਵਿਖਾ ਕੇ ਇੱਕ ਵਾਰ ਵੱਖਰੀ ਪਾਰਟੀ ਬਣਾ ਚੁਕਾ ਹੈ। ਜਦੋਂ ਭ੍ਰਿਸ਼ਟਾਚਾਰ ਦੇ ਦੋਸ਼ ਕਾਰਨ ਉਹ ਗੱਦੀ ਤੋਂ ਉਠਾਇਆ ਗਿਆ ਤਾਂ ਵਿਰੋਧੀ ਧਿਰ ਨੇ ਨਹੀਂ ਸੀ ਉਠਾਇਆ, ਭਾਜਪਾ ਲੀਡਰਸ਼ਿਪ ਨੂੰ ਖੁਦ ਉਠਾਉਣ ਵਾਲਾ ਫੈਸਲਾ ਲੈਣਾ ਪਿਆ ਸੀ। ਇਸ ਕਾਰਨ ਉਹ ਭੜਕ ਉਠਿਆ ਤੇ ਭਾਜਪਾ ਸਰਕਾਰ ਚੱਲਣ ਨਹੀਂ ਸੀ ਦਿੰਦਾ। ਫਿਰ ਵੱਖਰੀ ਪਾਰਟੀ ਦਾ ਝੰਡਾ ਉਦੋਂ ਤੱਕ ਚੁੱਕੀ ਰੱਖਿਆ, ਜਦੋਂ ਤੱਕ ਪਿਛਲੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਲਈ ਭਾਜਪਾ ਉਮੀਦਵਾਰ ਬਣਾਏ ਗਏ ਨਰਿੰਦਰ ਮੋਦੀ ਨੇ ਆਪ ਆ ਕੇ ਅਗਲੀ ਵਾਰ ਮੁੱਖ ਮੰਤਰੀ ਬਣਾਉਣ ਦਾ ਸੌਦਾ ਨਹੀਂ ਸੀ ਮਾਰਿਆ। ਦੋਵੇਂ ਜਣੇ ਕਿੰਨੇ ਦਿਨ ਇਕੱਠੇ ਰਹਿਣਗੇ, ਕੋਈ ਨਹੀਂ ਜਾਣਦਾ, ਕਿਉਂਕਿ ਸੋਨੇ ਦੇ ਮੇਜ਼-ਕੁਰਸੀਆਂ ਵਾਲੇ ਰੈਡੀ ਭਰਾਵਾਂ ਦਾ ਦਬਦਬਾ ਇਸ ਵਕਤ ਭਾਜਪਾ ਵਿਚ ਯੇਦੀਯੁਰੱਪਾ ਤੋਂ ਵੱਧ ਸੁਣਿਆ ਜਾ ਰਿਹਾ ਹੈ ਤੇ ਭਾਜਪਾ ਵੀ ਪਹਿਲਾਂ ਵਾਲੀ ਭਾਜਪਾ ਨਹੀਂ।

ਖੈਰ, ਇਹ ਸਾਰੇ ਮੁੱਦੇ ਕਿਸੇ ਹੋਰ ਵੇਲੇ ਲਈ ਰੱਖੇ ਜਾ ਸਕਦੇ ਹਨ। ਇਸ ਵੇਲੇ ਵੱਡਾ ਮੁੱਦਾ ਇਹ ਹੈ ਕਿ ਕਰਨਾਟਕ ਦੀ ਬਹਿਸ ਵਿਚ ਜਿਹੜਾ ਸਰਕਾਰਾਂ ਨੂੰ ਭੰਨਣ-ਘੜਨ ਦੇ ਫਾਰਮੂਲਿਆਂ ਦਾ ਬੇਅਸੂਲਾਪਣ ਹੋਇਆ ਹੈ ਤੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇੰਦਰਾ ਗਾਂਧੀ ਦੇ ਵੇਲੇ ਤੋਂ ਚੱਲਦਾ ਰਿਹਾ ਹੈ, ਇਹ ਕਦੋਂ ਤੱਕ ਏਦਾਂ ਚੱਲਦਾ ਰੱਖਣਾ ਹੈ?

ਇੱਕ ਜਵਾਕ ਨੂੰ ਉਸ ਦੇ ਬਾਪ ਨੇ ਥੱਪੜ ਮਾਰਿਆ ਸੀ। ਅਜੋਕੇ ਸਮੇਂ ਦੇ ਜਵਾਕ ਨੇ ਬਾਪ ਨੂੰ ਪੁੱਛਿਆ ਕਿ ਮਾਰਿਆ ਕਿਉਂ ਹੈ? ਬਾਪ ਨੇ ਕਿਹਾ ਕਿ ਮੇਰਾ ਬਾਪ ਵੀ ਮੈਨੂੰ ਮਾਰਦਾ ਹੁੰਦਾ ਸੀ। ਬੱਚੇ ਨੇ ਪੁੱਛਿਆ ਕਿ ਤੁਹਾਡਾ ਬਾਪ ਤੁਹਾਨੂੰ ਕਿਉਂ ਮਾਰਦਾ ਸੀ? ਬਾਪ ਨੇ ਕਿਹਾ ਕਿ ਮੇਰੇ ਬਾਪ ਦਾ ਬਾਪ ਵੀ ਉਸ ਨੂੰ ਮਾਰਦਾ ਹੁੰਦਾ ਸੀ। ਬੱਚੇ ਨੇ ਨਵਾਂ ਸਵਾਲ ਪੁੱਛ ਲਿਆ ਕਿ ਇਹ ਖਾਨਦਾਨੀ ਗੁੰਡਾਗਰਦੀ ਹਾਲੇ ਕਿੰਨੀਆਂ ਕੁ ਪੀੜ੍ਹੀਆਂ ਤੱਕ ਚੱਲਦੀ ਰੱਖਣ ਦਾ ਇਰਾਦਾ ਹੈ? ਕਰਨਾਟਕ ਦੇ ਇਸ ਵਾਰੀ ਦੇ ਸੱਤਾ ਸੰਘਰਸ਼ ਨੇ ਇਹੀ ਸਵਾਲ ਸਾਡੇ ਲੋਕਾਂ ਤੇ ਸਾਡੇ ਆਗੂਆਂ ਸਾਹਮਣੇ ਲਿਆ ਰੱਖਿਆ ਹੈ। ਪੰਡਿਤ ਨਹਿਰੂ ਦੇ ਸਮੇਂ ਜਾਂ ਇੰਦਰਾ ਗਾਂਧੀ ਦੇ ਵੇਲੇ ਜੋ ਵੀ ਹੋਇਆ ਹੋਵੇ ਅਤੇ ਨਰਿੰਦਰ ਮੋਦੀ ਨੇ ਅੱਜ ਤੱਕ ਜੋ ਕੁਝ ਕੀਤਾ ਹੈ, ਲੋਕਤੰਤਰ ਵਿਚ ਸਿਆਸੀ ਤਿਕੜਮਬਾਜ਼ੀ ਦੀ ਇਹ ਦੌੜ ਕਿੰਨੀਆਂ ਕੁ ਪੀੜ੍ਹੀਆਂ ਤੱਕ ਚੱਲਦੀ ਰੱਖਣ ਦਾ ਇਰਾਦਾ ਹੈ? ਕੀ ਏਨੀ ਹੋਈ ਬਥੇਰੀ ਨਹੀਂ?

## ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਪੁੱਜਾ ਨੌਜਵਾਨ ਡਿਪੋਰਟ

**ਨਵੀਂ ਦਿੱਲੀ:** ਤਕਰੀਬਨ 10 ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕਰ ਕੇ 11 ਦੇਸ਼ਾਂ ਵਿਚੋਂ ਲੰਘ ਕੇ ਇਕ ਮਹੀਨੇ ਵਿਚ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਪੁੱਜੇ ਪੰਜਾਬੀ ਨੌਜਵਾਨ ਨੂੰ ਭਾਰਤ ਡਿਪੋਰਟ ਕਰ ਦਿੱਤਾ ਗਿਆ। ਇਸ ਦੀ ਪਛਾਣ ਹਰਪ੍ਰੀਤ ਸਿੰਘ ਵਜੋਂ ਹੋਈ ਹੈ ਜੋ ਕਿ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਜ਼ਿਕਰਯੋਗ ਹੈ ਕਿ 20 ਅਗਸਤ 2016 ਨੂੰ ਹਰਪ੍ਰੀਤ ਸਿੰਘ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਬ੍ਰਾਜ਼ੀਲ ਲਈ ਰਵਾਨਾ ਹੋਇਆ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਬੋਲੀਵੀਆ ਤੋਂ ਉਹ ਲੀਮਾ, ਪੇਰੂ ਪੁੱਜਾ ਜਿਥੋਂ ਉਹ ਇਕਵਾਡੋਰ, ਕੋਲੰਬੀਆ ਤੇ ਪਨਾਮਾ ਤੋਂ ਹੁੰਦਾ ਹੋਇਆ ਕੋਸਟਾ ਰਿਕਾ ਪੁੱਜਾ। ਇਸ ਤੋਂ ਬਾਅਦ ਉਹ ਹੋਂਡੂਰਾਸ ਦਾਖਲ ਹੋਇਆ ਅਤੇ ਇਥੋਂ ਗੁਆਟੇਮਾਲਾ ਗਿਆ ਅਤੇ ਅੰਤ ਵਿਚ ਮੈਕਸੀਕੋ ਪੁੱਜਾ। ਮੈਕਸੀਕੋ ਤੋਂ ਉਹ ਗੈਰ ਕਾਨੂੰਨੀ ਤਰੀਕੇ ਨਾਲ ਕਿਸ਼ਤੀ ਰਾਹੀਂ ਅਮਰੀਕਾ ਪੁੱਜਾ। ਇਸ ਦੌਰਾਨ ਉਸ ਦਾ ਪਾਸਪੋਰਟ ਤੇ ਹੋਰ ਦਸਤਾਵੇਜ਼ ਕਿਸੇ ਨੇ ਚੋਰੀ ਕਰ ਲਏ ਜਿਸ ਤੋਂ ਬਾਅਦ ਉਸ ਨੇ ਭਾਰਤ 'ਚ ਆਪਣੇ ਏਜੰਟ ਤੱਕ ਪਹੁੰਚ ਕੀਤੀ ਜਿਸ ਨੇ ਉਸ ਨੂੰ ਜਾਅਲੀ ਪਾਸਪੋਰਟ ਬਣਾ ਕੇ ਦਿੱਤਾ। ਹਰਪ੍ਰੀਤ ਸਿੰਘ ਨੇ ਆਪਣੇ ਏਜੰਟ ਦਾ ਨਾਂ ਰਾਣਾ ਦੱਸਿਆ ਹੈ ਜੋ ਕਿ ਜਲੰਧਰ ਦਾ ਰਹਿਣ ਵਾਲਾ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਨੇ ਮੰਨਿਆ ਕਿ ਉਹ ਅਮਰੀਕਾ 'ਚ ਗੈਰ ਕਾਨੂੰਨੀ ਤੌਰ ਉਤੇ ਪਹੁੰਚਿਆ ਅਤੇ ਅਮਰੀਕਾ ਦੀ ਨਾਗਰਿਕਤਾ ਲੈਣੀ ਚਾਹੁੰਦਾ ਹੈ। ਅਮਰੀਕਾ ਪਹੁੰਚ ਕੇ ਉਸ ਨੇ ਇਕ ਸਟੋਰ 'ਤੇ 15 ਮਹੀਨੇ ਕੰਮ ਕੀਤਾ ਜਿਸ ਤੋਂ ਬਾਅਦ ਫੜੇ ਜਾਣ ਉਤੇ ਉਸ ਨੂੰ ਭਾਰਤ ਵਾਪਸ ਡਿਪੋਰਟ ਕਰ ਦਿੱਤਾ ਗਿਆ।

## ਟਰੰਪ ਨੇ ਗੈਰ ਕਾਨੂੰਨੀ ਪਰਵਾਸੀਆਂ ਨੂੰ ਕਿਹਾ ਜਾਨਵਰ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁਝ ਗੈਰ ਕਾਨੂੰਨੀ ਪਰਵਾਸੀਆਂ ਦੀ ਤੁਲਨਾ ਜਾਨਵਰਾਂ ਨਾਲ ਕਰ ਦਿੱਤੀ। ਟਰੰਪ ਨੇ ਅਮਰੀਕਾ ਦੇ ਪਰਵਾਸੀ ਕਾਨੂੰਨਾਂ ਨੂੰ ਬੇਕਾਰ ਦੱਸਦੇ ਹੋਏ ਆਲੋਚਨਾ ਕੀਤੀ ਅਤੇ ਕਿਹਾ ਕਿ ਸਿਰਫ ਯੋਗਤਾ ਦੇ ਆਧਾਰ ਉਤੇ ਲੋਕਾਂ ਨੂੰ ਅਮਰੀਕਾ 'ਚ ਸ਼ਰਨ ਦੇਣੀ ਚਾਹੀਦੀ ਹੈ। ਮੈਕਸੀਕੋ ਅਤੇ ਕੈਲੀਫੋਰਨੀਆ ਦੇ ਅਧਿਕਾਰੀਆਂ ਉਤੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਟਰੰਪ ਨੇ ਅਮਰੀਕਾ ਦੇ ਕਮਜ਼ੋਰ ਪਰਵਾਸੀ ਕਾਨੂੰਨਾਂ ਨੂੰ ਮਜ਼ਬੂਤ ਕਰਨ ਦਾ ਐਲਾਨ ਕੀਤਾ। ਟਰੰਪ ਨੇ ਵ੍ਹਾਈਟ ਹਾਊਸ 'ਚ ਕੈਲੀਫੋਰਨੀਆ ਸੈਂਕਚੂਰੀ ਸਟੇਟ ਰਾਊਂਡਟੇਬਲ ਦੌਰਾਨ ਕਿਹਾ ਕਿ ਸਾਡੇ ਦੇਸ਼ 'ਚ ਲੋਕ ਆ ਰਹੇ ਹਨ ਜਾਂ ਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਰੋਕ ਰਹੇ ਹਾਂ। ਤੁਸੀਂ ਯਕੀਨ ਨਹੀਂ ਕਰੋਗੇ ਕਿ ਇਹ ਲੋਕ ਕਿੰਨੇ ਬੁਰੇ ਹਨ, ਇਹ ਆਦਮੀ ਨਹੀਂ ਸਗੋਂ ਜਾਨਵਰ ਹਨ।

## ਪ੍ਰਿਅੰਕਾ ਚੋਪੜਾ ਵੱਲੋਂ ਰੋਹਿੰਗਿਆ ਦੀ ਮਦਦ ਦਾ ਸੱਦਾ

**ਢਾਕਾ:** ਯੂਨੀਸੈਫ ਦੀ ਸਦਭਾਵਨਾ ਦੂਤ ਪ੍ਰਿਅੰਕਾ ਚੋਪੜਾ ਨੇ ਬੰਗਲਾਦੇਸ਼ ਵਿਚ ਰੋਹਿੰਗਿਆ ਸ਼ਰਨਾਰਥੀ ਕੈਂਪਾਂ ਦਾ ਦੌਰਾ ਕੀਤਾ ਤੇ ਲੋਕਾਂ ਨੂੰ ਪੀੜਤ ਬੱਚਿਆਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੱਤਾ। 35 ਸਾਲਾ ਇਹ ਬਾਲੀਵੁੱਡ



ਅਦਾਕਾਰਾ ਜੋ ਅੱਜ-ਕੱਲ੍ਹ ਬੰਗਲਾਦੇਸ਼ ਦੇ ਦੌਰੇ ਉਤੇ ਹੈ, ਨੇ ਸੰਸਾਰ ਨੂੰ ਰੋਹਿੰਗਿਆ ਸ਼ਰਨਾਰਥੀਆਂ ਦੇ ਬੱਚਿਆਂ ਦੇ ਸੁਰੱਖਿਅਤ ਭਵਿੱਖ ਲਈ ਸਾਂਝੇ ਯਤਨ ਕਰਨ ਆਰੰਭਣ ਉਤੇ ਜ਼ੋਰ ਦਿੱਤਾ। ਮਿਆਂਮਾਰ ਤੋਂ 2017 ਦੇ ਅੱਧ ਵਿਚ ਉਜਾੜੇ ਸੱਤ ਲੱਖ ਰੋਹਿੰਗਿਆ ਸਰਹੱਦ ਪਾਰ ਕਰ ਕੇ ਬੰਗਲਾਦੇਸ਼ ਪਹੁੰਚ ਗਏ ਸਨ। ਇਨ੍ਹਾਂ ਵਿਚ 60 ਫੀਸਦੀ ਬੱਚੇ ਹਨ। ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਇਨ੍ਹਾਂ ਬੱਚਿਆਂ ਨੂੰ ਇਹ ਨਹੀਂ ਪਤਾ ਕਿ ਉਹ ਕਿਸ ਦੇਸ਼ ਦੇ ਵਾਸੀ ਹਨ। ਇਥੋਂ ਤੱਕ ਕਿ ਇਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਨੂੰ ਅਗਲਾ ਖਾਣਾ ਕਦੋਂ ਮਿਲੇਗਾ।

## ਗੂਗਲ, ਫੇਸਬੁੱਕ ਤੇ ਹੋਰਨਾਂ ਨੂੰ ਇਕ-ਇਕ ਲੱਖ ਜੁਰਮਾਨਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਸ਼ਲ ਸਾਈਟਾਂ ਉਤੇ ਜਿਨਸੀ ਅਪਰਾਧ ਵਾਲੇ ਵੀਡੀਓਜ਼ ਰੋਕਣ ਲਈ ਗੂਗਲ ਅਤੇ ਫੇਸਬੁੱਕ ਵਰਗੀਆਂ ਇੰਟਰਨੈੱਟ ਸੋਸ਼ਲ ਸਾਈਟਾਂ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜਵਾਬ ਦੇਣ 'ਚ ਨਾਕਾਮ ਰਹਿਣ ਉਤੇ ਗੂਗਲ ਤੇ ਫੇਸਬੁੱਕ ਵਰਗੀਆਂ ਵੱਡੀਆਂ ਇੰਟਰਨੈੱਟ ਸੋਸ਼ਲ ਸਾਈਟਾਂ ਨੂੰ ਇਕ-ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ।

## ਪਾਕਿਸਤਾਨ ਦੇ ਸਿੱਖਾਂ ਵੱਲੋਂ ਸ਼ਮਸ਼ਾਨਘਾਟ ਲਈ ਪਟੀਸ਼ਨ

**ਪਿਸ਼ਾਵਰ:** ਉਤਰੀ ਪਾਕਿਸਤਾਨ ਦੇ ਇਕ ਸਿੱਖ ਆਗੂ ਨੇ ਪਿਸ਼ਾਵਰ ਹਾਈ ਕੋਰਟ 'ਚ ਪਟੀਸ਼ਨ ਰਾਹੀਂ ਮੰਗ ਕੀਤੀ ਹੈ ਕਿ ਅਦਾਲਤ ਖ਼ੈਬਰ-ਪਖ਼ਤੂਨਵਾ ਸਰਕਾਰ ਨੂੰ ਆਦੇਸ਼ ਜਾਰੀ ਕਰੇ ਕਿ ਸਰਕਾਰ ਸਿੱਖ ਭਾਈਚਾਰੇ ਲਈ ਰਾਜਧਾਨੀ ਵਿਚ ਸ਼ਮਸ਼ਾਨਘਾਟ ਬਣਾਉਣ ਲਈ ਫੰਡ ਜਾਰੀ ਕਰੇ ਤਾਂ ਜੋ ਇਹ ਭਾਈਚਾਰਾ ਮ੍ਰਿਤਕ ਦੇਹਾਂ ਨੂੰ ਦਬਾਉਣ ਦੀ ਥਾਂ ਉਨ੍ਹਾਂ ਦਾ ਸਸਕਾਰ ਕਰ ਸਕੇ।

ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਸਿੱਖ ਭਾਈਚਾਰੇ ਦੇ ਆਗੂ ਬਾਬਾਜੀ ਗੁਰੂ ਗੁਰਪਾਲ ਸਿੰਘ ਨੇ ਆਪਣੇ ਵਕੀਲ ਜ਼ਰੀਏ ਪਟੀਸ਼ਨ ਦਾਇਰ ਕੀਤੀ ਹੈ ਕਿ ਸਰਕਾਰ ਨੇ 2017-18 ਦੇ ਬਜਟ ਵਿਚ ਸਿੱਖ ਭਾਈਚਾਰੇ ਦੇ ਸ਼ਮਸ਼ਾਨਘਾਟ ਤੇ ਈਸਾਈ ਭਾਈਚਾਰੇ ਦੇ ਕਬਰਿਸਤਾਨ ਲਈ 3 ਕਰੋੜ ਰੁਪਏ ਰੱਖੇ ਸਨ। ਫਿਰ ਵੀ ਸਰਕਾਰ ਨੇ ਹੁਣ ਤੱਕ ਨਾ ਹੀ ਇਹ ਫੰਡ ਜਾਰੀ ਕੀਤਾ ਹੈ ਤੇ ਨਾ ਹੀ ਇਸ ਪ੍ਰੋਜੈਕਟ ਸਬੰਧੀ ਕੋਈ ਯੋਜਨਾ ਬਣਾਈ ਹੈ।

ਅਦਾਲਤ ਨੂੰ ਦੱਸਿਆ ਗਿਆ ਕਿ ਖ਼ੈਬਰ ਪਖ਼ਤੂਨਵਾ 'ਚ 60 ਹਜ਼ਾਰ ਆਬਾਦੀ ਸਿੱਖਾਂ ਦੀ ਹੈ ਜਦੋਂ ਕਿ ਇਨ੍ਹਾਂ ਵਿਚੋਂ 15 ਹਜ਼ਾਰ ਪਿਸ਼ਾਵਰ 'ਚ ਹੀ ਰਹਿੰਦੇ ਹਨ। ਸਿੱਖਾਂ ਕੋਲ ਆਪਣੇ ਨੇੜਲਿਆਂ ਦੇ ਸਸਕਾਰ ਲਈ ਕੋਈ ਵੀ ਸ਼ਮਸ਼ਾਨਘਾਟ ਨਹੀਂ ਹੈ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਨੂੰ ਹੁਕਮ ਜਾਰੀ ਕਰੇ ਕਿ ਪਿਸ਼ਾਵਰ ਵਿਚ ਕੋਈ ਢੁਕਵੀਂ ਥਾਂ ਦੇਖ ਕੇ ਇਸ ਭਾਈਚਾਰੇ ਲਈ ਸ਼ਮਸ਼ਾਨਘਾਟ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸਿੱਖ ਭਾਈਚਾਰਾ ਆਪਣੇ ਨੇੜਲਿਆਂ ਦੀਆਂ ਅੰਤਿਮ ਰਸਮਾਂ ਸਿੱਖ ਰੀਤੀ ਰਿਵਾਜਾਂ ਮੁਤਾਬਕ ਪੂਰੀਆਂ ਕਰ ਸਕੇ।

ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਡੇਅਟਨ, ਓਹਾਇਓ ਵਿਚ ਇੰਡੀਅਨ ਰੈਸਟੋਰੈਂਟ 'ਕੱਰੀ ਐਂਡ ਗਰਿੱਲ' ਲਈ ਤਜਰਬੇਕਾਰ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਰਿਹਾਇਸ਼ ਮੁਫਤ, ਵਧੀਆ ਤਨਖਾਹ
ਸੰਪਰਕ ਕਰੋ, ਮਿਸਟਰ ਵਰਮਾ
ਫੋਨ: 937-626-9854
21-22

ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
21-22

ਪੰਜਾਬ ਟਾਈਮਜ਼

*ਸਨਿਚਰਵਾਰ, 26 ਮਈ 2018*

## ਸਰਕਾਰ ਦੀ ਨਾਕਾਮੀ ਤੇ ਨਾਕਾਬਲੀਅਤ

ਬਿਆਸ ਦਰਿਆ ਵਾਲੀ ਘਟਨਾ ਨੇ ਇਕ ਵਾਰ ਫਿਰ ਪ੍ਰਸ਼ਾਸਨ ਅਤੇ ਸਰਕਾਰ ਦੀ ਨਾਕਾਮੀ ਜਾਹਰ ਕਰ ਦਿੱਤੀ ਹੈ। ਦਰਿਆ ਦਾ ਪਾਣੀ ਜਿਉਂ ਜਿਉਂ ਅਗਾਂਹ ਨਹਿਰਾਂ ਤੱਕ ਅੱਪੜਿਆ, ਉਨ੍ਹਾਂ ਨਹਿਰਾਂ ਦਾ ਪਾਣੀ ਵੀ ਕਾਲਾ ਹੁੰਦਾ ਚਲਾ ਗਿਆ। ਹੁਣ ਮਾਲਵੇ ਵਿਚ ਇਹ ਪਾਣੀ ਵਰਤਣ ਤੋਂ ਲੋਕਾਂ ਨੂੰ ਰੋਕਿਆ ਜਾ ਰਿਹਾ ਹੈ। ਇੰਨੀ ਗਰਮੀ ਵਿਚ ਲੋਕ ਪਾਣੀ ਲਈ ਤ੍ਰਾਹ-ਤ੍ਰਾਹ ਕਰ ਰਹੇ ਹਨ। ਸਿਤਮਜ਼ਰੀਫੀ ਇਹ ਕਿ ਇੰਨੀ ਵੱਡੀ ਘਟਨਾ ਹੋਣ ਦੇ ਬਾਵਜੂਦ ਸਰਕਾਰ ਨੇ ਮਾਮਲਾ ਰਫਾ-ਦਫਾ ਕਰਨ ਦੀ ਹੀ ਕੋਸ਼ਿਸ਼ ਕੀਤੀ, ਕਿਉਂਕਿ ਸਬੰਧਤ ਸ਼ਰਾਬ ਫੈਕਟਰੀ ਜਿਸ ਵਿਚੋਂ ਨਿਕਲੇ ਸੀਰੇ ਨੇ ਪੰਜਾਬ ਦੇ ਸਭ ਤੋਂ ਸਾਫ ਮੰਨੇ ਜਾਂਦੇ ਬਿਆਸ ਦਰਿਆ ਦੇ ਪਾਣੀ ਅੰਦਰ ਵੀ ਜ਼ਹਿਰ ਘੋਲ ਦਿੱਤਾ, ਉਹ ਕਿਸੇ ਰਸੂਖਵਾਨ ਲੀਡਰ ਦੀ ਹੈ। ਇਹ ਮੁੱਦਾ ਜ਼ੋਰਦਾਰ ਢੰਗ ਨਾਲ ਹਰ ਮੰਚ ਤੋਂ ਉਠਣਾ ਚਾਹੀਦਾ ਸੀ ਪਰ ਜਿਸ ਢੰਗ ਨਾਲ ਸ਼੍ਰੋਮਣੀ ਅਕਾਲੀ ਦਲ ਨੇ ਇਹ ਮੁੱਦਾ ਉਠਾਇਆ, ਉਸ ਤੋਂ ਜਾਹਰ ਹੋ ਗਿਆ ਕਿ ਨਿੱਘਰੀ ਹੋਈ ਸਿਆਸਤ ਕਾਰਨ ਹੀ ਪੰਜਾਬ ਅਤੇ ਪੰਜਾਬੀਆਂ ਦਾ ਹਾਲ ਨਿੱਤ ਦਿਨ ਮਾੜਾ ਹੁੰਦਾ ਜਾ ਰਿਹਾ ਹੈ। ਕਰਨਾਟਕ ਵਿਚ ਭਾਜਪਾ ਨੇ ਲੋਕਤੰਤਰ ਦਾ ਘਾਣ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਖੇਤਰੀ ਸਿਆਸਤ ਨੂੰ ਮਿੱਟੀ-ਘੱਟੇ ਵਿਚ ਰੋਲਣ ਦੀ ਕੋਸ਼ਿਸ਼ ਕੀਤੀ। ਖੇਤਰੀ ਸਿਆਸਤ ਦੇ ਸਦਾ ਹੀ ਅਲੰਬਰਦਾਰ ਰਹੇ ਅਕਾਲੀ ਦਲ ਤੋਂ ਇਸ ਬਾਰੇ ਇਕ ਵੀ ਸ਼ਬਦ ਨਾ ਸਰਿਆ, ਕਿਉਂਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਚ ਬਾਦਲਾਂ ਦੀ ਨੂੰਹ ਮੰਤਰੀ ਹੈ ਪਰ ਜਿਉਂ ਹੀ ਪਤਾ ਲੱਗਾ ਕਿ ਬਿਆਸ ਦਰਿਆ ਵਿਚ ਸੀਰਾ ਸੁੱਟਣ ਵਾਲੀ ਫੈਕਟਰੀ ਦਾ ਮਾਲਕ ਵਿਰੋਧੀ ਧਿਰ ਵਿਚੋਂ ਹੈ ਤਾਂ ਤੁਰੰਤ ਪਾਰਟੀ ਦਾ ਬਿਆਨ ਆ ਗਿਆ। ਇਹੀ ਨਹੀਂ, ਪਾਰਟੀ ਨੇ ਇਸ ਨੂੰ ਸ਼ਾਹਕੋਟ ਦੀ ਉਪ ਚੋਣ ਵਿਚ ਮੁੱਖ ਮੁੱਦਾ ਬਣਾਉਣ ਵਿਚ ਰੱਤੀ ਭਰ ਵੀ ਦੇਰੀ ਨਹੀਂ ਕੀਤੀ। ਸਵਾਲ ਇਹ ਹੈ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਵੇਲੇ ਕੀ ਇਸ ਫੈਕਟਰੀ ਵਿਚੋਂ ਨਿਕਲਦੇ ਤਰਲ ਪ੍ਰਦੂਸ਼ਿਤ ਨਹੀਂ ਸਨ? ਕੀ ਉਦੋਂ ਫੈਕਟਰੀ ਅੰਦਰ ਟ੍ਰੀਟਮੈਂਟ ਪਲਾਂਟ ਕੰਮ ਕਰ ਰਹੇ ਸਨ? ਕੀ ਇਸ ਫੈਕਟਰੀ ਦਾ ਪਾਣੀ ਆਲੇ-ਦੁਆਲੇ ਦੇ ਲੋਕਾਂ ਨੂੰ ਪ੍ਰਭਾਵਿਤ ਨਹੀਂ ਸੀ ਕਰਦਾ? ਇਹ ਫੈਕਟਰੀਆਂ ਅੱਜ ਨਹੀਂ ਲੱਗੀਆਂ। ਅਸਲ ਵਿਚ ਸਾਡਾ ਪ੍ਰਸ਼ਾਸਕੀ ਢਾਂਚਾ ਨਾਕਸ ਹੋ ਚੁਕਾ ਹੈ ਅਤੇ ਇਸ ਉਤੇ ਅੱਜ ਦੀ ਧਨਾਢ ਸਿਆਸਤ ਦਾ ਕਬਜ਼ਾ ਹੈ। ਸਾਡੀ ਸਿਆਸਤ ਦਾ ਇਹੀ ਉਹ ਨੁਕਤਾ ਹੈ ਜਿਸ ਬਾਰੇ ਹੁਣ ਵੱਧ ਤੋਂ ਵੱਧ ਲੋਕਾਂ ਨੂੰ ਚੇਤੰਨ ਕਰਨ ਦੀ ਜ਼ਰੂਰਤ ਹੈ ਤਾਂ ਕਿ ਅਜਿਹੇ ਸਿਆਸੀ ਲੀਡਰਾਂ ਦੀਆਂ ਮਨਮਰਜ਼ੀਆਂ ਨੂੰ ਠੱਲ੍ਹ ਪਾਈ ਜਾ ਸਕੇ।

ਤੱਥ ਬੋਲਦੇ ਹਨ ਕਿ ਸਤਲੁਜ ਦਰਿਆ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁਕਾ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾ ਸੋਧੇ ਇਸ ਵਿਚ ਪੈ ਰਿਹਾ ਹੈ। ਲੁਧਿਆਣਾ ਟੱਪ ਕੇ ਤਾਂ ਇਸ ਦਰਿਆ ਦੇ ਪਾਣੀ ਦਾ ਰੰਗ ਐਨ ਕਾਲਾ ਹੋ ਜਾਂਦਾ ਹੈ। ਹੁਣ ਤਾਂ ਸਨਅਤੀ ਸ਼ਹਿਰਾਂ ਅਤੇ ਨਗਰਾਂ ਦਾ ਧਰਤੀ ਹੇਠਲਾ ਪਾਣੀ ਵੀ ਕਿੰਨਾ ਹਾਨੀਕਾਰਕ ਹੋ ਗਿਆ ਹੈ। ਪੰਜਾਬ ਵਿਚ ਧਰਤੀ ਹੇਠਲਾ ਪਾਣੀ ਉਂਜ ਹੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਅਜਿਹੇ ਤਬਾਹਕੁਨ ਹਾਲਾਤ ਨਾਲ ਨਜਿੱਠਣ ਲਈ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਕੋਈ ਪ੍ਰਬੰਧ ਨਹੀਂ ਕੀਤੇ ਗਏ। ਉਂਜ ਵੀ ਬਿਆਸ ਕਾਂਡ ਨਾਲ ਬਹੁਤ ਕਚਘਰੜ ਢੰਗ ਨਾਲ ਨਜਿਠਣ ਦਾ ਯਤਨ ਕੀਤਾ ਗਿਆ ਹੈ। ਕੱਲ੍ਹ ਨੂੰ ਫੈਕਟਰੀ ਮਿੱਲ ਮਾਲਕਾਂ ਨੂੰ ਕੁਝ ਕੁ ਜੁਰਮਾਨਾ ਲਾ ਕੇ ਬਰੀ ਕਰ ਦਿੱਤਾ ਜਾਵੇਗਾ ਅਤੇ ਸਵਾਲ ਉਥੇ ਦੇ ਉਥੇ ਖੜ੍ਹੇ ਰਹਿਣਗੇ। ਕਾਨੂੰਨ ਕਹਿੰਦਾ ਹੈ ਕਿ ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲੇ ਤਰਲ ਪਦਾਰਥ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਤਾਜ਼ਾ ਪਾਣੀ ਨਾਲ ਸੋਧਣਾ ਜ਼ਰੂਰੀ ਹੁੰਦਾ ਹੈ। ਇਹ ਕਾਰਜ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਦੀ ਮੰਗ ਕਰਦਾ ਹੈ ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨੇਮਾਂ ਦੀ ਪਾਲਣਾ ਕਰ ਰਹੇ ਹਨ? ਸਾਧਾਰਨ ਜਿਹੀ ਸ਼ਰਾਬ ਫੈਕਟਰੀ ਜਿਹੜੀ ਹਰ ਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੋਵੇ, ਜ਼ਹਿਰੀਲੇ ਪਦਾਰਥ ਦੀ 4 ਤੋਂ 6 ਲੱਖ ਲਿਟਰ ਮਾਤਰਾ ਪੈਦਾ ਕਰਦੀ ਹੈ। ਜਾਹਰ ਹੈ ਕਿ ਇਹ ਜ਼ਹਿਰੀਲੇ ਪਦਾਰਥ ਸਾਡੇ ਜਲ ਸੋਮਿਆਂ ਅੰਦਰ ਹੀ ਜਾਂਦੇ ਹਨ। ਇਸ ਵਾਰ ਮਾਮਲਾ ਇਸ ਕਰ ਕੇ ਵਧ ਗਿਆ ਕਿਉਂਕਿ ਨੁਕਸਾਨ ਵੱਡੀ ਪੱਧਰ 'ਤੇ ਹੋਇਆ ਹੈ। ਨਹੀਂ ਤਾਂ ਮਾੜੀ-ਮੋਟੀ ਘਟਨਾ ਨੂੰ ਤਾਂ ਕੋਈ ਗੌਲਦਾ ਵੀ ਨਹੀਂ ਹੈ। ਹੋਰ ਤਾਂ ਹੋਰ, ਬਹੁਤ ਵਾਰ ਉਨ੍ਹਾਂ ਕਿਸਾਨਾਂ ਦੀ ਫਰਿਆਦ ਵੀ ਕੋਈ ਨਹੀਂ ਸੁਣਦਾ ਜਿਨ੍ਹਾਂ ਦੇ ਖੇਤਾਂ ਅੰਦਰ ਰਿਸਿਆ ਇਹ ਜ਼ਹਿਰੀਲਾ ਪਦਾਰਥ ਫਸਲਾਂ ਤਬਾਹ ਕਰ ਜਾਂਦਾ ਹੈ।

ਅਸਲ ਵਿਚ ਇਹੀ ਉਹ ਮਸਲੇ ਹਨ ਜਿਨ੍ਹਾਂ ਵੱਲ ਅੱਜ ਦੀ ਸਿਆਸਤ ਨੇ ਕਦੀ ਧਿਆਨ ਨਹੀਂ ਦਿੱਤਾ ਹੈ। ਪੰਜਾਬ ਦੇ ਪ੍ਰਦੂਸ਼ਿਤ ਪਾਣੀਆਂ ਕਾਰਨ, ਖਾਸ ਕਰ ਕੇ ਮਾਲਵਾ ਖੇਤਰ ਵਿਚ ਲੋਕ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨਾਲ ਜੂਝ ਰਹੇ ਹਨ ਪਰ ਸਿਹਤ ਸੇਵਾਵਾਂ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਹਨ। ਹੁਣ ਤਾਂ ਸਗੋਂ ਪ੍ਰਾਈਵੇਟ ਸਿਹਤ ਸੰਸਥਾਵਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਰਕਾਰੀ ਸਿਹਤ ਅਦਾਰਿਆਂ ਅੰਦਰ ਉਹ ਸਹੂਲਤਾਂ ਦਿੱਤੀਆਂ ਹੀ ਨਹੀਂ ਜਾ ਰਹੀਆਂ ਜਿਨ੍ਹਾਂ ਦੀ ਅੱਜ ਬੇਹੱਦ ਜ਼ਰੂਰਤ ਹੈ। ਸਿੱਟੇ ਵਜੋਂ ਲੋਕਾਂ ਨੂੰ ਪ੍ਰਾਈਵੇਟ ਅਦਾਰਿਆਂ ਵੱਲੋਂ ਮਹਿੰਗੇ ਭਾਅ ਦਿੱਤੀਆਂ ਜਾ ਰਹੀਆਂ ਸਹੂਲਤਾਂ ਉਤੇ ਪੈਸੇ ਰੋੜ੍ਹਨੇ ਪੈ ਰਹੇ ਹਨ। ਅੱਜ ਪੰਜਾਬ ਦਾ ਹਰ ਵਿਭਾਗ ਅਤੇ ਅਦਾਰਾ ਕੁਹਜੀ ਸਿਆਸਤ ਦੀ ਮਾਰ ਹੇਠ ਹੈ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸਿਫਰ ਉਤੇ ਪਹੁੰਚ ਚੁਕੀ ਹੈ। ਲੋਕਾਂ ਨੂੰ ਆਪਣੇ ਜਾਇਜ਼ ਕੰਮ ਕਰਵਾਉਣ ਲਈ ਵੀ ਦਫਤਰਾਂ ਵਿਚ ਧੱਕੇ ਖਾਣੇ ਪੈ ਰਹੇ ਹਨ, ਜਾਂ ਕੰਮ ਕਰਵਾਉਣ ਲਈ ਵਿਚੋਲੇ ਲੱਭਣੇ ਪੈ ਰਹੇ ਹਨ, ਤੇ ਵਿਚੋਲਿਆਂ ਦਾ ਇਹ ਕੰਮ ਸਾਡੇ ਸਿਆਸਤਦਾਨਾਂ ਦੇ ਨੇੜਲਿਆਂ ਨੇ ਆਪਣੇ ਹੱਥ ਲਿਆ ਹੋਇਆ ਹੈ। ਹੇਠਲੇ ਪੱਧਰ ਉਤੇ ਇਹ ਅਜਿਹਾ ਨੈਟਵਰਕ ਬਣ ਚੁਕਾ ਹੈ ਜਿਸ ਵਿਚੋਂ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਲੰਘਣਾ ਪੈ ਰਿਹਾ ਹੈ। ਪੰਜਾਬ ਦਾ ਦੁਖਾਂਤ ਇਹ ਹੈ ਕਿ ਇਸ ਨੈਟਵਰਕ ਨੂੰ ਤੋੜਨ ਲਈ ਕਿਤੇ ਕੋਈ ਹੀਲਾ-ਵਸੀਲਾ ਨਹੀਂ ਹੋ ਰਿਹਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਕੋਰਟ, ਕਪਟ ਤੇ ਕਰਨਾਟਕ !*

ਗੱਦੀ ਮੱਲੀ ਸੀ ਥੈਲੀਆਂ ਆਸਰੇ ਜੋ, ਗਈ ਪੇਸ਼ ਨਾ ਫੇਰ ਮੂੰਹ ਸੁੱਕਿਆ ਏ।
ਰਾਜ-ਸ਼ਾਹੀ ਦਾ ਜੋਰ ਬੇਵੱਸ ਹੋਇਆ, 'ਏਕਾ' ਧੌਂਸ ਦੇ ਮੋਹਰੇ ਨਾ ਝੁਕਿਆ ਏ।
ਖਾਨੇ ਇਨ੍ਹਾਂ ਦੇ ਭਲਾਂ ਜੀ ਕੌਣ ਪਾਵੇ, ਝੂਠ ਸਦਾ ਸੱਚਾਈ ਤੋਂ ਠੁੱਕਿਆ ਏ।
ਆਗੂ ਹੋਏ ਨੇ ਬੇਹਯਾ ਏਨੇ ਕਿ ਚੱਟਣ ਲੱਗਿਆਂ ਨਾ ਦੇਖਦੇ ਥੁੱਕਿਆ ਏ।
ਸਮੇਂ ਲੱਦ ਗਏ 'ਇਕ ਹੀ ਪਾਰਟੀ' ਦੇ, 'ਗਠਜੋੜ' ਹੀ ਆਖਰ ਨੂੰ ਬੁੱਕਿਆ ਏ।
ਸੰਘੀ ਕੋਰਟ ਨੇ ਕਪਟ ਦੀ ਨੱਪ ਦਿੱਤੀ, 'ਨਾਟਕ' ਇੰਜ 'ਕਰਨਾਟਕ' ਦਾ ਮੁੱਕਿਆ ਏ !

# ਪੰਜਾਬ ਦਾ ਉਜਾੜਾ ਅਤੇ ਸਿਆਸਤਦਾਨ

## ਵਾਰੀ ਵਾਰੀ ਖਜ਼ਾਨੇ ਨੂੰ ਲਾਇਆ ਡੀਕ

***ਪੰਜਾਬ ਸੱਚਮੁੱਚ ਇਸ ਵੇਲੇ ਔਖੇ ਹਾਲਾਤ ਵਿਚੋਂ ਲੰਘ ਰਿਹਾ ਹੈ। ਨਸ਼ਿਆਂ ਅਤੇ ਬੇਰੁਜ਼ਗਾਰੀ ਨੇ ਇਸ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਜਿਵੇਂ ਕਿਵੇਂ ਇਸ ਨੂੰ ਲੀਹ ਉਤੇ ਲਿਆਉਣ ਦੀ ਜ਼ਿੰਮੇਵਾਰੀ ਪੰਜਾਬ ਦੀ ਲੀਡਰਸ਼ਿਪ ਦੀ ਸੀ ਪਰ ਇਸ ਦੀ ਸਮੁੱਚੀ ਲੀਡਰਸ਼ਿਪ ਨੂੰ ਆਪਾ-ਧਾਪੀ ਪਈ ਹੋਈ ਹੈ। ਸੂਬੇ ਨੂੰ ਲੀਹ ਉਤੇ ਲਿਆਉਣਾ ਸੱਤਾਧਾਰੀ ਕਾਂਗਰਸ ਦੇ ਏਜੰਡੇ 'ਤੇ ਹੀ ਨਹੀਂ; ਦੂਜੇ ਬੰਨੇ ਵਿਰੋਧੀ ਧਿਰ ਵੀ ਘੱਟ ਨਹੀਂ ਗੁਜ਼ਾਰ ਰਹੀ। ਬੁੱਢੀ ਲੀਡਰਸ਼ਿਪ ਨੇ ਸੂਬੇ ਨੂੰ ਹੋਰ ਕੰਗਾਲ ਅਤੇ ਕੁੱਬਾ ਕਰ ਦਿੱਤਾ ਹੈ। ਇਸ ਦੀ ਸਾਰ ਲੈਣ ਵਾਲੀ ਸੁਘੜ-ਸਿਆਣੀ ਲੀਡਰਸ਼ਿਪ ਕਦੋਂ ਅਤੇ ਕਿਵੇਂ ਸਿਆਸੀ ਦ੍ਰਿਸ਼ ਉਤੇ ਆਵੇਗੀ, ਫਿਲਹਾਲ ਇਸ ਬਾਰੇ ਕੋਈ ਸੋਅ ਨਹੀਂ ਹੈ। -ਸੰਪਾਦਕ***

ਪੰਜਾਬ ਦਾ ਵਿਤੀ ਪ੍ਰਬੰਧ (ਜਾਂ ਕਹੋ ਕੁਪ੍ਰਬੰਧ) ਮਾਹਿਰਾਂ ਦੀ ਹੀ ਨਹੀਂ, ਆਮ ਲੋਕਾਂ ਦੀ ਵੀ ਮੱਤ ਮਾਰ ਸਕਦਾ ਹੈ। ਹੁਣ ਅਜਿਹੀ ਸਰਕਾਰ ਚੱਲ ਰਹੀ ਹੈ ਜਿਹੜੀ ਕਰਜ਼ੇ ਮੁਆਫ਼ ਕਰਨ ਲਈ ਕਰਜ਼ੇ ਚੁੱਕ ਰਹੀ ਹੈ। ਬੁਰੀ ਤਰ੍ਹਾਂ ਕਰਜ਼ੇ ਦੀ ਮਾਰ ਹੇਠ ਆਇਆ ਸੂਬਾ ਪੰਜਾਬ ਤੇਲ ਸੋਧਕ ਕਾਰਖ਼ਾਨੇ ਨੂੰ ਵੱਡਾ ਵਿਆਜ-ਮੁਕਤ ਕਰਜ਼ਾ ਦੇ ਰਿਹਾ ਹੈ। ਇਹ ਕਾਰਾ 'ਸਿਆਣੇ' ਸੌਦੇਬਾਜ਼ਾਂ ਦਾ ਹੈ ਜਿਨ੍ਹਾਂ ਨੇ ਪੰਜਾਬ ਨੂੰ ਰਸਾਤਲ ਵੱਲ ਧੱਕਿਆ ਪਰ ਫਿਲਹਾਲ ਉਨ੍ਹਾਂ ਦੀ ਸਹੀ ਸ਼ਨਾਖ਼ਤ ਨਹੀਂ ਹੋ ਰਹੀ।

ਜਿਸ ਸੂਬੇ ਸਿਰ 2.11 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਵੇ ਅਤੇ ਹਰ ਸਾਲ 24,870 ਕਰੋੜ ਰੁਪਏ ਕਰਜ਼ਾ-ਚੁਕਾਈ ਲਈ

ਨਿਰਮਲ ਸੰਧੂ

ਹੀ ਜਾਂਦੇ ਹੋਣ, ਉਸ ਵੱਲੋਂ ਬਠਿੰਡਾ ਦੇ ਤੇਲ ਸੋਧਕ ਕਾਰਖ਼ਾਨੇ ਨੂੰ ਬਿਨਾਂ ਵਿਆਜ 1250 ਕਰੋੜ ਰੁਪਏ ਦਿੱਤੇ ਜਾ ਰਹੇ ਹਨ। ਪਿਛਲੇ ਹਫ਼ਤੇ ਸੂਬੇ ਦੀ ਵਜ਼ਾਰਤ ਨੇ ਫ਼ੈਸਲਾ ਕੀਤਾ ਹੈ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ 2007 ਵਿਚ ਐਚ. ਪੀ. ਸੀ.ਐਲ.-ਮਿੱਤਲ ਐਨਰਜੀ ਤੇਲ ਸੋਧਕ ਕਾਰਖ਼ਾਨੇ ਨੂੰ ਦਿੱਤੀਆਂ ਛੋਟਾਂ ਜਾਰੀ ਰੱਖੀਆਂ ਜਾਣ।

ਕੂਟਨੀਤੀ ਵਾਂਗ ਸੌਦੇਬਾਜ਼ੀ ਵੀ ਇਕ ਤਰ੍ਹਾਂ ਨਾਲ ਕਲਾ ਹੀ ਹੁੰਦੀ ਹੈ। ਸਿਆਸਤਦਾਨ ਅਤੇ ਅਫ਼ਸਰਸ਼ਾਹ ਲੋਕਾਂ ਨੂੰ ਆਪਣੇ ਹਿਸਾਬ ਨਾਲ ਚਲਾਉਣ ਦੇ ਮਾਮਲੇ 'ਚ ਤਾਂ ਕੁਸ਼ਲ ਹੋ ਸਕਦੇ ਹਨ ਪਰ ਸੜਕਾਂ, ਬਿਜਲੀ ਜਾਂ ਤੇਲ ਸੋਧਕ ਪ੍ਰਾਜੈਕਟਾਂ ਜਿਹੇ ਗੁੰਝਲਦਾਰ ਸੌਦੇ ਕਰਨ ਦੇ ਮਾਹਰ ਨਹੀਂ ਹੁੰਦੇ। ਫਿਰ ਵੀ ਮਸਲੇ ਬਾਰੇ ਮੁਹਾਰਤ ਦੀ ਮੁਥਾਜੀ ਦੇ ਬਾਵਜੂਦ ਇਹ ਅਜਿਹੇ ਸੌਦੇ ਸਿਰੇ ਚਾੜ੍ਹਨ ਤੋਂ ਰੁਕਦੇ ਨਹੀਂ ਜਿਨ੍ਹਾਂ ਦੇ ਅਰਥਚਾਰੇ ਉਪਰ ਬਹੁਤ ਵੱਡੇ ਵਿਤੀ ਅਸਰ ਪੈਣੇ ਹੁੰਦੇ ਹਨ।

ਅਜਿਹੀਆਂ ਸਰਕਾਰੀ ਜਾਂ ਪ੍ਰਾਈਵੇਟ, ਆਜ਼ਾਦ ਅਤੇ ਭਰੋਸੇਯੋਗ ਸੰਸਥਾਵਾਂ ਨਹੀਂ ਹਨ ਜਿਹੜੀਆਂ ਗੁਣਾਂ ਦੇ ਆਧਾਰ ਉਤੇ ਪ੍ਰੋਜੈਕਟ ਪਰਖ ਸਕਣ। ਸੜਕ ਉਤੇ ਚੱਲਣ ਵਾਲਿਆਂ ਨੂੰ ਸਾਲਾਂ ਬੱਧੀ ਰੋਡ ਟੈਕਸ ਤੋਂ ਇਲਾਵਾ ਟੌਲ ਖਰਚੇ ਵੀ ਕਰਨੇ ਪੈਂਦੇ ਹਨ ਅਤੇ ਕਿਸੇ ਨੂੰ ਇਹ ਖ਼ਬਰ ਤੱਕ ਨਹੀਂ ਹੁੰਦੀ ਕਿ ਕਾਰਪੋਰੇਟਾਂ ਅਤੇ ਸਰਕਾਰ ਵਿਚਕਾਰ ਹੋਏ ਅਜਿਹੇ ਸੌਦੇ ਕਿੰਨੇ ਖ਼ਰੇ ਅਤੇ ਘੁਟਾਲਿਆਂ ਤੋਂ ਰਹਿਤ ਹੁੰਦੇ ਹਨ।

ਪ੍ਰਾਈਵੇਟ-ਪਬਲਿਕ ਭਾਈਵਾਲੀ ਰਾਹੀਂ ਵੱਖ ਵੱਖ ਕਾਰਜਾਂ ਲਈ ਸਮਝੌਤੇ ਦੀਆਂ ਕਿਹੜੀਆਂ ਸ਼ਰਤਾਂ ਹਨ, ਉਸ ਬਾਰੇ ਸਦਾ ਸ਼ੱਕ ਹੀ ਬਣਿਆ ਰਹਿੰਦਾ ਹੈ, ਕਿਉਂਕਿ ਸਾਡਾ ਸਿਆਸੀ ਸਭਿਆਚਾਰ ਲੈ-ਦੇ ਕੇ ਕੰਮ ਕਢਵਾਉਣ ਵਾਲਾ ਹੈ; ਸਿਆਸੀ ਪਾਰਟੀਆਂ ਨੂੰ ਕਾਰਪੋਰੇਟ ਫੰਡ ਮਿਲਣ ਵਾਲਾ ਸਮੁੱਚਾ ਢਾਂਚਾ ਗ਼ੈਰ-ਪਾਰਦਰਸ਼ੀ ਹੈ; ਲੋਕ ਨੁਮਾਇੰਦਿਆਂ ਵਿਚ ਮਾਹਿਰਾਂ ਦੀ ਗ਼ੈਰ-ਹਾਜ਼ਰੀ ਹੈ ਅਤੇ ਲਾਲਚ ਤੇ ਅਨੈਤਿਕ ਕਾਰਵਾਈਆਂ ਦੀ ਤਾਂ ਗੱਲ ਹੀ ਛੱਡੋ ਜਿਨ੍ਹਾਂ ਲਈ ਸਾਡੇ ਵਪਾਰਕ ਘਰਾਣੇ ਅੰਤਾਂ ਦੇ ਬਦਨਾਮ ਹਨ।

ਜਦੋਂ ਕੈਪਟਨ ਅਮਰਿੰਦਰ ਸਿੰਘ ਵਿਰੋਧੀ ਪਾਲੇ ਵਿਚ ਸਨ ਤਾਂ ਉਨ੍ਹਾਂ ਬਾਦਲ ਸਰਕਾਰ ਵੱਲੋਂ ਤੇਲ ਸੋਧਕ ਕਾਰਖ਼ਾਨੇ ਨੂੰ ਦਿੱਤੀਆਂ ਵਸੀਹ ਰਿਆਇਤਾਂ ਨੂੰ "ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਘਪਲਾ" ਕਰਾਰ ਦਿੱਤਾ ਸੀ। ਹੁਣ ਜਦੋਂ ਉਹ ਸੱਤਾ ਵਿਚ ਹਨ ਤਾਂ ਉਨ੍ਹਾਂ ਦੀ ਪਾਰਟੀ ਨੇ ਵੀ ਉਹੀ ਕੁਝ ਕੀਤਾ ਹੈ ਜਿਸ ਨੂੰ ਉਨ੍ਹਾਂ ਨੇ ਉਦੋਂ "ਸਰਕਾਰੀ ਖ਼ਜ਼ਾਨੇ ਦੀ ਲੁੱਟ" ਆਖਿਆ ਸੀ। ਮੁੱਖ ਮੰਤਰੀ ਨੇ ਇਹ ਸਪਸ਼ਟ ਨਹੀਂ ਕੀਤਾ ਹੈ ਕਿ ਉਹ ਉਸ ਵੇਲੇ ਸਹੀ ਸਨ ਜਾਂ ਹੁਣ ਸਹੀ ਹਨ। ਕੈਪਟਨ ਦੇ ਪਹਿਲੇ ਦਾਅਵੇ ਮੁਤਾਬਿਕ, ਜੇ ਇਹ ਘੁਟਾਲਾ ਸੀ ਤਾਂ ਹੁਣ ਇਸ ਨੂੰ ਚੁੱਪ-ਚਾਪ ਦਫ਼ਨ ਕਿਉਂ ਕਰ ਦਿੱਤਾ ਗਿਆ? ਫ਼ਿਲਹਾਲ ਇਸ ਤਰ੍ਹਾਂ ਦਾ ਕੋਈ ਆਜ਼ਾਦ ਅਤੇ ਨਿਰਪੱਖ ਅਧਿਐਨ ਸਾਹਮਣੇ ਨਹੀਂ ਆਇਆ ਹੈ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਤੇਲ ਸੋਧਕ ਕਾਰਖ਼ਾਨੇ ਤੋਂ ਪੰਜਾਬ ਨੂੰ ਕੋਈ ਫ਼ਾਇਦਾ ਹੋਇਆ ਵੀ ਹੈ? ਜੇ ਹੋਇਆ ਹੈ ਤਾਂ ਕਿੰਨਾ? ਅਤੇ ਤੈਅ ਸ਼ਰਤਾਂ ਤਹਿਤ ਜੋ ਕੀਮਤ ਸੂਬੇ ਵੱਲੋਂ ਤਾਰੀ ਜਾ ਰਹੀ ਹੈ, ਕੀ ਉਹ ਮਿਲ ਰਹੇ ਲਾਭਾਂ ਤੋਂ ਵਧੇਰੇ ਤਾਂ ਨਹੀਂ?

ਤੇਲ ਸੋਧਕ ਕਾਰਖ਼ਾਨੇ ਦੇ ਲਾਭਾਂ ਜਿਨ੍ਹਾਂ ਵਿਚ ਨਵੀਆਂ ਨੌਕਰੀਆਂ ਪੈਦਾ ਕਰਨਾ ਵੀ ਸ਼ਾਮਲ ਹੈ, ਬਾਰੇ ਦਾਅਵੇ ਕਰਦਿਆਂ ਸਿਹਰਾ ਆਪਣੇ ਸਿਰ ਸਜਾਉਣ ਲਈ ਹਫੜਾ-ਦਫੜੀ ਵਿਚ ਅਕਾਲੀ ਅਤੇ ਕਾਂਗਰਸੀ ਹਵਾ ਵਿਚ ਤੀਰ ਚਲਾ ਰਹੇ ਹਨ। ਹੁਣ ਪਤਾ ਇਹ ਲੱਗਾ ਹੈ ਕਿ ਕਾਰਖ਼ਾਨੇ ਦਾ ਸਿਰਫ਼ 20 ਫ਼ੀਸਦ ਸਟਾਫ਼ ਹੀ ਪੰਜਾਬ ਤੋਂ ਹੈ। 2007 ਤੋਂ ਲੈ ਕੇ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ, ਉਨ੍ਹਾਂ ਵਿਚੋਂ ਕਿਸੇ ਨੇ ਵੀ ਕਾਰਖ਼ਾਨੇ ਦੀਆਂ ਲੋੜਾਂ ਮੁਤਾਬਕ ਸਿਖਲਾਈਯੁਕਤ ਕਾਮੇ ਤਿਆਰ ਨਹੀਂ ਕੀਤੇ ਅਤੇ ਨਾ ਹੀ ਮੁਕਾਮੀ ਪੱਧਰ 'ਤੇ ਸਹਾਇਕ ਪ੍ਰੋਜੈਕਟਾਂ ਨੂੰ ਹੱਲਾਸ਼ੇਰੀ ਤੇ ਇਮਦਾਦ ਦਿੱਤੀ ਹੈ।

ਤੇਲ ਦੀ ਕੰਟਰੋਲ-ਮੁਕਤੀ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਮਾਣੂ ਸਮਝੌਤਾ ਤੋੜਨ ਪਿੱਛੋਂ ਇਰਾਨ ਉਤੇ ਲਾਈਆਂ ਅਮਰੀਕੀ ਬੰਦਸ਼ਾਂ ਕਾਰਨ ਪੈਟਰੋਲੀਅਮ ਕੀਮਤਾਂ ਵਧੀਆਂ ਹਨ; ਸਿੱਟੇ ਵਜੋਂ ਕਾਰਖ਼ਾਨੇ ਦਾ ਮੁਨਾਫ਼ਾ ਵੀ ਵਧਿਆ ਹੈ। ਉਧਰ, ਵਿਤੀ ਨਿਘਾਰ ਕਾਰਨ ਪੰਜਾਬ ਹਾਸ਼ੀਏ ਉਤੇ ਪੁੱਜਿਆ ਹੋਇਆ ਹੈ। ਸਮਝੌਤੇ 'ਤੇ ਮੁੜ ਵਿਚਾਰ ਕਰਨ ਲਈ ਇਹ ਇਕ ਤੱਥ ਹੀ ਕਾਫ਼ੀ ਹੈ ਪਰ ਕੈਪਟਨ ਵੱਲੋਂ ਇਸ ਮਸਲੇ ਉਤੇ ਯੂ-ਟਰਨ ਲੈਣ ਪਿੱਛੇ ਕਾਰਨ ਕੀ ਹੈ, ਅਜੇ ਤੱਕ ਤਾਂ ਕਿਤੇ ਕੁਝ ਸਾਹਮਣੇ ਨਹੀਂ ਆਇਆ ਹੈ।




ਅਜਿਹਾ ਸਿਰਫ਼ ਹੁਣ ਹੀ ਨਹੀਂ ਹੋਇਆ ਹੈ ਕਿ ਕਾਰਪੋਰੇਟ ਸੈਕਟਰ ਨਾਲ ਗੱਲਬਾਤ ਚਲਾਉਣ ਦੇ ਮਾਮਲੇ ਵਿਚ ਬਾਦਲ ਸਰਕਾਰ ਨੇ ਚੁਸਤੀ ਦਿਖਾਈ ਹੈ। ਸੂਬੇ ਵਿਚ ਥਰਮਲ ਪਲਾਂਟ ਲਾ ਰਹੀਆਂ ਤਿੰਨ ਬਿਜਲੀ ਕੰਪਨੀਆਂ ਨੂੰ ਸਰਕਾਰ ਵੱਲੋਂ ਮਿੱਥੇ "ਅਸੀਮ" ਖਰਚਿਆਂ ਤੋਂ ਬਾਹਰ ਰੱਖ ਲਿਆ ਗਿਆ ਅਤੇ ਇਨ੍ਹਾਂ ਦੇ ਯਕੀਨੀ ਮੁਨਾਫ਼ੇ ਲਈ ਬਾਕਾਇਦਾ ਪ੍ਰਬੰਧ ਕੀਤਾ ਗਿਆ। ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਲਈ ਤਹੂ ਹੋਈ ਸਰਕਾਰ ਨੇ ਬੋਲੀ ਦੇਣ ਵਾਲਾ ਰਾਹ ਨਹੀਂ ਚੁਣਿਆ ਅਤੇ ਇਹ ਕੰਪਨੀਆਂ ਦੀਆਂ ਸ਼ਰਤਾਂ ਮੁਤਾਬਕ ਪ੍ਰੋਜੈਕਟ ਅੱਗੇ ਤੋਰਨ ਦੇ ਰਾਹ ਪੈ ਗਈ।

ਕਾਂਗਰਸ ਲੀਡਰ ਸੁਨੀਲ ਜਾਖੜ ਨੇ ਗੁਜਰਾਤ ਵਿਚ ਮੁੰਦਰਾ ਥਰਮਲ ਪਲਾਂਟ ਅਤੇ ਮੱਧ ਪ੍ਰਦੇਸ਼ ਵਿਚ ਸਾਸਨ ਥਰਮਲ ਪਲਾਂਟ ਉਤੇ ਲਾਏ ਨਿਸ਼ਚਿਤ ਖਰਚਿਆਂ ਦਾ ਹਵਾਲਾ ਦੇ ਕੇ ਪੰਜਾਬ ਦੇ ਹੱਕ ਵਿਚ ਨੁਕਤਾ ਉਭਾਰਿਆ ਸੀ। ਹੁਣ ਪੰਜਾਬ ਤਾਂ ਵਾਧੂ ਬਿਜਲੀ ਵਾਲਾ ਸੂਬਾ ਬਣ ਗਿਆ ਹੈ ਪਰ ਉਚੀਆਂ ਕੀਮਤਾਂ ਕਾਰਨ ਪੀ.ਐਸ.ਪੀ.ਸੀ.ਐਲ. ਦੇ ਪੱਲੇ ਹੋਰ ਕਰਜ਼ਾ ਪੈ ਗਿਆ ਹੈ। ਸਮੁੱਚੇ ਉਤਰੀ ਭਾਰਤ ਵਿਚ ਸਭ ਤੋਂ ਵੱਧ ਬਿਜਲੀ ਦਰਾਂ ਪੰਜਾਬ ਵਿਚ ਹਨ ਅਤੇ ਇਸ ਦਾ ਖਮਿਆਜ਼ਾ ਪੰਜਾਬ ਦੇ ਘਰੇਲੂ ਖ਼ਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ।

ਪਹਿਲੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਅਤੇ ਘਰੇਲੂ ਖ਼ਪਤਕਾਰਾਂ ਨੂੰ ਬਿਜਲੀ ਉਤੇ ਸਬਸਿਡੀ ਦੇ ਕੇ ਇਸ ਨਾਲ ਪੈਣ ਵਾਲਾ ਸਾਰਾ ਭਾਰ ਸਨਅਤ ਉਤੇ ਲੱਦ ਦਿੱਤਾ। ਹੁਣ ਸਨਅਤਾਂ ਨੂੰ ਬਿਜਲੀ ਪੰਜ ਰੁਪਏ ਫ਼ੀ ਯੂਨਿਟ ਦੇ ਹਿਸਾਬ ਨਾਲ ਮਿਲ ਰਹੀ ਹੈ ਅਤੇ ਕਿਸਾਨਾਂ ਲਈ ਬਿਜਲੀ ਮੁਫ਼ਤ ਹੈ। ਖਮਿਆਜ਼ਾ ਭੁਗਤਣ ਦੀ ਵਾਰੀ ਹੁਣ ਘਰੇਲੂ ਖ਼ਪਤਕਾਰ ਦੀ ਹੀ ਹੈ।

ਕਾਂਗਰਸ ਨੇ ਜਦੋਂ ਪਿਛਲੇ ਸਾਲ ਸੱਤਾ ਸੰਭਾਲੀ ਸੀ ਤਾਂ ਆਸ ਕੀਤੀ ਜਾ ਰਹੀ ਸੀ ਕਿ ਤੇਲ ਸੋਧਕ ਕਾਰਖ਼ਾਨੇ ਤੇ ਬਿਜਲੀ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਬਾਰੇ ਮੁੜ ਪੜਤਾਲ ਹੋਵੇਗੀ। ਇਸ ਮਾਮਲੇ ਵਿਚ ਕੁਝ ਵੀ ਨਹੀਂ ਵਾਪਰਿਆ ਸਗੋਂ ਖਾਲੀ ਖਜ਼ਾਨੇ ਦੇ ਬਾਵਜੂਦ, ਵੱਡੇ ਦਿਲ ਵਾਲੀ ਕਾਂਗਰਸ ਸਰਕਾਰ ਨੇ ਤੇਲ ਸੋਧਕ ਕਾਰਖ਼ਾਨੇ ਨੂੰ ਮਿਲਦੀਆਂ ਛੋਟਾਂ 'ਤੇ ਮੋਹਰ ਲਾ ਦਿੱਤੀ ਹੈ।

ਪਹਿਲਾਂ ਹੋਏ ਸਮਝੌਤਿਆਂ ਦੀ ਪੜਚੋਲ ਕਾਨੂੰਨਨ, ਸੁਖਾਲਾ ਕਾਰਜ ਨਹੀਂ ਹੁੰਦਾ ਪਰ ਕਈ ਸੂਬਿਆਂ ਵਿਚ ਅਜਿਹੀਆਂ ਮਿਸਾਲਾਂ ਹਨ ਜਿੱਥੇ ਸ਼ੱਕ ਵਾਲੇ ਸਮਝੌਤਿਆਂ ਬਾਰੇ ਪੁਣਛਾਣ ਅਤੇ ਫਿਰ ਕਾਰਵਾਈ ਵੀ ਹੋਈ ਹੈ। ਫਰਵਰੀ 2017 ਵਿਚ ਉੜੀਸਾ ਨੇ ਪਾਰਾਦੀਪ ਤੇਲ ਸੋਧਕ ਕਾਰਖ਼ਾਨੇ ਤੋਂ ਕਰ ਛੋਟਾਂ ਵਾਪਸ ਲੈ ਲਈਆਂ। ਗੁਜਰਾਤ ਨੇ ਐਸਆਰ ਤੇਲ ਸੋਧਕ ਕਾਰਖ਼ਾਨੇ ਨੂੰ ਦਿੱਤੀਆਂ ਵਿਤੀ ਛੋਟਾਂ ਤੋਂ ਹੱਥ ਪਿਛਾਂਹ ਖਿੱਚ ਲਏ ਅਤੇ ਸੁਪਰੀਮ ਕੋਰਟ ਨੇ ਵੀ ਇਸ ਫ਼ੈਸਲੇ 'ਤੇ ਮੋਹਰ ਲਾਈ। ਅਜਿਹੇ ਸਮਝੌਤੇ ਪਾੜ ਸੁੱਟਣ ਲਈ ਡੋਨਲਡ ਟਰੰਪ ਵਰਗਾ ਕੋਈ ਬੰਦਾ ਦਰਕਾਰ ਹੈ ਜਿਹੜਾ ਇਨ੍ਹਾਂ ਸਮਝੌਤਿਆਂ ਨੂੰ "ਭਿਅੰਕਰ, ਇਕਪਾਸੜ" ਸਮਝਦਾ ਹੋਵੇ ਜਿਹੜੇ "ਕਦੀ ਵੀ, ਕਿਸੇ ਵੀ ਸੂਰਤ ਵਿਚ ਕੀਤੇ ਨਹੀਂ ਸੀ ਜਾਣੇ ਚਾਹੀਦੇ"। ਪੰਜਾਬ ਦੀ ਬੇਪ੍ਰਵਾਹ ਲੀਡਰਸ਼ਿਪ ਲਕੀਰ ਦੀ ਫ਼ਕੀਰ ਹੈ। ਜੋ ਪਿੱਛੇ ਹੋ ਗਿਆ, ਉਸੇ ਨੂੰ ਜਾਰੀ ਰੱਖ ਰਹੀ ਹੈ। ਅਸਲ ਵਿਚ ਲੋਕਾਂ ਦੇ ਪੈਸੇ ਬਾਰੇ ਫ਼ਿਕਰ ਕਿਸ ਨੂੰ ਹੈ? ਆਪਣੇ ਪੈਸਿਆਂ ਦਾ ਇੰਜ ਉਜਾੜਾ ਹੋਵੇ ਤਾਂ ਗੱਲ ਹੋਰ ਹੁੰਦੀ ਹੈ।

ਪੰਜਾਬ ਦਾ ਸਭ ਤੋਂ ਮਾੜਾ ਸੌਦਾ ਇਸ ਦੇ ਆਪਣੇ ਬੰਦੇ, ਕੇਂਦਰੀ ਵਿਤ ਮੰਤਰੀ ਅਰੁਣ ਜੇਤਲੀ ਵਲੋਂ ਹੀ ਕੀਤਾ ਗਿਆ, ਜਿਨ੍ਹਾਂ ਨੇ ਝੋਨੇ ਦੀ ਖ਼ਰੀਦੋ-ਫਰੋਖ਼ਤ ਲਈ ਕੇਂਦਰੀ ਫੰਡ ਜਾਰੀ ਕਰਨ ਦਾ ਮਸਲਾ ਪੁਰਾਣੀਆਂ ਦੇਣਦਾਰੀਆਂ ਨਾਲ ਜੋੜ ਦਿੱਤਾ, ਹਾਲਾਂਕਿ ਇਨ੍ਹਾਂ ਦੇਣਦਾਰੀਆਂ ਬਾਰੇ ਵੀ ਵਿਵਾਦ ਸੀ ਅਤੇ ਸੂਬੇ ਨੇ ਇਸ ਨੂੰ ਚੁਣੌਤੀ ਦਿੱਤੀ ਹੋਈ ਸੀ। ਉਸ ਵਕਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਸ਼ਖ਼ਸ ਵਲੋਂ ਕੀਤੀ ਜਾ ਰਹੀ ਬਲੈਕਮੇਲ ਅੱਗੇ ਗੋਡਿਆਂ ਪਰਨੇ ਹੋ ਗਏ ਜਿਸ ਨੂੰ ਅੰਮ੍ਰਿਤਸਰ ਤੋਂ ਜਿਤਵਾਉਣ ਲਈ ਉਨ੍ਹਾਂ ਦੀ ਪਾਰਟੀ ਨੇ ਹਰ ਹੀਲਾ ਵਸੀਲਾ ਕੀਤਾ ਸੀ। ਉਦੋਂ "ਪੰਥ ਰਤਨ" ਨੇ ਆਪਣੀ ਸਿਆਸੀ ਗੱਡੀ ਰੇੜ੍ਹਨ ਲਈ ਪੰਜਾਬ ਦੇ ਮੁਕਾਬਲੇ ਆਪਣੇ ਨਿੱਜੀ ਹਿੱਤਾਂ ਨੂੰ ਹੀ ਤਰਜੀਹ ਦਿੱਤੀ।

ਪਿਛਲੇ ਮਹੀਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇ ਤਾਂ ਕਿ ਪੰਜਾਬ ਵਿਚ ਵੱਖਵਾਦੀ ਹਿੰਸਾ ਨਾਲ ਨਜਿੱਠਣ ਲਈ ਕੋਈ ਕੇਂਦਰੀ "ਰਣਨੀਤੀ" ਬਣਾਈ ਜਾ ਸਕੇ। 31 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਬਾਬਤ ਮੁੜ ਗੱਲਬਾਤ ਤੋਰਨ ਲਈ ਉਹ ਪ੍ਰਧਾਨ ਮੰਤਰੀ ਜਾਂ ਕੇਂਦਰੀ ਵਿਤ ਮੰਤਰੀ ਨੂੰ ਨਹੀਂ ਮਿਲੇ ਅਤੇ ਨਾ ਹੀ ਉਹ ਇਸ ਸਬੰਧੀ ਕੋਈ ਸਰਬ ਪਾਰਟੀ ਵਫ਼ਦ ਲੈ ਕੇ ਗਏ। ਐਨਫੋਰਸਮੈਂਟ ਡਾਇਰੈਕਟੋਰੇਟ ਕਿਉਂਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਖਿਲਾਫ਼ ਕਾਲੇ ਧਨ ਨੂੰ ਚਿੱਟਾ ਕਰਨ ਵਾਲੇ ਕੇਸਾਂ ਦੀ ਜਾਂਚ ਕਰ ਰਿਹਾ ਹੈ, ਇਸ ਲਈ ਕੈਪਟਨ ਇਕ ਖ਼ਾਸ ਸੀਮਾ ਤੋਂ ਅੱਗੇ ਪੰਜਾਬ ਦਾ ਕੇਸ ਲਿਜਾ ਹੀ ਨਹੀਂ ਸਕਦੇ।

ਪੰਜਾਬ ਦੇ ਹੱਕ ਹਾਸਲ ਕਰਨ ਅਤੇ ਪੰਜਾਬ ਦਾ ਬਣਦਾ ਹਿੱਸਾ ਲੈਣ ਲਈ ਪੂਰੀ ਜੁਰਅਤ ਨਾਲ ਮੋਰਚਾ ਮੱਲਣ ਦੀ ਥਾਂ ਕਾਂਗਰਸ ਸਰਕਾਰ ਨੇ

***(ਬਾਕੀ ਅਗਲੇ ਸਫੇ 'ਤੇ)***

# ਕਰਨਾਟਕ ਦੇ ਕੁਰਸੀ ਯੁੱਧ ਦੀਆਂ ਪਰਤਾਂ

***ਕਰਨਾਟਕ ਦੇ ਕੁਰਸੀ ਯੁੱਧ ਦੀਆਂ ਅਨੇਕ ਪਰਤਾਂ ਹਨ। ਇਕ ਪਰਤ ਅਗਲੇ ਸਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨੂੰ ਟੱਕਰ ਦੇਣ ਦੀ ਹੈ। ਇਸ ਦੇ ਨਾਲ ਹੀ ਜੁੜਿਆ ਮਸਲਾ ਧਰਮ ਨਿਰਪੱਖਤਾ ਦਾ ਹੈ। ਭਾਜਪਾ ਵਿਰੋਧੀ ਸਾਰੇ ਧੜੇ ਕਾਂਗਰਸ ਨੂੰ ਧਰਮ ਨਿਰਪੱਖ ਪਾਰਟੀ ਮੰਨ ਕੇ ਏਕੇ ਲਈ ਅਹੁਲ ਰਹੇ ਹਨ ਜਦਕਿ ਅਗਲੀਆਂ ਚੋਣਾਂ ਵਿਚ ਅਹਿਮ ਭੂਮਿਕਾ ਪਰਦੇ ਦੇ ਪਿਛਿਓਂ, ਕਾਰਪੋਰੇਟ ਘਰਾਣਿਆਂ ਨੇ ਨਿਭਾਉਣੀ ਹੈ। ਇਹ ਹੁਣ ਕੋਈ ਲੁਕ-ਲੁਕਾਅ ਵਾਲੀ ਗੱਲ ਨਹੀਂ ਕਿ ਭਾਰਤ ਦੇ ਕਈ ਉਘੇ ਕਾਰਪੋਰੇਟ ਘਰਾਣੇ ਭਾਜਪਾ ਨੂੰ ਮੁੜ ਸੱਤਾ ਦਿਵਾਉਣ ਦੇ ਹੱਕ ਵਿਚ ਹਨ। ਫਿਰ ਵੀ ਕਰਨਾਟਕ ਚੋਣਾਂ ਨੇ ਮੁਲਕ ਵਿਚ ਭਾਜਪਾ ਵਿਰੋਧੀ ਮੰਚ ਨੂੰ ਬਲ ਬਖਸ਼ਿਆ ਹੈ। -ਸੰਪਾਦਕ***

ਹਾਲ ਹੀ ਵਿਚ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਸਮਾਪਤ ਹੋਣ 'ਤੇ ਸੰਘ ਬ੍ਰਿਗੇਡ ਦੀਆਂ ਸਰਕਾਰ ਬਣਾਉਣ ਦੀਆਂ ਚਾਲਾਂ ਨਾਕਾਮ ਰਹੀਆਂ। ਕਾਂਗਰਸ ਅਤੇ ਜਨਤਾ ਦਲ (ਐਸ) ਗੱਠਜੋੜ ਦੀ ਸਰਕਾਰ ਬਣਨ ਦਾ ਰਾਹ ਸਾਫ਼ ਹੋਣ ਨਾਲ ਕਰਨਾਟਕ ਦਾ ਰਾਜਸੀ ਨਾਟਕ ਇਕ ਵਾਰ ਮੁੱਕ ਗਿਆ ਹੈ। ਸਰਕਾਰ ਕਿਸ ਦੀ ਬਣੇਗੀ, ਇਹ ਨਿਰਾ ਸੱਤਾਧਾਰੀ ਧਿਰ ਤੋਂ ਅੱਕੇ ਅਵਾਮ ਦੀ ਰਾਇ ਤੋਂ ਤੈਅ ਨਹੀਂ ਹੁੰਦਾ। ਇਸ ਵਿਚ ਦਰਅਸਲ ਕਾਰਪੋਰੇਟ ਧਨ ਅਤੇ ਕਾਰਪੋਰੇਟ ਘਰਾਣਿਆਂ ਦੀ ਪਸੰਦ ਤੇ ਸਰਪ੍ਰਸਤੀ ਵਾਲੇ ਸੱਤਾਧਾਰੀ ਗੁੱਟਾਂ ਦੇ ਮੌਕਾਪ੍ਰਸਤ ਗੱਠਜੋੜ ਵੱਡੀ ਭੂਮਿਕਾ ਨਿਭਾਉਂਦੇ ਹਨ। ਹਾਕਮ ਜਮਾਤੀ ਸਿਆਸੀ ਧੜਿਆਂ ਦੀ ਸੱਤਾ ਲਈ ਘਿਨਾਉਣੀ ਖੋਹ-ਖਿੰਝ ਉਨ੍ਹਾਂ ਦੀ ਚੋਣਾਂ ਦੇ

**ਬੂਟਾ ਸਿੰਘ**
ਫੋਨ: 91-94634-74342

ਅਮਲ ਨੂੰ ਅਗਵਾ ਕਰਨ ਅਤੇ ਅਵਾਮ ਦੀਆਂ ਬਦਲਾਓ ਦੀਆਂ ਭਾਵਨਾਵਾਂ ਨਾਲ ਖਿਲਵਾੜ ਦੀ ਬੇਅੰਤ ਸਮਰੱਥਾ ਨੂੰ ਦਰਸਾਉਂਦੀ ਹੈ।

ਸੰਘ ਬ੍ਰਿਗੇਡ ਦੀ ਚੋਣ ਕਾਮਯਾਬੀ ਦਾ ਰਾਜ਼ ਫਿਰਕੂ ਅਤੇ ਜਾਤਪਾਤੀ ਪਾਲਾਬੰਦੀ ਦੀ ਸਿਆਸਤ ਦੇ ਨਾਲ-ਨਾਲ ਮੁੱਖ ਕਾਰਪੋਰੇਟ ਘਰਾਣਿਆਂ ਦੀ ਫੰਡਿੰਗ ਅਤੇ ਇਸ ਦੇ ਸਹਾਰੇ ਮਹਾਂ ਖ਼ਰਚੀਲੀ ਚੋਣ ਮੁਹਿੰਮ ਹੈ। ਸੰਘ ਨੇ ਮੁੱਖ ਕਾਰਪੋਰੇਟਾਂ ਘਰਾਣਿਆਂ ਦੇ ਮਨ ਇਸ ਕਦਰ ਮੋਹ ਲਏ ਹਨ ਕਿ ਕਾਂਗਰਸ ਅਤੇ ਹੋਰ ਸਿਆਸੀ ਸ਼ਰੀਕਾਂ ਨੂੰ ਮੋਦੀ ਲਹਿਰ ਨੂੰ ਟੱਕਰ ਦੇਣ ਲਈ ਬਰਾਬਰ ਕਾਰਪੋਰੇਟ ਫੰਡ ਨਹੀਂ ਮਿਲ ਰਹੇ। ਕਰਨਾਟਕ ਦੇ ਹਾਲੀਆ ਚੋਣ ਨਤੀਜਿਆਂ ਤੋਂ ਵੀ ਇਹ ਸਾਫ਼ ਜ਼ਾਹਿਰ ਹੈ ਜਿਥੇ ਭਾਜਪਾ ਕਾਂਗਰਸ ਦੀ ਵੋਟ ਫ਼ੀਸਦੀ ਵਿਚ ਪਾੜ ਲਾਏ ਬਗੈਰ ਆਪਣੀ ਵੋਟ ਫ਼ੀਸਦੀ ਨੂੰ ਮਹਿਜ਼ ਪੰਜ ਸਾਲਾਂ ਦੇ ਅੰਦਰ 19.9 ਫ਼ੀਸਦੀ ਤੋਂ 36.2 ਫ਼ੀਸਦੀ ਤਕ ਵਧਾਉਣ ਵਿਚ ਕਾਮਯਾਬ ਹੋ ਗਈ।

ਚੋਣ ਨਤੀਜਿਆਂ ਵਿਚ ਭਾਜਪਾ ਨੂੰ 104, ਦੇਵਗੌੜਾ ਦੇ ਜਨਤਾ ਦਲ (ਸੈਕੂਲਰ) ਨੂੰ 37 ਸੀਟਾਂ ਮਿਲੀਆਂ। ਇਕ ਸੀਟ ਇਸ ਦੀ ਭਾਈਵਾਲ ਬਸਪਾ ਨੂੰ ਮਿਲੀ। ਕਾਂਗਰਸ ਦਾ ਸੀਟਾਂ ਦਾ ਅੰਕੜਾ 2013 ਦੀਆਂ 122 ਸੀਟਾਂ ਤੋਂ ਇਸ ਵਾਰ ਸਿਰਫ਼ 78 ਰਹਿ ਗਿਆ। ਸਰਕਾਰ ਬਣਾਉਣ ਦੀ ਦਾਅਵੇਦਾਰੀ ਲਈ ਜ਼ਰੂਰੀ ਬਹੁਮਤ ਇਸ ਵਾਰ ਕਿਸੇ ਕੋਲ ਵੀ ਨਹੀਂ ਸੀ। ਲਿਹਾਜ਼ਾ ਕੁਰਸੀ ਦੀ ਲਾਲਸਾ ਪੂਰੀ ਕਰਨ ਲਈ ਉਨ੍ਹਾਂ ਆਪਣੀਆਂ ਬਣਾਈਆਂ ਸੰਵਿਧਾਨਕ ਮਰਿਯਾਦਾਵਾਂ ਦਾ ਖੁੱਲ੍ਹਾ ਉਲੰਘਣ ਕਰਨ, ਨਿਹਾਇਤ ਮੌਕਾਪ੍ਰਸਤ ਗੱਠਜੋੜ ਬਣਾਉਣ ਅਤੇ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਰਾਹ ਅਪਨਾਇਆ। ਹੁਣ ਭਾਜਪਾ ਅਤੇ ਕਾਂਗਰਸ ਦੋਨਾਂ ਵਲੋਂ ਇਕ ਦੂਜੇ ਉਪਰ ਭ੍ਰਿਸ਼ਟਚਾਰੀ ਹੋਣ, ਸੱਤਾ ਲਈ ਮੌਕਾਪ੍ਰਸਤ ਤਰੀਕੇ ਅਖ਼ਤਿਆਰ ਕਰਨ ਦੇ ਇਲਜ਼ਾਮ ਸੰਘ ਪਾੜ-ਪਾੜ ਕੇ ਲਾਏ ਜਾ ਰਹੇ ਹਨ। ਇਹ ਸਿਆਸੀ ਚਾਂਦਮਾਰੀ ਸਿਰਫ਼ ਅਵਾਮ ਦੀਆਂ ਭਾਵਨਾਵਾਂ ਦਾ ਸੋਸ਼ਣ ਕਰਨ ਲਈ ਹੈ ਅਤੇ ਕੋਈ ਵੀ ਹਾਕਮ ਜਮਾਤੀ ਸਿਆਸੀ ਧੜਾ ਭ੍ਰਿਸ਼ਟ ਅਤੇ ਮੌਕਾਪ੍ਰਸਤ ਤਰੀਕੇ ਅਪਨਾਉਣ ਦੀ ਦੌੜ ਵਿਚ ਪਿੱਛੇ ਨਹੀਂ।

ਇਨ੍ਹਾਂ ਚੋਣਾਂ ਵਿਚ ਭਾਜਪਾ ਦਾ ਮੁੱਖ ਮੰਤਰੀ ਦਾ ਉਮੀਦਵਾਰ ਯੇਡੀਯੁਰੱਪਾ ਨਾ ਸਿਰਫ਼ ਮਹਾਂ-ਭ੍ਰਿਸ਼ਟ ਹੋਣ ਕਾਰਨ ਜੇਲ੍ਹ ਦੀ ਹਵਾ ਖਾ ਚੁੱਕਾ ਹੈ ਸਗੋਂ ਸੱਤਾ ਵਿਚ ਆਉਣ ਲਈ ਉਸ ਨੂੰ ਕੋਈ ਵੀ ਅਨੈਤਿਕ ਚਾਲ ਖੇਡਣ ਤੋਂ ਗੁਰੇਜ਼ ਨਹੀਂ ਹੈ। ਭਗਵੀਂ ਚੋਣ ਮਸ਼ੀਨਰੀ ਨੂੰ ਚਾਰ ਚੰਨ ਲਾਉਣ ਵਾਲਾ ਇਕ ਹੋਰ ਉਘਾ ਨਾਂ ਬੇਲਾਰੀ ਖਣਨ ਮਾਫ਼ੀਆ ਦਾ ਹੈ। ਬੇਲਾਰੀ ਲੋਕ ਸਭਾ ਹਲਕੇ ਤੋਂ ਸੋਨੀਆ ਗਾਂਧੀ ਦੇ ਮੁਕਾਬਲੇ ਸੁਸ਼ਮਾ ਸਵਰਾਜ ਲਈ ਮੁਹਿੰਮ ਚਲਾਉਣ ਵਾਲਾ ਜੀ. ਜਨਾਰਧਨ ਰੈਡੀ ਕੈਬਨਿਟ ਮੰਤਰੀ ਰਹਿ ਚੁੱਕਾ ਹੈ ਅਤੇ 16500 ਕਰੋੜ ਦੇ ਖਣਨ ਘੁਟਾਲੇ ਵਿਚ 42 ਮਹੀਨੇ ਜੇਲ੍ਹ ਵੀ ਕੱਟ ਚੁੱਕਾ ਹੈ। ਰੈਡੀ ਭਰਾਵਾਂ ਨੇ ਭਾਜਪਾ ਦੀ ਬੇਰੁਖੀ ਤੋਂ ਨਾਰਾਜ਼ ਹੋ ਕੇ 2013 ਵਿਚ ਵੱਖਰੀ ਸਿਆਸੀ



***ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਸਿੱਧਾਰਮੱਈਆ (ਖੱਬੇ) ਨਾਲ ਐਚ.ਡੀ. ਕੁਮਾਰਸਵਾਮੀ।***

ਪਾਰਟੀ ਬਣਾਈ ਸੀ ਪਰ 2014 ਦੀਆਂ ਚੋਣਾਂ ਸਮੇਂ ਸਮਝੌਤੇ ਤਹਿਤ ਇਸ ਦਾ ਭਾਜਪਾ ਵਿਚ ਰਲੇਵਾਂ ਹੋ ਗਿਆ। ਇਨ੍ਹਾਂ ਦੀ ਭਾਜਪਾ ਅਤੇ ਕਾਂਗਰਸ, ਦੋਹਾਂ ਨਾਲ ਗੂੜ੍ਹੀ ਸਾਂਝ ਰਹੀ ਹੈ। ਇਸ ਵਾਰ ਵੀ ਉਨ੍ਹਾਂ ਨੇ ਭਾਜਪਾ ਦਾ ਸਾਥ ਦਿੱਤਾ ਅਤੇ ਭਾਜਪਾ ਵਲੋਂ ਉਨ੍ਹਾਂ ਨੂੰ ਅੱਠ ਸੀਟਾਂ ਦਿੱਤੀਆਂ ਗਈਆਂ। ਹਾਲੀਆ ਕੁਰਸੀ ਯੁੱਧ ਦਾ ਮਸ਼ਹੂਰ ਚਿਹਰਾ ਐਚ.ਡੀ. ਕੁਮਾਰਸਵਾਮੀ ਹੈ ਜਿਸ ਬਾਰੇ ਮਸ਼ਹੂਰ ਹੈ ਕਿ ਉਸ ਦੇ ਪਿਛਲੇ ਕਾਰਜਕਾਲ ਦੌਰਾਨ ਕੁਲ ਘਰੇਲੂ ਪੈਦਾਵਾਰ ਨੇ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ ਸੀ; ਭਾਵ ਖਣਨ ਮਾਫ਼ੀਆ ਨੇ ਕੁਦਰਤੀ ਵਸੀਲਿਆਂ ਨੂੰ ਬੇਰੋਕ-ਟੋਕ ਰੱਜ ਕੇ ਲੁੱਟਿਆ ਸੀ। ਇਨ੍ਹਾਂ ਚਿਹਰਿਆਂ ਵਲੋਂ ਕਰਨਾਟਕ ਦਾ ਰਾਜਸੀ ਭਵਿਖ ਤੈਅ ਕਰਨ ਵਿਚ ਖ਼ਾਸ ਭੂਮਿਕਾ ਨਿਭਾਈ ਗਈ।

ਬਹੁਮਤ ਨਾ ਹੋਣ ਕਾਰਨ ਸਰਕਾਰ ਬਣਾਉਣ ਲਈ ਕਾਂਗਰਸ ਕੋਲ ਜਨਤਾ ਦਲ (ਐਸ) ਨਾਲ ਗੱਠਜੋੜ ਹੀ ਇਕੋ-ਇਕ ਰਾਹ ਸੀ। ਸੋਨੀਆ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਨੂੰ ਮਿਲ ਕੇ ਉਸ ਦੇ ਫਰਜ਼ੰਦ ਐਚ.ਡੀ. ਕੁਮਾਰਸਵਾਮੀ ਨੂੰ ਮੁੱਖ ਮੰਤਰੀ ਬਣਾਉਣ ਦਾ ਚੋਗਾ ਪਾ ਕੇ ਗੱਠਜੋੜ ਬਣਾ ਲਿਆ; ਜਦਕਿ ਚੋਣ ਮੁਹਿੰਮ ਵਿਚ ਜਨਤਾ ਦਲ (ਐਸ) ਨੂੰ ਕਾਂਗਰਸ ਦੇ ਆਗੂ ਜਨਤਾ ਦਲ (ਸੰਘ) ਕਹਿ ਕੇ ਭੰਡਦੇ ਰਹੇ ਸਨ। ਇਸੇ ਜਨਤਾ ਦਲ ਨੇ ਪਹਿਲਾਂ 2004 ਵਿਚ ਕਾਂਗਰਸ ਨਾਲ ਮਿਲ ਕੇ ਸਰਕਾਰ ਬਣਾਈ। ਫਿਰ 2007 ਵਿਚ ਕੁਮਾਰਸਵਾਮੀ ਵਲੋਂ ਕਾਂਗਰਸ-ਜਨਤਾ ਦਲ ਗੱਠਜੋੜ ਨੂੰ ਠਿੱਬੀ ਲਾ ਕੇ ਭਾਜਪਾ ਨਾਲ ਗੱਠਜੋੜ ਸਰਕਾਰ ਬਣਾਈ ਗਈ। ਇਸ ਦੇ ਬਾਵਜੂਦ, ਹੁਣ ਸੱਤਾ ਦੀ ਖ਼ਾਤਰ ਕਾਂਗਰਸ ਅਤੇ ਕੁਮਾਰਸਵਾਮੀ ਦੀ ਪਾਰਟੀ ਵਿਚੋਂ ਕਿਸੇ ਨੂੰ ਵੀ ਇਕ ਦੂਜੇ ਨਾਲ ਗੱਠਜੋੜ ਬਣਾਉਣ ਤੋਂ ਕੋਈ ਹਿਚਕ ਨਹੀਂ ਸੀ। ਗੱਠਜੋੜ ਦੇ ਅਧਾਰ 'ਤੇ ਕਾਂਗਰਸ-ਜਨਤਾ ਦਲ ਗੱਠਜੋੜ ਕੋਲ ਹੁਣ 116 ਵਿਧਾਇਕਾਂ ਦਾ ਬਹੁਮਤ ਸੀ ਅਤੇ ਉਨ੍ਹਾਂ ਨੇ ਇਸ ਆਧਾਰ 'ਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ; ਲੇਕਿਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਸੰਘ ਦੀ ਚੋਣ ਮਸ਼ੀਨਰੀ ਕੋਲ ਕਾਂਗਰਸ ਦੇ ਮਨਸੂਬੇ ਉਪਰ ਪਾਣੀ ਫੇਰਨ ਲਈ ਅਜੇ ਬਥੇਰੇ ਹਥਿਆਰ ਸਨ। ਸੰਘ ਬ੍ਰਿਗੇਡ ਨੂੰ ਆਪਣੀ ਜਿੱਤ ਦਾ ਐਨਾ ਭਰੋਸਾ ਸੀ ਕਿ ਉਨ੍ਹਾਂ ਨੇ ਵਿਧਾਇਕਾਂ ਨੂੰ ਖ਼ਰੀਦਣ ਦੇ ਆਪਣੇ ਮਨਸੂਬੇ ਸ਼ਰੇਆਮ ਜ਼ਾਹਰ ਕੀਤੇ। ਟਾਈਮਜ਼ ਨਾਓ ਟੀ.ਵੀ. ਉਪਰ ਭਾਜਪਾ ਦੇ ਤਰਜਮਾਨ ਰਾਮ ਮਾਧਵ (ਜੋ ਆਰ.ਐਸ.ਐਸ. ਦਾ ਬਹੁਤ ਸਿੱਕੇਬੰਦ ਕਾਰਿੰਦਾ ਮੰਨਿਆ ਜਾਂਦਾ ਹੈ) ਨੇ ਹਿੱਕ ਠੋਕ ਕੇ ਕਿਹਾ ਕਿ ਬਹੁਮਤ ਲਈ ਲੋੜੀਂਦਾ ਅੰਕੜਾ ਪੂਰਾ ਕਰਨ ਲਈ ਉਨ੍ਹਾਂ ਕੋਲ ਅਮਿਤ ਸ਼ਾਹ ਹੈ। ਸੰਘੀਆਂ ਨੇ ਪਹਿਲਾਂ ਹੀ ਆਪਣੇ ਖ਼ਾਸ ਵਫ਼ਾਦਾਰ ਵਜੂਭਾਈ ਵਾਲਾ ਨੂੰ ਗਵਰਨਰ ਥਾਪ ਲਿਆ ਸੀ। ਵਜੂਭਾਈ ਆਰ.ਐਸ.ਐਸ. ਦਾ ਸਿੱਕੇਬੰਦ ਪ੍ਰਚਾਰਕ ਅਤੇ ਗੁਜਰਾਤ ਦੇ ਸਭ ਤੋਂ ਅਮੀਰ ਸਿਆਸਤਦਾਨਾਂ ਵਿਚੋਂ ਇਕ ਹੈ। ਜਦੋਂ 2001 ਵਿਚ ਮੋਦੀ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਗੁਜਰਾਤ ਵਿਚ ਉਤਾਰਿਆ ਗਿਆ, ਉਦੋਂ ਇਹੀ ਵਜੂਵਾਲਾ ਆਪਣੀ ਰਾਜਕੋਟ ਸੀਟ ਮੋਦੀ ਲਈ ਛੱਡ ਕੇ ਵਫ਼ਾਦਾਰੀ ਸਾਬਤ ਕਰ ਚੁੱਕਾ ਸੀ। ਹੁਣ ਵੀ ਪੂਰੀ ਵਫ਼ਾਦਾਰੀ ਦਿਖਾਉਂਦਿਆਂ ਉਸ ਨੇ ਭਾਜਪਾ ਨੂੰ ਤਰਜੀਹ ਦੇ ਕੇ ਯੇਡੀਯੁਰੱਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਬਹੁਮਤ ਸਾਬਤ ਕਰਨ ਲਈ 15 ਦਿਨ ਦਾ ਖੁੱਲ੍ਹਾ ਵਕਤ ਵੀ ਦੇ ਦਿੱਤਾ।

ਕਾਂਗਰਸ ਹਾਈਕਮਾਨ ਲਈ ਇਹ ਮਹਿਜ਼ ਕਰਨਾਟਕ ਦੀ ਸੱਤਾ ਉਪਰ ਕਾਬਜ਼ ਹੋਣ ਦਾ ਸਵਾਲ ਨਹੀਂ ਸਗੋਂ ਇਸ ਤੋਂ ਵੀ ਵਧੇਰੇ 2019 ਦੀਆਂ ਆਮ ਚੋਣਾਂ ਲਈ ਆਪਣੀ ਹੋਂਦ ਬਚਾਉਂਦੇ ਹੋਏ ਆਪਣੀ ਰਾਜਸੀ ਵੁਕਅਤ ਬਣਾਈ ਰੱਖਣ ਦਾ ਸਵਾਲ ਵੀ ਸੀ। ਉਨ੍ਹਾਂ ਨੇ ਹਰ ਮੁਹਾਜ਼ 'ਤੇ ਆਪਣੀ ਤਾਕਤ ਝੋਕ ਦਿੱਤੀ। ਕਾਂਗਰਸ ਵਲੋਂ ਕਾਨੂੰਨੀ ਮਾਹਰਾਂ ਦੀ ਮਦਦ ਨਾਲ ਗਵਰਨਰ ਦੇ ਪੱਖਪਾਤ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ। ਕਾਂਗਰਸ ਅਤੇ ਜਨਤਾ ਦਲ ਦੇ ਵਿਧਾਇਕਾਂ ਨੂੰ ਅਮਿਤ ਸ਼ਾਹ ਦੇ ਬੰਦੇ ਕਾਬੂ ਨਾ ਕਰ ਲੈਣ ਇਹ ਯਕੀਨੀ ਬਣਾਉਣ ਲਈ ਸੋਨੀਆ ਗਾਂਧੀ ਵਲੋਂ ਸੀਨੀਅਰ ਆਗੂਆਂ ਅਸ਼ੋਕ ਗਹਿਲੋਤ ਅਤੇ ਗ਼ੁਲਾਮ ਨਬੀ ਆਜ਼ਾਦ ਨੂੰ ਕਰਨਾਟਕਾ ਭੇਜ ਕੇ ਡੀ.ਕੇ. ਸ਼ਿਵਕੁਮਾਰ ਦੀ ਨਿਗਰਾਨੀ ਹੇਠ ਉਸ ਦੇ ਈਗਲਟਨ ਰਿਜ਼ੌਰਟ ਵਿਚ ਲਿਜਾ ਕੇ ਬੰਦ ਰੱਖਿਆ ਗਿਆ। ਡੀ.ਕੇ. ਸ਼ਿਵਕੁਮਾਰ ਕਾਂਗਰਸ ਦੇ ਹਲਕਿਆਂ ਵਿਚ ਆਪਣੇ ਵਿਧਾਇਕਾਂ ਨੂੰ ਦਲਬਦਲੀ ਤੋਂ ਬਚਾਉਣ ਦਾ ਮਾਹਰ ਮੰਨਿਆ ਜਾਂਦਾ ਹੈ। 'ਜਮਹੂਰੀਅਤ' ਦੀ ਸਾਖ਼ ਬਚਾਉਣ ਲਈ ਸੁਪਰੀਮ ਕੋਰਟ ਨੇ ਅੱਧੀ ਰਾਤ ਨੂੰ ਦਖ਼ਲਅੰਦਾਜ਼ੀ ਕੀਤੀ ਅਤੇ ਕੁਝ ਅੰਤ੍ਰਿਮ ਹਦਾਇਤਾਂ ਜਾਰੀ ਕਰ ਦਿੱਤੀਆਂ ਪਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਉਪਰ ਅਦਾਲਤ ਵਲੋਂ ਰੋਕ ਨਾ ਲਗਾਈ ਹੋਣ ਕਾਰਨ ਭਾਜਪਾ ਨੇ ਆਪਣਾ ਆਰਜ਼ੀ ਸਪੀਕਰ ਥਾਪ ਕੇ ਯੇਡੀਯੁਰੱਪਾ ਨੂੰ 17 ਮਈ ਨੂੰ ਹੀ ਫਟਾਫਟ ਸਹੁੰ ਚੁੱਕਵਾ ਦਿੱਤੀ। ਸੁਪਰੀਮ ਕੋਰਟ ਨੇ 18 ਮਈ ਨੂੰ ਭਾਜਪਾ ਵਲੋਂ ਥਾਪੇ ਸਪੀਕਰ ਦੀ ਭੂਮਿਕਾ ਵਿਰੁਧ ਕਾਂਗਰਸ ਦੀ ਪਟੀਸ਼ਨ ਉਪਰ ਸੁਣਵਾਈ ਕਰਦੇ ਹੋਏ ਹੁਕਮ ਜਾਰੀ ਕਰ ਕੇ ਯੇਡੀਯੁਰੱਪਾ ਨੂੰ 19 ਮਈ ਸ਼ਾਮ ਨੂੰ ਵਿਧਾਨ ਸਭਾ ਵਿਚ ਭਰੋਸੇ ਦੇ ਵੋਟ ਰਾਹੀਂ ਬਹੁਮਤ ਸਾਬਤ ਕਰਨ ਦੀ ਹਦਾਇਤ ਕਰ ਦਿੱਤੀ। ਇਸ ਦੌਰਾਨ ਭਾਜਪਾ ਨੇ ਕਾਂਗਰਸ-ਜਨਤਾ ਦਲ ਗੱਠਜੋੜ ਵਿਚ ਪਾੜ ਲਾਉਣ ਅਤੇ ਵਿਧਾਇਕਾਂ ਨੂੰ ਖ਼ਰੀਦਣ ਦੇ ਸਿਰਤੋੜ ਯਤਨ ਕੀਤੇ। ਸੌਖਿਆਂ ਕਰੋੜਪਤੀ ਬਣਨ ਅਤੇ ਮੰਤਰੀ ਦੇ ਅਹੁਦਿਆਂ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ; ਲੇਕਿਨ ਇਸ ਵਾਰ ਕਾਂਗਰਸ ਦੀ ਮਜ਼ਬੂਤ ਕਿਲ੍ਹੇਬੰਦੀ ਕਾਰਨ ਕਾਮਯਾਬੀ ਨਾ ਮਿਲਦੀ ਦੇਖ ਕੇ ਸੰਘ ਨੂੰ ਭਰੋਸੇ ਦੇ ਵੋਟ ਤੋਂ ਪਹਿਲਾਂ ਹੀ ਯੇਡੀਯੁਰੱਪਾ ਕੋਲੋਂ ਅਸਤੀਫ਼ਾ ਦਿਵਾਉਣਾ ਪੈ ਗਿਆ।

ਮੌਕਾਪ੍ਰਸਤ ਗੱਠਜੋੜਾਂ, ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਸਮੇਤ ਹਰ ਤਰ੍ਹਾਂ ਦੇ ਭ੍ਰਿਸ਼ਟ ਹਰਬੇ ਵਰਤ ਕੇ ਸੱਤਾ ਉਪਰ ਕਾਬਜ਼ ਹੋਣਾ ਅਤੇ ਕੁਰਸੀ ਨੂੰ ਚਿੰਬੜੇ ਰਹਿਣਾ ਇਸ ਅਖੌਤੀ ਜਮਹੂਰੀ ਢਾਂਚੇ ਅਤੇ ਤਮਾਮ ਹਾਕਮ ਜਮਾਤੀ ਪਾਰਟੀਆਂ ਦੀ ਜਮਾਂਦਰੂ ਖ਼ੂਬੀ ਹੈ। ਅੱਜ ਕਾਂਗਰਸ ਦੇ ਆਗੂ ਆਰ.ਐਸ.ਐਸ. ਕਾਰਿੰਦਿਆਂ ਵਲੋਂ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਨੂੰ ਵੱਡਾ ਮੁੱਦਾ ਬਣਾ ਰਹੇ ਹਨ ਜਦਕਿ ਕਾਂਗਰਸ ਜਿੰਨਾ ਵਕਤ ਵੀ ਸੱਤਾਧਾਰੀ ਰਹੀ ਹੈ, ਇਸ ਨੇ ਸ਼ਰੇਆਮ ਤਾਨਾਸ਼ਾਹ ਤਰੀਕਿਆਂ ਨਾਲ ਸ਼ਰੀਕ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਤੋੜ ਕੇ ਗਵਰਨਰੀ ਰਾਜ ਲਾਗੂ ਕਰਨ, ਹਿੰਦੂ ਪੱਤਾ ਖੇਡਣ ਅਤੇ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਹੁਣ ਜਦੋਂ ਰਾਜ ਸੱਤਾ ਆਰ.ਐਸ.ਐਸ. ਦੇ ਕਬਜ਼ੇ ਵਿਚ ਹੈ, ਉਹ ਆਪਣੇ ਸਿਆਸੀ ਏਜੰਡੇ ਨੂੰ ਅਮਲ ਵਿਚ ਲਿਆਉਣ ਲਈ ਹਰ ਤਰ੍ਹਾਂ ਦੀਆਂ ਮਨਮਾਨੀਆਂ ਕਰ ਕੇ ਰਾਜਕੀ ਧੱਕੇਸ਼ਾਹੀ ਦਾ ਨਵਾਂ ਇਤਿਹਾਸ ਰਚ ਰਹੇ ਹਨ। ਇਸ ਦੀਆਂ ਇਕ ਪਿੱਛੋਂ ਇਕ ਆਹਲਾ ਮਿਸਾਲਾਂ ਸਾਹਮਣੇ ਆ ਰਹੀਆਂ ਹਨ।

ਮਾਰਚ 2017 ਨੂੰ ਗੋਆ ਵਿਧਾਨ ਸਭਾ ਵਿਚ ਕੁਲ 40 ਸੀਟਾਂ ਵਿਚੋਂ ਕਾਂਗਰਸ ਨੂੰ 17 ਸੀਟਾਂ ਮਿਲੀਆਂ ਸਨ ਲੇਕਿਨ ਉਥੇ 12 ਜੇਤੂ ਵਿਧਾਇਕਾਂ ਵਾਲੀ ਭਾਜਪਾ ਨੇ ਚੋਣ ਨਤੀਜਿਆਂ ਤੋਂ ਬਾਅਦ ਐਮ.ਜੀ.ਪੀ ਅਤੇ ਜੀ.ਐਫ਼.ਪੀ. ਨਾਲ ਗੱਠਜੋੜ ਬਣਾ ਕੇ ਸਰਕਾਰ ਬਣਾ ਲਈ ਅਤੇ ਕਾਂਗਰਸ ਦੇ ਸੱਤਾ ਵਿਚ ਆਉਣ ਦੇ ਮਨਸੂਬੇ ਅਸਫ਼ਲ ਬਣਾ ਦਿੱਤੇ। ਮਾਰਚ 2017 ਵਿਚ ਹੀ ਮਨੀਪੁਰ ਦੀ 60 ਮੈਂਬਰੀ ਵਿਧਾਨ ਸਭਾ ਦੀ ਚੋਣ ਵਿਚ ਕਾਂਗਰਸ ਨੇ 28 ਸੀਟਾਂ ਜਿੱਤ ਲਈਆਂ ਸਨ ਲੇਕਿਨ ਉਥੇ ਵੀ ਦੂਜੇ ਨੰਬਰ 'ਤੇ ਆਈ ਭਾਜਪਾ (ਜਿਸ ਦੇ 21 ਵਿਧਾਇਕ ਸਨ) ਨੇ ਸਰਕਾਰ ਬਣਾ ਲਈ। ਉਥੇ ਤਾਂ ਇਕ ਵਿਧਾਇਕ ਨੂੰ ਹਵਾਈ ਅੱਡੇ ਤੋਂ ਉਤਰਦੇ ਸਾਰ ਕਾਬੂ ਕਰ ਲਿਆ ਗਿਆ। ਉਸ ਨੂੰ ਮਨ ਬਦਲਣ ਦਾ ਵਕਤ ਹੀ ਨਾ ਦਿੱਤਾ ਅਤੇ ਧੱਕੇ ਨਾਲ ਭਾਜਪਾ ਦੇ ਖੁੱਡੇ ਵਿਚ ਤਾੜ ਕੇ ਰੱਖਿਆ ਗਿਆ। ਇਸੇ ਤਰ੍ਹਾਂ ਮਾਰਚ 2018 ਵਿਚ 60 ਮੈਂਬਰੀ ਮੇਘਾਲਿਆ ਵਿਧਾਨ ਸਭਾ ਵਿਚ ਕਾਂਗਰਸ ਦੇ 21 ਵਿਧਾਇਕ ਬਣੇ ਅਤੇ ਭਾਜਪਾ ਨੂੰ ਮਹਿਜ਼ ਦੋ ਸੀਟਾਂ ਮਿਲੀਆਂ। ਲੇਕਿਨ ਉਥੇ ਵੀ ਭਾਜਪਾ ਨੇ ਐਨ.ਪੀ.ਪੀ, ਯੂ.ਡੀ.ਪੀ, ਪੀ.ਡੀ.ਐਫ ਅਤੇ ਐਚ.ਐਸ. ਪੀ.ਡੀ.ਪੀ ਨਾਲ ਗੱਠਜੋੜ ਕਰ ਕੇ ਸੱਤਾ ਉਪਰ ਕਬਜ਼ਾ ਕਰ ਲਿਆ। ਕੇਂਦਰ ਵਿਚ ਸੱਤਾਧਾਰੀ ਸੰਘ ਬ੍ਰਿਗੇਡ ਨੇ ਹਿੱਕ ਦੇ ਜ਼ੋਰ ਸਰਕਾਰਾਂ ਬਣਾਈਆਂ ਅਤੇ ਬਹੁਮਤ ਵਾਲੀ ਕਾਂਗਰਸ ਦੇ ਤੱਪੜ ਰੋਲ਼ ਦਿੱਤੇ। ਹੁਣ ਦੇਖਣਾ ਇਹ ਹੈ ਕਿ ਕਾਂਗਰਸ ਅਤੇ ਜਨਤਾ ਦਲ ਦੇ ਆਗੂ ਆਉਣ ਵਾਲੇ ਦਿਨਾਂ ਵਿਚ ਆਪਣੇ ਸੱਤਾ ਦੇ ਲਾਲਸਾਵਾਨਾਂ ਨੂੰ ਅਮਿਤ ਸ਼ਾਹ ਦੀ 'ਮਾਈਕਰੋ-ਮੈਨੇਜਮੈਂਟ' ਦੇ ਜਾਲ ਤੋਂ ਬਚਾਈ ਰੱਖਣ ਵਿਚ ਕਿੰਨਾ ਕੁ ਕਾਮਯਾਬ ਹੁੰਦੇ ਹਨ।

ਸਵਾਲ ਇਹ ਹੈ ਕਿ ਇਸ ਪਛਾੜ ਦੀਆਂ ਹਿੰਦੂਤਵ ਵਿਰੁਧ ਲੜਾਈ ਲਈ ਕੀ ਅਰਥ-ਸੰਭਾਵਨਾਵਾਂ ਹਨ? ਚੋਣਾਂ ਦਾ ਉਘੜਵਾਂ ਪਹਿਲੂ ਭਾਜਪਾ ਨੂੰ ਰੋਕਣ ਲਈ ਅਖੌਤੀ ਧਰਮ ਨਿਰਪੱਖ ਕਾਂਗਰਸ ਦੀ ਅਗਵਾਈ ਹੇਠ ਉਭਰ ਰਹੇ ਸੰਭਾਵੀ ਗੱਠਜੋੜ ਦੇ ਆਸਾਰ ਹਨ ਜਿਨ੍ਹਾਂ ਨੂੰ 2019 ਦੀਆਂ ਚੋਣਾਂ ਵਿਚ ਸੰਘ ਬ੍ਰਿਗੇਡ ਦੀ ਮੁੜ ਜਿੱਤ ਨੂੰ ਰੋਕਣ ਲਈ ਵੱਡੀ ਉਮੀਦ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਭਾਜਪਾ ਵਿਰੋਧੀ ਸਿਆਸੀ ਵਿਸ਼ਲੇਸ਼ਣਕਾਰ ਕਰਨਾਟਕ ਵਿਚ ਭਾਜਪਾ ਦੀ ਅਸਫ਼ਲਤਾ ਨੂੰ 2019 ਵਿਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਲਈ ਧਰਮ ਨਿਰਪੱਖ ਧਿਰਾਂ ਦੇ ਗੱਠਜੋੜ ਦੇ ਉਭਰ ਰਹੇ ਨਕਸ਼ਾਂ ਵਜੋਂ ਦੇਖ ਅਤੇ ਪੇਸ਼ ਕਰ ਰਹੇ ਹਨ। ਦਰਅਸਲ, ਤਮਾਮ ਭਾਜਪਾ ਵਿਰੋਧੀ ਧੜਿਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਜੇ ਉਨ੍ਹਾਂ ਨੇ ਸੰਘ ਦੇ ਜੇਤੂ ਰਥ ਹੇਠ ਦਰੜੇ ਜਾਣ ਤੋਂ ਆਪਣੀ ਸਿਆਸੀ ਹੋਂਦ ਬਚਾਉਣੀ ਹੈ ਤਾਂ ਸਾਂਝਾ ਗੱਠਜੋੜ ਬਣਾ ਕੇ ਚੋਣਾਂ ਲੜਨੀਆਂ ਪੈਣਗੀਆਂ। ਕਾਂਗਰਸ ਦੀ ਅਗਵਾਈ ਵਿਚ ਬਣਨ ਵਾਲਾ ਐਸਾ ਕੋਈ ਗੱਠਜੋੜ ਆਰ.ਐਸ.ਐਸ. ਨੂੰ ਵਕਤੀ ਤੌਰ 'ਤੇ ਸੱਤਾ ਤੋਂ ਬਾਹਰ ਕਰਕੇ ਮੁਲਕ ਨੂੰ ਹਿੰਦੂਤਵ ਫਾਸ਼ੀਵਾਦ ਤੋਂ ਵਕਤੀ ਰਾਹਤ ਤਾਂ ਦਿਵਾ ਸਕਦਾ ਹੈ ਪਰ ਇਸ ਗੱਠਜੋੜ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਆਮ ਲੋਕਾਂ ਦਾ ਹੋ ਰਿਹਾ ਉਜਾੜਾ ਅਤੇ ਆਰਥਕ ਤਬਾਹੀ ਅਗਲੀ ਵਾਰੀ ਇਸ ਦੀ ਥਾਂ ਸੰਘ ਨੂੰ ਮੁੜ ਸੱਤਾ ਵਿਚ ਆਉਣ ਦਾ ਆਧਾਰ ਮੁਹੱਈਆ ਕਰ ਕੇ ਉਨ੍ਹਾਂ ਦੇ ਕੰਮ ਨੂੰ ਸੌਖਾ ਹੀ ਬਣਾਉਣਗੇ। ਉਂਜ ਵੀ ਚਾਰ ਸਾਲਾਂ ਵਿਚ ਸੰਘ ਨੇ ਰਾਜ ਢਾਂਚੇ ਵਿਚ ਆਪਣੀ ਘੁਸਪੈਠ ਏਨੀ ਡੂੰਘੀ ਬਣਾ ਲਈ ਹੈ ਕਿ ਅਗਲੀ ਵਾਰ ਉਹ ਫਿਰਕੂ-ਜਾਤਪਾਤੀ ਪਾਲਾਬੰਦੀ ਦੇ ਸਹਾਰੇ ਕਾਂਗਰਸ ਨੂੰ ਹੋਰ ਵੀ ਸੌਖਿਆਂ ਸੱਤਾ ਤੋਂ ਲਾਂਭੇ ਕਰ ਸਕਣਗੇ।

***ਹੁਣ ਦੇਖਣਾ ਇਹ ਹੈ ਕਿ ਕਾਂਗਰਸ ਅਤੇ ਜਨਤਾ ਦਲ ਦੇ ਆਗੂ ਆਉਣ ਵਾਲੇ ਦਿਨਾਂ ਵਿਚ ਆਪਣੇ ਸੱਤਾ ਦੇ ਲਾਲਸਾਵਾਨਾਂ ਨੂੰ ਅਮਿਤ ਸ਼ਾਹ ਦੀ 'ਮਾਈਕਰੋ-ਮੈਨੇਜਮੈਂਟ' ਦੇ ਜਾਲ ਤੋਂ ਬਚਾਈ ਰੱਖਣ ਵਿਚ ਕਿੰਨਾ ਕੁ ਕਾਮਯਾਬ ਹੁੰਦੇ ਹਨ। ਸਵਾਲ ਇਹ ਹੈ ਕਿ ਇਸ ਪਛਾੜ ਦੀਆਂ ਹਿੰਦੂਤਵ ਵਿਰੁਧ ਲੜਾਈ ਲਈ ਕੀ ਅਰਥ-ਸੰਭਾਵਨਾਵਾਂ ਹਨ? ਚੋਣਾਂ ਦਾ ਉਘੜਵਾਂ ਪਹਿਲੂ ਭਾਜਪਾ ਨੂੰ ਰੋਕਣ ਲਈ ਅਖੌਤੀ ਧਰਮ ਨਿਰਪੱਖ ਕਾਂਗਰਸ ਦੀ ਅਗਵਾਈ ਹੇਠ ਉਭਰ ਰਹੇ ਸੰਭਾਵੀ ਗੱਠਜੋੜ ਦੇ ਆਸਾਰ ਹਨ ਜਿਨ੍ਹਾਂ ਨੂੰ 2019 ਦੀਆਂ ਚੋਣਾਂ ਵਿਚ ਸੰਘ ਬ੍ਰਿਗੇਡ ਦੀ ਮੁੜ ਜਿੱਤ ਨੂੰ ਰੋਕਣ ਲਈ ਵੱਡੀ ਉਮੀਦ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਭਾਜਪਾ ਵਿਰੋਧੀ ਸਿਆਸੀ ਵਿਸ਼ਲੇਸ਼ਣਕਾਰ ਕਰਨਾਟਕ ਵਿਚ ਭਾਜਪਾ ਦੀ ਅਸਫ਼ਲਤਾ ਨੂੰ 2019 ਵਿਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਲਈ ਧਰਮ ਨਿਰਪੱਖ ਧਿਰਾਂ ਦੇ ਗੱਠਜੋੜ ਦੇ ਉਭਰ ਰਹੇ ਨਕਸ਼ਾਂ ਵਜੋਂ ਦੇਖ ਅਤੇ ਪੇਸ਼ ਕਰ ਰਹੇ ਹਨ।***

ਹਿੰਦੂਤਵ ਫਾਸ਼ੀਵਾਦ ਵਿਰੁਧ ਅਸਲ ਲੜਾਈ ਅਵਾਮ ਨੂੰ ਵਿਚਾਰਧਾਰਕ-ਸਿਆਸੀ ਪੱਖੋਂ ਵਿਆਪਕ ਪੱਧਰ 'ਤੇ ਜਾਗਰੂਕ ਤੇ ਲਾਮਬੰਦ ਕਰ ਕੇ ਹੀ ਲੜੀ ਜਾ ਸਕਦੀ ਹੈ ਜੋ ਭਾਜਪਾ ਵਿਰੋਧੀ ਹਾਕਮ ਜਮਾਤੀ ਧੜਿਆਂ ਦੇ ਵੱਸ ਦੀ ਗੱਲ ਨਹੀਂ। ਜਿਥੋਂ ਤਕ ਪਾਰਲੀਮੈਂਟਰੀ ਖੱਬੀ ਧਿਰ ਦਾ ਸਵਾਲ ਹੈ, ਇਹ ਚੋਣਵਾਦੀ ਸਿਆਸਤ ਵਿਚ ਗਲ਼-ਗਲ਼ ਧਸੀ ਹੋਣ ਕਾਰਨ ਮੁੜ-ਮੁੜ ਕਾਂਗਰਸ ਨਾਲ ਗੱਠਜੋੜ ਵਿਚੋਂ ਹੀ ਧਰਮ ਨਿਰਪੱਖ ਬਦਲ ਤਲਾਸ਼ ਰਹੀ ਹੈ। ਲਿਹਾਜ਼ਾ ਕਿਸੇ ਠੋਸ ਸਿਆਸੀ ਬਦਲ ਦੀ ਅਣਹੋਂਦ ਵਿਚ ਅਵਾਮ ਹਾਕਮ ਜਮਾਤੀ ਪਾਰਟੀਆਂ ਦੀਆਂ ਏ ਅਤੇ ਬੀ ਟੀਮਾਂ ਵਿਚੋਂ ਹੀ ਬਦਲ ਲੱਭਣ ਲਈ ਮਜਬੂਰ ਹਨ।

## ਪੰਜਾਬ ਦਾ ਉਜਾੜਾ ਅਤੇ ਸਿਆਸਤਦਾਨ


*(ਪਿਛਲੇ ਸਫੇ ਦੀ ਬਾਕੀ)*

ਸੁਖਾਲਾ ਰਾਹ ਚੁਣਿਆ ਹੈ। ਇਹ ਰਾਹ ਹੈ: ਖਾਲੀ ਖ਼ਜ਼ਾਨਾ ਭਰਨ ਲਈ ਨਵੇਂ ਟੈਕਸ ਲਾਉਣੇ; ਬੱਸਾਂ ਦੇ ਕਿਰਾਏ ਤੇ ਬਿਜਲੀ ਦਰਾਂ ਵਧਾਉਣੀਆਂ; ਥਰਮਲ ਪਲਾਂਟ, ਪੇਂਡੂ ਸਕੂਲ ਤੇ ਸੁਵਿਧਾ ਕੇਂਦਰ ਬੰਦ ਕਰਨੇ ਅਤੇ ਅਧਿਆਪਕਾਂ ਦੀਆਂ ਤਨਖ਼ਾਹਾਂ ਉਤੇ ਕਟੌਤੀ ਲਾਉਣੀ। ਇਸ ਸਰਕਾਰ ਦਾ ਤਤਕਾਲੀ ਟੀਚਾ ਪੰਜਾਬ ਦੇ ਵਿਕਾਸ ਨੂੰ ਤੇਜ਼ ਕਰਨਾ ਜਾਂ ਕੋਈ ਆਰਥਿਕ ਤਬਦੀਲੀ ਨਹੀਂ ਹੈ, ਸਗੋਂ ਤਨਖਾਹਾਂ ਦੇਣ ਜੋਗੇ ਪੈਸੇ ਜੁਟਾਉਣ ਲਈ ਜੁਗਾੜ ਕਰਨਾ, ਕਿਸਾਨਾਂ ਦੇ ਕਰਜ਼ੇ ਦਾ ਇਕ ਹਿੱਸਾ ਮੁਆਫ਼ ਕਰਨਾ ਅਤੇ ਇਸੇ ਤਰ੍ਹਾਂ ਆਮ ਵਾਂਗ ਸਰਕਾਰ ਦੀ ਗੱਡੀ ਰਿੜ੍ਹਦੀ ਰੱਖਣਾ ਹੈ; ਭਾਵ ਪਰਨਾਲਾ ਉਥੇ ਦਾ ਉਥੇ।

# ਭਾਰਤ ਦੇ ਬੈਂਕਾਂ ਵਿਚ ਡਿਜੀਟਲ ਧੋਖਿਆਂ ਦਾ ਕਹਿਰ

***ਭਾਰਤ ਵਿਚ ਬੈਂਕਾਂ ਰਾਹੀਂ ਘਪਲਿਆਂ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। ਇਸ ਦਾ ਸਿੱਧਾ ਅਸਰ ਆਮ ਲੋਕਾਂ ਉਤੇ ਤਾਂ ਪੈਂਦਾ ਹੀ ਹੈ, ਅਰਥ-ਵਿਵਸਥਾ ਨੂੰ ਵੀ ਢਾਹ ਲਗਦੀ ਹੈ। ਦਰਸ਼ਨ ਸਿੰਘ ਪਨੂੰ ਅਤੇ ਕਰਮਜੀਤ ਕੌਰ ਪਨੂੰ ਨੇ ਆਪਣੇ ਇਸ ਲੇਖ ਵਿਚ ਬੈਂਕਾਂ ਦੀ ਬੇਵਸੀ ਦਾ ਜ਼ਿਕਰ ਕਰਦਿਆਂ ਇਨ੍ਹਾਂ ਮਾਮਲਿਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਅਸਲ ਵਿਚ ਸਿਆਸੀ ਦਖਲ ਅੰਦਾਜ਼ੀ ਨੇ ਭਾਰਤ ਦੇ ਬੈਂਕਿੰਗ ਸਿਸਟਮ ਦਾ ਬੁਰਾ ਹਾਲ ਕਰ ਕੇ ਰੱਖ ਦਿੱਤਾ ਹੈ। -ਸੰਪਾਦਕ***

ਬੈਂਕਾਂ ਦੇ ਐਨ. ਪੀ. ਏ. ਕਰਜ਼ਿਆਂ ਦੇ ਉਹ ਖਾਤੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਗਾਹਕ ਸਮੇਂ ਸਿਰ ਕਰਜ਼ੇ ਦਾ ਮੂਲ ਤੇ ਵਿਆਜ ਦੀ ਕਿਸ਼ਤ ਦੀ ਕੋਈ ਅਦਾਇਗੀ 180 ਦਿਨਾਂ ਤਕ ਨਾ ਕਰਨ। ਆਮ ਤੌਰ 'ਤੇ ਇਨ੍ਹਾਂ ਦੀ ਅਦਾਇਗੀ ਹੁੰਦੀ ਹੀ ਨਹੀਂ, ਭਾਵ ਅਖੀਰ ਨੂੰ ਇਹ ਘਪਲੇ ਬਣ ਜਾਂਦੇ ਹਨ। ਦੂਸਰੀ ਕਿਸਮ ਦੇ ਘਪਲੇ ਉਹ ਹਨ ਜੋ ਬੈਂਕਾਂ ਵਿਚੋਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਚੋਰੀ ਕੀਤੀ ਮਾਇਆ ਹੋਵੇ। ਭਾਰਤ ਵਿਚ ਸਭ ਕਿਸਮ ਦੇ ਘਪਲਿਆਂ ਦੀ ਘਾਟ ਨਹੀਂ। ਦੁਨੀਆਂ ਭਰ ਦੇ ਬੈਂਕਾਂ ਵਿਚ ਇੰਟਰਨੈਟ ਦਾ ਪੇਚੀਦਾ ਦੌਰ ਆ ਗਿਆ ਹੈ।




**ਦਰਸ਼ਨ ਸਿੰਘ ਪਨੂੰ**
ਫੋਨ: 614-551-3999
**ਕਰਮਜੀਤ ਕੌਰ ਪਨੂੰ**
ਫੋਨ: 614-795-3747

ਇਸੇ ਕਰ ਕੇ ਹੀ ਭਾਰਤ ਵਿਚ ਘਪਲੇ ਹੋ ਰਹੇ ਹਨ। ਫਰਵਰੀ 2018 ਵਿਚ ਸਾਰੀ ਦੁਨੀਆਂ ਵਿਚ ਖਬਰ ਫੈਲੀ ਕਿ ਪੰਜਾਬ ਨੈਸ਼ਨਲ ਬੈਂਕ ਦੀ ਮੁੰਬਈ ਬਰਾਂਚ ਵਿਚ 12,717 ਕਰੋੜ ਰੁਪਏ ਦਾ ਘਪਲਾ 5-6 ਸਾਲ ਚਲਦਾ ਰਿਹਾ। ਪਤਾ ਲੱਗਿਆ ਕਿ ਮੁੰਬਈ ਦਾ ਜੌਹਰੀ ਨੀਰਵ ਮੋਦੀ ਬੈਂਕ ਦੇ ਹੀ ਦੋ ਕਰਮਚਾਰੀਆਂ ਤੋਂ ਜਾਅਲੀ 'ਲੈਟਰ ਆਫ ਅੰਡਰਸਟੈਂਡਿੰਗ' (ਐਲ. ਓ. ਯੂ.) ਜਾਂ 'ਫੌਰਨ ਲੈਟਰ ਆਫ ਕਰੈਡਿਟ' (ਐਫ. ਐਲ. ਸੀ.) ਦੇ ਗਾਰੰਟੀ ਪੱਤਰ ਲੈ ਕੇ ਸਵਿਫਟ ਮੈਸੇਜਿੰਗ ਰਾਹੀਂ ਬਾਹਰਲੇ ਦੇਸ਼ਾਂ ਵਿਚ ਭਿਜਵਾ ਕੇ ਪੇਮੈਂਟ ਲੈ ਲਿਆ ਕਰਦਾ ਸੀ ਪਰ ਇਸ ਦਾ ਇੰਦਰਾਜ ਭਾਰਤ ਵਿਚ ਚਲਦੇ ਇਲੈਕਟਰੌਨਿਕ ਸਿਸਟਮ ਵਿਚ ਨਹੀਂ ਸੀ ਕਰਵਾਇਆ ਜਾਂਦਾ ਅਤੇ ਨਾ ਹੀ ਇਥੋਂ ਦੇ ਪੁਰਾਣੇ ਸਿਸਟਮ ਦਾ ਬਾਹਰਲੇ ਦੇਸ਼ਾਂ ਦੇ ਨਵੇਂ ਇਲੈਕਟਰੌਨਿਕ ਸਿਸਟਮ ਨਾਲ ਕੋਈ ਲਿੰਕ ਸੀ।

ਇਸ ਤੋਂ ਪਹਿਲਾਂ ਅਕਤੂਬਰ 2016 ਵਿਚ ਭਾਰਤੀ ਸਟੇਟ ਬੈਂਕ (ਐਸ. ਬੀ. ਆਈ.), ਐਚ. ਡੀ. ਐਫ. ਸੀ., ਆਈ. ਸੀ. ਆਈ. ਸੀ. ਆਈ., ਯੈੱਸ ਬੈਂਕ, ਐਕਸਿਜ ਬੈਂਕ ਆਦਿ ਬੈਂਕਾਂ ਦੇ 32 ਲੱਖ ਡੈਬਿਟ ਕਾਰਡਾਂ ਦਾ ਕੰਪਿਊਟਰ ਰਿਕਾਰਡ ਲੀਕ ਹੋ ਗਿਆ ਸੀ। ਇਸ ਬਾਰੇ ਡੈਬਿਟ ਕਾਰਡਾਂ ਦੇ ਮਾਲਕਾਂ ਨੇ ਰਿਪੋਰਟ ਕੀਤੀ ਸੀ ਕਿ ਉਨ੍ਹਾਂ ਦੇ ਕਾਰਡਾਂ ਨੂੰ ਚੀਨ ਵਿਚ ਕਿਤੇ ਵਰਤਿਆ ਜਾ ਰਿਹਾ ਹੈ। ਇਨ੍ਹਾਂ ਡੈਬਿਟ ਕਾਰਡਾਂ ਦੇ ਲੀਕ ਹੋਣ 'ਤੇ ਸਟੇਟ ਬੈਂਕ ਨੂੰ ਆਪਣੇ 6 ਲੱਖ ਡੈਬਿਟ ਕਾਰਡ ਬਦਲਣੇ ਪੈ ਗਏ ਸਨ।

ਇਸ ਸਾਈਬਰ ਡੈਟਾ ਲੀਕ ਦਾ ਕਾਰਨ ਲੱਭਣ ਦਾ ਕੰਮ ਬੈਂਕ ਵਾਲਿਆਂ ਨੇ ਦੁਨੀਆਂ ਦੀ ਮਸ਼ਹੂਰ ਕੰਪਨੀ 'ਸਰਟੀਫਾਈਡ ਇਨਫਰਮੇਸ਼ਨ ਸਿਸਟਮ ਆਡੀਟਰ' (ਸੀ. ਆਈ. ਐਸ. ਏ.) ਨੂੰ ਦਿੱਤਾ। ਇਹ ਕੰਪਨੀ ਦੁਨੀਆਂ ਭਰ ਵਿਚ ਵੱਡੀਆਂ ਵੱਡੀਆਂ ਕੰਪਨੀਆਂ ਅਤੇ ਬੈਂਕਾਂ ਦੇ ਖਾਤਿਆਂ ਦੀ ਸਹੀ ਸੰਭਾਲ ਲਈ ਕੋਈ ਸਿਸਟਮ ਬਣਾ ਕੇ ਦਿੰਦੀ ਹੈ ਅਤੇ ਉਨ੍ਹਾਂ ਨੂੰ ਆਪਣਾ ਸਰਟੀਫਿਕੇਟ ਵੀ ਦਿੰਦੀ ਹੈ ਜਿਸ ਦੀ ਦੁਨੀਆਂ ਭਰ ਵਿਚ ਮਾਨਤਾ ਹੈ। ਇਸ ਕੰਪਨੀ ਨੇ ਬੈਂਕ ਦਾ ਆਡਿਟ ਕਰ ਕੇ ਪਤਾ ਕੀਤਾ ਸੀ ਕਿ ਡੈਬਿਟ ਕਾਰਡਾਂ ਦੇ ਅੰਕੜਿਆਂ ਦੀ ਚੋਰੀ ਮਾਲਵੇਅਰ ਇੰਜੈਕਟ ਕਰ ਕੇ ਹੋਈ ਸੀ, ਜਿਸ ਨੂੰ ਬੈਂਕਾਂ ਦੇ ਚਲਦੇ 'ਹੀਟੈਚੀ ਪੇਮੈਂਟ ਸਿਸਟਮ' ਵਿਚ ਇੰਜੈਕਟ ਕੀਤਾ ਗਿਆ ਸੀ ਕਿਉਂਕਿ ਸਾਰੇ ਬੈਂਕ ਇਸੇ ਸਿਸਟਮ ਨਾਲ ਜੁੜੇ ਹੋਏ ਸਨ।

ਫਰਵਰੀ 2018 ਵਿਚ ਹੀ ਪੰਜਾਬ ਨੈਸ਼ਨਲ ਬੈਂਕ ਦੇ 12,717 ਕਰੋੜ ਰੁਪਏ ਦੇ ਘਪਲੇ ਤੋਂ ਬਾਅਦ ਖਬਰ ਸੀ ਕਿ ਇਕ ਸਾਈਬਰ ਸਿਕਿਉਰਿਟੀ ਫਰਮ ਨੇ ਜਾਣਕਾਰੀ ਦਿਤੀ ਹੈ ਕਿ ਪੰਜਾਬ ਨੈਸ਼ਨਲ ਬੈਂਕਾਂ ਦੇ ਹੀ ਡੈਬਿਟ ਅਤੇ ਕਰੈਡਿਟ ਕਾਰਡਾਂ ਦਾ ਰਿਕਾਰਡ ਲੀਕ ਹੋ ਗਿਆ ਹੈ ਅਤੇ ਚੋਰੀ ਕਰਨ ਵਾਲੇ ਨੇ ਇਸ ਰਿਕਾਰਡ ਨੂੰ ਸਿਰਫ 4.5 ਡਾਲਰ ਪ੍ਰਤੀ ਕਾਰਡ ਦੀ ਦਰ ਨਾਲ ਸੇਲ ਲਗਾ ਦਿਤੀ ਹੈ। ਪਤਾ ਲਗਣ 'ਤੇ ਇਸ ਚੋਰੀ ਨੂੰ ਤਾਂ ਬੰਦ ਕਰ ਦਿਤਾ ਗਿਆ ਪਰ ਇਸ ਨਾਲ ਕੋਈ ਫਰਾਡ ਹੋਇਆ ਜਾਂ ਨਹੀਂ, ਦੀ ਕੋਈ ਜਾਣਕਾਰੀ ਨਹੀਂ ਮਿਲੀ। ਅਕਤੂਬਰ 2017 ਦੀ ਖਬਰ ਅਨੁਸਾਰ, ਅਜਿਹੇ ਹੋਰ ਡੈਟਾ ਲੀਕ ਦਾ ਪਤਾ ਲੱਗਿਆ ਸੀ। ਕਿਸੇ ਅਣਪਛਾਤੇ ਆਈ. ਟੀ. ਹੈਕਰ ਨੇ ਐਲਾਨ ਕੀਤਾ ਕਿ ਉਸ ਕੋਲ ਭਾਰਤ ਦੀਆਂ 6000 ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਸਾਰਾ ਅੰਦਰੂਨੀ ਰਿਕਾਰਡ ਹੈ ਅਤੇ ਉਹ ਇਹ ਰਿਕਾਰਡ 15 ਬਿਟਕੁਆਇਨ (ਕਰੀਬ 41.89 ਲੱਖ ਰੁਪਏ) ਪ੍ਰਤੀ ਸੰਸਥਾ ਦੇ ਰੇਟ ਨਾਲ ਲੀਕ ਕਰਨ ਨੂੰ ਤਿਆਰ ਹੈ। ਇਹ ਜਾਣਕਾਰੀ ਆਈ. ਟੀ. ਸਿਕਿਉਰਿਟੀ ਫਰਮ 'ਕੁਇਕ ਹੀਲ' ਦੀ ਇਕ ਬ੍ਰਾਂਚ ਨੇ ਦਿਤੀ ਸੀ।

ਭਾਰਤ ਦੀਆਂ ਇਨ੍ਹਾਂ 6000 ਸੰਸਥਾਵਾਂ ਜਿਨ੍ਹਾਂ ਵਿਚ ਯੂਨੀਅਨ ਆਈਡੈਂਟੀਫੀਕੇਸ਼ਨ ਅਥਾਰਟੀ ਆਫ ਇੰਡੀਆ ਜਿਸ ਅਧੀਨ ਭਾਰਤ ਦੇ ਸਾਰੇ ਆਧਾਰ ਕਾਰਡ ਬਣਾਏ ਜਾਂਦੇ ਹਨ, ਡਿਫੈਂਸ ਡਿਵੈਲਪਮੈਂਟ ਅਥਾਰਟੀ ਆਫ ਇੰਡੀਆ, ਇੰਡੀਅਨ ਸਪੇਸ ਰਿਸਰਚ ਆਫ ਇੰਡੀਆ, ਰਿਜ਼ਰਵ ਬੈਂਕ, ਭਾਰਤੀ ਸਟੇਟ ਬੈਂਕ, ਬੀ. ਐਸ. ਐਨ. ਐਲ. ਆਦਿ ਸ਼ਾਮਲ ਹਨ, ਲਈ ਖਤਰਾ ਬਣ ਗਿਆ। ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਤੁਰੰਤ ਚਾਰਜੋਈ ਕਰਨੀ ਪਈ ਸੀ।

ਭਾਰਤ ਦੀ ਆਈ. ਟੀ. ਸਿਕਿਉਰਿਟੀ ਜਾਂ ਕੋਈ ਹੋਰ ਸੰਸਥਾ, ਪੰਜਾਬ ਨੈਸ਼ਨਲ ਬੈਂਕ ਦਾ 12,717 ਕਰੋੜ ਰੁਪਏ ਦੇ ਘਪਲੇ ਦਾ ਐਨੇ ਲੰਮੇ ਸਮੇਂ ਤਕ ਪਤਾ ਕਿਉਂ ਨਹੀਂ ਲਾ ਸਕੀ? ਇਸ ਬਾਰੇ ਵਿੱਤ ਮੰਤਰੀ ਨੇ ਲੋਕ ਸਭਾ ਵਿਚ ਬਿਆਨ ਦਿਤਾ ਕਿ ਇਕੱਲੇ ਭਾਰਤੀ ਸਟੇਟ ਬੈਂਕ ਵਿਚ ਸਾਲ 2016-17 ਵਿਚ 544 ਕੇਸਾਂ ਵਿਚ 2422 ਕਰੋੜ ਰੁਪਏ ਦੇ ਨਾ ਮੁੜਨ ਵਾਲੇ ਕਰਜ਼ਾ ਘਪਲੇ ਹੋਏ ਸਨ ਅਤੇ ਇਨ੍ਹਾਂ ਕੇਸਾਂ ਵਿਚੋਂ 83 ਕੇਸਾਂ ਵਿਚ ਬੈਂਕਾਂ ਦੇ ਕਰਮਚਾਰੀਆਂ ਦਾ ਹੱਥ ਸੀ। ਇਹ ਵੀ ਦਸਿਆ ਗਿਆ ਕਿ ਭਾਰਤ ਦੇ ਸਾਰੇ ਸਰਕਾਰੀ ਬੈਂਕਾਂ ਵਿਚ ਸਾਲ 2016-17 ਦੌਰਾਨ 19,533 ਕਰੋੜ ਰੁਪਏ ਦਾ ਘਪਲਾ ਹੋਇਆ ਸੀ ਜਿਨ੍ਹਾਂ ਵਿਚ 544 ਕੇਸਾਂ ਵਿਚ ਭਾਰਤੀ ਸਟੇਟ ਬੈਂਕ ਦਾ 2422 ਕਰੋੜ ਰੁਪਏ ਦਾ ਘਪਲਾ, ਬੈਂਕ ਆਫ ਇੰਡੀਆ ਦੇ 162 ਕੇਸਾਂ ਵਿਚ 2774 ਕਰੋੜ, ਬੈਂਕ ਆਫ ਬੜੌਦਾ ਦੇ 224 ਕੇਸਾਂ ਵਿਚ 1165 ਕਰੋੜ, ਇੰਡੀਅਨ ਓਵਰਸੀਜ਼ ਬੈਂਕ ਦੇ 95 ਕੇਸਾਂ ਵਿਚ 1372 ਕਰੋੜ ਰੁਪਏ, ਆਈ. ਡੀ. ਬੀ. ਆਈ. ਬੈਂਕ ਵਿਚ 107 ਕੇਸਾਂ ਵਿਚ 1137 ਕਰੋੜ, ਯੂਨੀਅਨ ਬੈਂਕ ਆਫ ਇੰਡੀਆ ਦੇ 111 ਕੇਸਾਂ ਵਿਚ 921 ਕਰੋੜ, ਅਲਾਹਾਬਾਦ ਬੈਂਕ ਦੇ 60 ਕੇਸਾਂ ਵਿਚ 895 ਕਰੋੜ ਅਤੇ ਸੈਂਟਰਲ ਬੈਂਕ ਆਫ ਇੰਡੀਆ ਦੇ 146 ਕੇਸਾਂ ਵਿਚ 868 ਕਰੋੜ ਰੁਪਏ ਦੇ ਘਪਲੇ ਦਾ ਪਤਾ ਲੱਗਿਆ ਹੈ।

ਇਸੇ ਤਰ੍ਹਾਂ ਭਾਰਤ ਦੇ ਸਾਰੇ ਸਰਕਾਰੀ ਬੈਂਕਾਂ ਵਿਚ ਸਾਲ 2014-15, 2015-16 ਅਤੇ ਸਾਲ 2016-17 ਵਿਚ ਕ੍ਰਮਵਾਰ 3113 ਕੇਸਾਂ ਵਿਚ 16,803 ਕਰੋੜ ਰੁਪਏ, 2789 ਕੇਸਾਂ ਵਿਚ 16,910 ਕਰੋੜ ਰੁਪਏ ਅਤੇ 19,503 ਕਰੋੜ ਰੁਪਏ ਦੇ ਘਪਲੇ ਹੋਏ ਸਨ।



ਇਨ੍ਹਾਂ ਅੰਕੜਿਆਂ ਤੋਂ ਸਾਫ ਜਾਹਰ ਹੈ ਕਿ ਮੌਜੂਦਾ ਸਰਕਾਰ ਦੇ 3-4 ਸਾਲਾਂ ਵਿਚ ਘਪਲੇ ਵਧ ਹੀ ਰਹੇ ਹਨ। ਇਸ ਸਰਕਾਰ ਨੇ ਆਪਣਾ ਇਕ ਸਾਲ ਪੂਰਾ ਹੋਣ 'ਤੇ ਇਹ ਘਪਲੇ ਰੋਕਣ ਲਈ ਸ਼ਾਇਦ ਸ਼ੁਧ ਨੀਤੀ ਅਪਨਾਉਂਦਿਆਂ 7 ਮਈ 2015 ਨੂੰ 'ਸੈਂਟਰਲ ਫਰਾਡ ਰਜਿਸਟਰੀ' ਨੋਟੀਫਿਕੇਸ਼ਨ ਜਾਰੀ ਕੀਤਾ। ਘਪਲੇ ਰੋਕਣ ਲਈ ਭਾਵੇਂ ਰਿਜ਼ਰਵ ਬੈਂਕ ਕੋਲ ਪਹਿਲਾਂ ਵੀ ਇੰਟਰਨਲ ਵਰਕਿੰਗ ਗਰੁਪ, ਰਿਸਕ ਮੈਨੇਜਮੈਂਟ ਗਰੁਪ ਆਦਿ ਮਸ਼ੀਨਰੀ ਮੌਜੂਦ ਸੀ ਪਰ ਘਪਲੇ ਤਾਂ ਹੀ ਰੁਕਦੇ ਜੇ ਬੈਂਕਾਂ ਦੇ ਕੰਮ-ਕਾਰ ਵਿਚ ਕੋਈ ਸਿਆਸੀ ਦਖਲ ਅੰਦਾਜ਼ੀ ਨਾ ਹੁੰਦੀ ਹੋਵੇ। ਸੈਂਟਰਲ ਫਰਾਡ ਰਜਿਸਟਰੀ ਦੀ ਨੋਟੀਫਿਕੇਸ਼ਨ ਅਧੀਨ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਨੂੰ ਹਦਾਇਤ ਸੀ ਕਿ ਸਰਕਾਰੀ ਬੈਂਕ 3 ਕਰੋੜ ਰੁਪਏ ਤਕ ਦੇ ਘਪਲਿਆਂ ਦੇ ਕੇਸ ਸਿੱਧੇ ਸਬੰਧਿਤ ਸੂਬੇ ਦੀ ਪੁਲਿਸ ਨੂੰ ਸੌਂਪ ਦੇਣ, 3 ਤੋਂ 25 ਕਰੋੜ ਰੁਪਏ ਦੇ ਘਪਲਿਆਂ ਦੇ ਕੇਸ ਸੀ. ਬੀ. ਆਈ. ਤੇ ਇਸ ਦੇ ਇਕਨਾਮਿਕ ਵਿੰਗ ਨੂੰ ਭੇਜਣ ਅਤੇ 25 ਕਰੋੜ ਰੁਪਏ ਤੋਂ ਵੱਧ ਦੇ ਘਪਲੇ ਬੈਂਕਿੰਗ ਸਿਕਿਉਰਿਟੀ ਐਂਡ ਫਰਾਡ ਵਿੰਗ ਨੂੰ ਭੇਜਣ ਦੀ ਹਦਾਇਤ ਸੀ। ਇਸ ਦੇ ਨਾਲ ਹੀ ਇਸ ਨੋਟੀਫਿਕੇਸ਼ਨ ਵਿਚ ਪ੍ਰਾਈਵੇਟ ਬੈਂਕਾਂ ਨੂੰ ਹਦਾਇਤ ਸੀ ਕਿ ਉਹ ਇਕ ਲੱਖ ਤੋਂ ਇਕ ਕਰੋੜ ਰੁਪਏ ਤਕ ਦੇ ਘਪਲਿਆਂ ਦੇ ਕੇਸ ਸਬੰਧਤ ਸੂਬੇ ਦੀ ਪੁਲਿਸ ਕੋਲ ਅਤੇ ਇਸ ਤੋਂ ਵੱਧ ਘਪਲਿਆਂ ਦੇ ਸਾਰੇ ਕੇਸ ਸੀਰੀਅਸ ਫਰਾਡ ਇਨਵੈਸਟੀਗੇਸ਼ਨ ਆਫਿਸ (ਐਸ. ਐਫ. ਆਈ. ਓ.) ਨੂੰ ਅਗਲੀ ਕਾਰਵਾਈ ਲਈ ਭੇਜਣ। ਇਹ ਨੋਟੀਫਿਕੇਸ਼ਨ ਰਿਜ਼ਰਵ ਬੈਂਕ ਦੇ ਤਤਕਾਲੀ ਗਵਰਨਰ ਰਘੂਨਾਥ ਰਾਜਨ ਨੇ ਕਰਵਾਈ ਸੀ ਤਾਂ ਜੋ ਭਾਰਤ ਦੇ ਸਾਰੇ ਬੈਂਕਾਂ ਦੀ ਕਾਰਜਕਾਰੀ ਸਿੱਧਿਆਂ ਰਿਜ਼ਰਵ ਬੈਂਕ ਦੇ ਕੰਟਰੋਲ ਵਿਚ ਹੋਵੇ। ਘੱਟ ਤੋਂ ਘੱਟ ਸਿਆਸਤਦਾਨ ਆਪਣੀ ਸਰਕਾਰ ਰਾਹੀਂ ਸਰਕਾਰੀ ਬੈਂਕਾਂ ਉਪਰ ਦਬਾ ਪਾ ਕੇ ਗਲਤ ਕਰਜ਼ੇ ਪਾਸ ਨਾ ਕਰਵਾ ਲੈਣ, ਨਾ ਮੁੜਨ ਵਾਲੇ ਕਰਜ਼ਿਆਂ ਵਿਚ ਹੋਰ ਵਾਧਾ ਨਾ ਹੋਵੇ ਅਤੇ ਨਾਲ ਹੀ ਉਸ ਵੇਲੇ ਦੇ ਖੜ੍ਹੇ ਐਨ. ਪੀ. ਏ. ਦੇ ਕਰਜ਼ਿਆਂ ਦਾ ਹੋਰ ਸਮਾਂ ਨਾ ਵਧਾਇਆ ਜਾ ਸਕੇ।

ਅਮਰੀਕੀ ਕੰਪਨੀ ਕਾਰਪੋਰੇਟ ਇਨਵੈਸਟਮੈਂਟਸ ਐਂਡ ਰਿਸਕ ਦੁਨੀਆਂ ਦੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਨਵਾਂ ਕਾਰੋਬਾਰ ਕਰਨ ਲਈ ਖਤਰਿਆਂ ਬਾਰੇ ਜਾਣਕਾਰੀ ਦਿੰਦੀ ਹੈ। ਇਸ ਨੇ ਆਪਣੀ ਦਸਵੀਂ ਸਾਲਾਨਾ ਰਿਪੋਰਟ ਵਿਚ ਹਰ ਦੇਸ਼ ਦੇ ਆਰਥਿਕ ਘਪਲਿਆਂ ਦੇ ਖਤਰਿਆਂ ਬਾਰੇ ਲਿਖਿਆ ਹੈ। ਇਸ ਵਿਚ ਭਾਰਤ ਦੇ ਆਰਥਿਕ ਘਪਲਿਆਂ ਦੇ ਖਤਰੇ ਦੀ ਤੁਲਨਾ ਦੁਨੀਆਂ ਦੇ ਦੇਸ਼ਾਂ ਦੇ ਔਸਤਨ ਅੰਕੜਿਆਂ ਨਾਲ ਕੀਤੀ ਗਈ ਹੈ:

ਭਾਰਤ ਵਿਚ ਡੈਟਾ ਲੀਕ ਦਾ ਖਤਰਾ 87% ਜਦਕਿ ਦੁਨੀਆਂ ਦੇ ਦੇਸ਼ਾਂ ਦੀ ਔਸਤ 57% ਹੈ।

ਭਾਰਤ 'ਚ ਅੰਦਰੂਨੀ ਮਾਇਕ ਖਤਰੇ 85% ਜਦਕਿ ਦੁਨੀਆਂ ਦੇ ਦੇਸ਼ਾਂ ਦੀ ਔਸਤ 52% ਹੈ।

ਭਾਰਤ ਵਿਚ ਬੌਧਿਕ ਸੰਪਤੀ ਦੀ ਚੋਰੀ ਦਾ ਖਤਰਾ 80% ਜਦਕਿ ਬਾਕੀ ਦੀ ਔਸਤ 56% ਹੈ।

ਭਾਰਤ ਵਿਚ ਬੈਂਕਾਂ ਦੇ ਸਟਾਕ ਦੀ ਚੋਰੀ ਦਾ ਖਤਰਾ 78% ਜਦਕਿ ਬਾਕੀ ਦੀ ਔਸਤ 55% ਹੈ।

ਸਾਫ ਜਾਹਰ ਹੈ ਕਿ ਭਾਰਤ ਦੇ ਬੈਂਕਾਂ ਵਿਚ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਦੇ ਬੈਂਕਾਂ ਨਾਲੋਂ ਵੱਧ ਘਪਲੇ ਹੁੰਦੇ ਹਨ ਅਤੇ ਨਵੇਂ ਕਾਰੋਬਾਰਾਂ ਲਈ ਖਤਰਾ ਮੌਜੂਦ ਹੈ। ਇਸੇ ਕਰ ਕੇ ਤਿੰਨ-ਚਾਰ ਸਾਲਾਂ ਅੰਦਰ ਬਾਹਰਲੇ ਦੇਸ਼ਾਂ ਤੋਂ ਨਵੇਂ ਕਾਰੋਬਾਰ ਦੇ ਅਮਕਾਨ ਘਟ ਗਏ ਹਨ।

ਹੁਣ ਜ਼ਰਾ ਕਾਂਗਰਸ ਦੀ ਅਗਵਾਈ ਹੇਠਲੀ ਯੂ. ਪੀ. ਏ. ਸਰਕਾਰ ਦੇ ਅੰਕੜਿਆਂ 'ਤੇ ਨਜ਼ਰ ਮਾਰਦੇ ਹਾਂ। ਰਿਜ਼ਰਵ ਬੈਂਕ ਦੇ ਕਿਤਾਬਚੇ ਵਿਚ ਸਾਲ 2004 ਤੋਂ 2013 ਤਕ ਸਾਰੇ ਸਰਕਾਰੀ ਬੈਂਕਾਂ ਵਿਚ ਹਰ ਸਾਲ ਦੇ ਨਾ ਮੁੜਨ ਵਾਲੇ ਕਰਜ਼ਿਆਂ ਦਾ ਵੇਰਵਾ ਦਰਜ ਹੈ। ਇਸ ਅਨੁਸਾਰ ਸਾਲ 2004 ਵਿਚ ਨਾ ਮੁੜਨ ਵਾਲੇ ਕਰਜ਼ੇ (ਐਨ. ਪੀ. ਏ.) 50,148 ਕਰੋੜ ਰੁਪਏ ਸਨ। ਸਾਲ 2005 ਵਿਚ ਇਹ 46,817; 2006 ਵਿਚ 41,378; 2007 ਵਿਚ 38,305; 2008 ਵਿਚ 39,600; 2009 ਵਿਚ 44,032; 2010 ਵਿਚ 57,293; 2011 ਵਿਚ 71,080; 2012 ਵਿਚ 1,12,489 ਅਤੇ 2013 ਵਿਚ 1,55,890 ਕਰੋੜ ਰੁਪਏ ਹੋ ਗਏ।

ਸਾਫ ਜਾਹਰ ਹੈ ਕਿ ਯੂ. ਪੀ. ਏ. ਦੀਆਂ ਸਰਕਾਰਾਂ ਵੇਲੇ ਵੀ ਸੂਰਤ-ਏ-ਹਾਲ ਕੋਈ ਠੀਕ ਨਹੀਂ ਸੀ। ਯੂ. ਪੀ. ਏ. ਸਰਕਾਰ ਦੇ ਪਹਿਲੇ 5 ਸਾਲਾਂ ਵਿਚ ਨਾ ਮੁੜਨ ਵਾਲੇ ਕਰਜ਼ੇ ਘਟਦੇ ਗਏ ਪਰ ਇਸ ਦੇ ਉਲਟ ਯੂ. ਪੀ. ਏ.-2 ਦੌਰਾਨ ਇਹ ਘਪਲੇ ਵਧਦੇ ਹੀ ਗਏ। ਕਾਰਨ? ਡਾ. ਮਨਮੋਹਨ ਸਿੰਘ ਜੋ ਦੁਨੀਆਂ ਦੇ ਮੰਨੇ-ਪ੍ਰਮੰਨੇ ਅਰਥ ਸ਼ਾਸਤਰੀ ਹਨ, ਨੇ ਆਪਣੇ ਪਹਿਲੇ ਰਾਜ ਕਾਲ ਵਿਚ ਕਮਾਲ ਦਿਖਾਇਆ ਪਰ ਅਗਲੇ ਰਾਜ ਕਾਲ ਵਿਚ ਸਭ ਕੁਝ ਇਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਕਾਂਗਰਸੀਆਂ ਦੇ ਭ੍ਰਿਸ਼ਟ ਲੋਕਾਂ ਦਾ ਗਲਬਾ ਵਧ ਗਿਆ। ਫਿਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ। ਇਸ ਤੋਂ ਬਾਅਦ ਭਾਜਪਾ ਦੀ ਅਗਵਾਈ ਵਿਚ ਐਨ. ਡੀ. ਏ. ਸਰਕਾਰ ਆਉਣ 'ਤੇ ਅਜਿਹੇ ਘਪਲੇ ਹੋਰ ਵਧ ਗਏ।

ਉਪਰ ਦਰਸਾਏ 14 ਸਾਲਾਂ ਵਿਚ ਹੋਏ ਘਪਲਿਆਂ ਦੇ ਫਲਸਰੂਪ ਭਾਰਤ ਦੀਆਂ ਵੱਡੀਆਂ ਕੰਪਨੀਆਂ ਵੱਲ ਬਹੁਤ ਜ਼ਿਆਦਾ ਕਰਜ਼ੇ ਖੜ੍ਹੇ ਹਨ। ਭੂਸ਼ਨ ਸਟੀਲ ਸਿਰ 44,478 ਕਰੋੜ ਰੁਪਏ; ਨਲਕੋ ਇਨਫਰਾਟੈਕ 44,364 ਕਰੋੜ; ਇਸਾਰ ਸਟੀਲ 37,284 ਕਰੋੜ; ਅਲੋਕ ਇੰਡਸਟਰੀਜ਼ 22,075 ਕਰੋੜ; ਐਮਟੈਕ ਆਟੋ 14,074 ਕਰੋੜ; ਮੋਨੈਟ ਇਸਪਾਤ ਅਤੇ ਐਨਰਜੀ 12,115 ਕਰੋੜ; ਇਲੈਕਟਰੋ ਸਟੀਲ 10,273 ਕਰੋੜ; ਇਰਾ ਇਨਫਰਾ ਇੰਜੀਨੀਅਰਿੰਗ 10,065 ਕਰੋੜ; ਜੇ. ਪੀ. ਇਨਫਰਾਟੈਕ 9,635 ਕਰੋੜ; ਏ. ਬੀ. ਜੀ. ਸ਼ਿਪਯਾਰਡ 5,165 ਕਰੋੜ ਰੁਪਏ ਅਤੇ ਕਈਆਂ ਸਿਰ ਕਰਜ਼ੇ ਖੜ੍ਹੇ ਹਨ।

ਆਰ. ਟੀ. ਆਈ. ਰਾਹੀਂ ਰਿਜ਼ਰਵ ਬੈਂਕ ਤੋਂ ਮਿਲੀ ਸੂਚਨਾ ਅਨੁਸਾਰ ਭਾਰਤ ਦੇ ਸਾਰੇ ਬੈਂਕਾਂ ਵਿਚ ਮਾਰਚ 2016 ਤੱਕ ਦੇ 2,25,180 ਕਰੋੜ ਰੁਪਏ ਦੇ ਡੁੱਬੇ ਕਰਜ਼ੇ ਖਤਮ ਵੀ ਕਰ ਦਿਤੇ ਹਨ। ਅਰਥਚਾਰੇ ਬਾਰੇ ਉਘੀ ਪੱਤਰਕਾਰ ਨੂਪੁਰ ਅਨੰਦ ਨੇ 21 ਜੂਨ 2017 ਦੇ ਆਪਣੇ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਭਾਰਤੀ ਬੈਂਕ ਡੂੰਘੀ ਬਿਪਤਾ ਵਿਚ ਫਸ ਚੁਕੇ ਹਨ ਕਿਉਂਕਿ ਸਾਰੇ ਬੈਂਕਾਂ ਦੇ ਕੁਲ ਬੁਰੇ ਕਰਜ਼ੇ 10 ਲੱਖ ਕਰੋੜ ਰੁਪਏ ਤਕ ਪਹੁੰਚ ਚੁਕੇ ਹਨ। ਇਹ ਅੰਕੜਾ ਦੁਨੀਆਂ ਦੇ 137 ਦੇਸ਼ਾਂ ਦੀ ਕੁੱਲ ਘਰੇਲੂ ਉਤਪਾਦਨ (ਜੀ. ਡੀ. ਪੀ.) ਦੇ ਬਰਾਬਰ ਹੈ।

ਨਿਚੋੜ ਇਹ ਹੈ ਕਿ ਭਾਰਤੀ ਬੈਂਕਾਂ ਨੂੰ 100 ਰੁਪਏ ਕਰਜ਼ਾ ਦੇ ਕੇ ਸਿਰਫ 88 ਰੁਪਏ ਹੀ ਵਾਪਸ ਮਿਲਦੇ ਹਨ। ਬੈਂਕਾਂ ਦਾ ਇਹ ਘਾਟਾ ਤਾਂ ਲੋਕਾਂ ਨੂੰ ਹੀ ਦੇਣਾ ਪੈਂਦਾ ਹੈ। ਇਸ ਦੀ ਪੁਸ਼ਟੀ ਉਘੇ ਆਰਥਿਕ ਮਾਹਰ ਸੰਤੋਸ਼ ਮਤਾਲਾ ਨੇ ਕੀਤੀ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਬੈਂਕਾਂ ਦੇ ਜਿੰਨੇ ਰੁਪਏ ਡੁੱਬਦੇ ਹਨ, ਉਹ ਦੇਸ਼ ਵਾਸੀਆਂ ਨੂੰ ਹੀ ਅਦਾ ਕਰਨੇ ਪੈਂਦੇ ਹਨ। ਇਨ੍ਹਾਂ ਤੱਥਾਂ ਤੋਂ ਸਾਬਤ ਹੁੰਦਾ ਹੈ ਕਿ ਗਰੀਬ ਲੋਕ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ।

## ਮੁਲਾਜ਼ਮਾਂ ਦੀ ਛਾਂਟੀ: ਘਟ ਨਹੀਂ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਮੁਸੀਬਤਾਂ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਮਹੀਨੇ 523 ਮੁਲਾਜ਼ਮਾਂ ਦੀ ਛਾਂਟੀ ਦਾ ਮਾਮਲਾ ਭਖਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਟੀਸ਼ਨ ਦਾਖਲ ਕਰਨ ਵਾਲੇ ਛਾਂਟੀ ਕੀਤੇ ਮੁਲਾਜ਼ਮਾਂ ਦੀ ਥਾਂ ਨਵੇਂ ਮੁਲਾਜ਼ਮ ਭਰਤੀ ਕਰਨ ਉਤੇ ਰੋਕ ਲਗਾ ਦਿੱਤੀ ਹੈ, ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ।

ਪਹਿਲਾਂ 8 ਮੁਲਾਜ਼ਮਾਂ ਨੇ ਪਹੁੰਚ ਕੀਤੀ ਸੀ ਤੇ ਹੁਣ 6 ਹੋਰ ਮੁਲਾਜ਼ਮ ਹਾਈ ਕੋਰਟ ਪੁੱਜੇ ਹਨ। ਮਾਮਲੇ ਦੀ ਸੁਣਵਾਈ ਦੌਰਾਨ ਪਟੀਸ਼ਨਰ ਦੇ ਵਕੀਲ ਵੱਲੋਂ ਦਲੀਲ ਪੇਸ਼ ਕੀਤੀ ਗਈ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦਾ ਕੋਈ ਕਾਰਨ ਨਹੀਂ ਦੱਸਿਆ ਤੇ ਸਿਰਫ ਇਕ ਅਖਬਾਰ 'ਚ ਬਿਆਨ ਆਇਆ ਸੀ ਕਿ ਮੁਲਾਜ਼ਮਾਂ ਦੀ ਭਰਤੀ ਬਿਨਾਂ ਇਸ਼ਤਿਹਾਰ ਦੇ ਕੀਤੀ ਗਈ ਸੀ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਣੇ ਸੇਵਾ ਨਿਯਮਾਂ 'ਚ ਤਜਵੀਜ਼ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ 10000 ਰੁਪਏ ਤੱਕ ਮੁਲਾਜ਼ਮਾਂ ਦੀ ਭਰਤੀ ਬਿਨਾ ਇਸ਼ਤਿਹਾਰ ਦੇ ਕਰ ਸਕਦਾ ਹੈ।

ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਲ 2002 ਵਿਚ ਇਕ ਮਤਾ ਪਾਸ ਕੀਤਾ ਗਿਆ ਸੀ, ਜਿਸ ਵਿਚ ਸੱਤ ਹਜ਼ਾਰ ਰੁਪਏ ਦੀ ਤਨਖਾਹ ਤੱਕ ਦੇ ਮੁਲਾਜ਼ਮਾਂ ਦੀ ਭਰਤੀ ਸ਼੍ਰੋਮਣੀ ਕਮੇਟੀ ਪ੍ਰਧਾਨ ਬਿਨਾਂ ਇਸ਼ਤਿਹਾਰ ਦੇ ਕਰ ਸਕਦਾ ਸੀ। ਇਸ ਮਤੇ ਨੂੰ ਬਾਅਦ 'ਚ ਮਾਨਤਾ ਦਿੱਤੀ ਗਈ ਤੇ ਉਪਰੰਤ ਇਕ ਹੋਰ ਮਤਾ ਲਿਆਂਦਾ, ਜਿਸ 'ਚ 10 ਹਜ਼ਾਰ ਤਨਖਾਹ ਤੱਕ ਦੇ ਮੁਲਾਜ਼ਮਾਂ ਨੂੰ ਵੀ ਬਿਨਾਂ ਇਸ਼ਤਿਹਾਰ ਭਰਤੀ ਕਰਨ ਦੀ ਮਨਜ਼ੂਰੀ ਦਿੱਤੀ ਗਈ। ਪਟੀਸ਼ਨਰਾਂ ਦੇ ਵਕੀਲ ਨੇ ਕਿਹਾ ਕਿ ਇਹੋ ਸੇਵਾ ਨਿਯਮ ਹਨ ਤੇ ਅਜਿਹੇ ਨਿਯਮਾਂ ਤਹਿਤ ਭਰਤੀ ਹੋਏ ਮੁਲਾਜ਼ਮਾਂ ਦੀ ਭਰਤੀ ਨੂੰ ਗਲਤ ਕਰਾਰ ਨਹੀਂ ਦਿੱਤਾ ਜਾ ਸਕਦਾ। ਦੂਜੀ ਦਲੀਲ ਦਿੱਤੀ ਕਿ ਇਨ੍ਹਾਂ ਦੀ ਭਰਤੀ 'ਚ ਕੋਈ ਬੇਨਿਯਮੀ ਨਹੀਂ ਹੋਈ ਤੇ ਤੀਜੀ ਦਲੀਲ ਵਿਚ ਕਿਹਾ ਗਿਆ ਕਿ ਉਂਜ ਵੀ ਇਹ ਕਾਨੂੰਨ ਹੈ ਕਿ ਕਿਸੇ ਠੇਕਾ ਅਧਾਰਤ ਮੁਲਾਜ਼ਮ ਨੂੰ ਹਟਾ ਕੇ ਨਵੇਂ ਸਿਰੇ ਤੋਂ ਠੇਕਾ ਆਧਾਰ ਮੁਲਾਜ਼ਮ ਨਹੀਂ ਰੱਖੇ ਜਾ ਸਕਦੇ। ਪਟੀਸ਼ਨ ਵਿਚ ਸ਼ੱਕ ਪ੍ਰਗਟਾਇਆ ਗਿਆ ਕਿ ਸ਼੍ਰੋਮਣੀ ਕਮੇਟੀ ਪੁਰਾਣੇ ਮੁਲਾਜ਼ਮਾਂ ਦੀ ਥਾਂ ਨਵੇਂ ਮੁਲਾਜ਼ਮ ਠੇਕਾ ਆਧਾਰ ਉਤੇ ਭਰਤੀ ਕਰ ਸਕਦੀ ਹੈ।

## ਜ਼ਹਿਰੀਲੀ ਸ਼ਰਾਬ ਨਾਲ 10 ਮੌਤਾਂ

**ਕਾਨਪੁਰ:** ਉਤਰ ਪ੍ਰਦੇਸ਼ ਦੇ ਦੋ ਜ਼ਿਲ੍ਹਿਆਂ ਕਾਨਪੁਰ ਅਤੇ ਕਾਨਪੁਰ ਦੇਹਾਤ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਘੱਟੋ ਘੱਟ 10 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ 16 ਤੋਂ ਵੱਧ ਗੰਭੀਰ ਹਾਲਤ ਵਿਚ ਹਸਪਤਾਲਾਂ ਵਿਚ ਦਾਖਲ ਹਨ।

## ਕਾਂਗਰਸੀ ਨੇਤਾ ਦੀ ਗੋਲੀਆਂ ਮਾਰ ਕੇ ਹੱਤਿਆ

**ਮਾਨਸਾ:** ਕੈਂਚੀਆਂ ਚੌਂਕ ਵਿਚ ਗੱਡੀ ਸਵਾਰ ਅਣਪਛਾਤਿਆਂ ਨੇ ਕਾਂਗਰਸੀ ਨੇਤਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਇਸ ਨੂੰ ਪੁਰਾਣੀ ਰੰਜਸ਼ ਮੰਨ ਰਹੀ ਹੈ। ਮਾਨਸਾ ਜਿਲ੍ਹੇ ਦੇ ਪਿੰਡ ਜਟਾਣਾ ਕਲਾਂ ਦਾ ਵਾਸੀ ਕਾਂਗਰਸੀ ਨੇਤਾ ਸੁਖਵਿੰਦਰ ਸਿੰਘ ਬੱਗੀ (35) ਗੱਡੀ ਉਤੇ ਪਿੰਡ ਵੱਲ ਜਾ ਰਿਹਾ ਸੀ ਕਿ ਮਾਨਸਾ ਕੈਂਚੀਆਂ ਉਤੇ ਉਹ ਕਿਸੇ ਕੰਮ ਲਈ ਰੁਕਿਆ। ਉਹ ਜਿਵੇਂ ਹੀ ਗੱਡੀ ਵਿਚੋਂ ਉਤਰਿਆ ਤਾਂ ਪਿੱਛੋਂ ਆਈ ਗੱਡੀ ਵਿਚ ਸਵਾਰ ਹਮਲਾਵਰਾਂ ਨੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ ਤੇ ਫਰਾਰ ਹੋ ਗਏ। ਉਸ ਦੇ ਛੇ ਗੋਲੀਆਂ ਲੱਗੀਆਂ ਹਨ।

# 8ਵਾਂ ਫੀਲਡ ਹਾਕੀ ਟੂਰਨਾਮੈਂਟ: ਵੈਸਟ ਕੋਸਟ ਕਿੰਗਜ਼ ਸੱਰੀ ਦੀ ਟੀਮ ਜੇਤੂ

**ਸਟਾਕਟਨ (ਐਸ. ਅਸ਼ੋਕ ਭੌਰਾ):** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਲੰਘੇ ਐਤਵਾਰ ਕਰਵਾਏ ਗਏ ਇਸ ਦੇ ਸਾਲਾਨਾ ਅੱਠਵੇਂ ਫੀਲਡ ਹਾਕੀ ਟੂਰਨਾਮੈਂਟ ਦੇ ਫਾਈਨਲ ਮੁਕਾਬਲਿਆਂ ਵਿਚ ਟੌਪ ਡਵੀਜ਼ਨ ਵਿਚ ਵੈਸਟ ਕੋਸਟ ਕਿੰਗਜ਼ ਸੱਰੀ ਦੀ ਟੀਮ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਦੀ ਟੀਮ ਨੂੰ ਸਿਫਰ ਦੇ ਮੁਕਾਬਲੇ ਇਕ ਗੋਲ ਨਾਲ ਹਰਾ ਕੇ ਜੇਤੂ ਰਹੀ। ਸਥਾਨਕ ਕਲੱਬਾਂ ਦੇ ਮੁਕਾਬਲਿਆਂ ਵਿਚ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਦੀ ਟੀਮ ਨੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਨੂੰ ਇਕ ਦੇ ਮੁਕਾਬਲੇ ਚਾਰ ਗੋਲਾਂ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।

ਇਨ੍ਹਾਂ ਹਾਕੀ ਮੁਕਾਬਲਿਆਂ ਵਿਚ ਪਹਿਲਾ ਵੱਡਾ ਇਨਾਮ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਦਿੱਤਾ, ਜਦੋਂ ਕਿ ਦੂਜਾ ਵੱਡਾ ਇਨਾਮ ਬੋਪਾਰਾਏ ਭਰਾਵਾਂ-ਮਾਈਕ ਬੋਪਾਰਾਏ ਤੇ ਜਸਵਿੰਦਰ ਬੋਪਾਰਾਏ ਨੇ ਸਪਾਂਸਰ ਕੀਤਾ।

18 ਮਈ ਨੂੰ ਇਸ ਟੂਰਨਾਮੈਂਟ ਦੇ ਉਦਘਾਟਨ ਵੇਲੇ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੀ ਮੌਜੂਦਗੀ ਅਮਰੀਕਾ ਵਿਚ ਹਾਕੀ ਪ੍ਰੇਮ ਦੀ ਇਕ ਜਿਉਂਦੀ ਜਾਗਦੀ ਮਿਸਾਲ ਸੀ। ਇਸ ਤਿੰਨ ਰੋਜ਼ਾ ਟੂਰਨਾਮੈਂਟ ਦੇ ਤਿੰਨੇ ਦਿਨ ਹਾਕੀ ਦੇ ਫਸਵੇਂ ਮੁਕਾਬਲੇ ਅਤੇ ਅੰਤਰਰਾਸ਼ਟਰੀ ਪੱਧਰ ਦੀ ਹਾਕੀ ਦਰਸ਼ਕਾਂ ਨੂੰ ਵੇਖਣ ਨੂੰ ਮਿਲੀ। ਟੂਰਨਾਮੈਂਟ ਵਿਚ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦਾ ਭਾਰਤ ਤੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਣਾ ਪ੍ਰਬੰਧਕਾਂ ਦੀ ਇਕ ਵੱਡੀ ਪ੍ਰਾਪਤੀ ਰਹੀ। ਇਸ ਟੂਰਨਾਮੈਂਟ 'ਤੇ ਆਪਣੀ ਪ੍ਰਤੀਕਿਰਿਆ ਜਾਹਰ ਕਰਦਿਆਂ ਸ. ਸੋਢੀ ਨੇ ਕਿਹਾ ਕਿ ਇਹ ਸਿਰਫ ਕੈਲੀਫੋਰਨੀਆ ਜਾ ਅਮਰੀਕਾ ਵਿਚ ਹੋਣ ਵਾਲਾ ਪੰਜਾਬੀ ਭਾਈਚਾਰੇ ਦਾ ਵੱਡਾ ਹਾਕੀ ਟੂਰਨਾਮੈਂਟ ਹੀ ਨਹੀਂ ਸਗੋਂ ਇਸ ਵਿਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦਾ ਸ਼ਾਮਲ ਹੋਣਾ ਵੀ ਇਸ ਖੇਡ ਮੇਲੇ ਦੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਉਹ ਇੰਡੀਆ ਤੋਂ ਮੁੱਖ ਮਹਿਮਾਨ ਬਣ ਕੇ ਨਹੀਂ ਸਗੋਂ ਇਕ ਖਿਡਾਰੀ ਦੀ ਹੈਸੀਅਤ ਵਿਚ ਆਏ ਹਨ।

ਟੂਰਨਾਮੈਂਟ ਦੇ ਪ੍ਰਬੰਧਕਾਂ ਗੁਰਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਤੇ ਪਿੰਕੀ ਅਟਵਾਲ ਨੇ ਸਾਂਝੀ ਪ੍ਰਤੀਕਿਰਿਆ ਜਾਹਰ ਕਰਦਿਆਂ ਕਿਹਾ ਕਿ ਹਰ ਸਾਲ ਕੌਮਾਂਤਰੀ ਪੱਧਰ ਦੇ ਹਾਕੀ ਖਿਡਾਰੀਆਂ ਨੂੰ ਟੂਰਨਾਮੈਂਟ ਵਿਚ ਸ਼ਾਮਿਲ ਕਰਨਾ, ਉਨ੍ਹਾਂ ਦੀ ਪਹਿਲੀ ਤਰਜ਼ੀਹ ਹੁੰਦੀ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਇਹ 8ਵਾਂ ਹਾਕੀ ਟੂਰਨਾਮੈਂਟ ਅਮਰੀਕਾ 'ਚ ਹਾਕੀ ਦੇ ਸਾਬਕਾ ਖਿਡਾਰੀ ਸਵ. ਅਮਰਜੀਤ ਦੁਲਾਈ ਨੂੰ ਸਮਰਪਿਤ ਕਰਨਾ ਇਕ ਤਰ੍ਹਾਂ ਸਾਰੇ ਕਲੱਬ ਦਾ ਹੀ ਹਾਕੀ ਨੂੰ ਸਮਰਪਣ ਹੈ।

ਇਸ ਮੌਕੇ ਬੋਲਦਿਆਂ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮਕਸਦ ਸਫਲ ਬਿਜਨਸ ਕਰਨ ਦੇ ਨਾਲ ਨਾਲ ਹਾਕੀ, ਕਬੱਡੀ ਤੇ ਹੋਰ ਖੇਡਾਂ ਨੂੰ ਉਤਸ਼ਾਹਿਤ ਕਰਨਾ ਹੀ ਰਿਹਾ ਹੈ। ਉਹ ਅਜਿਹੇ ਖੇਡ ਮੇਲਿਆਂ ਲਈ ਸਹਿਯੋਗ ਦਿੰਦੇ ਹਨ ਤੇ ਉਨ੍ਹਾਂ ਦੀ ਅਗਵਾਈ ਹੇਠ ਯੁਨਾਈਟਡ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਵੀ ਕਰਵਾਇਆ ਜਾਂਦਾ ਹੈ।

ਹਰਮਿੰਦਰ ਸਿੰਘ ਸਮਾਣਾ ਅਤੇ ਪੈਮ ਗਿੱਲ ਨੇ ਵਧੀਆ ਕੁਮੈਂਟਰੀ ਕਰਕੇ ਟੂਰਨਾਮੈਂਟ ਨੂੰ ਸ਼ਿੰਗਾਰੀ ਵੀ ਰੱਖਿਆ ਅਤੇ ਦਰਸ਼ਕਾਂ ਦਾ ਕੰਨ ਰਸ ਵੀ ਪੈਦਾ ਕੀਤਾ। ਹਾਕੀ ਮੁਕਾਬਲਿਆਂ 'ਚ ਸਥਾਨਕ ਕਲੱਬਾਂ ਵਿਚੋਂ ਬੇਏਰੀਆ ਦੀ ਹਾਕੀ ਟੀਮ ਦੀ ਇਕ ਖਾਸ ਗੱਲ ਕਰਨੀ ਬਣਦੀ ਹੈ ਜਿਸ ਵਿਚ ਪੰਜਾਹ ਸੱਠ ਸਾਲ ਦੀ ਉਮਰ ਦੇ ਪੰਜਾਬੀ ਖਿਡਾਰੀਆਂ ਨੇ ਹਾਕੀ ਦਾ ਵਧੀਆ ਖੇਡ ਦਿਖਾਈ।

ਇਸ ਟੂਰਨਾਮੈਂਟ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਲੈਥਰੌਪ ਦੇ ਪੰਜਾਬੀ ਮੇਅਰ ਸੰਨੀ ਧਾਲੀਵਾਲ ਨੇ ਇਸ ਹਾਕੀ ਖੇਡ ਮੇਲੇ ਦੀ ਪ੍ਰਸ਼ੰਸਾ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪੰਜਾਬ ਪੁਲਿਸ ਜਲੰਧਰ ਤੋਂ ਐਸ. ਪੀ. ਕੁਲਵੰਤ ਸਿੰਘ ਹੀਰ ਵੀ ਇਸ ਟੂਰਨਾਮੈਂਟ ਵਿਚ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਨਾਮ ਵੰਡ ਸਮਾਗਮ ਵਿਚ ਕੈਲੀਫੋਰਨੀਆ ਦੀਆਂ ਉਘੀਆਂ ਸ਼ਖਸੀਅਤਾਂ ਹਾਜ਼ਰ ਸਨ ਜਿਨ੍ਹਾਂ ਵਿਚ ਮੁੱਖ ਮਹਿਮਾਨ ਸੁਰਿੰਦਰ ਸਿੰਘ ਸੋਢੀ ਤੋਂ ਇਲਾਵਾ ਮੁੱਖ ਪ੍ਰਬੰਧਕ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਜੀਤੂ ਧਾਲੀਵਾਲ, ਤੇਜਾ ਛੋਕਰ, ਸੁਰਜੀਤ ਨਿੱਝਰ, ਅਮੋਲਕ ਸਿੰਘ ਗਾਖਲ, ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਬਲੈਕ ਪ੍ਰਿੰਸ ਮੂਵੀ ਦੇ ਨਿਰਦੇਸ਼ਕ ਕਵੀਰਾਜ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਕਸ਼ਮੀਰ ਸਿੰਘ ਧੁੱਗਾ, ਅਵਤਾਰ ਤਾਰੀ, ਰਘੁਬੀਰ ਸਿੰਘ, ਕਬੱਡੀ ਦੀ ਜਿੰਦ ਜਾਨ ਰਹੇ ਤੀਰਥ ਗਾਖਲ, ਤੇਜਿੰਦਰ ਦੁਸਾਂਝ, ਜੌਹਨ ਸਿੰਘ ਗਿੱਲ, ਜਗਤਾਰ ਸਿੰਘ ਸਹੋਤਾ, ਅਮਰੀਕ ਸਿੰਘ ਦੋਸਾਂਝ, ਟੀ. ਜੇ. ਉਪਲ, ਅਮਰਜੀਤ ਸਿੰਘ ਦੁਲਾਈ, ਅਨੂਪ ਸਿੰਘ ਚੀਮਾ, ਜੋਗਿੰਦਰ ਸਿੰਘ ਪੁਰੇਵਾਲ, ਰਣਜੀਤ ਸਿੰਘ, ਕਾਕਾ ਸਿੰਘ, ਬੱਲੀ ਸਿੰਘ, ਗੱਬਰ ਸਿੰਘ ਕੈਨੇਡਾ, ਜਸਮੀਤ ਸਿੰਘ ਤਾਰਾ ਸਿੰਘ, ਅਨਿਲ ਸਿੰਘ ਅਤੇ ਹੋਰ ਅਨੇਕਾਂ ਸ਼ਖਸੀਅਤਾਂ ਸ਼ਾਮਲ ਸਨ।



*ਟੌਪ ਡਵੀਜ਼ਨ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਵੈਸਟ ਕੋਸਟ ਸੱਰੀ ਕੈਨੇਡਾ ਦੀ ਹਾਕੀ ਟੀਮ ਜਿੱਤੀ ਟਰਾਫੀ ਨਾਲ*



*ਉਲੰਪੀਅਨ ਸੁਰਿੰਦਰ ਸਿੰਘ ਸੋਢੀ ਆਪਣੇ ਵਿਚਾਰ ਪੇਸ਼ ਕਰਦੇ ਹੋਏ*



*ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਦੀ ਟੀਮ*

## ਖੇਡ ਜਗਤ

# ਅੰਤਰਰਾਸ਼ਟਰੀ ਸੌਕਰ ਦੀ ਚਰਚਾ

'World Soccer' ਨਾਂ ਦਾ ਮੈਗਜ਼ੀਨ 1960 ਤੋਂ ਇੰਗਲੈਂਡ ਵਿਚ ਛਪਦਾ ਹੈ। ਇਹ ਮਿਆਰੀ ਮਾਸਿਕ ਮੈਗਜ਼ੀਨ ਸਾਰੀ ਦੁਨੀਆਂ ਦੇ ਸੌਕਰ ਦੀ ਜਾਣਕਾਰੀ ਦਿੰਦਾ ਹੈ। ਇਸ ਨੇ ਅਪਰੈਲ ਦੇ ਆਪਣੇ ਅੰਕ ਵਿਚ ਦੁਨੀਆਂ ਭਰ ਦੇ 500 ਉਘੇ ਸੌਕਰ ਖਿਡਾਰੀਆਂ ਦੀ ਸੂਚੀ ਛਾਪੀ ਹੈ। ਇਨ੍ਹਾਂ ਵਿਚ ਬਹੁਤੇ ਪੁਰਾਣੇ ਮਸ਼ਹੂਰ ਖਿਡਾਰੀ ਹਨ ਅਤੇ ਕਈ ਨਵੇਂ ਚਿਹਰੇ, ਜੋ ਆਉਣ ਵਾਲੇ ਸਮੇਂ ਦੇ ਸਟਾਰ ਹੋਣਗੇ, ਵੀ ਸ਼ਾਮਿਲ ਹਨ।

ਇਹ ਸੂਚੀ ਪੜ੍ਹ ਕੇ ਪਤਾ ਲਗਦਾ ਹੈ ਕਿ ਕਿਹੜੇ ਦੇਸ਼ ਇਸ ਖੇਡ 'ਚ ਮਹਾਂਰਥੀ ਹਨ ਅਤੇ ਕਿਹੜੀਆਂ ਸੌਕਰ ਲੀਗਜ਼ ਅਵੱਲ ਹਨ। ਜੇ ਦੇਸ਼ਾਂ ਦੀ ਗੱਲ ਕਰੀਏ ਤਾਂ 500 ਵਿਚੋਂ 219 ਖਿਡਾਰੀ

**ਪਰਦੀਪ ਸੈਨ ਹੋਜੇ**
**ਫੋਨ: 408-540-4547**

ਸਿਰਫ ਅੱਠ ਦੇਸ਼ਾਂ ਦੇ ਹਨ। ਬ੍ਰਾਜ਼ੀਲ 40, ਜਰਮਨੀ 39, ਫਰਾਂਸ 37, ਸਪੇਨ 35, ਅਰਜਨਟਾਈਨਾ 25, ਇਟਲੀ 20, ਉਰੂਗਵੇ 12 ਅਤੇ ਇੰਗਲੈਂਡ 11 ਹਨ। ਹੁਣ ਤਕ ਹੋਏ 20 ਫੀਫਾ ਵਿਸ਼ਵ ਕੱਪ ਵੀ ਇਨ੍ਹਾਂ ਦੇਸ਼ਾਂ ਨੇ ਹੀ ਜਿੱਤੇ ਹਨ। ਬ੍ਰਾਜ਼ੀਲ 5, ਜਰਮਨੀ 4, ਇਟਲੀ 4, ਅਰਜਨਟਾਈਨਾ 2, ਉਰੂਗਵੇ 2 ਅਤੇ ਸਪੇਨ, ਇੰਗਲੈਂਡ ਤੇ ਫਰਾਂਸ ਨੇ ਇੱਕ ਇੱਕ ਜਿੱਤੇ ਹਨ।

ਸੌਕਰ ਦੀਆਂ ਮਸ਼ਹੂਰ ਪੰਜ ਲੀਗਜ਼ ਯੂਰਪ ਵਿਚ ਹਨ ਅਤੇ 500 ਵਿਚੋਂ 289 ਖਿਡਾਰੀ ਇਨ੍ਹਾਂ ਦੇਸ਼ਾਂ ਦੀਆਂ ਕਲੱਬਾਂ ਲਈ ਖੇਡਦੇ ਹਨ ਜਿਨ੍ਹਾਂ ਵਿਚੋਂ ਜਰਮਨੀ 68, ਇੰਗਲੈਂਡ 66, ਸਪੇਨ 59, ਇਟਲੀ 54 ਅਤੇ ਫਰਾਂਸ ਦੇ 42 ਖਿਡਾਰੀ ਹਨ। ਇਸ ਸੂਚੀ ਵਿਚ ਇੰਡੀਆ ਦੇ ਕੈਪਟਨ ਸੁਨੀਲ ਚਿਤਰੀ ਦਾ ਨਾਂ ਵੀ ਸ਼ਾਮਿਲ ਹੈ।

ਸੁਨੀਲ ਨੂੰ ਮੈਂ 2010 ਵਿਚ ਸੈਂਟਾ ਕਲਾਰਾ ਯੂਨੀਵਰਸਿਟੀ ਦੇ ਸਟੇਡੀਅਮ 'ਚ ਖੇਡਦਿਆਂ ਵੇਖਿਆ ਸੀ। ਉਹ ਮੇਜਰ ਲੀਗ ਸੌਕਰ ਵਿਚ ਕੈਨਸਸ ਸਿਟੀ ਦੀ ਟੀਮ ਲਈ ਖੇਡਦਾ ਸੀ। ਪਿਛਲੇ 17 ਸਾਲ ਤੋਂ ਸੁਨੀਲ ਇੰਡੀਆ ਦਾ ਅਵੱਲ ਖਿਡਾਰੀ ਹੈ, ਪਰ ਉਸ ਵਰਗਾ ਹੋਰ ਕੋਈ ਕਿਉਂ ਨਹੀਂ ਉਭਰ ਸਕਿਆ?

ਪਿਛਲਾ ਫੀਫਾ ਵਿਸ਼ਵ ਕੱਪ ਬ੍ਰਾਜ਼ੀਲ (ਦੱਖਣੀ ਅਮਰੀਕਾ) ਵਿਚ ਹੋਇਆ ਸੀ। ਇਸ ਵਾਰ ਰੂਸ (ਯੂਰਪ) ਅਤੇ 2022 ਵਾਲਾ ਕਤਰ (ਏਸ਼ੀਆ) ਵਿਚ ਹੋਵੇਗਾ। 2026 ਵਾਲਾ ਟੂਰਨਾਮੈਂਟ ਅਫਰੀਕਾ ਜਾਂ ਉਤਰੀ ਅਮਰੀਕਾ ਵਿਚ ਹੋਣਾ ਹੈ। ਇਸ ਦੀ ਮੇਜ਼ਬਾਨੀ ਲਈ ਦੋ ਅਰਜ਼ੀਆਂ ਦਾ ਫੈਸਲਾ 13 ਜੂਨ 2018 ਨੂੰ ਮਾਸਕੋ ਵਿਚ ਹੋਣਾ ਹੈ। ਅਫਰੀਕਾ ਵਲੋਂ ਇਸਲਾਮੀ ਦੇਸ਼ ਮੋਰਾਕੋ ਅਤੇ ਉਤਰੀ ਅਮਰੀਕਾ ਲਈ ਅਮਰੀਕਾ, ਕੈਨੇਡਾ ਤੇ ਮੈਕਸੀਕੋ ਸਾਂਝੇ ਤੌਰ 'ਤੇ ਦਾਅਵੇਦਾਰ ਹਨ।

ਪਿਛਲੇ ਕਈ ਸਮੇਂ ਤੋਂ ਫੀਫਾ ਨੂੰ ਰਿਸ਼ਵਤਖੋਰੀ ਦੇ ਦੋਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਪ੍ਰਧਾਨ ਸੈਪ ਬਲੈਟਰ ਅਤੇ ਕਈ ਅਹੁਦੇਦਾਰਾਂ ਨੂੰ ਬਾਹਰ ਕੱਢਿਆ ਗਿਆ ਹੈ। ਇਹ ਵਿਸ਼ਵ ਕੱਪ ਕਰਵਾਉਣ ਲਈ ਕਈ ਨਿਯਮ ਬਦਲੇ ਗਏ ਹਨ। ਨਵੇਂ ਕਾਨੂੰਨ ਅਨੁਸਾਰ ਫੀਫਾ ਦੇ ਹਰੇਕ ਮੈਂਬਰ ਦੇਸ਼ ਨੂੰ ਸਿੱਧੀ ਵੋਟ ਪਾਉਣ ਦਾ ਹੱਕ ਹੈ। ਫੀਫਾ ਦੇ ਕੁੱਲ 211 ਦੇਸ਼ ਮੈਂਬਰ ਹਨ। ਅਮਰੀਕਾ, ਕੈਨੇਡਾ, ਮੈਕਸੀਕੋ ਅਤੇ ਮੋਰਾਕੋ ਮੇਜ਼ਬਾਨੀ ਦੇ ਦਾਅਵੇਦਾਰ ਹੋਣ ਕਰਕੇ ਵੋਟ ਨਹੀਂ ਪਾ ਸਕਦੇ। ਇੱਕ ਹੋਰ ਦੇਸ਼ ਗੁਆਟੇਮਾਲਾ ਫੀਫਾ 'ਚੋਂ ਖਾਰਜ ਹੈ। ਇਸ ਕਰ ਕੇ ਜਿੱਤਣ ਵਾਲੇ ਨੂੰ 104 ਦੇਸ਼ਾਂ ਦੀਆਂ ਵੋਟਾਂ ਜ਼ਰੂਰੀ ਹਨ। ਹਰ ਇੱਕ ਦੇਸ਼ ਨੂੰ ਜਾਹਰ ਕੀਤਾ ਜਾਵੇਗਾ ਕਿ ਉਸ ਨੇ ਕਿਸ ਨੂੰ ਵੋਟ ਪਾਈ ਹੈ। ਇਹ ਰਿਸ਼ਵਤ ਨੂੰ ਰੋਕਣ ਲਈ ਕੀਤਾ ਗਿਆ ਹੈ ਪਰ ਇਸ ਦੇ ਨੁਕਸਾਨ ਵੀ ਹਨ। ਕਈ ਇਸਲਾਮੀ ਦੇਸ਼ ਚਾਹੁੰਦੇ ਹੋਏ ਵੀ ਅਮਰੀਕਾ ਨੂੰ ਵੋਟ ਨਹੀਂ ਪਾਉਣਗੇ ਕਿਉਂਕਿ ਮੋਰਾਕੋ ਉਨ੍ਹਾਂ ਦਾ ਮੁਸਲਿਮ ਭਰਾ ਹੈ।

ਪਹਿਲਾਂ ਮੋਰਾਕੋ ਦੀ ਗੱਲ ਕਰੀਏ ਤਾਂ ਉਸ ਨੂੰ ਅਫਰੀਕਾ ਦੇ ਸਾਰੇ 54 ਦੇਸ਼ਾਂ ਦੀਆਂ ਵੋਟਾਂ ਪ੍ਰਾਪਤ ਹੋਣ ਦੀ ਪੂਰੀ ਆਸ ਹੈ। ਏਸ਼ੀਆ ਦੇ 46 ਦੇਸ਼ਾਂ 'ਚੋਂ ਸਾਰੇ ਇਸਲਾਮੀ ਦੇਸ਼ ਵੀ ਮੋਰਾਕੋ ਨੂੰ ਸਹਿਯੋਗ ਦੇਣਗੇ। ਚੀਨ, ਵੀਅਤਨਾਮ ਅਤੇ ਉਤਰੀ ਕੋਰੀਆ ਵੀ ਅਮਰੀਕਾ ਪੱਖੀ ਨਹੀਂ ਹਨ, ਇਸ ਲਈ ਇਹ ਵੀ ਮੋਰਾਕੋ ਨੂੰ ਵੋਟ ਪਾਉਣਗੇ। ਰੂਸ ਅਤੇ ਉਸ ਦੇ ਸਾਥੀ ਵੀ ਮੋਰਾਕੋ ਦੀ ਮਦਦ ਕਰਨਗੇ। ਹੁਣ ਗੱਲ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੀ ਕਰੀਏ ਤਾਂ ਉਤਰੀ ਅਮਰੀਕਾ, ਸੈਂਟਰਲ ਅਮਰੀਕਾ ਅਤੇ ਕਰੇਬੀਅਨ ਦੇਸ਼ਾਂ ਦੀਆਂ 35 ਵੋਟਾਂ ਇਨ੍ਹਾਂ ਨੂੰ ਮਿਲਣਗੀਆਂ। ਦੱਖਣੀ ਅਮਰੀਕਾ ਦੇ 10 ਦੇਸ਼ ਵੀ ਇਸ ਤਿੱਕੜੀ ਨੂੰ ਵੋਟ ਪਾਉਣਗੇ। ਇਹ ਦੇਸ਼ ਭਾਵੇਂ ਅਮਰੀਕਾ ਨੂੰ ਪਸੰਦ ਨਹੀਂ ਕਰਦੇ ਪਰ ਆਪਣੇ ਸਪੈਨਿਸ਼ ਭਰਾ ਮੈਕਸੀਕੋ ਨਾਲ ਖੜ੍ਹੇ ਹੋਣਗੇ। 'Oceania' ਟਾਪੂਆਂ ਦੀਆਂ 11 ਵੋਟਾਂ ਵੀ ਇਨ੍ਹਾਂ ਨੂੰ ਹੀ ਪੈਣਗੀਆਂ।

ਯੂਰਪ ਦੇ 55 ਦੇਸ਼ਾਂ ਵਿਚੋਂ ਰੂਸ ਖਿੱਤੇ ਨੂੰ ਛੱਡ ਕੇ ਬਾਕੀ ਅਮਰੀਕਾ ਨਾਲ ਹਨ, ਪਰ ਫਰਾਂਸ ਨੇ ਆਪਣੇ ਗੁਆਂਢੀ ਮੋਰਾਕੋ ਨੂੰ ਵੋਟ ਪਾਉਣ ਦਾ ਬਿਆਨ ਦਿੱਤਾ ਹੈ। ਸੁਸ਼ੀਲ ਗੁਲਾਟੀ ਅਮਰੀਕਾ ਦੀ ਫੀਫਾ ਦਾ 12 ਸਾਲ ਪ੍ਰਧਾਨ ਰਿਹਾ ਹੈ ਅਤੇ ਹੁਣ ਉਹ ਫੀਫਾ ਵਿਸ਼ਵ ਕੱਪ ਕਰਵਾਉਣ ਵਾਲੀ ਟੀਮ ਦਾ ਚੇਅਰਮੈਨ ਹੈ। ਇਕ ਭਾਰਤੀ ਹੋਣ ਦੇ ਨਾਤੇ ਭਾਰਤ ਅਤੇ ਗੁਆਂਢੀ ਦੇਸ਼ਾਂ ਦੀਆਂ ਵੋਟਾਂ ਅਮਰੀਕਾ ਦੇ ਹੱਕ ਵਿਚ ਪੁਆ ਸਕਦਾ ਹੈ। ਏਸ਼ੀਆ ਵਿਚੋਂ ਜਪਾਨ, ਦੱਖਣੀ ਕੋਰੀਆ ਅਤੇ ਆਸਟਰੇਲੀਆ (ਫੀਫਾ ਅਨੁਸਾਰ) ਵੀ ਅਮਰੀਕਾ ਪੱਖੀ ਹਨ।

ਇਸ ਗਿਣਤੀ ਦੇ ਮਾਹਿਰਾਂ ਅਨੁਸਾਰ ਅਮਰੀਕਾ ਨੂੰ 112 ਅਤੇ ਮੋਰਾਕੋ ਨੂੰ 94 ਦੇਸ਼ ਵੋਟ ਪਾਉਣਗੇ। ਇਹ ਗਿਣਤੀ ਬਦਲ ਵੀ ਸਕਦੀ ਹੈ। ਅਮਰੀਕਾ ਦੇ ਪ੍ਰੈਜ਼ੀਡੈਂਟ ਟਰੰਪ ਦੇ ਸਿਆਸੀ ਬਿਆਨ ਅਤੇ ਨੀਤੀਆਂ ਤੋਂ ਕਈ ਦੇਸ਼ ਖੁਸ਼ ਨਹੀਂ ਹਨ। ਮੁਸਲਿਮ ਦੇਸ਼ਾਂ ਦੇ ਲੋਕਾਂ 'ਤੇ ਅਮਰੀਕਾ ਆਉਣ ਦੀ ਪਾਬੰਦੀ, ਇਸਰਾਈਲ ਦਾ ਦੂਤਾਵਾਸ ਅਤੇ ਮੌਸਮੀ ਤਬਦੀਲੀ ਵਰਗੇ ਮਸਲੇ ਤੋਂ ਬਹੁਤ ਦੇਸ਼ ਅਮਰੀਕਾ ਨਾਲ ਨਾਰਾਜ਼ ਹਨ। ਪਰ ਜੇ ਅਮਰੀਕਾ ਦੀ ਤਿੱਕੜੀ ਇਹ ਟੂਰਨਾਮੈਂਟ ਕਰਵਾਏਗੀ ਤਾਂ 2026 ਵਿਚ 48 ਟੀਮਾਂ ਭਾਗ ਲੈਣਗੀਆਂ ਅਤੇ ਕੁੱਲ 80 ਮੈਚ ਹੋਣਗੇ। ਇਨ੍ਹਾਂ 'ਚੋਂ 60 ਮੈਚ ਅਮਰੀਕਾ ਵਿਚ ਖੇਡੇ ਜਾਣਗੇ ਅਤੇ ਦਸ-ਦਸ ਕੈਨੇਡਾ ਤੇ ਮੈਕਸੀਕੋ ਵਿਚ ਹੋਣਗੇ। ਵੈਨਕੂਵਰ, ਮਿਨੀਐਪੋਲਿਸ ਅਤੇ ਸ਼ਿਕਾਗੋ-ਤਿੰਨ ਸ਼ਹਿਰਾਂ ਨੇ ਇਹ ਖਰਚੇ ਝੱਲਣ ਤੋਂ ਆਪਣੀ ਬੇਵਸੀ ਦੱਸ ਕੇ 14 ਮਾਰਚ ਨੂੰ ਆਪਣੇ ਨਾਂ ਵਾਪਸ ਲੈ ਲਏ ਹਨ। ਇਨ੍ਹਾਂ ਸ਼ਹਿਰਾਂ ਵਿਚ ਰਹਿਣ ਵਾਲੇ ਸੌਕਰ ਪ੍ਰੇਮੀਆਂ ਨੂੰ ਹੋਰ ਥਾਂ ਜਾ ਕੇ ਮੈਚ ਵੇਖਣੇ ਪੈਣੇ ਹਨ।

ਯੂਰਪ ਦੇ ਪੰਜ ਦੇਸ਼ਾਂ ਦੀਆਂ ਲੀਗਜ਼ ਦੁਨੀਆਂ ਵਿਚ ਅਵੱਲ ਨੰਬਰ 'ਤੇ ਹਨ। ਸਾਰੇ ਦੇਸ਼ਾਂ ਦੇ ਵਧੀਆ ਖਿਡਾਰੀ ਇਨ੍ਹਾਂ ਵਿਚ ਖੇਡ ਕੇ ਆਪਣਾ ਹੁਨਰ ਵਿਖਾਉਣ ਦੇ ਨਾਲ ਨਾਲ ਪੈਸਾ ਵੀ ਕਮਾਉਂਦੇ ਹਨ। ਮਈ ਮਹੀਨੇ ਇਨ੍ਹਾਂ ਲੀਗਜ਼ ਦਾ ਸੀਜ਼ਨ ਖਤਮ ਹੋਇਆ ਹੈ ਅਤੇ ਚੈਂਪੀਅਨ ਟੀਮਾਂ ਦਾ ਫੈਸਲਾ ਹੋ ਗਿਆ ਹੈ। ਇੰਗਲੈਂਡ ਦੀ ਪ੍ਰੀਮੀਅਮ ਲੀਗ ਦੀ ਚੈਂਪੀਅਨ ਇਸ ਵਾਰ ਮਾਨਚੈਸਟਰ ਸਿਟੀ ਬਣੀ ਹੈ। ਜਰਮਨੀ ਦੀ ਬੁਡਸਲੀਗਾ ਨੂੰ ਬਾਇਰਨ ਮਿਉਨਿਖ ਨੇ ਲਗਾਤਾਰ ਪੰਜਵੀਂ ਵਾਰ ਜਿੱਤ ਲਿਆ ਹੈ। ਸਪੇਨ ਦੀ ਲਾ-ਲੀਗਾ ਦੀ ਟਰਾਫੀ ਇਸ ਵਾਰੀ ਬਾਰਸੀਲੋਨਾ ਦੇ ਹਿੱਸੇ ਆਈ ਹੈ। ਫਰਾਂਸ ਦੀ ਲੀਗ ਵਨ ਪੀ. ਐਸ. ਜੀ. ਨੇ ਜਿੱਤੀ ਹੈ। ਇਟਲੀ ਦੀ ਸੀਰੀਆ-ਏ ਨੂੰ ਲਗਾਤਾਰ ਸੱਤਵੀਂ ਵਾਰ ਯੂਵੈਂਟਸ ਨੇ ਜਿੱਤ ਲਿਆ ਹੈ। ਯੂਰਪ ਦੀ ਚੈਂਪੀਅਨ ਲੀਗ ਦਾ ਫੈਸਲਾ 26 ਮਈ ਨੂੰ ਕੀਵ, ਯੁਕਰੇਨ ਵਿਖੇ ਹੋਵੇਗਾ। ਇੰਗਲੈਂਡ ਦੀ ਲਿਵਰਪੂਲ ਅਤੇ ਸਪੇਨ ਦੀ ਰੀਅਲ ਮੈਡਰੇਡ 'ਚੋਂ ਕੌਣ ਯੂਰਪ ਦਾ ਚੈਂਪੀਅਨ ਬਣੇਗਾ, ਇਸ ਦਾ ਫੈਸਲਾ ਅਜੇ ਹੋਵੇਗਾ।



# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 68ਵੀਂ ਬਰਸੀ

**8 ਜੂਨ 2018, ਸ਼ੁੱਕਰਵਾਰ** ਅਰੰਭ ਸ੍ਰੀ ਅਖੰਡ ਪਾਠ-10 ਵਜੇ ਸਵੇਰੇ

**10 ਜੂਨ 2018, ਐਤਵਾਰ** ਭੋਗ ਸ੍ਰੀ ਅਖੰਡ ਪਾਠ-9 ਵਜੇ ਸਵੇਰੇ

ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ 10 ਜੂਨ 2018 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

*ਦੇਸੀ ਬਾਜ਼ਾਰ ਵਾਲਿਆਂ ਵਲੋਂ ਸੰਗਤ ਦੀ ਸੇਵਾ ਲਈ ਦੇਸੀ ਘੀ 'ਚ ਤਲੀਆਂ ਜਲੇਬੀਆਂ, ਗੰਨੇ ਦੇ ਰਸ ਅਤੇ ਡੋਸੇ ਦੇ ਸਟਾਲ ਲਾਏ ਜਾਣਗੇ*



*ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ*

*ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।*

## ਪਹੁੰਚ ਰਹੇ ਜਥੇ ਤੇ ਪ੍ਰਚਾਰਕ









*ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਪ੍ਰੀਤਮ ਸਿੰਘ, ਡਾ. ਅਮਰੀਕ ਸਿੰਘ ਅਤੇ ਭਾਈ ਜੋਗਿੰਦਰ ਸਿੰਘ ਲੁਧਿਆਣਾ ਦਾ ਰਾਗੀ ਜਥਾ*





**Inderjit Singh Dala (317-605-2901) & Harjinderpal Singh Dala (317-748-6911), Founders of Sant Baba Prem Singh Ji Society of Indianapolis**

## Executive Committee

Harpal Singh Jabbo
President
Ph: (317-551-8199)

Lakhwant Singh Khasria
Vice President
Ph: (317-985-1081)

Sukhwinder Singh Sukha
Chairman
Ph: (812-391-3062)

Davinder Singh Duburji
Cashier
Ph: (812-278-0759)

Palwinder Singh Shalhan (Bobby)
Secretary
Ph: (317-657-1562)

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮਈ ਮੀਟਿੰਗ ਮਾਂ ਦਿਵਸ ਨੂੰ ਸਮਰਪਿਤ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਇਥੇ ਹੋਈ ਮਈ ਮਹੀਨੇ ਦੀ ਮੀਟਿੰਗ ਮਾਂ ਦਿਵਸ ਨੂੰ ਸਮਰਪਿਤ ਸੀ ਜਿਸ ਵਿਚ ਔਲਾਦ ਲਈ ਮਾਂ ਦੀ ਘਾਲਣਾ ਨੂੰ ਚੇਤੇ ਕੀਤਾ ਗਿਆ। ਮੀਟਿੰਗ ਦਾ ਅਰੰਭ ਰਾਜਿੰਦਰ ਕੌਰ ਦੀ 13 ਸਾਲਾਂ ਦੀ ਬੇਟੀ ਐਂਜਲਾ ਸਿੰਘ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ।



ਸਾਹਿਤਕ ਦੌਰ ਦੇ ਅਰੰਭ ਵਿਚ ਪ੍ਰੇਮ ਮਾਨ ਨੇ ਸਾਰੇ ਮੈਂਬਰਾਂ ਨੂੰ ਮਾਂ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਮਾਂਵਾਂ ਦੀ ਮਹੱਤਤਾ ਦੇ ਨਾਲ ਨਾਲ ਮਾਂ-ਪਿਉ ਦੀ ਬਦਲਦੀ ਭੂਮਿਕਾ ਤੇ ਜ਼ਿੰਮੇਵਾਰੀ ਦਾ ਜ਼ਿਕਰ ਕੀਤਾ। ਖਾਸ ਕਰ ਕੇ ਪੱਛਮੀ ਦੇਸ਼ਾਂ ਵਿਚ ਜਿਥੇ ਮਾਂਵਾਂ ਘਰਾਂ ਤੋਂ ਬਾਹਰ ਕੰਮ ਕਰਦੀਆਂ ਹਨ ਅਤੇ ਜਿਨ੍ਹਾਂ ਘਰਾਂ ਵਿਚ ਔਰਤਾਂ ਦੀ ਆਮਦਨ ਬਹੁਤ ਜ਼ਿਆਦਾ ਹੈ, ਕਈ ਵਾਰੀ ਉਨ੍ਹਾਂ ਘਰਾਂ ਵਿਚ ਪਿਉ ਘਰ ਰਹਿ ਕੇ ਬੱਚੇ ਪਾਲਣ ਦਾ ਕੰਮ ਕਰਦਾ ਹੈ। ਪ੍ਰੇਮ ਮਾਨ ਨੇ ਪ੍ਰੋ. ਮੋਹਨ ਸਿੰਘ ਦੀ ਮਾਂ ਬਾਰੇ ਲਿਖੀ ਮਸ਼ਹੂਰ ਕਵਿਤਾ 'ਮਾਂ ਵਰਗਾ ਘਣ-ਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਵੇ' ਅਤੇ ਸ਼ਿਵ ਕੁਮਾਰ ਦੀ ਕਵਿਤਾ 'ਮਾਂ' ਪੜ੍ਹੀਆਂ।

ਡਾ. ਸੰਦੀਪ ਸਿੰਘ ਨੇ ਮੀਟਿੰਗ ਦਾ ਸੰਚਾਲਨ ਕਰਦਿਆਂ ਆਪਣੀਆਂ ਕਵਿਤਾਵਾਂ ਵੀ ਪੜ੍ਹੀਆਂ ਅਤੇ ਮਾਂ ਦਿਵਸ ਦਾ ਜ਼ਿਕਰ ਕਰਦਿਆਂ ਮਾਂਵਾਂ ਦੇ ਕੋਮਲ ਹਿਰਦਿਆਂ ਬਾਰੇ ਗੱਲਾਂ ਕੀਤੀਆਂ।

ਪੰਜਾਬੀ ਦੇ ਜਾਣੇ-ਪਛਾਣੇ ਸ਼ਾਇਰ ਡਾ. ਸ਼ਸ਼ੀ ਕਾਂਤ ਉਪਲ ਨੇ ਆਪਣੀ ਕਵਿਤਾ 'ਮੇਰੀ ਮਾਂ ਅਭੀ ਜ਼ਿੰਦਾ ਹੈ' ਪੜ੍ਹਨ ਤੋਂ ਬਾਅਦ ਆਪਣੀਆਂ ਕੁਝ ਗਜ਼ਲਾਂ ਪੜ੍ਹੀਆਂ। ਤਰਲੋਚਨ ਸੱਚਰ ਨੇ ਆਪਣੀ ਕਵਿਤਾ 'ਉਠ ਨੀ ਮਾਏ ਮੇਰੀਏ, ਕੁਝ ਗੱਲਾਂ ਕਰੀਏ' ਪੜ੍ਹੀ। ਇਜਾਜ਼ ਭੱਟੀ ਨੇ ਮਾਂ ਬਾਰੇ ਅਤੇ ਕਈ ਹੋਰ ਕਵਿਤਾਵਾਂ ਤੇ ਗਜ਼ਲਾਂ ਸੁਣਾਈਆਂ। ਰੂਪ ਚੰਦ ਨੇ ਇਕ ਕਵਿਤਾ ਪੜ੍ਹਨ ਪਿਛੋਂ ਯਮਲਾ ਜੱਟ ਦਾ ਗਾਇਆ ਮਸ਼ਹੂਰ ਗੀਤ 'ਸਖੀਆ ਨਾਮ ਸਾਈਂ ਦਾ ਬੋਲ' ਸੁਣਾਇਆ।

ਚੇਤਨ ਸੋਢੀ, ਤਰਲੋਕ ਬੀਰ ਅਤੇ ਡਾ. ਅਮਰਜੀਤ ਸ਼ਾਸਤਰੀ ਨੇ ਵੀ ਮਾਂ ਬਾਰੇ ਰਚਨਾਵਾਂ ਪੜ੍ਹੀਆਂ। ਕਲਾਸੀਕਲ ਸੰਗੀਤ ਦੀ ਮਾਹਿਰ ਰੀਤਾ ਕੋਹਲੀ ਨੇ ਸਾਰੇ ਮੈਂਬਰਾਂ ਨੂੰ ਮਾਂ ਦਿਵਸ ਦੀਆਂ ਵਧਾਈਆਂ ਦੇਣ ਪਿਛੋਂ ਦੋ ਗਜ਼ਲਾਂ ਗਾ ਕੇ ਹਾਜ਼ਰੀ ਲਵਾਈ। ਸੰਗੀਤ ਸ਼ਰਮਾ ਨੇ ਇਕ ਹਿੰਦੀ ਗੀਤ ਸੁਣਾਇਆ।

ਮੀਟਿੰਗ ਵਿਚ ਅਜਾਇਬ ਸਿੰਘ, ਰਜਿੰਦਰ ਕੌਰ, ਸਰਬਜੀਤ ਮਾਨ, ਲਵਲੀਨ ਕੌੜਾ, ਸੁਨੀਤਾ ਕੌੜਾ, ਚੰਦਰ ਭਾਨ ਆਰੀਆ ਅਤੇ ਜਸਕੀਰਤ ਸਿੰਘ ਵੀ ਹਾਜ਼ਰ ਸਨ। ਸਭਾ ਦੀ ਅਗਲੀ ਮੀਟਿੰਗ 10 ਜੂਨ ਨੂੰ ਹੋਵੇਗੀ।

**www.punjabtimesusa.com**


ਡਰਾਈਵਰਾਂ ਦੀ ਲੋੜ ਹੈ

61 ਸੈਂਟ ਪ੍ਰਤੀ ਮੀਲ



ਨਵੀਂ ਮਸ਼ੀਨਰੀ

ਸਿਰਫ ਸੋਮਵਾਰ ਤੋਂ ਸ਼ੁੱਕਰਵਾਰ, ਵੀਕਐਂਡ 'ਤੇ ਘਰ
ਯੋਗਤਾਵਾਂ: ਘੱਟੋ ਘੱਟ ਦੋ ਸਾਲ ਦਾ ਤਜਰਬਾ
ਉਮਰ ਘੱਟੋ ਘੱਟ 23 ਸਾਲ
ਸਾਫ ਸੁਥਰਾ ਐਮ. ਵੀ. ਆਰ. ਹੋਵੇ
ਸੰਪਰਕ ਕਰੋ, ਫੋਨ: (219) 307-9515

Drivers Needed

61 Cents Per Mile

New Equipment , Monday to Friday only, Weekend Off
Qualifications: Minimum 2 Years Experience
Age 23, Clean MVR
Ph: (219) 307-9515



ਕੰਪਨੀ ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ

ਮਿਸ਼ੀਗਨ ਤੋਂ ਪੱਕੇ ਆਟੋਮੈਟਿਵ ਰਾਊਂਡ ਟ੍ਰਿਪ

ਸਿੰਗਲ ਡਰਾਈਵਰ ਲਈ 3000 ਮੀਲ ਅਤੇ ਟੀਮਾਂ ਲਈ 6000 ਮੀਲ



ਉਪਲਬਧ ਰੂਟ: ਲਾਰੀਡੋ, ਟੈਕਸਸ; ਡੈਲਸ, ਟੈਕਸਸ; ਬਰਾਊਨਜ਼ਵਿਲ, ਟੈਕਸਸ; ਮਿਜ਼ੌਰੀ, ਕੈਨਸਸ ਅਤੇ ਇੰਡੀਆਨਾ।

*ਵਧੀਆ ਤਨਖਾਹ ਦਾ ਪੈਕੇਜ ਅਤੇ ਹੈਲਥ ਇੰਸ਼ੋਰੈਂਸ
*ਸੇਫਟੀ ਬੋਨਸ *ਹਰ ਹਫਤੇ ਘਰ
*2018 ਮਾਡਲ ਦੇ ਨਵੇਂ ਆਟੋਮੈਟਿਕ ਫਰੇਟਲਾਈਨਰ ਟਰੱਕ
*24 ਘੰਟੇ ਡਿਸਪੈਚ

*ਟੀ ਏ, ਫਲਾਇੰਗ ਜੇ ਅਤੇ ਲਵਸ ਟਰੱਕ ਸਟਾਪ ਲਈ ਫਿਊਲ ਕਾਰਡ

AUTOBAHN FREIGHT LINES LTD.

ਸੰਪਰਕ ਕਰੋ, ਜਗਮੋਹਨ ਗਿੱਲ
ਫੋਨ: 313-600-0273
Gill@autobahnfreight.com

# ਸਾਹਿਰ ਕੀ ਸੁਬਹਾ...

ਸਾਹਿਰ ਲੁਧਿਆਣਵੀ ਦੀ ਬਚਪਨ ਤੋਂ ਹੀ ਫਿਲਮਾਂ ਲਈ ਗੀਤ ਲਿਖਣ ਦੀ ਤੀਬਰ ਇੱਛਾ ਸੀ। ਉਹ ਆਪਣੇ ਦੋਸਤਾਂ ਨੂੰ ਕਿਹਾ ਕਰਦਾ ਸੀ ਕਿ ਇਕ ਦਿਨ ਉਹ ਉਸ ਦੇ ਗੀਤ ਸੁਣ ਕੇ ਉਸ ਨੂੰ ਯਾਦ ਕਰਿਆ ਕਰਨਗੇ। ਅੱਜ ਵੀ ਲੱਖਾਂ ਲੋਕ ਉਸ ਦੇ ਗੀਤਾਂ ਦਾ ਆਨੰਦ ਮਾਣਦੇ ਹਨ। ਇਨ੍ਹਾਂ ਸਦਾਬਹਾਰ ਗੀਤਾਂ ਨੂੰ ਆਉਣ ਵਾਲੀਆਂ ਨਸਲਾਂ ਵੀ ਸ਼ੌਕ ਨਾਲ ਸੁਣਦੀਆਂ ਰਹਿਣਗੀਆਂ।

ਸਾਹਿਰ ਆਪਣੀ ਕਿਸਮਤ ਅਜ਼ਮਾਉਣ ਲਈ 1948 ਵਿਚ ਮੁੰਬਈ ਚਲਾ ਗਿਆ। ਦੋ ਕੁ ਸਾਲ ਉਸ ਨੂੰ ਆਪਣੇ ਜੌਹਰ ਦਿਖਾਉਣ ਦਾ

**ਅਮਰਜੀਤ ਸਿੰਘ ਹੇਅਰ**


ਕੋਈ ਮੌਕਾ ਨਾ ਮਿਲਿਆ। ਲੋਕੀਂ ਇਹ ਤਾਂ ਸੁਣਦੇ ਸਨ ਕਿ ਉਹ ਚੰਗਾ ਸ਼ਾਇਰ ਹੈ, ਪਰ ਉਸ ਤੋਂ ਫਿਲਮਾਂ ਲਈ ਗੀਤ ਲਿਖਵਾਉਣ ਵਾਸਤੇ ਕੋਈ ਤਿਆਰ ਨਹੀਂ ਸੀ, ਕਿਉਂਕਿ ਉਹ ਸਮਝਦੇ ਸਨ ਕਿ ਫਿਲਮੀ ਗੀਤ ਅਤੇ ਸ਼ਾਇਰੀ ਦੋ ਵੱਖ-ਵੱਖ ਚੀਜ਼ਾਂ ਹਨ ਪਰ ਜਿਉਂ ਹੀ ਅਚਾਨਕ ਸਾਹਿਰ ਨੂੰ ਮੌਕਾ ਮਿਲਿਆ, ਉਸ ਨੇ ਸਿੱਧ ਕਰ ਦਿੱਤਾ ਕਿ ਜਿੰਨਾ ਵਧੀਆ ਉਹ ਸ਼ਾਇਰ ਹੈ, ਓਨਾ ਸਫਲ ਉਹ ਗੀਤਕਾਰ ਵੀ ਹੈ।

ਫਿਲਮਸਾਜ਼ ਮੋਹਨ ਸਹਿਗਲ ਜੋ ਲੁਧਿਆਣੇ ਦਾ ਹੀ ਸੀ, ਨੇ ਸਾਹਿਰ ਨੂੰ ਕਿਹਾ ਕਿ ਸਚਿਨ ਦੇਵ ਬਰਮਨ ਨੇ ਇਕ ਧੁਨ ਬਣਾਈ ਹੈ ਜਿਸ ਲਈ ਉਹ ਨਵੇਂ ਗੀਤਕਾਰ ਦੀ ਤਲਾਸ਼ ਵਿਚ ਹੈ। ਉਸ ਨੂੰ ਜਾ ਕੇ ਮਿਲ ਕੇ ਦੇਖ ਲਵੇ। ਉਸ ਦੀ ਸਲਾਹ 'ਤੇ ਸਾਹਿਰ ਦਾਦਾ ਸਚਿਨ ਦੇਵ ਬਰਮਨ ਕੋਲ ਚਲਿਆ ਗਿਆ। ਬਰਮਨ ਨੂੰ ਕੋਈ ਪਤਾ ਨਹੀਂ ਸੀ ਕਿ ਸਾਹਿਰ ਸ਼ਾਇਰ ਹੈ। ਸਾਹਿਰ ਦੀ ਬੇਨਤੀ 'ਤੇ ਉਸ ਨੇ ਦੋ ਵਾਰ ਧੁਨ ਸਾਹਿਰ ਨੂੰ ਸੁਣਾਈ। ਸਾਹਿਰ ਨੇ ਮਿੰਟਾਂ ਵਿਚ ਹੀ ਉਸ ਧੁਨ 'ਤੇ ਗਾਣਾ ਲਿਖ ਧਰਿਆ:

ਠੰਡੀ ਹਵਾਏਂ, ਲਹਿਰਾ ਕੇ ਆਏਂ
ਰੁਤ ਹੈ ਜਵਾਂ,
ਉਨ ਕੋ ਯਹਾਂ ਕੈਸੇ ਬੁਲਾਏਂ।
ਚਾਂਦ ਔਰ ਤਾਰੇ, ਹੰਸਤੇ ਨਜ਼ਾਰੇ
ਮਿਲ ਕੇ ਸਭੀ,
ਦਿਲ ਮੇਂ ਸਖੀ, ਜਾਦੂ ਜਗਾਏਂ।

ਬਰਮਨ ਨੂੰ ਗੀਤ ਬਹੁਤ ਪਸੰਦ ਆਇਆ। ਉਸ ਨੇ 'ਨੌਜਵਾਨ' ਫਿਲਮ ਦੇ ਸਾਰੇ ਗੀਤ ਹੀ ਸਾਹਿਰ ਨੂੰ ਲਿਖਣ ਲਈ ਕਿਹਾ। ਇਸ ਤਰ੍ਹਾਂ ਤੀਹ ਸਾਲ ਦਾ ਨੌਜਵਾਨ ਸਾਹਿਰ ਫਿਲਮੀ ਗੀਤਕਾਰ ਬਣ ਗਿਆ। ਉਸੇ ਸਾਲ ਫਿਲਮ 'ਬਾਜ਼ੀ' ਜਿਸ ਦਾ ਸੰਗੀਤ ਦਾਦਾ ਬਰਮਨ ਦੇ ਰਿਹਾ ਸੀ ਅਤੇ ਜਿਸ ਦਾ ਹਦਾਇਤਕਾਰ ਗੁਰੂ ਦੱਤ ਸੀ, ਲਈ ਸਾਹਿਰ ਨੇ ਗਾਣੇ ਲਿਖੇ। ਇਹ ਫਿਲਮ ਉਸ ਦੇ ਗੀਤਾਂ ਕਰ ਕੇ ਕਈ ਸ਼ਹਿਰਾਂ ਵਿਚ ਸਿਲਵਰ ਜੁਬਲੀ ਮਨਾ ਗਈ। ਦਾਦਾ ਬਰਮਨ ਨੇ ਹੀ ਸ਼ਾਹਿਦ ਲਤੀਫ ਨੂੰ ਫਿਲਮ 'ਸਜ਼ਾ' ਲਈ ਇਕ ਗਾਣਾ ਸਾਹਿਰ ਤੋਂ ਲਿਖਵਾਉਣ ਲਈ ਮਨਾ ਲਿਆ। ਸਾਹਿਰ ਦਾ ਇਹ ਗੀਤ 'ਤੁਮ ਨਾ ਜਾਨੇ ਕਿਸ ਜਹਾਂ ਮੇਂ ਖੋ ਗਏ, ਹਮ ਭਰੀ ਦੁਨੀਆਂ ਮੇਂ ਤਨਹਾ ਹੋ ਗਏ' ਵੀ ਬੇਹੱਦ ਪਸੰਦ ਕੀਤਾ ਗਿਆ। ਬਸ ਸਾਹਿਰ ਦੀ ਐਸੀ ਗੁੱਡੀ ਚੜ੍ਹੀ ਕਿ ਉਸ ਨੂੰ ਕਈ ਫਿਲਮਾਂ ਲਈ ਗੀਤ ਲਿਖਣ ਦੇ ਸੱਦੇ ਆਉਣ ਲੱਗੇ। ਆਪਣੇ ਗਾਣਿਆਂ ਦਾ ਉਚਾ ਮਿਆਰ ਬਰਕਰਾਰ ਰੱਖਣ ਲਈ ਉਹ ਕਈਆਂ ਨੂੰ ਜਵਾਬ ਦੇ ਦਿੰਦਾ।

1957 ਵਿਚ ਉਸ ਦੀਆਂ ਦੋ ਫਿਲਮਾਂ 'ਨਯਾ ਦੌਰ' ਅਤੇ 'ਪਿਆਸਾ' ਬੇਹੱਦ ਮਕਬੂਲ ਹੋਈਆਂ। 'ਪਿਆਸਾ' ਵਿਚ 22 ਗੀਤ ਸਨ ਜਿਨ੍ਹਾਂ ਨੇ ਫਿਲਮੀ ਗੀਤਾਂ ਨੂੰ ਮਿਆਰੀ ਸ਼ਾਇਰੀ ਦੀ ਉਚਾਈ 'ਤੇ ਪਹੁੰਚਾ ਦਿੱਤਾ। ਫਿਲਮ ਮੁਕੰਮਲ ਹੋ ਚੁੱਕੀ ਸੀ, ਪਰ ਸਾਹਿਰ ਨੇ ਨਾਕਾਮ ਮੁਹੱਬਤ ਨਾਲ ਜੁੜਿਆ ਗੀਤ 'ਜਾਨੇ ਵੋਹ ਕੈਸੇ ਲੋਗ ਥੇ ਜਿਨ ਕੇ ਪਿਆਰ ਕੋ ਪਿਆਰ ਮਿਲਾ' ਲਿਖਿਆ।




*ਸਾਹਿਰ ਲੁਧਿਆਣਵੀ ਬਾਰੇ ਲਿਖੀ ਪੁਸਤਕ*

ਗੁਰੂ ਦੱਤ ਨੂੰ ਇਹ ਐਨਾ ਪਸੰਦ ਆਇਆ ਕਿ ਉਸ ਨੇ ਇਸ ਗੀਤ ਨੂੰ ਫਿਲਮ ਵਿਚ ਫਿੱਟ ਕਰਨ ਲਈ ਪਟਕਥਾ ਬਦਲ ਦਿੱਤੀ। 'ਨਯਾ ਦੌਰ' ਵਿਚ ਸਾਹਿਰ ਨੇ ਪੰਜਾਬੀ ਲੋਕ ਗੀਤਾਂ 'ਤੇ ਆਧਾਰਿਤ ਗਾਣੇ ਦਿੱਤੇ ਜਿਨ੍ਹਾਂ 'ਤੇ ਦਰਸ਼ਕ ਨੱਚ ਉਠੇ।

ਸਾਹਿਰ ਨੇ 30 ਸਾਲਾਂ ਵਿਚ 112 ਫਿਲਮਾਂ ਲਈ 727 ਗੀਤ ਲਿਖੇ ਜਿਨ੍ਹਾਂ ਵਿਚੋਂ ਬਹੁ-ਗਿਣਤੀ ਹਿਟ ਹੋਏ। 1976 'ਚ ਬਣੀ ਫਿਲਮ 'ਕਭੀ ਕਭੀ' ਦੇ ਗੀਤ ਐਨੇ ਹਰਮਨ ਪਿਆਰੇ ਹੋਏ ਕਿ ਇਸ ਦੇ ਤਵਿਆਂ ਦੀ ਵਿਕਰੀ ਦਾ ਨਵਾਂ ਰਿਕਾਰਡ ਕਾਇਮ ਹੋਇਆ। ਐਚ.ਐਮ.ਵੀ. ਕੰਪਨੀ ਨੇ ਇਸ ਲਈ ਸੋਨੇ ਦਾ ਤਵਾ ਸਾਹਿਰ ਨੂੰ ਇਨਾਮ ਵਿਚ ਦਿੱਤਾ।

ਸਾਹਿਰ ਦੇ ਗੀਤ ਬਹੁਰੰਗੀ ਹਨ। ਇਨ੍ਹਾਂ ਨੂੰ ਭਾਂਤ-ਭਾਂਤ ਦੇ ਪਾਤਰਾਂ 'ਤੇ ਫਿਲਮਾਇਆ ਗਿਆ। ਨਾਇਕ, ਨਾਇਕਾਂ, ਖਲਨਾਇਕਾਂ, ਸ਼ਰਾਬੀਆਂ, ਮੰਗਤਿਆਂ, ਮਸਖਰਿਆਂ, ਸਾਧੂਆਂ, ਵੇਸਵਾਵਾਂ, ਬੱਚਿਆਂ ਆਦਿ 'ਤੇ। ਇਨ੍ਹਾਂ ਵਿਚ ਸੋਲੋ, ਦੋਗਾਣੇ, ਕੋਰਸ, ਭਜਨ, ਕੱਵਾਲੀਆਂ, ਲੋਕ ਗੀਤ ਵਗੈਰਾ ਸ਼ਾਮਲ ਹਨ। 'ਬਰਸਾਤ ਕੀ ਰਾਤ' ਦੀ ਕੱਵਾਲੀ 'ਨਾ ਤੋ ਕਾਰਵਾਂ ਕੀ ਤਲਾਸ਼ ਹੈ' ਲੰਬੀ ਹੋਣ ਦੇ ਬਾਵਜੂਦ ਲਾਜਵਾਬ ਹੈ। ਇਸ ਨੂੰ ਮੁਹੰਮਦ ਰਫੀ, ਮੰਨਾ ਡੇ, ਐਸ.ਡੀ. ਬਾਤਿਸ਼, ਸੁਧਾ ਮਲਹੋਤਰਾ, ਆਸ਼ਾ ਭੌਂਸਲੇ ਅਤੇ ਹੋਰ ਕਈ ਗਾਇਕਾਂ ਨੇ ਗਾਇਆ। ਸਾਹਿਰ ਦੇ ਗੀਤਾਂ ਨੂੰ 30 ਸੰਗੀਤਕਾਰਾਂ ਨੇ ਸੰਗੀਤਬਧ ਕੀਤਾ। ਕਈ ਗਾਇਕ ਅਤੇ ਸੰਗੀਤਕਾਰ ਤਾਂ ਇਸ ਕਰ ਕੇ ਪ੍ਰਸਿਧ ਹੋ ਗਏ ਕਿ ਉਨ੍ਹਾਂ ਨੇ ਸਾਹਿਰ ਦੇ ਗੀਤ ਗਾਏ ਜਾਂ ਸੰਗੀਤਬਧ ਕੀਤੇ। ਸਾਹਿਰ ਨੇ ਅਨੇਕਾਂ ਵਿਸ਼ਿਆਂ ਨੂੰ ਆਪਣੇ ਗੀਤਾਂ ਵਿਚ ਛੋਹਿਆ ਜਿਵੇਂ ਸਮਾਜਿਕ ਬੁਰਾਈਆਂ, ਗਰੀਬਾਂ ਦੀਆਂ ਮੁਸ਼ਕਿਲਾਂ, ਸਮਾਜ ਵਿਚ ਤਬਦੀਲੀ ਦੀ ਲੋੜ, ਧਾਰਮਿਕ ਵਿਤਕਰਾ, ਦੇਸ਼ ਦੀ ਏਕਤਾ, ਆਲਮੀ ਅਮਨ ਆਦਿ। ਬਹੁਤੇ ਗੀਤ ਉਸ ਦੇ ਨਿੱਜੀ ਵਿਚਾਰਾਂ ਦੀ ਤਰਜਮਾਨੀ ਕਰਦੇ ਹਨ। ਉਸ ਦੇ ਪਿਆਰ ਦੇ ਗੀਤ, ਖਾਸਕਰ ਨਾਕਾਮ ਮੁਹੱਬਤ ਦੇ ਗੀਤ ਤਾਂ ਸਰੋਤਿਆਂ ਦੇ ਦਿਲਾਂ ਵਿਚ ਖੁੱਭ ਜਾਂਦੇ ਹਨ।



*ਸਾਹਿਰ ਲੁਧਿਆਣਵੀ (ਵਿਚਕਾਰ) ਉਘੇ ਸ਼ਾਇਰ ਜਾਨ ਨਿੱਸਾਰ ਅਖਤਰ ਅਤੇ ਮਹਿੰਦਰ ਸਿੰਘ ਰੰਧਾਵਾ ਨਾਲ।*

ਸਾਹਿਰ ਇਨਸਾਨੀ ਜਜ਼ਬਿਆਂ ਨੂੰ ਸਰਲ ਸ਼ਬਦਾਵਲੀ ਦੀਆਂ ਲੜੀਆਂ ਵਿਚ ਪਰੋਂਦਾ ਰਿਹਾ। ਇਸੇ ਕਰਕੇ ਇਹ ਸਾਧਾਰਨ ਵਿਅਕਤੀਆਂ ਤੋਂ ਲੈ ਕੇ ਬੁੱਧੀਜੀਵੀਆਂ ਤਕ ਨੂੰ ਖਿੱਚ ਪਾਉਂਦੇ ਹਨ। ਇਨ੍ਹਾਂ ਦੇ ਵਿਸ਼ੇ ਕਦੇ ਬੇਹੇ ਹੋਣ ਵਾਲੇ ਨਹੀਂ। ਇਸ ਕਰ ਕੇ ਸਰੋਤੇ ਇਨ੍ਹਾਂ ਨੂੰ ਪੁਸ਼ਤ-ਦਰ-ਪੁਸ਼ਤ ਪਸੰਦ ਕਰਦੇ ਆਏ ਹਨ। ਜਦ ਤਕ 'ਹਿੰਦੋਸਤਾਨੀ' ਬੋਲੀ ਜ਼ਿੰਦਾ ਰਹੇਗੀ, ਇਹ ਵੀ ਜ਼ਿੰਦਾ ਰਹਿਣਗੇ। ਸਾਹਿਰ ਨੇ ਫਿਲਮੀ ਗੀਤਕਾਰਾਂ ਨੂੰ ਸਮਾਜ ਅਤੇ ਸਰਕਾਰੀ ਅਦਾਰਿਆਂ ਵਿਚ ਆਦਰ ਵਾਲੀ ਥਾਂ ਦਿਵਾਈ। ਉਸ ਨੇ ਆਕਾਸ਼ਵਾਣੀ ਨੂੰ ਗਾਇਕ ਤੇ ਸੰਗੀਤਕਾਰ ਦੇ ਨਾਲ ਗੀਤਕਾਰ ਦਾ ਨਾਂ ਵੀ ਨਸ਼ਰ ਕਰਨ ਲਈ ਮਜਬੂਰ ਕੀਤਾ। ਗਰਾਮੋਫੋਨ ਕੰਪਨੀਆਂ ਤੋਂ ਗੀਤਕਾਰਾਂ ਨੂੰ ਰਾਇਲਟੀ ਦਿਵਾਈ।

ਫਿਲਮੀ ਪਰਦੇ 'ਤੇ ਗੀਤਕਾਰ ਦਾ ਨਾਂ ਸੰਗੀਤਕਾਰਾਂ ਤੋਂ ਪਹਿਲਾਂ ਦੇਣਾ ਮਨਵਾਇਆ। ਗੀਤਕਾਰਾਂ ਦਾ ਵੇਤਨ ਵਧਵਾਇਆ। ਪਹਿਲਾਂ ਆਪ ਉਹ ਇਕ ਗੀਤ ਦੇ ਪੰਜ ਹਜ਼ਾਰ ਲੈਂਦਾ ਸੀ, ਪਰ ਜਦੋਂ ਇਕ ਅਮੀਰ ਨਿਰਮਾਤਾ ਨੇ ਆਪਣੀ ਫਿਲਮ ਲਈ ਉਸ ਤੋਂ ਹੀ ਗੀਤ ਲਿਖਵਾਉਣ ਦੀ ਜ਼ਿੱਦ ਕੀਤੀ ਤਾਂ ਉਸ ਨੇ ਇਕ ਗੀਤ ਦਾ ਰੇਟ ਦਸ ਹਜ਼ਾਰ ਰੁਪਏ ਕਰ ਦਿੱਤਾ। ਉਸ ਨੇ ਸੰਗੀਤਕਾਰ ਤੋਂ ਇਕ ਰੁਪਿਆ ਵੱਧ ਫੀਸ ਲੈਣ ਦੀ ਸ਼ਰਤ ਵੀ ਰੱਖ ਦਿੱਤੀ। ਨਿਰਮਾਤਾ ਇਸ ਤਰ੍ਹਾਂ ਦੂਜੇ ਦਰਜੇ ਦੇ ਸੰਗੀਤਕਾਰਾਂ, ਜਿਨ੍ਹਾਂ ਦਾ ਰੇਟ ਘੱਟ ਹੁੰਦਾ ਸੀ, ਨੂੰ ਕੰਮ ਦੇਣ ਲੱਗੇ। ਜੈਦੇਵ, ਐਨ. ਦੱਤਾ, ਖੱਯਾਮ ਤੇ ਰਵੀ ਅਜਿਹੇ ਸੰਗੀਤਕਾਰਾਂ 'ਚ ਸ਼ੁਮਾਰ ਸਨ ਜਿਨ੍ਹਾਂ ਨੂੰ ਬਿਹਤਰ ਫਿਲਮਾਂ ਸਾਹਿਰ ਦੀ ਬਦੌਲਤ ਹੀ ਮਿਲੀਆਂ।

ਸਾਹਿਰ ਸੰਵੇਦਨਸ਼ੀਲ ਅਤੇ ਅਣਖੀ ਇਨਸਾਨ ਸੀ। ਉਹ ਆਪਣੇ ਸਵੈ-ਮਾਣ 'ਤੇ ਕੋਈ ਆਂਚ ਨਹੀਂ ਬਰਦਾਸ਼ਤ ਕਰਦਾ ਸੀ। ਇਸ ਕਰ ਕੇ ਉਸ ਦੀ ਕਈ ਹਦਾਇਤਕਾਰਾਂ ਅਤੇ ਗਾਇਕਾਂ ਨਾਲ ਵਿਗੜ ਗਈ। ਕਿਸੇ ਨੇ ਮਿਹਣਾ ਮਾਰਿਆ ਕਿ ਉਸ ਦੇ ਗੀਤਾਂ ਦੀ ਕਾਮਯਾਬੀ ਦਾ ਰਾਜ਼ ਲਤਾ ਦੀ ਆਵਾਜ਼ ਹੈ। ਉਸ ਨੇ ਸ਼ਰਤ ਰੱਖ ਦਿੱਤੀ ਕਿ ਦੋ ਸਾਲ ਉਹ ਕਿਸੇ ਫਿਲਮ ਲਈ ਗੀਤ ਨਹੀਂ ਲਿਖੇਗਾ ਜਿਸ ਵਿਚ ਲਤਾ ਮੰਗੇਸ਼ਕਰ ਗਾਏ। ਇਸ ਸਮੇਂ ਵਿਚ ਉਸ ਨੇ ਸੁਧਾ ਮਲਹੋਤਰਾ ਨੂੰ ਮੌਕਾ ਦਿਵਾਇਆ। ਸਾਹਿਰ ਦੇ ਗੀਤਾਂ ਨੇ ਉਸ ਨੂੰ ਵੀ ਮਸ਼ਹੂਰ ਕਰ ਦਿੱਤਾ।

ਯਸ਼ ਚੋਪੜਾ ਨਾਲ ਉਸ ਦੀ ਦੋਸਤੀ ਸੀ। ਯਸ਼ ਆਪਣੀ ਹਰ ਫਿਲਮ ਦੇ ਗੀਤ ਸਾਹਿਰ ਤੋਂ ਲਿਖਵਾਉਂਦਾ ਸੀ। ਇਕ ਵਾਰੀ ਉਸ ਨੇ ਸਾਹਿਰ ਨੂੰ ਚਾਰ ਦਿਨਾਂ 'ਚ ਗੀਤ ਲਿਖਣ ਲਈ ਆਖਿਆ ਕਿਉਂਕਿ ਗਾਇਕ ਅਤੇ ਸੰਗੀਤਕਾਰ ਨੇ ਵਿਦੇਸ਼ ਜਾਣਾ ਸੀ। ਸਾਹਿਰ ਨੇ ਸਮਝਿਆ ਕਿ ਯਸ਼ ਉਸ ਦੀ ਦੋਸਤੀ ਦਾ ਨਾਜਾਇਜ਼ ਫਾਇਦਾ ਉਠਾ ਰਿਹਾ ਹੈ। ਗੀਤਕਾਰ ਅਤੇ ਸੰਗੀਤਕਾਰ ਨੂੰ ਉਸ ਤੋਂ ਵੱਧ ਮਹੱਤਤਾ ਦੇ ਰਿਹਾ ਹੈ। ਸਾਹਿਰ ਨੇ ਗੀਤ ਲਿਖਣ ਤੋਂ ਕੋਰਾ ਜਵਾਬ ਦੇ ਦਿੱਤਾ। ਯਸ਼ ਦੀ ਫਿਲਮ 'ਸਿਲਸਿਲਾ' ਇਸ ਕਰ ਕੇ ਓਨੀ ਸਫਲ ਨਾ ਹੋਈ ਜਿੰਨੀਆਂ ਉਸ ਦੀਆਂ ਸਾਹਿਰ ਦੇ ਗੀਤਾਂ ਵਾਲੀਆਂ ਫਿਲਮਾਂ ਕਾਮਯਾਬ ਹੋਈਆਂ ਸਨ।

ਸਮੇਂ ਨੇ ਸਾਹਿਰ ਦੇ ਗੀਤਾਂ ਦੀ ਮਹੱਤਤਾ ਘਟਾਈ ਨਹੀਂ। ਦਰਅਸਲ, ਜਦੋਂ ਤਕ ਜਹਾਨ ਵਿਚ ਜੰਗਾਂ ਰਹਿਣਗੀਆਂ, ਜਦੋਂ ਤਕ ਭਾਰਤ ਵਿਚ ਔਰਤਾਂ ਨੂੰ ਦਬਾਇਆ-ਦੁਰਕਾਰਿਆ ਜਾਵੇਗਾ, ਜਦੋਂ ਤਕ ਗ਼ਰੀਬੀ ਦਾ ਗ਼ਲਬਾ ਰਹੇਗਾ, ਜਦੋਂ ਤਕ ਜਾਤ ਤੇ ਧਰਮ ਦੇ ਨਾਂ ਉਤੇ ਲੋਕਾਂ ਵਿਚ ਨਫ਼ਰਤ ਫੈਲਾਈ ਜਾਵੇਗੀ, ਜਦੋਂ ਤਕ ਗੱਭਰੂਆਂ ਤੇ ਮੁਟਿਆਰਾਂ ਦੇ ਪਿਆਰ ਸਬੰਧਾਂ ਉਤੇ ਬੰਦਿਸ਼ਾਂ ਰਹਿਣਗੀਆਂ ਲੋਕ ਸਾਹਿਰ ਦੇ ਗੀਤ ਗੁਣਗੁਣਾਉਂਦੇ ਰਹਿਣਗੇ ਕਿਉਂਕਿ ਇਹ ਗੀਤ ਉਨ੍ਹਾਂ ਦੀਆਂ ਭਾਵਨਾਵਾਂ ਤੇ ਉਮੀਦਾਂ ਨੂੰ ਸ਼ਬਦ ਦਿੰਦੇ ਹਨ। ਸਾਹਿਰ ਨੂੰ ਉਮੀਦ ਸੀ ਕਿ ਇਕ ਦਿਨ ਇਹ ਦੁੱਖ, ਸੁਖ ਵਿਚ ਬਦਲਣਗੇ। ਇਸੇ ਲਈ ਉਸ ਨੇ ਲਿਖਿਆ ਸੀ:

ਜਬ ਦੁਖ ਕੇ ਬਾਦਲ ਪਿਘਲੇਂਗੇ,
ਤਬ ਸੁਖ ਕਾ ਸਾਗਰ ਛਲਕੇਗਾ,
ਜਬ ਅੰਬਰ ਝੂਮ ਕੇ ਨਾਚੇਗਾ,
ਜਬ ਧਰਤੀ ਨਗ਼ਮੇਂ ਗਾਏਗੀ,
ਵੋਹ ਸੁਬਹਾ ਕਭੀ ਤੋ ਆਏਗੀ,
ਵੋਹ ਸੁਬਹਾ ਕਭੀ ਤੋ ਆਏਗੀ।

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਜੂਨ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-327




*ਹੁੰਦੀ ਸੀ ਜੋ ਸ਼ਾਨ ਅਕਾਲੀਆਂ ਦੀ ਕਿਸੇ ਵੇਲੇ,*
*'ਸ੍ਰੀ ਸਾਹਿਬ' ਗਾਤਰੇ ਤੇ ਹੱਥੀਂ 'ਕਿਰਪਾਨ' ਜੀ।*
*ਦੋ ਦੀ ਥਾਂਹ ਇਕ ਵੀ ਨਾ ਰੱਖਦੇ ਜਨਾਬ ਹੁਣੀਂ,*
*ਏਹੀਓ ਖੇਡਾਂ ਖੇਡਦੇ ਮਾਡਰਨ 'ਪ੍ਰਧਾਨ' ਜੀ।*

## ਕੈਪਸ਼ਨ ਮੁਕਾਬਲਾ-325



ਨਹੁੰ ਕੱਟਦਾ, ਦੇਵੇ ਤਸੱਲੀਆਂ
ਬੁਢਾਪਾ, 'ਕਲਾਪਾ ਸਭ ਜਾਵਣ ਝੱਲੇ।
ਠੰਢੀ ਹਵਾ ਬੱਚਿਆਂ ਤੋਂ ਆਵੇ
ਦੋਵੇਂ ਜੀਅ ਆਪਾਂ ਨਹੀਂ ਇਕੱਲੇ।
ਜਿਵੇਂ ਦਾ ਸਮਾਂ, ਉਵੇਂ ਦਾ ਗੁਜ਼ਾਰਨ
ਜੀਵਨ-ਜਾਚ ਜਿਨ੍ਹਾਂ ਦੇ ਪੱਲੇ।
**-ਦਵਿੰਦਰ ਕੌਰ**

---

ਮੈਂ ਤੇਰੇ ਬੰਨ੍ਹੀ ਤੂੰ ਮੇਰੇ ਬੰਨ੍ਹ ਦੇ
ਲਾ ਕੇ ਮੱਲ੍ਹਮ ਚਿੱਟੀ ਪੱਟੀ।
ਜਖਮ ਮਨਾਂ ਦੇ ਕੌਣ ਭਰੂਗਾ
ਕੀ ਕਰੂਗੀ ਬਾਹਰਲੀ ਖੱਟੀ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ, ਲੁਧਿਆਣਾ**
**ਫੋਨ: 91-98783-37222**

---

ਧੀਆਂ ਤੁਰ ਗਈਆਂ ਸਹੁਰੇ
ਮੁੰਡੇ ਵਿਚ ਪਰਦੇਸਾਂ।
ਠੋਕਰਾਂ ਖਾ ਕੇ ਸੱਟਾਂ ਵੱਜੀਆਂ
ਆ ਜਾ ਮਰੁਮ ਲਾ ਦੇਸਾਂ।
ਇੱਕ ਦੂਜੇ ਦਾ ਦੁੱਖ ਵੰਡਾਈਏ
ਨੇੜੇ ਹੈ ਨਾ ਕੋਈ ਦਰਦੀ।
ਬੇਵੱਸ ਤੇ ਲਾਚਾਰ ਨਾ ਬਣੀਏ
ਹਿੰਮਤ ਹੀ ਪਾਣੀ ਭਰਦੀ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**
**ਫੋਨ: 408-912-3438**

---

ਜਿਨ੍ਹਾਂ ਲਈ ਸਭ ਕੁਝ ਦਾਅ 'ਤੇ ਲਾ'ਤਾ
ਚੱਪਾ ਚੱਪਾ ਗਹਿਣੇ ਧਰ'ਤਾ।
ਬੁਢਾਪੇ ਦਾ ਨਹੀਂ ਬਣੇ ਆਸਰਾ
ਆਪਣੇ ਹੀ ਘਰੇ ਬਿਗਾਨੇ ਕਰ'ਤਾ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਭੁੱਖੇ ਰਹਿ ਰਹਿ ਪਾਲੇ ਸੀ ਜੋ
ਅੱਜ ਨਾ ਪੁੱਛਦੇ ਹਾਲ।
ਚੱਲ ਹੁਣ ਆਪਾਂ ਦੋਵੇਂ ਜੀਅ ਹੀ
ਰੱਖੀਏ ਇੱਕ ਦੂਜੇ ਦਾ ਖਿਆਲ।
ਨੂੰਹਾਂ ਪੁੱਤ ਸਾਨੂੰ ਬੋਝ ਸਮਝਦੇ
ਰਹੇ ਬਿਰਧ ਆਸ਼ਰਮ ਉਹ ਭਾਲ।
**-ਹਰਜਿੰਦਰ ਸਿੰਘ**
**ਪਿੰਡ ਕਲਿਆਣ ਸੁੱਖਾ, ਬਠਿੰਡਾ**
**ਫੋਨ: 91-96538-96528**

---

ਪਰਿਵਾਰ ਚਲਾ ਗਿਆ ਕੰਮੀਂ ਕਾਰੀਂ
ਰਹਿ ਗਏ ਇਕੱਲੇ ਬਿਰਧ ਮਾਂ-ਬਾਪ।
ਬਿਰਾਜਮਾਨ ਦੋਵੇਂ ਮੰਜੇ ਉਤੇ
ਇਕ ਦੂਜੇ ਦੇ ਦੁੱਖ ਫਰੋਲਣ
ਇਕੱਲੇ ਬੈਠੇ ਘਰ 'ਚ ਹੋਰ ਕੀ ਕਰਨ!
ਬਥੇਰਾ ਕੰਮ ਕਰ ਲਿਆ ਸਾਰੀ ਉਮਰ
ਆਖਰ ਬੁਢਾਪਾ ਆਇਆ
ਅੱਜ ਫਰੀਦਾ ਕੁਜੜਾ ਸੈਅ ਕੋਹਾਂ ਤੀਕ।
**-ਦਰਸ਼ਨਪਾਲ ਦੋਸਾਂਝ**

---

ਬਜ਼ੁਰਗਾਂ ਦੇ ਨਾਲ ਘਰ ਦੀ ਸ਼ਾਨ
ਫਿਰ ਵੀ ਲੋਕੀਂ ਕਿਉਂ ਹੋਣ ਪ੍ਰੇਸ਼ਾਨ।
ਜਿਉਂਦੇ ਜੀਅ ਉਨ੍ਹਾਂ ਨੂੰ ਭੇਜਣ ਆਸ਼ਰਮ
ਮਾਪਿਆਂ ਦੀ ਸੇਵਾ ਤੋਂ ਵੱਡਾ ਕੋਈ ਨਾ ਧਰਮ।
ਉਹ ਬੱਚਿਆਂ ਦੀ ਹਰਦਮ ਭਲਾਈ ਲੋਚਦੇ
ਮੁੜ ਨਹੀਂ ਲੱਭਣੇ ਮਾਪੇ, ਕਿਉਂ ਨਾ ਸੋਚਦੇ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**

---

ਜਨਮ ਦਾਤਿਆਂ ਨੂੰ ਬੰਦਾ ਭੁੱਲ ਰਿਹਾ
ਡਾਲਰਾਂ ਦੀ ਚਕਾਚੌਂਧ 'ਚ ਰੁਲ ਰਿਹਾ।
ਬਜ਼ੁਰਗ ਇਕ ਦੂਜੇ ਦਾ ਸਹਾਰਾ ਹੁੰਦੇ ਨੇ
ਇਨ੍ਹਾਂ ਬਿਨਾ ਘਰਾਂ ਦੇ ਬੂਹੇ ਬੰਦ ਹੁੰਦੇ ਨੇ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

# ਸ਼ਾਹੀ ਅੰਦਾਜ਼ 'ਚ ਸਿਰੇ ਚੜ੍ਹਿਆ ਪ੍ਰਿੰਸ ਹੈਰੀ ਤੇ ਮੈਗਨ ਦਾ ਵਿਆਹ

**ਵਿੰਡਸਰ:** ਦੁਨੀਆਂ ਭਰ ਦੇ ਲੋਕਾਂ ਲਈ ਖਿੱਚ ਦੇ ਕੇਂਦਰ ਬਣੇ ਸਮਾਗਮ ਦੌਰਾਨ ਬਰਤਾਨੀਆ ਦੇ ਪ੍ਰਿੰਸ ਹੈਰੀ ਅਤੇ ਅਭਿਨੇਤਰੀ ਮੈਗਨ ਮਰਕਲ ਦਾ ਵਿਆਹ ਸ਼ਾਹੀ ਰਸਮਾਂ ਨਾਲ ਸਿਰੇ ਚੜ੍ਹ ਗਿਆ। ਦੋਵਾਂ ਦੇ ਪਿਆਰ ਦਾ ਰਿਸ਼ਤਾ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚ ਤਬਦੀਲ ਹੋ ਗਿਆ ਹੈ। ਇਥੋਂ ਦੇ ਸੇਂਟ ਜੌਰਜ ਗਿਰਜਾ ਘਰ ਤੱਕ ਹੈਰੀ (33) ਅਤੇ ਮੇਘਨ (36) ਵਿੰਡਸਰ ਚਰਚ ਵਿਚ ਵਿਆਹ ਕਰਵਾਉਣ ਵਾਲਾ 16ਵਾਂ ਸ਼ਾਹੀ ਜੋੜਾ ਬਣ ਗਿਆ ਹੈ। ਮੇਘਨ, ਪ੍ਰਿੰਸ ਚਾਰਲਸ ਜੋ ਉਸ ਦੇ ਪਿਤਾ ਦੇ ਫਰਜ਼ ਨਿਭਾਅ ਰਿਹਾਅ ਸੀ, ਦੇ ਨਾਲ ਜਦੋਂ ਚਰਚ ਵਿਚ ਦਾਖਲ ਹੋਈ ਤਾਂ ਹੈਰੀ ਮੁਸਕਰਾ ਰਿਹਾ ਸੀ। ਮੇਘਨ ਦਾ ਪਿਤਾ ਥੌਮਸ ਮਰਕਲ ਸੀਨੀਅਰ ਗੰਭੀਰ ਬਿਮਾਰ



ਵਿਚ ਦੁਨੀਆਂ ਭਰ ਵਿਚੋਂ ਪੁੱਜੇ ਛੇ ਸੌ ਮਹਿਮਾਨਾਂ ਦੀ ਹਾਜ਼ਰੀ ਵਿਚ ਦੋਵਾਂ ਨੇ ਆਪਣੇ ਵਿਆਹ ਦੀਆਂ ਰਸਮਾਂ ਨੂੰ ਸਿਰੇ ਚਾੜ੍ਹਦਿਆਂ ਦੁੱਖ ਸੁੱਖ ਵਿਚ ਇਕ ਦੂਜੇ ਪ੍ਰਤੀ ਵਫਾਦਾਰ ਰਹਿਣ ਅਤੇ ਆਖਰੀ ਸਾਹਾਂ ਤੱਕ ਆਪਣੇ ਰਿਸ਼ਤੇ ਨੂੰ ਨਿਭਾਉਣ ਦੀਆਂ ਕਸਮਾਂ ਖਾਧੀਆਂ।

ਈਸਾਈ ਮੱਤ ਅਨੁਸਾਰ ਹੋਏ ਇਸ ਵਿਆਹ ਦੀਆਂ ਰਸਮਾਂ ਵਿੰਡਸਰ ਦੇ ਡੀਨ ਨੇ ਕੈਂਟਰਬਰੀ ਦੇ ਆਰਕ ਬਿਸ਼ਪ ਤੇ ਐਂਗਲੀਕ ਚਰਚ ਦੇ ਅਧਿਆਤਮਕ ਮੁਖੀ ਜਸਟਿਨ ਵੈਬਲੇ ਨੇ ਨੇਪਰੇ ਚਾੜ੍ਹੀਆਂ। ਸਿਆਹਫਾਮ ਅਮਰੀਕੀ ਬਿਸ਼ਪ ਮਾਈਕਲ ਬਰੂਸ ਕਰੀ ਨੇ 'ਵਿਆਹ ਦੇ ਮੌਕੇ ਸੰਬੋਧਨ' ਦੀ ਰਸਮ ਨਿਭਾਈ। 1863 ਤੋਂ ਹੁਣ ਹੋਣ ਕਾਰਨ ਵਿਆਹ ਵਿਚ ਸ਼ਾਮਲ ਨਹੀਂ ਹੋ ਸਕਿਆ।

ਬਾਲੀਵੁੱਡ ਅਭਿਨੇਤਰੀ ਪ੍ਰਿਅੰਕਾ ਚੋਪੜਾ ਵਿਆਹ ਵਿਚ ਵਿਸ਼ਵ ਭਰ ਵਿਚੋਂ ਸ਼ਾਮਲ ਹੋਈਆਂ ਹਸਤੀਆਂ ਵਿਚ ਸ਼ੁਮਾਰ ਸੀ। ਪੂਰੀ ਤਰ੍ਹਾਂ ਸਜੀ ਧਜੀ ਪ੍ਰਿਅੰਕਾ ਨੇ ਇਸ ਮੌਕੇ ਮੈਚ ਕਰਦੀ ਹੈਟ ਪਹਿਨ ਰੱਖੀ ਸੀ। ਆਪਣੀ ਪੋਤ ਨੂੰਹ ਮੇਘਲ ਮਰਕਲ ਨੂੰ ਮਹਾਰਾਣੀ ਐਲਿਜ਼ਾਬੈੱਥ ਵੇਲਜ਼ ਨੇ ਸੋਨੇ ਦੀ ਬਣੀ ਮੁੰਦਰੀ ਪਹਿਨਾਈ। ਪ੍ਰਿੰਸ ਹੈਰੀ ਦੀ ਮੁੰਦਰੀ ਪਲੈਟੀਨਮ ਬੈਂਡ ਵਾਲੀ ਅਤਿ ਮਨਮੋਹਕ ਸੀ। ਸ਼ਾਹੀ ਜੋੜੇ ਨੇ ਇਨ੍ਹਾਂ ਦੀ ਖਰੀਦ ਲਈ ਲੰਡਨ ਦੀ ਕਲੀਵ ਐਂਡ ਕੰਪਨੀ ਨੂੰ ਚੁਣਿਆ ਸੀ।

## ਜਦੋਂ ਪਤਨੀ ਦਾ ਨਾਂ ਭੁੱਲਿਆ ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਕਸਰ ਆਪਣੇ ਬਿਆਨਾਂ ਨੂੰ ਲੈ ਕੇ ਚਰਚਾ ਵਿਚ ਰਹਿੰਦੇ ਹਨ ਤੇ ਇਸ ਵਾਰ ਉਹ ਆਪਣੀ ਪਤਨੀ ਦਾ ਨਾਂ ਗਲਤ ਲਿਖਣ ਕਾਰਨ ਖਬਰਾਂ ਵਿਚ ਹਨ। ਟਰੰਪ ਦੀ ਪਤਨੀ ਮੇਲਾਨੀਆ ਟਰੰਪ ਨੂੰ ਗੁਰਦੇ ਦੀ ਸਮੱਸਿਆ ਹੋ ਗਈ ਸੀ ਅਤੇ ਉਸ ਦਾ ਬੀਤੇ ਕਈ ਦਿਨਾਂ ਤੋਂ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ।

ਮੇਲਾਨੀਆ ਜਦ ਘਰ ਆਈ ਤਾਂ ਟਰੰਪ ਨੇ ਟਵਿੱਟਰ 'ਤੇ ਉਸ ਦਾ ਸਵਾਗਤ ਕਰਦਿਆਂ ਟਵੀਟ ਕੀਤਾ, ਪਰ ਇਸ ਟਵੀਟ ਵਿਚ ਉਨ੍ਹਾਂ ਨੇ ਆਪਣੀ ਪਤਨੀ ਦਾ ਨਾਂ ਗਲਤ ਲਿਖ ਦਿੱਤਾ। ਹਾਲਾਂਕਿ ਕੁਝ ਦੇਰ ਬਾਅਦ ਉਨ੍ਹਾਂ ਆਪਣੀ ਭੁੱਲ ਸੁਧਾਰ ਲਈ ਅਤੇ ਠੀਕ ਨਾਂ ਨਾਲ ਆਪਣੀ ਪੋਸਟ ਨੂੰ ਰੀ-ਟਵੀਟ ਕੀਤਾ। ਟਰੰਪ ਨੇ ਟਵੀਟ ਕੀਤਾ, "ਪ੍ਰਥਮ ਮਹਿਲਾ ਵ੍ਹਾਈਟ ਹਾਊਸ ਪਰਤ ਆਈ ਹੈ। ਮੇਲਾਨੀ (ਮੇਲਾਨੀਆ) ਹੁਣ ਠੀਕ ਹੈ। ਤੁਹਾਡੇ ਸਾਰਿਆਂ ਦੀਆਂ ਸ਼ੁਭਕਾਮਨਾਵਾਂ ਦਾ ਸ਼ੁਕਰੀਆ।"

# ਜਪਾਨੀ ਨਿਰਦੇਸ਼ਕ ਨੇ ਜਿੱਤਿਆ ਕਾਨ ਦਾ ਸਰਵੋਤਮ ਪੁਰਸਕਾਰ

**ਕਾਨ:** 71ਵੇਂ ਕਾਨ ਫਿਲਮ ਮੇਲੇ ਦੇ ਸਮਾਪਤੀ ਸਮਾਰੋਹ ਵਿਚ ਏਸ਼ਿਆਈ, ਅਰਬੀ ਅਤੇ ਮਹਿਲਾ ਕਲਾਕਾਰਾਂ ਨੇ ਸਿਖਰਲੇ ਐਵਾਰਡ ਆਪਣੇ ਨਾਂ ਕੀਤੇ ਜਦ ਕਿ ਜਪਾਨੀ ਨਿਰਦੇਸ਼ਕ ਹਿਰੋਕਾਜ਼ੂ ਕੋਰ-ਏਡਾ ਨੇ ਕਾਨ ਦਾ ਸਰਵਉਚ ਪੁਰਸਕਾਰ 'ਪਾਮ ਡੀ ਔਰ' ਹਾਸਲ ਕੀਤਾ। ਸਮਾਰੋਹ ਵਿਚ 'ਮੈਨਬਿਕੀ ਕਾਜ਼ੋਕੂ' (ਸ਼ਾਪਲਿਫਟਰਜ਼) ਲਈ 'ਪਾਮ ਡੀ ਔਰ' ਪੁਰਸਕਾਰ ਜਿੱਤਿਆ।

ਇਹ ਫਿਲਮ ਗਰੀਬੀ ਵਿਚ ਜੀਵਨ ਬਤੀਤ ਕਰ ਰਹੇ ਇਕ ਅਜਿਹੇ ਪਰਿਵਾਰ ਦੀ ਕਹਾਣੀ ਹੈ, ਜੋ ਜ਼ਿੰਦਗੀ ਦੇ ਸੰਘਰਸ਼ ਤੋਂ ਪਾਰ ਪਾਉਣ ਵਿਚ ਲੱਗਿਆ ਹੋਇਆ ਹੈ। ਸਪਾਈਕ ਲੀ ਦੀ ਨਸਲਵਾਦ ਵਿਰੋਧੀ ਪੀਰੀਅਡ ਡਰਾਮਾ ਫਿਲਮ 'ਬਲੈਕਕੈਂਸਮੈਨ' ਨੇ ਗ੍ਰਾਂ ਪ੍ਰੀ ਪੁਰਸਕਾਰ ਜਿੱਤਿਆ ਜਦ ਕਿ ਲਿਬਨਾਨੀ ਫਿਲਮਸਾਜ਼ ਨਾਡਿਨ ਲਬਾਕੀ ਦੀ ਫਿਲਮ 'ਕੈਫਰਨੌਮ' ਨੇ ਜਿਊਰੀ ਪ੍ਰਾਈਜ਼ ਆਪਣੇ ਨਾਂ ਕੀਤਾ। ਪੋਲੈਂਡ ਦੇ ਪਾਵੇਲ ਪਾਵਲਿਕੋਵਸਕੀ ਨੂੰ ਕਾਨ ਵਿਚ ਸਰਵੋਤਮ ਨਿਰਦੇਸ਼ਕ ਦਾ ਖਿਤਾਬ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੂੰ ਫਿਲਮ 'ਕੋਲਡ ਵਾਰ' ਲਈ ਇਹ ਖਿਤਾਬ ਦਿੱਤਾ ਗਿਆ। ਕਾਨ ਕ੍ਰਿਟਿਕਸ ਹਫਤੇ ਵਿਚ ਫਰਾਂਸੀਸੀ-ਭਾਰਤੀ ਫਿਲਮ 'ਸਰ' ਨੇ 'ਗਾਨ



ਫਾਊਂਡੇਸ਼ਨ ਐਵਾਰਡਜ਼ ਫਾਰ ਡਿਸਟ੍ਰੀਬਿਊਸ਼ਨ' ਪੁਰਸਕਾਰ ਜਿੱਤਿਆ ਸੀ। ਨਵੋਦਿਤ ਨਿਰਦੇਸ਼ਕ ਰੋਹੇਨਾ ਗੇਰਾ ਵੱਲੋਂ ਨਿਰਦੇਸ਼ਤ ਫਿਲਮ ਮੁੰਬਈ ਦੇ ਇਕ ਅਮੀਰ ਨੌਜਵਾਨ ਅਤੇ ਉਸ ਦੀ ਘਰੇਲੂ ਸਹਾਇਕਾ ਦੀ ਕਹਾਣੀ ਹੈ।

# ਕਿਊਬਾ 'ਚ ਹਵਾਈ ਹਾਦਸਾ; 100 ਤੋਂ ਵੱਧ ਮੌਤਾਂ

**ਹਵਾਨਾ:** ਕਿਊਬਾ ਦੀ ਸਰਕਾਰੀ ਹਵਾਈ ਸੇਵਾ ਕਿਊਬਨ ਡੀ ਏਵੀਏਸ਼ਨ ਦਾ ਇਕ ਬੋਇੰਗ 737 ਹਵਾਈ ਜਹਾਜ਼ ਰਾਜਧਾਨੀ ਹਵਾਨਾ ਦੇ ਹੋਜ਼ੇ ਮਾਰਟੀ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਫੌਰੀ ਬਾਅਦ ਹਾਦਸੇ ਦਾ ਸ਼ਿਕਾਰ ਹੋ ਗਿਆ।



ਮੀਡੀਆ ਰਿਪੋਰਟਾਂ ਮੁਤਾਬਕ ਜਹਾਜ਼ ਵਿਚ 104 ਮੁਸਾਫਰ ਤੇ ਅਮਲੇ ਦੇ ਸੰਭਵ ਤੌਰ ਉਤੇ ਨੌਂ ਮੈਂਬਰ ਸਵਾਰ ਸਨ। ਇਨ੍ਹਾਂ ਵਿਚੋਂ 101 ਦੇ ਮਾਰੇ ਜਾਣ ਦਾ ਖਦਸ਼ਾ ਹੈ ਜਦੋਂਕਿ ਤਿੰਨ ਮੁਸਾਫਰ ਗੰਭੀਰ ਜ਼ਖਮੀ ਹਾਲਤ ਵਿਚ ਜ਼ੇਰੇ ਇਲਾਜ ਹਨ।

ਕਿਊਬਾ ਦੀ ਸਰਕਾਰੀ ਖਬਰ ਏਜੰਸੀ ਪ੍ਰੇਸ਼ਾ ਲੈਟਿਨਾ ਨੇ ਰਿਪੋਰਟ ਵਿਚ ਕਿਹਾ ਕਿ ਜਹਾਜ਼ ਹਵਾਨਾ ਤੋਂ ਮੁਲਕ ਦੇ ਪੂਰਬੀ ਸ਼ਹਿਰ ਹੋਲਗਿਨ ਜਾ ਰਿਹਾ ਸੀ। ਜਹਾਜ਼ ਕੌਮਾਂਤਰੀ ਹਵਾਈ ਅੱਡੇ ਦੇ ਬਿਲਕੁਲ ਨੇੜੇ ਡਿੱਗ ਕੇ ਤਬਾਹ ਹੋ ਗਿਆ। ਘਟਨਾ ਵਾਲੀ ਥਾਂ ਤੋਂ ਵੱਡੀ ਪੱਧਰ ਉਤੇ ਧੂੰਆਂ ਉਠ ਰਿਹਾ ਸੀ।

# ਨਿਊ ਯਾਰਕ ਪੁਲਿਸ ਵਿਚ ਪਹਿਲੀ ਦਸਤਾਰਧਾਰੀ ਸਿੱਖ ਮਹਿਲਾ ਅਫਸਰ

**ਨਿਊ ਯਾਰਕ:** ਨਿਊ ਯਾਰਕ ਪੁਲਿਸ ਵਿਭਾਗ ਵਿਚ ਪਹਿਲੀ ਦਸਤਾਰਧਾਰੀ ਸਿੱਖ ਮਹਿਲਾ



ਗੁਰਸੋਚ ਕੌਰ ਸਹਾਇਕ ਪੁਲਿਸ ਅਫਸਰ ਵਜੋਂ ਸ਼ਾਮਲ ਹੋਈ। ਪੁਲਿਸ ਵਿਚ ਸਿੱਖ ਮਹਿਲਾ ਅਫਸਰ ਦੀ ਸ਼ਮੂਲੀਅਤ ਦਾ ਮਕਸਦ ਹੋਰਾਂ ਨੂੰ ਲਾਅ ਇਨਫੋਰਸਮੈਂਟ ਪ੍ਰਤੀ ਉਤਸ਼ਾਹਿਤ ਕਰਨਾ ਤੇ ਸਿੱਖ ਧਰਮ ਦੀ ਸਮਝ ਵਧਾਉਣਾ ਹੈ।

ਨਿਊ ਯਾਰਕ ਸਿਟੀ ਪੁਲਿਸ ਅਕੈਡਮੀ ਤੋਂ ਗ੍ਰੈਜੂਏਸ਼ਨ ਕਰਨ ਪਿੱਛੋਂ ਗੁਰਸੋਚ ਕੌਰ ਨਿਊ ਯਾਰਕ ਪੁਲਿਸ ਵਿਭਾਗ ਵਿਚ ਸਹਾਇਕ ਪੁਲਿਸ ਅਫਸਰ ਵਜੋਂ ਸੇਵਾ ਨਿਭਾਏਗੀ। ਸਿੱਖ ਅਫਸਰ ਐਸੋਸੀਏਸ਼ਨ ਨੇ ਟਵੀਟ ਕਰ ਕੇ ਗੁਰਸੋਚ ਕੌਰ ਦੀ ਇਸ ਪ੍ਰਾਪਤੀ ਉਤੇ ਖੁਸ਼ੀ ਜ਼ਾਹਰ ਕੀਤੀ। ਐਸੋਸੀਏਸ਼ਨ ਦੇ ਅਫਸਰਾਂ ਨੇ ਫੇਸਬੁੱਕ ਉਤੇ ਪੋਸਟ ਕਰ ਕੇ ਕਿਹਾ ਕਿ ਗੁਰਸੋਚ ਦੇ ਪੁਲਿਸ ਵਿਭਾਗ ਵਿਚ ਸ਼ਾਮਲ ਹੋਣ ਉਤੇ ਉਹ ਮਾਣ ਮਹਿਸੂਸ ਕਰਦੇ ਹਨ। ਹਾਊਸਿੰਗ ਤੇ ਅਰਬਨ ਮਾਮਲਿਆਂ ਬਾਰੇ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਵੀ ਗੁਰਸੋਚ ਕੌਰ ਬਾਰੇ ਟਵੀਟ ਕਰ ਕੇ ਆਸ ਜਤਾਈ ਕਿ ਸਿੱਖ ਮਹਿਲਾ ਅਫਸਰ ਅਮਰੀਕਾ ਵਿਚ ਸਿੱਖ ਧਰਮ ਦੀ ਸਮਝ ਵਿਚ ਵਾਧਾ ਕਰਨ ਲਈ ਮਦਦਗਾਰ ਸਿੱਧ ਹੋਏਗੀ।

## ਅਫਗਾਨਿਸਤਾਨ 'ਚ ਕ੍ਰਿਕਟ ਮੈਚ ਦੌਰਾਨ ਧਮਾਕੇ, 8 ਮੌਤਾਂ

**ਕਾਬੁਲ:** ਅਫਗਾਨਿਸਤਾਨ ਦੇ ਪੂਰਬੀ ਨੰਗਰਹਾਰ ਸੂਬੇ ਦੇ ਇਕ ਕ੍ਰਿਕਟ ਸਟੇਡੀਅਮ ਵਿਚ ਮੈਚ ਦੌਰਾਨ ਹੋਏ ਲੜੀਵਾਰ ਬੰਬ ਧਮਾਕਿਆਂ ਕਾਰਨ ਘੱਟੋ-ਘੱਟ 8 ਲੋਕਾਂ ਦੀ ਮੌਤ ਹੋ ਗਈ, ਜਦਕਿ ਕਾਫੀ ਲੋਕ ਜ਼ਖਮੀ ਹੋ ਗਏ। ਸੂਬੇ ਦੇ ਗਵਰਨਰ ਦੇ ਬੁਲਾਰੇ ਅਤਾਉੱਲਾ ਖੋਗਿਆਨੀ ਨੇ ਘਟਨਾ ਸਬੰਧੀ ਦੱਸਿਆ ਕਿ ਸੂਬੇ ਦੀ ਰਾਜਧਾਨੀ ਜਲਾਲਾਬਾਦ 'ਚ ਸਪੋਰਟਸ ਸਟੇਡੀਅਮ ਵਿਚ ਹੋਏ ਧਮਾਕਿਆਂ ਕਾਰਨ 8 ਲੋਕਾਂ ਦੀ ਮੌਤ ਹੋਣ ਤੋਂ ਇਲਾਵਾ 45 ਦੇ ਕਰੀਬ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਰਮਜ਼ਾਨ ਦੇ ਪਵਿੱਤਰ ਮਹੀਨੇ ਵਿਚ ਸਟੇਡੀਅਮ 'ਚ ਕਰਵਾਏ ਜਾ ਰਹੇ ਰਾਤ ਦੇ ਮੈਚ ਨੂੰ ਦੇਖਣ ਲਈ ਲੋਕ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਨ। ਜ਼ਿਕਰਯੋਗ ਹੈ ਕਿ ਇਸ ਖੇਤਰ ਵਿਚ ਅਤਿਵਾਦੀ ਸੰਗਠਨ ਤਾਲਿਬਾਨ ਤੇ ਆਈ.ਐਸ. ਦਾ ਜ਼ਿਆਦਾ ਪ੍ਰਭਾਵ ਹੈ ਤੇ ਅਫਗਾਨਿਸਤਾਨ ਦੀਆਂ ਸੁਰੱਖਿਆ ਏਜੰਸੀਆਂ ਹਮਲੇ 'ਚ ਉਕਤ ਦੋਵਾਂ ਸੰਗਠਨਾਂ ਦਾ ਹੱਥ ਮੰਨਦੀਆਂ ਹਨ, ਹਾਲਾਂਕਿ ਅਜੇ ਤੱਕ ਕਿਸੇ ਵੀ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ।

## ਭਾਰਤ ਨੇ ਅਮਰੀਕਾ ਨੂੰ ਵਿਸ਼ਵ ਵਪਾਰ ਸੰਗਠਨ 'ਚ ਘੜੀਸਿਆ

**ਨਵੀਂ ਦਿੱਲੀ:** ਐਲੂਮੀਨੀਅਮ ਅਤੇ ਸਟੀਲ ਉਤੇ ਦਰਾਮਦ ਡਿਊਟੀ ਲਗਾਉਣ ਦੇ ਮੁੱਦੇ ਉਤੇ ਭਾਰਤ ਨੇ ਅਮਰੀਕਾ ਨੂੰ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੀ ਵਿਵਾਦਾਂ ਦੇ ਨਿਬੇੜੇ ਵਾਲੀ ਪ੍ਰਣਾਲੀ ਵਿਚ ਘੜੀਸਿਆ ਹੈ।ਭਾਰਤ ਨੇ ਕਿਹਾ ਹੈ ਕਿ ਇਨ੍ਹਾਂ ਵਸਤਾਂ ਉਤੇ ਦਰਾਮਦ ਡਿਊਟੀ ਲਗਾਉਣ ਦੇ ਅਮਰੀਕਾ ਦੇ ਫੈਸਲੇ ਨਾਲ ਉਸ ਦੀ ਬਰਾਮਦ ਉਤੇ ਅਸਰ ਪਏਗਾ। ਅਮਰੀਕਾ ਦਾ ਇਹ ਕਦਮ ਆਲਮੀ ਵਪਾਰ ਨਿਯਮਾਂ ਮੁਤਾਬਕ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਅਮਰੀਕਾ ਵੱਲੋਂ ਸਟੀਲ ਅਤੇ ਐਲੂਮੀਨੀਅਮ ਵਸਤਾਂ ਉਤੇ ਦਰਾਮਦ ਡਿਊਟੀ ਲਗਾਏ ਜਾਣ ਦੇ ਮੁੱਦੇ ਉਤੇ ਭਾਰਤ ਨੇ ਡਬਲਿਊ.ਟੀ.ਓ. ਦਾ ਦਰਵਾਜ਼ਾ ਖੜਕਾਇਆ ਹੈ।

ਭਾਰਤ ਨੇ ਇਸ ਮਾਮਲੇ ਉਤੇ ਅਮਰੀਕਾ ਨਾਲ ਗੱਲਬਾਤ ਉਤੇ ਜ਼ੋਰ ਦਿੱਤਾ ਹੈ। ਭਾਰਤ ਨੇ ਕਿਹਾ ਕਿ ਵਿਚਾਰ ਵਟਾਂਦਰਾ ਕਿਸੇ ਵੀ ਵਿਵਾਦ ਦੇ ਨਿਪਟਾਰੇ ਦਾ ਪਹਿਲਾ ਕਦਮ ਹੈ। ਜੇਕਰ ਦੋਵੇਂ ਮੁਲਕ ਗੱਲਬਾਤ ਮਗਰੋਂ ਕਿਸੇ ਆਪਸੀ ਸਹਿਮਤੀ ਉਤੇ ਨਾ ਪਹੁੰਚ ਸਕੇ ਤਾਂ ਉਸ ਤੋਂ ਬਾਅਦ ਭਾਰਤ ਡਬਲਿਊ.ਟੀ.ਓ. ਵਿਵਾਦ ਨਿਪਟਾਰਾ ਕਮੇਟੀ ਤੋਂ ਮਾਮਲੇ ਉਤੇ ਵਿਚਾਰ ਕਰਨ ਨੂੰ ਆਖੇਗਾ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ 9 ਮਾਰਚ ਨੂੰ ਸਟੀਲ ਅਤੇ ਐਲੂਮੀਨੀਅਮ ਦੀ ਦਰਾਮਦ ਉਤੇ ਭਾਰੀ ਡਿਊਟੀ ਲਗਾ ਦਿੱਤੀ ਸੀ।

# ਅਜੇ ਹੋਰ 'ਅੱਛੇ ਦਿਨਾਂ' ਲਈ ਤਿਆਰ ਰਹਿਣ ਲੋਕ

**ਨਵੀਂ ਦਿੱਲੀ:** ਭਾਰਤੀ ਲੋਕਾਂ ਨੂੰ ਆਉਂਦੇ ਦਿਨਾਂ ਵਿਚ ਹੋਰ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ ਤੇ 'ਅੱਛੇ ਦਿਨਾਂ' ਦਾ ਲਾਰਾ ਲਾ ਕੇ ਸੱਤਾ ਵਿਚ ਆਈ ਮੋਦੀ ਸਰਕਾਰ ਲੋਕਾਂ ਨੂੰ ਕੋਈ ਰਾਹਤ ਨਹੀਂ ਦੇ ਸਕੇਗੀ। ਭਾਵੇਂ ਇਸ ਸਾਲ ਮਾਨਸੂਨ ਆਮ ਦੀ ਤਰ੍ਹਾਂ ਰਹਿਣ ਦੀ ਸੰਭਾਵਨਾ ਹੈ ਪਰ ਦੇਸ਼ ਵਿਚ ਘਰੇਲੂ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਜਾਰੀ ਰਹੇਗਾ।

ਡਨ ਐਂਡ ਬਰਾਡ ਸਟਰੀਟ ਦੇ ਸਰਵੇ ਅਨੁਸਾਰ ਭਾਰਤ ਵਿਚ ਤੇਲ ਕੀਮਤਾਂ ਵਿਚ ਵਾਧਾ ਪਿਛਲੇ ਕਿਸੇ ਵੀ ਸਮੇਂ ਦੇ ਮੁਕਾਬਲੇ ਸਿਖਰਾਂ ਨੂੰ ਛੂਹ ਰਿਹਾ ਹੈ ਅਤੇ ਇਸ ਦਾ ਅਸਰ ਦੂਜੀਆਂ ਵਸਤਾਂ ਉਤੇ ਪੈਣਾ ਵੀ ਯਕੀਨੀ ਹੈ। ਇਸ ਕਾਰਨ ਮਹਿੰਗਾਈ ਵਧਣ ਦੀ ਸੰਭਾਵਨਾ ਬਣੀ ਹੋਈ ਹੈ। ਦੇਸ਼ ਵਿਚ ਖੁਰਾਕੀ ਵਸਤਾਂ ਦੀ ਪੂਰਤੀ ਦੀ ਸਭ ਤੋਂ ਵੱਡੀ ਟੇਕ ਮਾਨਸੂਨ ਦੌਰਾਨ ਭਰਵੇਂ ਮੀਂਹ ਪੈਣ ਉਤੇ ਨਿਰਭਰ ਕਰਦੀ ਹੈ ਪਰ ਜੇ ਮੀਂਹ ਢੁਕਵੇਂ ਨਹੀਂ ਪੈਂਦੇ ਤਾਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ। ਇਹ ਪ੍ਰਗਟਾਵਾ ਡੀ ਐਂਡ ਬੀ ਇੰਡੀਆ ਦੇ ਭਾਰਤ ਵਿਚਲੇ ਆਰਥਿਕ ਮਾਹਿਰ ਅਰੁਨ ਸਿੰਘ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਮਹਿੰਗਾਈ ਪਿੱਛੇ ਰੁਪਏ ਦੀ ਕੀਮਤ ਵਿਚ ਗਿਰਾਵਟ, ਅੰਤਰਰਾਸ਼ਟਰੀ ਵਪਾਰ ਵਿਚ ਤਣਾਅ ਦਾ ਉਪਜਣਾ, ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਕੀਮਤਾਂ ਵਿਚ ਵਾਧੇ ਵਰਗੇ ਹੋਰ ਕਾਰਨ ਵੀ ਕਿਰਿਆਸ਼ੀਲ ਹਨ। ਭਾਰਤ ਸਰਕਾਰ ਦੇਸ਼ ਵਿਚ ਵਿਦੇਸ਼ੀ ਪੂੰਜੀ ਨਿਵੇਸ਼, ਦੇਸ਼ ਵਿਚ ਹੀ ਵਸਤਾਂ ਦੇ ਉਤਪਾਦਨ ਉਤੇ ਧਿਆਨ ਦੇ ਰਹੀ ਹੈ ਪਰ ਫਿਰ ਵੀ ਮਾਨਸੂਨ ਰੁੱਤ ਵਿਚ ਮੀਂਹ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਆਸਮਾਨ ਛੂੰਹਦੀਆਂ ਤੇਲ ਕੀਮਤਾਂ ਕਾਰਨ ਰਸੋਈ ਵਿਚ ਵਰਤਿਆ ਜਾਣ ਵਾਲਾ ਸਾਮਾਨ ਮਹਿੰਗਾ ਹੋਣ ਦਾ ਡਰ ਬਣਿਆ ਹੋਇਆ ਹੈ।

# ਅਰੁਣਾਚਲ ਸਰਹੱਦੀ ਖੇਤਰ 'ਚੋਂ ਸੋਨਾ ਕੱਢਣ 'ਚ ਜੁਟਿਆ ਚੀਨ

**ਪੇਈਚਿੰਗ:** ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਖੇਤਰ ਵਿਚ ਵੱਡੇ ਪੱਧਰ ਉਤੇ ਖੁਦਾਈ ਕੀਤੀ ਜਾ ਰਹੀ ਹੈ ਜਿਸ ਦੌਰਾਨ ਭਾਰੀ ਮਾਤਰਾ 'ਚ ਸੋਨਾ, ਚਾਂਦੀ ਤੇ ਹੋਰ ਬੇਸ਼ਕੀਮਤੀ ਧਾਤਾਂ ਮਿਲੀਆਂ ਹਨ ਜਿਨ੍ਹਾਂ ਦੀ ਕੀਮਤ




60 ਅਰਬ ਡਾਲਰ ਦੇ ਕਰੀਬ ਦੱਸੀ ਜਾਂਦੀ ਹੈ। ਹਾਂਗਕਾਂਗ ਦੇ 'ਸਾਊਥ ਚਾਇਨਾ ਮੌਰਨਿੰਗ ਪੋਸਟ' ਅਖਬਾਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਸਰਹੱਦ ਨਾਲ ਲੱਗਦੇ ਚੀਨ ਦੇ ਕੰਟਰੋਲ ਹੇਠਲੇ ਲੁੰਜ਼ੇ ਕਾਊਂਟੀ ਵਿਚ ਖੁਦਾਈ ਕੀਤੀ ਜਾ ਰਹੀ ਹੈ। ਚੀਨ ਅਰੁਣਾਚਲ ਪ੍ਰਦੇਸ਼ ਨੂੰ ਆਪਣੇ ਦੱਖਣੀ ਤਿੱਬਤ ਰਾਜ ਦਾ ਹਿੱਸਾ ਕਰਾਰ ਦਿੰਦਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਦੀ ਇਹ ਕਾਰਵਾਈ ਅਰੁਣਾਚਲ ਪ੍ਰਦੇਸ਼ 'ਤੇ ਕਬਜ਼ਾ ਜਮਾਉਣ ਦੇ ਪ੍ਰੋਜੈਕਟ ਦਾ ਹਿੱਸਾ ਹੈ ਤੇ ਇਥੇ ਜਲਦੀ ਹੀ 'ਸਾਊਥ ਚਾਈਨਾ ਸਾਗਰ' ਜਿਹੇ ਹਾਲਾਤ ਬਣ ਸਕਦੇ ਹਨ। ਚੀਨ ਦੀ ਇਸ ਪੇਸ਼ਕਦਮੀ ਦਾ ਖੁਲਾਸਾ ਅਜਿਹੇ ਵਕਤ ਹੋਇਆ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੈਰ ਰਸਮੀ ਸਿਖਰ ਵਾਰਤਾ ਨੂੰ ਮਹੀਨਾ ਵੀ ਨਹੀਂ ਹੋਇਆ।

# ਜਲ ਪ੍ਰਦੂਸ਼ਣ ਦੀ ਮਾਰ ਅਤੇ ਸਰਕਾਰਾਂ ਦੀ ਪਹੁੰਚ

ਵਿਜੈ ਬੰਬੇਲੀ
ਫੋਨ: 91-94634-39075

ਬਿਆਸ ਦਰਿਆ ਵਿਚ ਖੰਡ ਮਿੱਲ ਦਾ ਜ਼ਹਿਰੀਲਾ ਪਦਾਰਥ ਵਗਣ ਅਤੇ ਹਜ਼ਾਰਾਂ ਮੱਛੀਆਂ ਤੇ ਜਲ ਜੀਵ ਮਰਨ ਦੀ ਘਟਨਾ ਨੇ ਇਕ ਤਰ੍ਹਾਂ ਨਾਲ ਸਰਕਾਰ ਅਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਹੀ ਜ਼ਾਹਿਰ ਕੀਤੀ ਹੈ। ਨੇਮਾਂ ਵੱਲ ਧਿਆਨ ਨਾ ਦੇਣ ਕਾਰਨ ਹੀ ਗਾਹੇ-ਬਗਾਹੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਸਿਤਮਜ਼ਰੀਫ਼ੀ ਇਹ ਵੀ ਹੈ ਕਿ ਕੁਝ ਦਿਨਾਂ ਦੀ ਹਲਚਲ ਪਿੱਛੋਂ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਇਹ ਘਟਨਾ ਚਿਤਾਵਨੀ ਹੈ ਕਿ ਜੇ ਹੁਣ ਵੀ ਇਸ ਤੋਂ ਸਬਕ ਲੈ ਕੇ ਜਲ ਪ੍ਰਦੂਸ਼ਣ ਬਾਰੇ ਕੋਈ ਬੰਨ੍ਹ-ਸੁਬ ਨਾ ਕੀਤਾ ਤਾਂ ਆਉਣ ਵਾਲਾ ਸਮਾਂ ਬਹੁਤ ਭਿਅੰਕਰ ਰੂਪ ਅਖਤਿਆਰ ਕਰ ਕੇ ਟੱਕਰੇਗਾ।

ਪੰਜਾਬ ਦੇ ਹਾਲਾਤ ਹੁਣ ਇਹ ਹਨ ਕਿ ਸਤਲੁਜ ਦਰਿਆ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ। ਸਤਲੁਜ ਭਾਖੜਾ ਡੈਮ ਤੋਂ ਮੈਦਾਨੀ ਇਲਾਕੇ ਵਿਚ ਦਾਖਲ ਹੁੰਦਾ ਹੈ ਅਤੇ ਇਹ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਰਾਹ ਦੇ ਮੈਦਾਨ ਵਿਚੋਂ ਤਕਰੀਬਨ 277 ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਨੰਗਲ ਟਾਊਨਸ਼ਿਪ, ਨਯਾ ਨੰਗਲ, ਆਨੰਦਪੁਰ ਸਾਹਿਬ, ਰੋਪੜ, ਨਵਾਂਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦਾ ਘਰੇਲੂ ਅਤੇ ਸਨਅਤੀ ਪਾਣੀ ਆਖਿਰ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ। ਇਸ ਪਾਣੀ ਨੂੰ ਦਰਿਆ ਵਿਚ ਡਿੱਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਪ੍ਰਦੂਸ਼ਿਤ ਕਰਨ ਵਾਲੇ ਨਾਲਿਆਂ ਵਿਚ ਬੁੱਢਾ ਨਾਲਾ, ਪੂਰਬੀ ਵੇਈਂ ਅਤੇ ਪੱਛਮੀ ਵੇਈਂ ਸ਼ਾਮਲ ਹਨ। ਇਕ ਅਧਿਐਨ ਦਰਸਾਉਂਦਾ ਹੈ ਕਿ ਫ਼ੈਕਟਰੀਆਂ ਸਭ ਤੋਂ ਵੱਧ ਜਲ ਦੂਸ਼ਿਤ ਕਰਦੀਆਂ ਹਨ। ਉਹ ਪਾਣੀ ਨੂੰ ਬਿਨਾਂ ਸੋਧੇ ਹੀ ਬਾਹਰ ਛੱਡ ਦਿੰਦੀਆਂ ਹਨ। ਬਨਸਪਤੀ ਤੇਲ, ਰੰਗਾਈ, ਬੀਅਰ ਅਤੇ ਉਨ ਦੀਆਂ ਫ਼ੈਕਟਰੀਆਂ 100 ਕਿਲੋ ਮਾਲ ਬਣਾਉਣ ਪਿੱਛੋਂ ਕ੍ਰਮਵਾਰ 400, 500, 750 ਅਤੇ 800 ਲਿਟਰ ਗੰਧਲਾ ਤੇ ਜ਼ਹਿਰੀਲਾ ਪਾਣੀ ਛੱਡਦੀਆਂ ਹਨ।

ਪੰਜਾਬ ਦੇ ਕਈ ਸਨਅਤੀ ਨਗਰਾਂ ਦੇ ਧਰਤੀ ਹੇਠਲੇ ਪਾਣੀ ਦੇ ਸੈਂਪਲਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਪਾਣੀ ਕਿੰਨਾ ਹਾਨੀਕਾਰਕ ਹੋ ਗਿਆ ਹੈ। ਸਾਈਕਲ ਸਨਅਤ ਨੇੜਲੇ ਜਲ ਸੈਂਪਲਾਂ ਵਿਚ ਸਾਇਆਕਸਾਈਡ ਦੀ ਮਾਤਰਾ ਵਧ ਨਿਕਲੀ ਹੈ। ਬੁੱਢੇ ਨਾਲੇ ਦੇ ਸੈਂਪਲਾਂ ਵਿਚੋਂ ਜ਼ਹਿਰੀਲੀਆਂ ਧਾਤਾਂ ਦੇ ਅੰਸ਼ ਨਿਰਧਾਰਿਤ ਮਾਤਰਾ ਨਾਲੋਂ ਕਈ ਗੁਣਾ ਵਧ ਮਿਲੇ ਹਨ। ਬੁੱਢੇ ਨਾਲੇ ਦੇ ਪਾਣੀ ਦੇ ਸੈਂਪਲ ਵਿਚ ਆਕਸੀਜਨ ਦੀ ਮਾਤਰਾ ਵੀ ਘੱਟ ਮਿਲੀ ਹੈ। ਹਮੀਰਾ ਡਿਸਟਲਰੀ ਵਿਚੋਂ ਨਿਕਲ ਕੇ ਪਾਣੀ ਵਿਚ ਮਿਲਣ ਵਾਲੇ ਦੂਸ਼ਿਤ ਪਦਾਰਥਾਂ ਕਾਰਨ ਇਨ੍ਹਾਂ ਇਲਾਕਿਆਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਲੁਧਿਆਣਾ, ਜਲੰਧਰ, ਫਗਵਾੜਾ, ਗੋਰਾਇਆ, ਰਾਜਪੁਰਾ ਅਤੇ ਗੋਬਿੰਦਗੜ੍ਹ ਆਦਿ ਦੇ ਕਾਰਖਾਨਿਆਂ ਵਿਚੋਂ ਨਿਕਲ ਕੇ ਪਾਣੀ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਮਾਤਰਾ ਵਧਦੀ ਜਾ ਰਹੀ ਹੈ।

ਹਰੇ ਇਨਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ ਲਈ ਕਹਿਰ ਢਾਹਿਆ ਹੈ। ਅੰਧਾ-ਧੁੰਦ ਵਰਤੇ ਜਾ ਰਹੇ ਬਨਾਉਟੀ ਖਾਦ-ਪਦਾਰਥਾਂ, ਨਦੀਨਨਾਸ਼ਕਾਂ ਤੇ ਕੀਟਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜ਼ਮੀਨ, ਜਲ ਵਹਿਣਾ ਅਤੇ ਜਲ ਕੁੰਡਾਂ ਵਿਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਮੀਂਹ ਦਾ ਪਾਣੀ ਜ਼ਮੀਨ ਵਿਚ ਰਿਸਣ ਨਾਲ ਵਿਸ਼ੈਲੇ ਤੱਤ ਭੂ-ਜਲ ਵਿਚ ਚਲੇ ਜਾਂਦੇ ਹਨ। ਘੱਟ ਗਹਿਰਾਈ ਤੋਂ ਪਾਣੀ ਖਿੱਚਣ ਨਾਲ ਆਰਸਨਿਕ ਅਤੇ ਦੂਸਰੇ ਮਾਰੂ ਤੱਤ ਪੀਣ ਵਾਲੇ ਪਾਣੀ ਰਾਹੀਂ ਅਸਾਧ ਰੋਗ ਲਾ ਦਿੰਦੇ ਹਨ। ਆਰਸਨਿਕ (ਸੰਖੀਏ ਵਾਲੇ) ਤੱਤਾਂ ਦੀ ਜ਼ਿਆਦਾ ਵਰਤੋਂ ਨਾਲ ਕੈਂਸਰ ਰੋਗ ਤੋਂ ਬਿਨਾਂ ਫੇਫੜਿਆਂ ਤੇ ਚਮੜੀ ਰੋਗ ਵੀ ਹੋ ਜਾਂਦੇ ਹਨ। ਆਰਸਨਿਕ ਤੱਤਾਂ ਨੂੰ ਧੀਮਾ ਜ਼ਹਿਰ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਆਰਸਨਿਕ ਤੱਤ ਧਰਤੀ ਦੇ ਬਹੁਤ ਹੇਠਾਂ ਹੁੰਦੇ ਸਨ ਪਰ ਹੁਣ ਅਸੀਂ ਅਚੇਤ-ਸੁਚੇਤ ਇਨ੍ਹਾਂ ਨੂੰ ਉਪਰਲੀਆਂ ਤੱਗੀਆਂ ਜਾਂ ਜਲ-ਕੁੰਡਾਂ ਵਿਚ ਧੱਕ ਰਹੇ ਹਾਂ।

ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲੀ ਤਰਲ ਗੰਦਗੀ ਅਤੇ ਰੋੜ੍ਹ ਨੂੰ ਲਾਹਣ ਦਾ ਨਾਂ ਦਿੱਤਾ ਗਿਆ ਹੈ। ਇਹ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਤਾਜ਼ਾ ਪਾਣੀ ਨਾਲ ਸੋਧਣਾ ਜ਼ਰੂਰੀ ਹੁੰਦਾ ਹੈ। ਇਹ ਕਾਰਜ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਦੀ ਖ਼ਪਤ ਮੰਗਦਾ ਹੈ ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨੇਮਾਂ ਦੀ ਪਾਲਣਾ ਕਰ ਰਹੇ ਹਨ? ਸਾਧਾਰਨ ਜਿਹੀ ਡਿਸਟਲਿਰੀ ਜਿਹੜੀ ਪ੍ਰਤੀ ਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੈ, ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲਿਟਰ ਮਾਤਰਾ ਨਾਲ ਹੀ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ।



ਪਾਣੀ ਦੀ ਬੱਚਤ ਲਈ ਹੁਣ ਜੀਵੀ-ਸੋਧਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਵਾਤਾਵਰਨੀ ਸੁਰੱਖਿਆ ਅਧਿਨਿਯਮ (ਜੀਵੀ ਆਕਸੀਜਨ ਮੰਗ) ਇਸ ਰੋੜ੍ਹ ਨੂੰ ਪਾਣੀ ਵਿਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲਿਟਰ ਅਤੇ ਜ਼ਮੀਨੀ ਰੋੜ੍ਹ ਲਈ 100 ਮਿਲੀਗ੍ਰਾਮ ਪ੍ਰਤੀ ਲਿਟਰ ਦੀ ਆਗਿਆ ਦਿੰਦੀ ਹੈ ਪਰ ਸਾਡੇ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲਿਟਰ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ। ਇਸੇ ਤਰ੍ਹਾਂ ‘ਰਸਾਇਣੀ ਆਕਸੀਜਨ ਮੰਗ’ ਦੀ ਆਗਿਆ 250 ਮਿਲੀਗ੍ਰਾਮ ਪ੍ਰਤੀ ਲਿਟਰ ਹੈ। ਪਤਾ ਇਨ੍ਹਾਂ ਕਾਰਖਾਨਿਆਂ ਦੀ ਰੋੜ੍ਹ ਦਰ ਕੀ ਹੈ? 85,000 ਮਿਲੀਗ੍ਰਾਮ ਪ੍ਰਤੀ ਲਿਟਰ। ਇਹ ਕਾਰਖਾਨੇ ਫਿਰ ਵੀ ਚੱਲ ਰਹੇ ਹਨ। ਇਸੇ ਬਿਪਤਾ ਨੂੰ ਦੇਖ ਕੇ ਹੀ ਕਿਸੇ ਈਕਾਲੋਜੀ ਮਾਹਿਰ ਨੇ ਕਿਹਾ ਸੀ, “ਇਨ੍ਹਾਂ ਕਾਰਖਾਨੇਦਾਰਾਂ ਨੂੰ ਵਸਤਾਂ ਬਣਾਉਣ ਦੇ ਲਾਈਸੈਂਸ ਤਾਂ ਸਰਕਾਰਾਂ ਨੇ ਦਿੱਤੇ ਹੋਏ ਹਨ ਪਰ ਇਨ੍ਹਾਂ ਨੂੰ ਮਨੁੱਖੀ ਤੇ ਪਸ਼ੂ ਜੀਵਨ ਨਸ਼ਟ ਕਰਨ ਦੇ ਲਾਈਸੈਂਸ ਕਿਸ ਦਿੱਤੇ ਹਨ?”

ਪਾਣੀ ਨੂੰ ਬਹੁਤ ਸਾਰੇ ਪਦਾਰਥ ਦੂਸ਼ਿਤ ਕਰਦੇ ਹਨ ਪਰ ਮੁੱਖ ਰੂਪ ਵਿਚ ਪੈਟਰੋਲੀਅਮ ਪਦਾਰਥ, ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ, ਪਾਰਾ, ਕੈਮੀਅਮ, ਆਰਸਨਿਕ, ਕਈ ਪ੍ਰਕਾਰ ਦੀਆਂ ਖਾਦਾਂ, ਪਰਮਾਣੂ ਤੇ ਮਨੁੱਖੀ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲ ਤਿਆਗ ਅਤੇ ਕੂੜਾ ਕੱਚਰਾ ਆਦਿ ਦਾ ਵਰਣਨ ਕੀਤਾ ਜਾ ਸਕਦਾ ਹੈ। ਪਾਰਾ, ਕੈਮੀਅਮ ਅਤੇ ਆਰਸਨਿਕ ਤਾਂ ਬਹੁਤ ਹੀ ਜ਼ਹਿਰੀਲੇ ਅੰਸ਼ ਹਨ ਜੋ ਜਲ ਪ੍ਰਦੂਸ਼ਤ ਕਰਦੇ ਹਨ ਅਤੇ ਕਾਰਖਾਨਿਆਂ ਦੀ ਨੁਕਸਾਨਦੇਹ ਰਹਿੰਦ-ਖੂੰਹਦ ਵਜੋਂ ਪਾਣੀ ਵਿਚ ਆ ਰਲਦੇ ਹਨ। ਮੀਂਹ ਪੈਣ ਨਾਲ ਖਾਦਾਂ ਵਿਚਲੇ ਜ਼ਹਿਰੀਲੇ ਅਤੇ ਮਾਰੂ ਤੱਤ ਜਲ ਸੋਮਿਆਂ ਵਿਚ ਰਲ ਜਾਂਦੇ ਹਨ।

ਵਿਹੁਲਾ ਕਚਰੇ ਤੋਂ ਪੈਦਾ ਹੋਇਆ ਵਾਤਾਵਰਨ ਸੰਕਟ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਗੰਦਗੀ ਪਹਿਲਾਂ ਵੀ ਦਰਿਆਵਾਂ, ਝੀਲਾਂ ਤੇ ਸਾਗਰਾਂ ਵਿਚ ਰਲਦੀ ਸੀ ਪਰ ਉਹ ਗੰਦਗੀ ਰਵਾਇਤੀ ਅਤੇ ਘੱਟ ਮਾਤਰਾ ਵਿਚ ਹੁੰਦੀ ਸੀ, ਉਸ ਵਿਚ ਬਹੁਤ ਘੱਟ ਜ਼ਹਿਰੀ ਅੰਸ਼ ਹੁੰਦੇ ਸਨ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾਲਣ ਅਤੇ ਮੁੜ-ਚੱਕਰ ਵਿਚ ਲਿਆਉਣ ਦੇ ਸਮਰੱਥ ਹੁੰਦੇ ਸਨ। ਹੁਣ ਰਹਿੰਦ-ਖੂੰਹਦ ਵਿਚ ਸਿੰਥੈਟਿਕ ਪਦਾਰਥ ਬਹੁਤ ਹੁੰਦੇ ਹਨ।

ਹਰ ਭਾਰਤੀ ਪਰਿਵਾਰ ਹਰ ਰੋਜ਼ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਇਸ ਵਿਚ ਮਲ-ਮੂਤਰ ਤੋਂ ਇਲਾਵਾ ਰਹਿੰਦ-ਖੂੰਹਦ, ਘਰਾਂ ਦੀ ਗੰਦਗੀ ਆਦਿ ਸ਼ਾਮਲ ਹਨ। ਕਰੀਬ 20 ਕਰੋੜ ਪਰਿਵਾਰ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਪੈਦਾ ਕਰ ਰਹੇ ਹਾਂ। ਇਕ ਸਾਲ ਵਿਚ ਗੰਦਗੀ ਦੇ 40 ਅਰਬ ਟੋਕਰੇ ਢੇਰਾਂ ਉਪਰ ਪੁੱਜ ਜਾਂਦੇ ਹਨ। ਇਹ ਕਚਰਾ ਆਪਣੀਆਂ ਨਿਸ਼ਚਿਤ ਥਾਵਾਂ ਉਤੇ ਨਹੀਂ ਪੁੱਜਦਾ ਸਗੋਂ ਜਿਥੇ ਜੀ ਚਾਹੇ, ਖਿਲਾਰ ਦਿੱਤਾ ਜਾਂਦਾ ਹੈ। ਬਹੁਤ ਵਾਰੀ ਇਹ ਦਰਿਆਵਾਂ, ਝੀਲਾਂ ਜਾਂ ਫਿਰ ਸਾਗਰਾਂ ਦਾ ਹਿੱਸਾ ਬਣ ਜਾਂਦਾ ਹੈ। ਇਸ ਗੰਦਗੀ ਕਾਰਨ ਗੰਗਾ ਮਲੀਨ ਹੋ ਚੁੱਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖਰੀ ਸਾਹ ਲੈ ਰਹੀ ਹੈ। ਸ੍ਰੀਨਗਰ ਦੀ ਆਰਥਿਕ ਸਾਹਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ।

ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਰਿਆਵਾਂ ਦਾ ਜਲ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਦੇ ਕੰਢੇ ਉਪਰ 98 ਸ਼ਹਿਰ ਤੇ ਕਸਬੇ ਹਨ। ਇਸ ਦੀ 2,525 ਕਿਲੋਮੀਟਰ ਦੀ ਲੰਬਾਈ ਵਿਚ ਤਕਰੀਬਨ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਕਿੰਨਾ ਸਿਤਮ ਹੈ, ਜਿਹੜੇ ਲੋਕ ਪਾਣੀਆਂ ਕੰਢੇ ਧੂਫ਼-ਬੱਤੀ ਕਰਦੇ ਹਨ, ਦੀਵੇ ਬਾਲਦੇ ਹਨ, ਉਹ ਵੀ ਜਲ ਸੋਮਿਆਂ 'ਚ ਗੰਦ ਉਲੱਦੀ ਜਾਂਦੇ ਹਨ।

ਮੁੱਕਦੀ ਗੱਲ, ਸਾਡਾ ਭਵਿਖ ਪਦਾਰਥਵਾਦੀ ਸਹੂਲਤਾਂ ਅਤੇ ਸਿਆਸਤ ਦੇ ਤੱਕੜ ਵਿਚ ਨਹੀਂ ਸਗੋਂ ਭੌਤਿਕ ਤੱਕੜ ਵਿਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿਚ ਕੀ ਹੋਵੇਗਾ? ਇਸ ਦਾ ਨਿਤਾਰਾ ਇਸ ਗੱਲ ਉਪਰ ਨਿਰਭਰ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ ਹੈ।

# ਫੈਜ਼ ਦੀ ਬੇਟੀ ਮੁਨੀਜ਼ਾ ਹਾਸ਼ਮੀ ਦਾ ਨਿਰਾਦਰ

ਬੀਰ ਦਵਿੰਦਰ ਸਿੰਘ
ਫੋਨ: 91-98140-33362

ਦਿੱਲੀ ਵਿਚ 15ਵਾਂ ਏਸ਼ੀਆ ਮੀਡੀਆ ਸਿਖਰ ਸੰਮੇਲਨ ਹਾਲ ਹੀ ਵਿਚ ਸਮਾਪਤ ਹੋਇਆ ਹੈ। ਇਸ ਸੰਮੇਲਨ ਦਾ ਸਮੁੱਚਾ ਪ੍ਰਬੰਧ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੀਆਂ ਦੋ ਮੁੱਖ ਖ਼ੁਦਮੁਖਤਾਰ ਸੰਸਥਾਵਾਂ ਵਲੋਂ ਕੀਤਾ ਗਿਆ। ਇਨ੍ਹਾਂ ਦੋ ਸੰਸਥਾਵਾਂ ਵਿਚ ਇਕ ਤਾਂ ਏਸ਼ੀਆ ਪੈਸਿਫਿਕ ਇੰਸਟੀਚਿਊਟ ਫਾਰ ਬਰਾਡਕਾਸਟਿੰਗ ਡਿਵੈਲਪਮੈਂਟ (ਏ.ਆਈ.ਬੀ.ਡੀ.) ਸੀ ਜਿਸ ਦਾ ਮੁੱਖ ਦਫਤਰ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਮਪੁਰ ਵਿਚ ਹੈ। ਦੂਸਰੀ ਮੇਜ਼ਬਾਨ ਸੰਸਥਾ ‘ਭਾਰਤੀ ਜਨ ਸੰਚਾਰ ਸੰਸਥਾ’ ਨਵੀਂ ਦਿੱਲੀ ਹੈ। ਕਹਿਣ ਨੂੰ ਤਾਂ ਇਹ ਦੋਵੇਂ ਖ਼ੁਦਮੁਖ਼ਤਾਰ ਸੰਸਥਾਵਾਂ ਹਨ, ਪਰ ਅਸਲ ਵਿਚ ਅੱਜ ਕੱਲ੍ਹ ਇਨ੍ਹਾਂ ਦਾ ਕੰਟਰੋਲ ਆਰ.ਐਸ.ਐਸ. ਦੇ ਵਿਚਾਰ-ਸ਼ਾਸਤਰੀਆਂ ਦੇ ਖੁਫੀਆ ਬੰਧੇਜ ਵਿਚ ਹੈ। ਇਸ ਸਿਖਰ ਸੰਮੇਲਨ ਵਿਚ ਭਾਗ ਲੈਣ ਅਤੇ ਇਸ ਨੂੰ ਸੰਬੋਧਨ ਕਰਨ ਲਈ ਭਾਰਤੀ ਉਪ ਮਹਾਂਦੀਪ ਅਤੇ ਮੱਧ ਪੂਰਬੀ ਭੂਗੋਲਿਕ ਖਿੱਤੇ ਦੇ ਮਹਾਨ ਸ਼ਾਇਰ ਫੈਜ਼ ਅਹਿਮਦ ਫੈਜ਼ ਦੀ ਬੇਟੀ ਮੁਹਤਰਮਾ ਮੁਨੀਜ਼ਾ ਹਾਸ਼ਮੀ ਨੂੰ ਵੀ ਸੱਦਿਆ ਗਿਆ ਸੀ। ਫੈਜ਼ ਦੀ ਬੇਟੀ ਹੋਣ ਦੇ ਏਜਾਜ਼ ਤੋਂ ਇਲਾਵਾ 70 ਵਰ੍ਹਿਆਂ ਦੀ ਉਮਰ ਨੂੰ ਢੁੱਕੀ ਮੁਨੀਜ਼ਾ ਹਾਸ਼ਮੀ ਟੈਲੀਵਿਜ਼ਨ ਅਤੇ ਅਖ਼ਬਾਰਾਂ ਦੀ ਮੁਮਤਾਜ਼ ਸ਼ਖ਼ਸੀਅਤ ਹਨ। ਫੈਜ਼ ਫਾਊਂਡੇਸ਼ਨ ਦੇ ਟਰਸਟ ਦੇ ਮਹੱਤਵਪੂਰਨ ਮੈਂਬਰ ਹਨ ਅਤੇ ਹਮ (ਐਚ.ਯੂ.ਐਮ.) ਟੀ.ਵੀ. ਵਿਚ ਬਤੌਰ ਜਨਰਲ ਮੈਨੇਜਰ ਤਾਇਨਾਤ ਹਨ, ਉਹ ਇਸ ਟੀ.ਵੀ. 'ਤੇ ਕੌਮਾਂਤਰੀ ਸਬੰਧਾਂ ਦੀ ਨਜ਼ਰਸਾਨੀ ਕਰਦੇ ਹਨ। ਇਸ ਤੋਂ ਬਿਨਾਂ ਉਹ ਦੌਲਤ-ਏ-ਮੁਸ਼ਤਰਕਾ ਵਿਚ ਸ਼ਾਮਿਲ ਮੁਲਕਾਂ ਦੀ ਪ੍ਰਸਾਰਨ ਸੰਸਥਾ ਦੇ ਦੂਸਰੀ ਵਾਰ ਪ੍ਰਧਾਨ ਥਾਪੇ ਗਏ ਹਨ।

ਸੋ, ਮੁਨੀਜ਼ਾ ਹਾਸ਼ਮੀ ਦਾ ਪਰਿਚੈ ਕਿਸੇ ਹੋਰ ਵਿਸਥਾਰ ਦਾ ਮੁਹਤਾਜ ਨਹੀਂ। ਉਨ੍ਹਾਂ ਨੂੰ ਸਿਖਰ ਸੰਮੇਲਨ ਵਿਚ ਭਾਗ ਲੈਣ ਅਤੇ ਇਸ ਨੂੰ ਸੰਬੋਧਨ ਕਰਨ ਲਈ ਸੱਦਾ ਭੇਜਣਾ ਹਰ ਪੱਖੋਂ ਵਾਜਿਬ ਸੀ ਪਰ ਇਹ ਕਿਹੋ ਜਿਹੀ ਵਿਡੰਬਨਾ ਕਿ ਇਸ ਸ਼ਖ਼ਸੀਅਤ ਨੂੰ ਪ੍ਰਬੰਧਕਾਂ ਨੇ ਸੱਦਾ ਤਾਂ ਭੇਜ ਦਿੱਤਾ, ਪਰ ਐਨ ਮੌਕੇ 'ਤੇ ਉਨ੍ਹਾਂ ਦੀ ਰਿਹਾਇਸ਼ ਲਈ ਕੀਤੇ ਪ੍ਰਬੰਧ ਮਨਸੂਖ ਕਰ ਦਿੱਤੇ, ਨਾਲ ਹੀ ਉਨ੍ਹਾਂ ਨੂੰ ਇਹ ਸੂਚਨਾ ਵੀ ਦੇ ਦਿੱਤੀ ਕਿ ਉਹ ਇਸ ਸਿਖਰ ਸੰਮੇਲਨ ਨੂੰ ਸੰਬੋਧਨ ਵੀ ਨਹੀਂ ਕਰ ਸਕਣਗੇ। ਬੜੇ ਹੀ ਸਾਜ਼ਿਸ਼ੀ ਤਰੀਕੇ ਨਾਲ ਇਸ ਸਿਖਰ ਸੰਮੇਲਨ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਦੀ ਸੂਚੀ ਵਿਚੋਂ ਮੁਨੀਜ਼ਾ ਹਾਸ਼ਮੀ ਦਾ ਨਾਂ ਵੀ ਗਾਇਬ ਕਰ ਦਿੱਤਾ, ਜਦ ਕਿ ਸਿਖਰ ਸੰਮੇਲਨ ਦੀ ਵੈੱਬਸਾਈਟ 'ਤੇ ਇਸ ਸੰਮੇਲਨ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਦੀ ਸੂਚੀ ਵਿਚ ਉਨ੍ਹਾਂ ਦਾ ਨਾਂ ਬਾਕਾਇਦਾ ਸ਼ਾਮਿਲ ਸੀ। ਜਮਹੂਰੀਅਤ, ਇਨਸਾਫ ਤੇ ਜਮਹੂਰੀ ਅਧਿਕਾਰਾਂ ਦੀ ਝੰਡਾਬਰਦਾਰ, ਭਾਰਤ ਤੇ ਪਾਕਿਸਤਾਨ ਦੇ ਦੋਸਤਾਨਾ ਸਬੰਧਾਂ ਦੀ ਅਲਮਬਰਦਾਰ, ਮੁਹਤਰਮਾ ਮੁਨੀਜ਼ਾ ਹਾਸ਼ਮੀ ਬੇਹੱਦ ਮਾਯੂਸੀ ਦੀ ਹਾਲਤ ਵਿਚ ਆਪਣੇ ਬੁੱਲ੍ਹਾਂ ਨੂੰ ਜੰਦਰਾ ਮਾਰ ਕੇ ਆਪਣੇ ਵਤਨ ਪਰਤ ਗਈ। ਭਾਰਤੀ ਮੀਡੀਆ ਤੇ ਕੌਮਾਂਤਰੀ ਮੀਡੀਆ ਦੇ ਵਾਰ-ਵਾਰ ਯਤਨ ਕਰਨ 'ਤੇ ਵੀ ਉਹ ਖ਼ਾਮੋਸ਼ ਰਹੀ ਤੇ ਆਪਣੀ ਇਸ ਨਿਰਾਦਰੀ ਦੀਆਂ ਸ਼ਿਕਵੇ-ਸ਼ਿਕਾਇਤਾਂ ਆਪਣੇ ਅੰਦਰ ਹੀ ਸਮੋ ਕੇ ਲੈ ਗਈ, ਪਰ ਉਸ ਨੇ ਭਾਰਤ-ਪਾਕਿਸਤਾਨ ਦੋਸਤਾਨਾ ਸਬੰਧਾਂ ਪ੍ਰਤੀ ਆਪਣੀ ਆਰਜ਼ੂ ਤੇ ਉਮੀਦ ਦੇ ਨਿਸ਼ਚੇ ਨੂੰ ਆਂਚ ਨਹੀਂ ਆਉਣ ਦਿੱਤੀ। ਇਸ ਸਾਰੇ ਘਟਨਾਕ੍ਰਮ 'ਤੇ ਉਸ ਨੇ ਆਪਣੇ ਮਰਹੂਮ ਵਾਲਿਦ ਫੈਜ਼ ਅਹਿਮਦ ਫੈਜ਼ ਦੀ ਮਿੰਟਗੁਮਰੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੈਠ



ਕੇ ਸਾਲ 1954 ਵਿਚ ਲਿਖੀ ਗਜ਼ਲ ਦੇ ਇਸ ਸ਼ਿਅਰ ਦਾ ਸਹਾਰਾ ਲੈ ਕੇ ਸਾਰੇ ਤਕਰਾਰਾਂ ਨੂੰ ਦਰਕਿਨਾਰ ਕਰ ਕੇ ਇਕ ਟਵੀਟ ਰਾਹੀਂ ਮਹਿਜ਼ ਇੰਨਾ ਕੁ ਹੀ ਆਖਿਆ:

ਦਿਲ ਨਾ ਉਮੀਦ ਹੀ ਤੋ ਹੈ,
ਨਾਕਾਮ ਤੋ ਨਹੀਂ,
ਲੰਬੀ ਹੈ ਗ਼ਮ ਕੀ ਸ਼ਾਮ,
ਮਗਰ ਸ਼ਾਮ ਹੀ ਤੋ ਹੈ।

ਬਸ ਇਸ ਸੂਖਮ ਜਿਹੀ ਟਿੱਪਣੀ ਰਾਹੀਂ ਸਾਰੀ ਬੇਅਦਬੀ ਵਾਲੀ ਘਟਨਾ ਦੇ ਵਿਵਾਦ ਨੂੰ ਉਸ ਨੇ ਵਿਰਾਮ ਦੇ ਦਿੱਤਾ। ਮੁਨੀਜ਼ਾ ਹਾਸ਼ਮੀ ਤੇ ਫੈਜ਼ ਫਾਊਂਡੇਸ਼ਨ, ਦੋਵਾਂ ਨੇ ਇਸ ਮਾਮਲੇ ਨੂੰ ਬਹੁਤਾ ਤੂਲ ਦੇਣਾ ਮੁਨਾਸਿਬ ਨਹੀਂ ਸਮਝਿਆ ਕਿਉਂਕਿ ਉਹ ਦੋਸਤੀ ਅਤੇ ਅਮਨ ਦੇ ਮੁਹਾਫਿਜ਼ ਹਨ, ਇਸ ਲਈ ਉਹ ਨਹੀਂ ਚਾਹੁੰਦੇ ਕਿ ਪਹਿਲਾਂ ਤੋਂ ਹੀ ਪਸਰ ਰਹੇ ਕੁੜੱਤਣ ਦੇ ਮਾਹੌਲ ਨੂੰ ਹੋਰ ਦੁਖਦਾਈ ਬਣਾਇਆ ਜਾਵੇ।

ਉਂਜ, ਇਸ ਘਟਨਾ ਨੇ ਭਾਰਤ ਅਤੇ ਪਾਕਿਸਤਾਨ ਵਿਚਲੇ ਸੁਖਨਸ਼ਨਾਸ਼ ਕੋਮਲ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤਰਕਹੀਣ ਵਾਕਿਆ 'ਤੇ ਦੋਵਾਂ ਮੁਲਕਾਂ ਦੇ ਉਹ ਸਾਰੇ ਦਾਨਿਸ਼ਵਰ ਵੀ ਉਦਾਸ ਹਨ ਜੋ ਹਮੇਸ਼ਾ ਹੀ ਹਮਸਾਏ ਮੁਲਕਾਂ ਵਿਚ ਆਪਸੀ ਦੋਸਤੀ ਤੇ ਸਦੀਵੀ ਅਮਨ ਦਾ ਦਮ ਭਰਦੇ ਹਨ। ਇਸ ਅਣਸੁਖਾਵੀਂ ਘਟਨਾ 'ਤੇ ਭਾਵੇਂ ਪ੍ਰਬੰਧਕ ਖੁਦ ਨਮੋਸ਼ੀ ਵਿਚ ਹਨ ਤੇ ਬਾਰਹਾ ਖਿਮਾ-ਜਾਚਨਾ ਕਰ ਰਹੇ ਹਨ। ਹੱਦ ਹੀ ਹੋ ਗਈ ਕਿ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੀ ਮੰਤਰੀ ਸ੍ਰਿਮਤੀ ਇਰਾਨੀ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਇਸ ਮਾਮਲੇ ਤੋਂ ਬਿਲਕੁਲ ਅਨਜਾਣ ਹੋਣ ਦੀ ਗੱਲ ਆਖ ਕੇ ਪੱਲਾ ਝਾੜ ਲਿਆ। ਇਸ ਸਮੁੱਚੇ ਤਰਕ-ਵਿਤਰਕ ਵਿਚ ਇਕ ਗੱਲ ਜ਼ਰੂਰ ਜ਼ਾਹਰਾ ਤੌਰ 'ਤੇ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਭਾਰਤ ਦੀ ਸਰਕਾਰ ਨੂੰ ਨਾਗਪੁਰ ਵਿਚ ਬੈਠੇ ਆਰ. ਐਸ.ਐਸ. ਦੇ ਸੰਚਾਲਕ ਰਿਮੋਟ ਕੰਟਰੋਲ ਰਾਹੀਂ ਚਲਾ ਰਹੇ ਹਨ। ਆਰ.ਐਸ.ਐਸ. ਦੀ ਉਪਦਰੀ ਰਾਜਨੀਤੀ ਹੀ ਇਹ ਹੈ ਕਿ ਭਾਰਤ-ਪਾਕਿਸਤਾਨ ਸਬੰਧਾਂ ਨੂੰ ਸੁਲਘਦਾ ਰੱਖ ਕੇ, ਭਾਰਤ ਵਿਚ ਵਸਦੇ ਮੁਸਲਿਮ ਭਾਈਚਾਰੇ ਪ੍ਰਤੀ ਨਫਰਤ ਨੂੰ, ਮਜ਼ਬੀ ਕੱਟੜਤਾ ਦੀ ਹਵਾ ਦੇ ਕੇ ਤੇਜ਼ ਕੀਤਾ ਜਾਵੇ ਤੇ ਲੋੜ ਪੈਣ 'ਤੇ ਲੋਕ ਸਭਾ ਦੀਆਂ 2019 ਦੀਆਂ ਆਮ ਚੋਣਾਂ ਸਮੇਂ, ਹਿੰਦੂਤਵ ਦੇ ਬਹੁਵਾਦ ਦਾ ਪੱਤਾ ਖੇਡ ਕੇ ਚੋਣਾਂ ਜਿੱਤ ਲਈਆਂ ਜਾਣ। ਇਸ ਲਈ ਪੂਰੇ ਮੁਲਕ ਨੂੰ ਇਸ ਨਾਜ਼ਕ ਸਮੇਂ ਚੌਕਸ ਰੱਖਣਾ ਸਮੇਂ ਦੀ ਸਭ ਤੋਂ ਵੱਡੀ ਵੰਗਾਰ ਹੈ।

ਆਰ.ਐਸ.ਐਸ. ਤੇ ਭਾਜਪਾ ਦੋਵਾਂ ਮੁਲਕਾਂ ਦੀ ਕਿਸੇ ਵੀ ਅਜਿਹੀ ਬਾਅਦਬ ਸ਼ਖ਼ਸੀਅਤ ਨੂੰ ਪਸੰਦ ਨਹੀਂ ਕਰਦੇ ਜੋ ਦੋਵੇਂ ਹਮਸਾਇਆ ਮੁਲਕਾਂ ਵਿਚ ਅਮਨ ਤੇ ਭਾਈਚਾਰਾ ਕਾਇਮ ਰੱਖਣ ਦਾ ਹਾਮੀ ਹੋਵੇ ਤੇ ਇਸ ਕਾਰਜ ਲਈ ਵੱਡੀ ਪੱਧਰ 'ਤੇ ਯਤਨਸ਼ੀਲ ਵੀ ਹੋਵੇ। ਇਸ ਲਈ, ਇਹ ਹੋ ਹੀ ਨਹੀਂ ਸੀ ਸਕਦਾ ਕਿ ਆਰ.ਐਸ.ਐਸ. ਦੀ ਕੱਟੜਤਾ, ਫੈਜ਼ ਦੀ ਧੀ ਮੁਨੀਜ਼ਾ ਨੂੰ ਸਿਖਰ ਸੰਮੇਲਨ ਨੂੰ ਕਿਸੇ ਵੀ ਕੀਮਤ 'ਤੇ ਸੰਬੋਧਨ ਕਰਨ ਦਾ ਮੌਕਾ ਦਿੰਦੀ। ਇਹ ਅਸਹਿਣਸ਼ੀਲਤਾ ਤੇ ਕੱਟੜਪੁਣੇ ਦਾ ਸਿਖਰ ਹੈ ਕਿ ਮੁਲਕ ਦੇ ਕੌਮੀ ਕਿਰਦਾਰ ਨੂੰ ਦਾਅ 'ਤੇ ਲਾਅ ਕੇ ਅਤੇ ਕੌਮਾਂਤਰੀ ਦਸਤੂਰਾਂ ਨੂੰ ਦਰਕਿਨਾਰ ਕਰ ਕੇ ਇਹ ਸਾਜ਼ਿਸ਼ ਰਚੀ ਗਈ।

ਹਨੇਰ ਸਾਈਂ ਦਾ, ਆਰ.ਐਸ.ਐਸ. ਦੀ ਕੱਟੜ ਮਾਨਸਿਕਤਾ ਨੂੰ ਫੈਜ਼ ਜਿਹਾ ਸੈਕੂਲਰ, ਇਨਕਲਾਬੀ ਤੇ ਅਗਾਂਹਵਧੂ ਸ਼ਾਇਰ ਵੀ ਮਨਜ਼ੂਰ ਨਹੀਂ! ਫਿਰ ਮੁਲਕ ਵਿਚ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਵਿਚ ਧਰਮ ਨਿਰਪੱਖਤਾ ਦਾ ਭਵਿਖ ਕੀ ਹੋ ਸਕਦਾ ਹੈ, ਉਸ ਦਾ ਅੰਦਾਜ਼ਾ ਤਾਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਦੋਵਾਂ ਮੁਲਕਾਂ ਦੇ ਖਰਾਬ ਚੱਲੇ ਆ ਰਹੇ ਸਬੰਧ ਅਤੇ ਇਸ ਕਾਰਨ ਸੰਤਾਪ ਭੋਗ ਰਹੇ ਲੋਕਾਂ ਦੇ ਹਿਤ ਮੰਗ ਕਰਦੇ ਹਨ ਕਿ ਦੋਵੇਂ ਹਉਮੈਵਾਦ ਤੇ ਖ਼ੁਦਨੁਮਾਈ ਨੂੰ ਤਿਆਗ ਕੇ, ਇਨਸਾਨੀ ਮੁਆਸ਼ਰੇ ਦੇ ਵਡੇਰੇ ਹਿੱਤਾਂ ਲਈ, ਵੱਡੀਆਂ ਪਹਿਲ ਕਦਮੀਆਂ ਨੂੰ ਅਮਲ ਵਿਚ ਲਿਆਉਣ। ਪਹਿਲਾਂ ਭਾਰਤ ਨੂੰ ਫਰਾਖਦਿਲੀ ਨਾਲ ਵੱਡਾ ਭਰਾ ਹੋਣ ਦੇ ਨਾਤੇ ਵਿਸ਼ਵਾਸਯੋਗ ਚਾਰਾਗਰ ਦੇ ਤੌਰ 'ਤੇ ਅੱਗੇ ਆਉਣਾ ਚਾਹੀਦਾ ਹੈ।

ਕਲਾ, ਕਲਮ, ਜ਼ਬਾਨ ਤੇ ਮੁਹੱਬਤਾਂ ਦੀ ਪ੍ਰਵਾਜ਼, ਸਰਹੱਦਾਂ ਦੇ ਕਲਾਵੇ ਵਿਚ ਨਹੀਂ ਆ ਸਕਦੇ ਤੇ ਨਾ ਹੀ ਇਨ੍ਹਾਂ ਦੀ ਕਲਾਤਮਕ ਉਡਾਰੀ 'ਤੇ ਕੋਈ ਪਾਬੰਦੀ ਹੋਣੀ ਚਾਹੀਦੀ ਹੈ।

# ਯੂਨੀਵਰਸਿਟੀ ਦਾ ਦੇਵਦਾਸ: ਡਾ. ਢੱਲ

## ਤੁਰ ਗਿਆਂ ਨੂੰ ਚੇਤੇ ਕਰਦਿਆਂ



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਬਰੇਟੇ ਤੋਂ ਕੋਟੇ ਤੱਕ 'ਢਲਤੇ ਢਲਤੇ ਢਲ ਗਿਆ ਢੱਲ' ਕਿਸੇ ਗੀਤ ਦੀ ਤੁਕ ਨਹੀਂ ਤੇ ਨਾ 'ਚਲਤੇ ਚਲਤੇ' ਵਾਲੇ ਗਾਣੇ ਦੀ ਪੈਰੋਡੀ। ਇਹ ਹਕੀਕਤ ਹੈ, ਪਾਰੋ ਜਿਹੀ, ਪੰਜਾਬ ਯੂਨੀਵਰਸਿਟੀ ਨੂੰ ਮੁਹੱਬਤ ਕਰਨ ਵਾਲੇ ਰਿਸਰਚ ਸਕਾਲਰ, ਦੇਵਦਾਸ, ਡਾ. ਬਲਵਿੰਦਰ ਸਿੰਘ ਢੱਲ ਦੇ ਅਮਰ ਦੁਖਾਂਤ ਦੀ; ਜੋ ਸਾਨੂੰ ਸਦੀਵੀ ਵਿਛੋੜਾ ਦੇ ਗਿਆ; ਕਿਸੇ ਨੂੰ ਚਿੱਤ ਚੇਤਾ ਅਤੇ ਪਤਾ ਵੀ ਨਹੀਂ।

ਉਹ ਬਰੇਟੇ ਜੰਮਿਆ, ਪਲਿਆ ਤੇ ਪੜ੍ਹਿਆ। ਮਾਂ ਸਿੱਖਿਆ ਮਹਿਕਮੇ 'ਚ ਬੀ. ਓ. ਤੇ ਬਾਪ 'ਢੱਲ ਅਕੈਡਮੀ' 'ਚ ਅੰਗਰੇਜ਼ੀ ਦਾ ਕੋਚ। ਮਾਂ ਬਾਪ ਦੀ ਜ਼ਬਰਦਸਤ ਰਹਿਨੁਮਾਈ ਅਤੇ ਚੰਡਾਈ ਨਾਲ ਡਾ. ਢੱਲ ਤੀਖਣ ਬੁੱਧ, ਬੇਮੇਚ ਵਿਦਿਆਰਥੀ ਸਾਬਤ ਹੋਇਆ। ਸਕੂਲ, ਕਾਲਜ, ਫਿਰ ਪੰਜਾਬ ਯੂਨੀਵਰਸਿਟੀ ਵਿਚ ਉਸ ਦੀ ਲਿਆਕਤ ਦੀਆਂ ਧੁੰਮਾਂ ਪੈ ਗਈਆਂ। ਸਿਆਣੇ ਅਧਿਆਪਕਾਂ ਦੀ ਅੱਖ ਦਾ ਤਾਰਾ ਡਾ. ਢੱਲ ਲਾਇਕ ਵਿਦਿਆਰਥੀਆਂ ਲਈ ਧਰੂ ਤਾਰਾ ਬਣ ਗਿਆ। ਪੰਜਾਬੀ, ਹਿੰਦੀ, ਅੰਗਰੇਜ਼ੀ, ਲਾਅ, ਫਿਲਾਸਫੀ ਅਤੇ ਹਿਸਟਰੀ ਤੱਕ ਦੇ ਵਿਦਿਆਰਥੀ ਉਸ ਕੋਲ ਸਿਆਣੀਆਂ ਸਲਾਹਾਂ ਲੈਣ ਤੁਰੇ ਰਹਿੰਦੇ। ਉਹ ਹਰ ਇਕ ਨਾਲ ਇਵੇਂ ਪੇਸ਼ ਆਉਂਦਾ, ਜਿਵੇਂ ਸਾਰਿਆਂ ਦਾ ਵੱਡਾ ਭਾਈ ਹੋਵੇ। ਪਰ ਉਹ ਕਿਸੇ ਨੂੰ ਛੋਟਾ ਨਹੀਂ ਸੀ ਮੰਨਦਾ। ਉਸ ਦੇ ਮੂੰਹੋਂ 'ਤੂੰ' ਸ਼ਬਦ ਕਦੀ ਨਹੀਂ ਸੀ ਸੁਣਿਆ। ਨਿੱਕੇ ਬੱਚੇ ਨੂੰ ਵੀ ਉਹ 'ਤੁਸੀਂ' ਕਹਿੰਦਾ। ਉਹ ਕਿਸੇ ਨੂੰ ਮਜਾਕ ਨਹੀਂ ਸੀ ਕਰਦਾ; ਹਰ ਮਜਾਕ ਦਾ ਤੋੜਾ ਉਹ ਖੁਦ 'ਤੇ ਝਾੜ ਲੈਂਦਾ।

ਪੰਜਾਬ ਯੂਨੀਵਰਸਿਟੀ ਵਿਚ ਢੱਲ ਦਾ ਰਤਾ ਕੁ ਸੀਨੀਅਰ ਗਿੱਲ ਸੀ, ਜੋ ਆਪਣੀ ਤੇਜ਼ ਬੁੱਧ ਅਤੇ ਫੱਰਾਟੇਦਾਰ ਅੰਗਰੇਜ਼ੀ ਕਰਕੇ ਮਸ਼ਹੂਰ ਸੀ। ਗਿੱਲ ਦੇ ਮੂੰਹੋਂ 'ਤੁਸੀਂ' ਸ਼ਬਦ ਕਦੀ ਹੀ ਨਿਕਲਦਾ ਸੀ। ਉਸ ਦੇ ਆਤਮ ਵਿਸ਼ਵਾਸ ਮੁਤਾਬਕ ਯੂਨੀਵਰਸਿਟੀ ਵਿਚ ਕਿਸੇ ਹੋਰ ਨੂੰ ਠੀਕ ਅੰਗਰੇਜ਼ੀ ਨਹੀਂ ਸੀ ਆਉਂਦੀ। ਉਸ ਨੇ ਕਦੀ ਕਿਹਾ ਸੀ ਕਿ ਨਹੀਂ, ਪਤਾ ਨਹੀਂ, ਪਰ ਡਾ. ਢੱਲ ਦੱਸਦਾ ਕਿ ਗਿੱਲ, ਉਸ ਦੀ ਅੰਗਰੇਜੀ ਬਾਬਤ ਕਹਿੰਦਾ ਹੈ, "ਹੀ ਨੋਜ਼ ਅ ਫਿਊ ਵਰਡਜ਼।" ਢੱਲ, ਇਸ ਨੂੰ ਵੱਡੇ ਫਖਰ ਦੀ ਗੱਲ ਸਮਝਦਾ।

ਡਾ. ਢੱਲ ਰੋਬੀਲਾ ਗੱਭਰੂ ਸੀ। ਬੂਟ, ਜੁਰਾਬਾਂ, ਪੈਂਟ, ਬੈਲਟ ਅਤੇ ਸ਼ਰਟ ਵਿਚ ਸੱਜਿਆ ਅਤੇ ਫੱਬਿਆ, ਕਿਸੇ ਨੂੰ ਪ੍ਰੋਫੈਸਰ ਲੱਗਦਾ, ਕਿਸੇ ਨੂੰ ਬਿਊਰੋਕ੍ਰੈਟ ਤੇ ਕਈਆਂ ਨੂੰ ਫਾਰਨਰ ਲੱਗਦਾ। ਸਰਦੀਆਂ ਵਿਚ ਉਹ ਫੌਜੀ ਰੰਗਾ ਕੋਟ ਪਾਉਂਦਾ, ਜਿਵੇਂ ਕੋਈ ਫੌਜੀ ਅਫਸਰ ਹੋਵੇ।

ਕਿਸੇ ਵੀ ਵਿਭਾਗ ਦੇ ਵਿਦੇਸ਼ੀ ਵਿਦਿਆਰਥੀ, ਆਪਣੀ ਸਹੂਲਤ ਲਈ ਪੁੱਛਦੇ ਪੁੱਛਦੇ ਢੱਲ ਕੋਲ ਪੁੱਜ ਜਾਂਦੇ। ਉਹ ਪੁੱਜ ਕੇ ਮਦਦ ਕਰਦਾ। ਉਹ ਕਿੰਨਾ ਵੀ ਜਰੂਰੀ ਕੰਮ ਕਰ ਰਿਹਾ ਹੁੰਦਾ ਤੇ ਕਿਸੇ ਨੂੰ ਉਸ ਤੱਕ ਕਿੰਨਾ ਵੀ ਗੈਰਜਰੂਰੀ ਕੰਮ ਹੁੰਦਾ, ਉਹ ਝੱਟ ਉਠ ਕੇ ਤੁਰ ਪੈਂਦਾ। ਉਹ ਕਿਸੇ ਨੂੰ ਪੁੱਛਦਾ ਨਹੀਂ ਸੀ ਕਿ ਕੀ ਕੰਮ ਹੈ ਤੇ ਕਿੱਥੇ ਜਾਣਾ ਹੈ? ਇਨ੍ਹਾਂ ਸਵਾਲਾਂ ਨੂੰ ਉਹ ਦੋਸਤੀ ਦੀ ਤੌਹੀਨ ਸਮਝਦਾ।


ਕਾਲਜਾਂ ਵਾਲੇ ਪੋਲੀਟੀਕਲ ਸਾਇੰਸ ਦੀ ਐਮ. ਏ. ਚਾਲੂ ਕਰ ਲੈਂਦੇ ਤੇ ਢੱਲ ਦੇ ਹਾੜ੍ਹੇ ਕੱਢਦੇ ਕਿ ਸਾਡੀ ਐਮ. ਏ. ਚਲਾ ਦਿਉ। ਪਰ ਢੱਲ ਕੋਲ ਸਿਰਫ ਇਸੇ ਗੱਲ ਲਈ ਨਾਂਹ ਹੁੰਦੀ ਸੀ। ਕੋਈ ਉਸ ਨੂੰ, ਕਿਸੇ ਵੱਡੇ ਬੰਦੇ ਦੇ ਦਬਾਅ ਹੇਠ ਲੈ ਵੀ ਗਿਆ, ਪਰ ਪੰਦਰੀਂ ਦਿਨੀਂ ਢੱਲ ਵਾਪਸ ਪਰਤ ਆਇਆ।

ਉਹ ਕਿਸੇ ਐਵੇਂ ਜਿਹੇ ਦੋਸਤ ਦੇ ਐਵੇਂ ਜਿਹੇ ਕੰਮ ਲਈ ਮੋਟਰ ਸਾਈਕਲ 'ਤੇ ਦਿੱਲੀ ਚਲਿਆ ਗਿਆ। ਵਾਪਸੀ 'ਤੇ ਐਕਸੀਡੈਂਟ ਹੋ ਗਿਆ। ਢੱਲ ਦਾ ਗੋਡਾ ਟੁੱਟ ਗਿਆ। ਪੀ. ਜੀ. ਆਈ. 'ਚ ਆਪ੍ਰੇਸ਼ਨ ਹੋਇਆ। ਖਬਰ ਲੈਣ ਗਿਆ ਤਾਂ ਉਸ ਦੇ ਸਿਰਹਾਣੇ ਟਾਲਸਟਾਏ ਦਾ ਵੱਡਾ ਨਾਵਲ 'ਵਾਰ ਐਂਡ ਪੀਸ' ਪਿਆ ਦੇਖ ਕੇ ਮੈਂ ਹੈਰਾਨ ਹੋ ਗਿਆ। ਉਹ ਮੇਰਾ ਅਣਪੁੱਛਿਆ ਸਵਾਲ ਸਮਝ ਗਿਆ। ਕਹਿਣ ਲੱਗਾ, "ਇਹ ਨਾਵਲ ਪੜ੍ਹਨ ਲਈ ਪੇਸ਼ੈਂਸ ਚਾਹੀਦੀ ਹੈ ਤੇ ਇਤਨੀ ਪੇਸ਼ੈਂਸ ਇਕ ਪੇਸ਼ੈਂਟ ਵਿਚ ਹੀ ਹੁੰਦੀ ਹੈ।"

ਉਸ ਦਾ ਗੋਡਾ ਠੀਕ ਨਾ ਹੋਇਆ। ਪਾਰੋ ਦਾ ਦੀਵਾਨਾ, ਦਾਰੂ ਦਾ ਸ਼ੌਕੀਨ ਹੋ ਗਿਆ ਤੇ ਗੋਡੇ ਦੀ ਤਕਲੀਫ ਨੇ ਦਾਰੂ ਦੇ ਸ਼ੌਕ ਵਿਚ ਵਾਧਾ ਕਰ ਦਿੱਤਾ, ਜੋ ਵਧਦਾ ਹੀ ਗਿਆ। ਉਹ ਐਵੇਂ ਜਿਹਾ ਦੋਸਤ ਢੱਲ ਨੂੰ ਦੇਖ ਕੇ ਅਜਿਹੀ ਹਾਸੀ ਹੱਸ ਛੱਡਦਾ, ਜਿਹੋ ਜਿਹੀ ਸਿਰਫ ਉਹੀ ਹੱਸ ਸਕਦਾ ਸੀ। ਤਕਲੀਫ ਕਾਰਨ ਢੱਲ ਕੋਲੋਂ ਤੁਰਿਆ ਨਾ ਜਾਂਦਾ। ਤੋਰੇ ਫੇਰੇ ਵਾਲੇ ਆਪਣੇ ਕੰਮ ਦੇ ਨਾਲ ਦਾਰੂ ਦੀ ਬੋਤਲ ਲੈ ਕੇ ਉਸ ਕੋਲ ਆਉਂਦੇ। ਕੰਮ ਕੱਢਦੇ ਤੇ ਅਹੁ ਜਾਂਦੇ।

ਕਮਰੇ 'ਚ ਬੈਠਾ ਢੱਲ ਲੰਮੇ ਲੰਮੇ ਨਾਵਲ ਪੜ੍ਹ ਛੱਡਦਾ ਅਤੇ ਉਨ੍ਹਾਂ ਵਿਚਲੇ ਕਿਸੇ ਪਾਤਰ ਨਾਲ ਸਾਂਝ ਪਾ ਲੈਂਦਾ ਤੇ ਅੰਦਰੋ ਅੰਦਰੀ ਕਈ ਤਰ੍ਹਾਂ ਦੇ ਲੁਤਫ ਲੈਂਦਾ। ਕਈ ਪਾਤਰਾਂ ਦੇ ਅਸਾਧ ਕਸ਼ਟ ਭੋਗਦਾ। ਦੇਖ ਕੇ ਕਦੇ ਨਾ ਲੱਗਦਾ ਕਿ ਉਸ ਨੂੰ ਕੋਈ ਤਕਲੀਫ ਹੈ। ਉਸ ਦੀ ਥੀਸਿਸ ਸੋਧਣ ਦੀ ਪ੍ਰਸਿੱਧੀ ਪੀ. ਜੀ. ਆਈ. ਦੀਆਂ ਰੂਹਾਂ ਦੇ ਦਿਲਾਂ ਤੱਕ ਪੁੱਜ ਚੁਕੀ ਸੀ। ਚੰਦਰਮੁਖੀ ਨਰਸਾਂ ਡਾ. ਢੱਲ ਕੋਲੋਂ ਆਪਣੇ ਥੀਸਿਸ 'ਤੇ ਨਿਗਾਹ ਫਿਰਾਉਣ ਆਉਂਦੀਆਂ। ਨਿਹਾਰਦਾ ਹੋਇਆ ਢੱਲ ਆਪਣਾ ਸਪੈਲ ਚੈਕ ਤਿੱਖਾ ਕਰਕੇ ਕਿਸੇ ਦੇ ਢਿੱਲੇ ਫਿਕਰੇ ਕੱਸ ਦਿੰਦਾ, ਕਿਸੇ ਦੇ ਕੱਸੇ ਹੋਏ ਢਿੱਲੇ ਕਰ ਦਿੰਦਾ ਅਤੇ ਕਾਂਟ ਛਾਂਟ ਕਰਕੇ ਥੀਸਿਸ ਦੇ ਨੈਣ ਨਕਸ਼ ਸੰਵਾਰ ਦਿੰਦਾ। ਕਿਸੇ ਦੇ ਪੂਰੇ ਪੈਰਿਆਂ 'ਤੇ ਹੀ ਹੱਥ ਫੇਰ ਦਿੰਦਾ। ਅਜਿਹੇ ਸਮੇਂ ਢੱਲ ਆਪਣੇ ਇਖਲਾਕ ਦੀ ਦੌਣ ਰੱਤੀ ਭਰ ਢਿੱਲੀ ਨਾ ਹੋਣ ਦਿੰਦਾ। ਸਾਧਣੀਆਂ ਨਹੀਂ, ਉਹ ਕੇਵਲ ਥੀਸਿਸ ਸਾਧਣ ਵਾਲਾ ਸਾਧ ਸੀ। ਉਸ ਨਾਲ ਕਦੀ ਕੋਈ ਗੱਲ ਚੱਲਦੀ ਤਾਂ ਉਹ ਆਪਣੇ ਭੋਲੇ ਜਿਹੇ ਮੂੰਹ ਨਾਲ ਬੜੇ ਠੋਸ ਅਤੇ ਸਿੱਕੇਬੰਦ ਫਿਕਰੇ ਬੋਲਦਾ ਤੇ ਅਗਲੇ ਨੂੰ ਸੋਚਣ ਲਾ ਦਿੰਦਾ। ਉਹ ਹਰ ਇਕ ਫੀਲਡ ਦੀਆਂ ਗੱਲਾਂ ਕਰਦਾ, ਪਰ ਉਸ ਦੇ ਫੀਲਡ ਦੀ ਗੱਲ ਕਿਸੇ ਨੂੰ ਨਹੀਂ ਸੀ ਆਉਂਦੀ।

ਡਾ. ਪੂਰੀ ਨੇ ਯੂਨੀਵਰਸਿਟੀ 'ਚ ਕਿਤਿਉਂ ਜੀਓ ਪੋਲੀਟੀਕਲ ਸੈਂਟਰ ਲੈ ਆਂਦਾ ਤੇ ਉਸ ਵਿਚ ਡਾ. ਢੱਲ ਨੂੰ ਰਿਸਰਚ ਸਕਾਲਰ ਨਿਯੁਕਤ ਕਰ ਦਿੱਤਾ। ਜੀਓ ਪੋਲੀਟੀਕਲ ਸੈਂਟਰ ਡਾ. ਪੂਰੀ ਦੇ ਨਾਂ ਨਾਲੋਂ ਵੱਧ ਡਾ. ਢੱਲ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਮੇਜ 'ਤੇ ਵਿਛੇ ਮਿਲਟਰੀ ਰੰਗੇ ਮੇਜ ਪੋਸ਼



ਡਾ. ਢੱਲ

'ਤੇ ਰੱਖਿਆ ਸ਼ੀਸ਼ਾ ਖੂਬ ਜਚਦਾ; ਜਿਸ 'ਤੇ ਪਈਆਂ ਪੁਸਤਕਾਂ ਢੱਲ ਦੇ ਬੌਧਿਕ ਟੇਸਟ ਦੀ ਦੱਸ ਪਾਉਂਦੀਆਂ। ਅੱਠ ਅੱਠ ਘੰਟੇ ਬੈਠਾ ਢੱਲ ਲਗਾਤਾਰ ਪੜ੍ਹਦਾ ਰਹਿੰਦਾ। ਕੋਈ ਦੋਸਤ ਆਉਂਦਾ, ਬੈਠਦਾ ਤੇ ਪੁੱਛਦਾ, "ਚੱਲੀਏ?" ਢੱਲ ਦਾ ਸੰਖੇਪ ਜਿਹਾ ਜਵਾਬ ਹੁੰਦਾ, "ਚਲੋ" ਤੇ ਉਹ ਕਿਸੇ ਪਾਸੇ ਵੀ ਤੁਰ ਜਾਂਦੇ।

ਯੂਨੀਵਰਸਿਟੀ ਦੇ ਸਕਾਲਰਾਂ ਦੀ ਸ਼ਨਾਖਤ ਇਸ ਗੱਲੋਂ ਵੀ ਹੁੰਦੀ ਹੈ ਕਿ ਉਨ੍ਹਾਂ ਦੇ ਹੋਸਟਲ ਨੂੰ ਕਦੀ ਲਾਕ ਜ਼ਰੂਰ ਲੱਗਦਾ ਹੈ। ਕੋਈ ਬਿੱਲ ਸਮੇਂ ਸਿਰ ਨਾ ਦਿੱਤਾ ਗਿਆ ਤੇ ਢੱਲ ਦਾ ਕਮਰਾ ਲਾਕ ਹੋ ਗਿਆ ਤੇ ਦਰਵਾਜੇ ਵਿਚ ਵੱਡੇ ਵੱਡੇ ਕਿੱਲ ਠੋਕ ਦਿੱਤੇ ਗਏ। ਡਾ. ਢੱਲ ਨਾਲ ਦੇ ਕਮਰੇ 'ਚੋਂ ਹੋ ਕੇ ਬਾਲਕਾਨੀ ਰਾਹੀਂ ਪਿਛਲੇ ਪਾਸਿਉਂ ਵੜ ਕੇ ਸੌਂ ਜਾਇਆ ਕਰੇ। ਵਾਰਡਨ ਨੂੰ ਪਤਾ ਲੱਗ ਗਿਆ ਤੇ ਉਸ ਨੇ ਪਿਛਲੇ ਪਾਸਿਉਂ ਵੀ ਉਸ ਦਾ ਕਮਰਾ ਲਾਕ ਕਰਵਾ ਦਿੱਤਾ ਤੇ ਕਿੱਲ ਠੁਕਵਾ ਦਿੱਤੇ।

ਬੇਘਰ ਢੱਲ ਦਿਨੇ ਲਾਇਬਰੇਰੀ ਬੈਠਦਾ ਜਾਂ ਦੋਸਤਾਂ ਨਾਲ ਸਟੂਡੈਂਟਸ ਸੈਂਟਰ ਬੈਠਾ ਚਾਹ ਪੀਂਦਾ ਤੇ ਦਿਲ ਲਾਈ ਰੱਖਦਾ। ਦੋਸਤ ਚਲੇ ਜਾਂਦੇ ਤਾਂ ਦੂਰ ਦਿਸਦੇ ਪਹਾੜਾਂ ਵਿਚ ਨਜ਼ਰ ਆਉਂਦੇ, ਜੈਂਤੀ ਦੇਵੀ ਦੇ ਮੰਦਿਰ ਦੇ ਕਲਸ ਦੇਖਦਾ ਰਹਿੰਦਾ ਤੇ ਖਿਆਲਾਂ ਖਿਆਲਾਂ 'ਚ ਪਤਾ ਨਹੀਂ ਕਿਥੇ ਕਿਥੇ ਵਿਚਰਦਾ।

ਇਕ ਰਾਤ ਮੇਰਾ ਦਰਵਾਜਾ ਖੜਕਿਆ। ਦੇਖਿਆ ਤਾਂ ਡਾ. ਢੱਲ ਸੀ। ਕੁਝ ਪੁੱਛਣ ਦੱਸਣ ਦੀ ਲੋੜ ਨਾ ਪਈ। ਮੈਂ ਫਰਸ਼ 'ਤੇ ਬਿਸਤਰਾ ਵਿਛਾਇਆ ਤੇ ਉਸ ਨੂੰ ਮੰਜੇ 'ਤੇ ਸੌਣ ਲਈ ਇਸ਼ਾਰਾ ਕੀਤਾ। ਉਸ ਨੇ ਭੁੰਜੇ ਸੌਣ ਦੀ ਜਿੱਦ ਕੀਤੀ। ਮੈਂ ਹਾਰ ਗਿਆ। ਮੰਜਾ ਚੁੱਕਿਆ ਤੇ ਬਾਹਰ ਬਾਲਕਾਨੀ 'ਚ ਖੜ੍ਹਾ ਕਰ ਦਿੱਤਾ ਤੇ ਅਸੀਂ ਦੋਵੇਂ ਭੁੰਜੇ ਸੌਂ ਗਏ। ਸਵੇਰੇ ਉਠੇ ਤਾਂ ਢੱਲ ਧੋਬੀ ਕੋਲ ਗਿਆ, ਧੋਤੀ ਹੋਈ ਪੈਂਟ ਕਮੀਜ਼, ਬੁਨੈਣ, ਅੰਡਰਵੀਅਰ, ਜੁਰਾਬਾਂ ਤੇ ਰੁਮਾਲ ਲੈ ਆਇਆ। ਇਸ਼ਨਾਨ ਕੀਤਾ ਤੇ ਨਵੇਂ ਕੱਪੜੇ ਪਾਏ। ਲਾਹੇ ਹੋਏ ਪੁਰਾਣੇ ਕੱਪੜੇ ਪੈਂਟ, ਕਮੀਜ਼, ਬੁਨੈਣ, ਜੁਰਾਬਾਂ, ਅੰਡਰਵੀਅਰ ਤੇ ਰੁਮਾਲ ਧੋਬੀ ਨੂੰ ਦੇ ਆਇਆ। ਗੁੱਟ 'ਤੇ ਘੜੀ ਲਾਈ, ਪਰਸ ਜੇਬ 'ਚ ਪਾਇਆ ਤੇ ਕਹਿਣ ਲੱਗਾ, "ਚੱਲੀਏ?" ਮੇਰੀ ਹਿੰਮਤ ਨਾ ਪਈ ਕਿ ਪੁੱਛਾਂ "ਕਿੱਥੇ?" ਕਈ ਦਿਨ ਇਹ ਸਿਲਸਿਲਾ ਜਾਰੀ ਰਿਹਾ।

ਉਹ ਰਾਤ ਨੂੰ ਦਾਰੂ ਪੀ ਕੇ ਆਉਂਦਾ; ਨਾ ਆਪ ਸੌਂਦਾ, ਨਾ ਮੈਨੂੰ ਸੌਣ ਦਿੰਦਾ। ਕਮਰੇ 'ਚ ਪਈ ਪ੍ਰੋ. ਮੋਹਣ ਸਿੰਘ ਦੀ ਕਿਤਾਬ ਚੁੱਕਦਾ ਤੇ ਮੈਨੂੰ ਸੁਣਾਉਣ ਲੱਗ ਜਾਂਦਾ। 'ਨਿੱਕਾ ਨਿੱਕਾ ਦਿਲ ਕਰਨਾ, ਮਿੰਗੀ ਘਿੱਨ ਜੁਲੋ ਢੋਲੇ ਕੋਲ' ਕਵਿਤਾ ਪੜ੍ਹ ਕੇ ਖਿੜ ਜਾਂਦਾ ਤੇ ਖੂਬ ਹੱਸਦਾ। ਮੈਂ ਉਸ ਨੂੰ ਮੀਸ਼ੇ ਦੀ ਕਵਿਤਾ 'ਨੰਦੂ ਛੜਾ' ਪੜ੍ਹ ਕੇ ਸੁਣਾਉਂਦਾ ਤੇ ਉਸ ਦੀਆਂ ਅੱਖਾਂ ਭਰ ਆਉਂਦੀਆਂ; ਫਿਰ ਉਹ ਗਾਉਣ ਲੱਗ ਜਾਂਦਾ: "ਕਰੋਗੇ ਯਾਦ ਤੋ ਹਰ ਬਾਤ ਯਾਦ ਆਏਗੀ, ਗੁਜਰਤੇ ਵਕਤ ਕੀ ਹਰ ਮੌਜ ਠਹਿਰ ਜਾਏਗੀ।" ਉਸ ਸਮੇਂ ਉਹ ਭੂਪਿੰਦਰ ਸਿੰਘ ਦਾ ਰੂਪ ਧਾਰ ਲੈਂਦਾ ਤੇ ਕਿਸੇ ਮਤਾਲੀ ਸਿੰਘ ਦੀ ਯਾਦ ਵਿਚ ਗਹਿਰਾ ਡੁੱਬ ਜਾਂਦਾ।

ਉਹ ਦੱਸਦਾ ਕਿ ਉਸ ਨੇ ਕਿਸੇ ਸਮੇਂ ਹਾਈ ਕੋਰਟ 'ਚ ਨੌਕਰੀ ਕੀਤੀ ਸੀ, ਜਿੱਥੇ ਉਸ 'ਤੇ ਮਤਾਲੀ ਨਹੀਂ, ਕੋਈ ਮਤਵਾਲੀ ਮਸਤ ਹੋ ਗਈ ਸੀ। ਢੱਲ ਨੇ ਆਪਣੇ ਮਾਂ ਬਾਪ ਕੋਲ ਗੱਲ ਕੀਤੀ ਤਾਂ ਸਾਫ, ਸਖਤ ਅਤੇ ਕੁਰਖਤ ਇਨਕਾਰ ਸੁਣ ਕੇ ਵਾਪਸ ਆ ਗਿਆ ਤੇ ਮੁੜ ਕੇ ਕਦੀ ਵੀ ਹਾਈ ਕੋਰਟ ਨਾ ਗਿਆ। ਉਸ ਦੀ ਮਾਨਸਿਕਤਾ ਨੇ ਅਧੂਰੀ ਮੁਹੱਬਤ ਦਾ ਬੋਝ ਸਿਰ 'ਤੇ ਚੁੱਕਿਆ ਹੋਇਆ ਸੀ, ਜਿਸ ਨੂੰ ਉਸ ਨੇ ਕਦੇ ਵੀ ਸਿਰੋਂ ਨਾ ਉਤਾਰਿਆ।

ਦਾਰੂ ਨਾਲ ਗਮ ਗਲਤ ਕਰਨ ਦੀ ਕੋਸ਼ਿਸ਼ ਕਰਦਾ, ਪਰ ਗਮ, ਗਲਤ ਹੋਣ ਦੀ ਥਾਂ, ਫਲਤ ਹੋ ਜਾਂਦਾ। ਉਸ ਨੂੰ ਦੇਖ ਕੇ ਦੇਵਦਾਸ ਯਾਦ ਆਉਂਦਾ, "ਕੌਨ ਕੰਬਖਤ ਹੈ ਜੋ ਬਰਦਾਸ਼ਤ ਕਰਨੇ ਕੇ ਲੀਏ ਪੀਤਾ ਹੈ! ਮੈਂ ਤੋ ਪੀਤਾ ਹੂੰ ਕਿ ਸਾਂਸ ਲੇ ਸਕੂੰ।"

ਕਦੀ ਕਦੀ ਗਈ ਰਾਤ ਨੂੰ ਦੇਖਣਾ ਤਾਂ ਉਹ ਜਾਗਦਾ ਹੁੰਦਾ। "ਢੱਲ ਸਾਹਿਬ, ਨੀਂਦ ਨਹੀਂ ਆਉਂਦੀ?" ਜਵਾਬ ਮਿਲਦਾ, "ਨੀਂਦ ਰੋਜ ਰੋਜ ਥੋੜ੍ਹੀ ਆਤੀ ਹੈ।" ਦੇਵਦਾਸ ਦਾ ਸਾਕਾਰ ਰੂਪ ਡਾ. ਢੱਲ ਕਦੀ ਕਦੀ ਗਾਲਿਬ ਜਾਪਦਾ, "ਗਮਿ ਹਸਤੀ ਕਾ ਕਿਸ ਸੇ ਹੋ ਜੁਜ਼ ਮਰਗ ਇਲਾਜ, ਸ਼ੱਮਾ ਹਰ ਰੰਗ ਮੇਂ ਜਲਤੀ ਹੈ ਸਹਿਰ ਹੋਨੇ ਤੱਕ।"

ਇਕ ਸ਼ਾਮ ਨੂੰ ਪੰਦਰਾਂ ਦੀ ਮਾਰਕੀਟ 'ਚ ਟੱਕਰ ਗਿਆ। ਇਕੱਠੇ ਹੋਸਟਲ ਆਏ। ਕਮਰੇ ਦੇ ਦਰਵਾਜੇ ਵਿਚ ਮੋਟੀਆਂ ਮੋਟੀਆਂ ਕਿੱਲਾਂ ਠੁਕੀਆਂ ਹੋਈਆਂ ਸਨ ਤੇ ਲਾਕ ਉਤੇ ਲਾਕ ਲੱਗਾ ਹੋਇਆ ਸੀ। ਬਿੱਲਾਂ ਦਾ ਡਿਫਾਲਟਰ ਤਾਂ ਮੈਂ ਸੀ ਹੀ, ਉਪਰੋਂ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਕਮਰੇ 'ਚ ਦੋ ਜਣੇ ਰਹਿੰਦੇ ਹਨ। ਕਿਸੇ 'ਮਿਹਰਬਾਨ' ਸਦਕਾ ਢੱਲ ਨਾਲ ਰਾਤਾਂ ਬਤੀਤ ਕਰਨ ਦਾ ਲੁਤਫ ਜਾਂਦਾ ਰਿਹਾ।

ਇਕ ਲੰਬਾ ਅਰਸਾ ਢੱਲ ਦਾ ਕੋਈ ਅਤਾ ਪਤਾ ਨਾ ਰਿਹਾ। ਫੇਸਬੁੱਕ 'ਤੇ ਉਸ ਦੀ ਫਰੈਂਡ ਰਿਕੁਐਸਟ ਆਈ। ਓ.ਕੇ. ਹੋਈ ਤੇ ਸਿਲਸਿਲਾ ਸ਼ੁਰੂ ਹੋਇਆ। ਜੋ ਵੀ ਲਿਖਣਾ, ਪਹਿਲਾ ਕੁਮੈਂਟ ਢੱਲ ਦਾ ਹੋਣਾ। ਉਸ ਨੇ ਸੰਖੇਪ ਜਿਹੇ ਕੁਮੈਂਟ ਨਾਲ ਕਈਆਂ ਦੀ ਬੋਲਤੀ ਬੰਦ ਕਰ ਦੇਣੀ। ਫੋਨ ਨੰਬਰ ਲਿਆ ਤਾਂ ਗੱਲ ਹੋਈ, ਹਾਲ ਮਾਲੂਮ ਹੋਇਆ। ਉਹ ਰਾਜਸਥਾਨ ਆਪਣੇ ਭਰਾਵਾਂ ਕੋਲ ਕੋਟੇ ਗਿਆ ਹੋਇਆ ਸੀ। ਉਸ ਦੀ ਸਿਹਤ ਠੀਕ ਨਹੀਂ ਸੀ। ਸ਼ਾਇਦ ਉਹ ਬੈੱਡ 'ਤੇ ਹੀ ਰਹਿੰਦਾ ਸੀ। ਅਚਾਨਕ ਉਸ ਦੇ ਕੁਮੈਂਟ ਆਉਣੇ ਬੰਦ ਹੋ ਗਏ। ਕੰਬਖਤ ਮਨ ਵਿਚ ਕੋਈ ਬੁਰਾ ਖਿਆਲ ਵੀ ਨਾ ਆਇਆ। ਅਚਾਨਕ ਪਤਾ ਲੱਗਾ ਕਿ ਢੱਲ ਤੁਰ ਗਿਆ ਹੈ। ਦੇਵਦਾਸ ਪਾਰੋ ਦੇ ਪਿੰਡ ਪੂਰਾ ਹੋਇਆ ਸੀ। ਪਰ ਡਾ. ਢੱਲ ਦੇ ਸਾਹਾਂ ਦਾ ਕੋਟਾ ਉਸ ਦੀ ਪਾਰੋ ਤੋਂ ਦੂਰ ਕੋਟੇ ਜਾ ਕੇ ਪੂਰਾ ਹੋਇਆ।

ਆਉ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਲਾਡਲੇ ਅਤੇ ਸ਼ਿੰਦੇ ਰਿਸਰਚ ਸਕਾਲਰ ਦੀ ਯਾਦ ਵਿਚ ਰਤਾ ਅੱਖਾਂ ਭਰ ਕੇ ਰੋ ਲਈਏ, "ਰੋਨੇ ਵਾਲੋਂ ਸੇ ਕਹੋ ਕਿ ਉਨ ਕਾ ਭੀ ਰੋਨਾ ਰੋ ਲੇਂ, ਜਿਨ ਕੋ ਮਜਬੂਰੀਏ ਹਾਲਾਤ ਨੇ ਰੋਨੇ ਨਾ ਦੀਆ।"

ਵਾਹ ਡਾ. ਢੱਲ! ਤੇਰੇ ਦੁੱਖ ਦਾ ਨਾ ਕਿਸੇ ਕੋਲ ਸੀ ਕੋਈ ਹੱਲ।

### ਬਜ਼ੁਰਗਾਂ ਲਈ ਆਧਾਰ ਜ਼ਰੂਰੀ ਨਹੀਂ

**ਨਵੀਂ ਦਿੱਲੀ:** ਸਰਕਾਰ ਨੇ ਬਜ਼ੁਰਗਾਂ, ਬਿਮਾਰਾਂ ਅਤੇ ਜਖ਼ਮੀਆਂ ਨੂੰ ਬੈਂਕ ਖਾਤਿਆਂ ਲਈ ਆਧਾਰ ਦੀ ਥਾਂ ਹੋਰ ਸ਼ਨਾਖਤੀ ਪੱਤਰ ਦਰਜ ਕਰਾਉਣ ਦੀ ਆਗਿਆ ਦੇ ਦਿੱਤੀ ਹੈ। ਗਜ਼ਟ ਨੋਟੀਫਿਕੇਸ਼ਨ ਵਿਚ ਸਰਕਾਰ ਨੇ ਕਿਹਾ ਹੈ ਕਿ ਕਾਲੇ ਧਨ ਨੂੰ ਚਿੱਟਾ ਬਣਾਉਣ ਤੋਂ ਰੋਕਣ ਸਬੰਧੀ ਨਿਯਮਾਂ ਨੂੰ ਸੋਧ ਦਿੱਤਾ ਗਿਆ ਹੈ ਅਤੇ ਕੁਝ ਸ਼੍ਰੇਣੀਆਂ ਲਈ ਛੋਟ ਦਿੱਤੀ ਗਈ ਹੈ। ਇਨ੍ਹਾਂ ਸੋਧੇ ਹੋਏ ਨਿਯਮਾਂ ਅਨੁਸਾਰ ਬਜ਼ੁਰਗਾਂ ਨੂੰ ਰਾਹਤ ਮਿਲੇਗੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਇਤਿਹਾਸ ਦੀ ਗਲਤ ਪੇਸ਼ਕਾਰੀ

ਮੱਧ ਕਾਲ ਦੇ ਇਤਿਹਾਸ ਦੀ ਪੇਸ਼ਕਾਰੀ ਨੇ ਦੇਸ਼ ਭਰ ਦੇ ਲੋਕਾਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਨਫਰਤ ਭਰਨ ਦਾ ਕੰਮ ਕੀਤਾ ਹੈ। ਇਸ ਇਤਿਹਾਸ ਨੂੰ ਲਿਖਵਾਉਣ ਵਾਲੇ ਅੰਗਰੇਜ਼ ਸਾਮਰਾਜੀ ਸਨ। ਅੰਗਰੇਜ਼ ਸਾਮਰਾਜੀਆਂ ਦੇ ਇਥੇ ਆਉਣ ਦਾ ਇਕੋ-ਇਕ ਮੰਤਵ ਇਥੋਂ ਦੀ ਕਿਰਤ ਸ਼ਕਤੀ ਤੇ ਕੁਦਰਤੀ ਵਸੀਲਿਆਂ ਨੂੰ ਲੁਟਣਾ ਤੇ ਸਮੁਚੇ ਦੇਸ਼ ਦੀ ਮੰਡੀ ਉਤੇ ਕਬਜਾ ਕਰਨਾ ਸੀ। ਇਸ ਲੁਟ ਲਈ ਜਿਥੇ ਲੋਕਾਂ ਦੀ ਕੁਟ ਜਰੂਰੀ ਸੀ, ਉਥੇ ਉਨ੍ਹਾਂ ਨੂੰ ਆਪੋ ਵਿਚ ਪਾੜੀ ਰਖਣ ਲਈ, ਉਨ੍ਹਾਂ ਨੂੰ ਗੁੰਮਰਾਹ ਕਰਨਾ ਵੀ ਜਰੂਰੀ ਸੀ।

ਅੰਗਰੇਜ਼ਾਂ ਨੂੰ ਪਤਾ ਸੀ ਕਿ ਬੰਦੇ ਦੀ ਸੋਚ ਹੀ ਬੰਦੇ ਨੂੰ ਚਲਾਉਂਦੀ ਹੈ। ਇਸ ਲਈ ਜੇ ਬੰਦੇ ਦੀ ਸੋਚ ਨੂੰ ਫਿਰਕੂ ਰੰਗਤ ਦੇ ਦਿਤੀ ਜਾਵੇ, ਤਾਂ ਉਹ ਆਪੇ ਹੀ ਸਮਾਜ ਨੂੰ ਪਾੜੀ ਰਖੇਗਾ। ਉਨ੍ਹਾਂ ਨੇ ਦੇਸ਼ ਵਿਚ ਰਹਿੰਦੇ ਅੱਡ-ਅੱਡ ਭਾਈਚਾਰਿਆਂ

**ਗੁਰਬਚਨ ਸਿੰਘ, ਜਲੰਧਰ**
**ਫੋਨ: 91-98156-98451**

ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਨਫਰਤ ਭਰਨ ਲਈ, ਆਪਣੀ ਤਰਜ ਦੇ ਇਤਿਹਾਸ ਦੀਆਂ ਕਿਤਾਬਾਂ ਲਿਖਵਾਈਆਂ। ਇਨ੍ਹਾਂ ਕਿਤਾਬਾਂ ਵਿਚ ਭਾਰਤ ਦੇ ਇਤਿਹਾਸ ਨੂੰ ਛੁਟਿਆਇਆ ਗਿਆ ਤੇ ਯੂਰਪ ਦੇ ਇਤਿਹਾਸ ਨੂੰ ਵਡਿਆਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਭਾਰਤ ਦੇ ਇਤਿਹਾਸ ਨੂੰ ਇੰਜ ਪੇਸ਼ ਕੀਤਾ ਗਿਆ ਜਿਵੇਂ ਇਥੇ ਆਦਿਕਾਲ ਤੋਂ ਲੈ ਕੇ ਹੁਣ ਤਕ ਵਖ-ਵਖ ਕਬੀਲਿਆਂ ਜਾਂ ਭਾਈਚਾਰਿਆਂ ਵਿਚਾਲੇ ਸਿਰਫ ਲੜਾਈਆਂ ਹੀ ਹੁੰਦੀਆਂ ਰਹੀਆਂ ਹਨ। ਜਦੋਂ ਕਿ ਸੱਚਾਈ ਇਹ ਹੈ ਕਿ ਜਿੰਨੀਆਂ ਲੜਾਈਆਂ ਯੂਰਪ ਵਿਚ ਹੋਈਆਂ, ਏਨੀਆਂ ਸ਼ਾਇਦ ਦੁਨੀਆਂ ਭਰ ਵਿਚ ਕਿਤੇ ਵੀ ਨਹੀਂ ਹੋਈਆਂ।

ਮੁਸਲਮਾਨਾਂ ਪ੍ਰਤੀ ਹਿੰਦੂਆਂ ਦੇ ਮਨਾਂ ਵਿਚ ਭਰੀ ਗਈ ਨਫਰਤ ਦੀ ਇਕ ਮਿਸਾਲ ਮੁਸਲਮਾਨ ਭਾਈਚਾਰੇ ਬਾਰੇ ਬਣੀ। ਇਹ ਇਕ ਆਮ ਇਤਿਹਾਸਕ ਧਾਰਨਾ ਹੈ ਕਿ ਮੱਧਕਾਲ ਦੇ ਮੁਸਲਮਾਨ ਹਮਲਾਵਰਾਂ ਨੇ ਭਾਰਤ ਦੇ ਹਿੰਦੂਆਂ ਉਤੇ ਬੜੇ ਜੁਲਮ ਕੀਤੇ ਅਤੇ ਦੇਸ਼ ਦੇ ਸਾਧਨਾਂ ਦੀ ਬੜੀ ਵਡੀ ਪਧਰ ਉਤੇ ਲੁਟਮਾਰ ਕੀਤੀ। ਆਮ ਹਿੰਦੂਆਂ ਦੇ ਇਕ ਵਰਗ ਨੂੰ ਇਹ ਗੱਲ ਜਚਾ ਦਿਤੀ ਗਈ ਹੈ ਕਿ ਭਾਰਤ ਦੇ ਮੁਸਲਮਾਨ ਬਾਹਰੋਂ ਆਏ ਹਮਲਾਵਰ ਹਨ, ਜਿਸ ਕਰਕੇ ਇਹ ਵਿਦੇਸ਼ੀ ਹਨ ਅਤੇ ਇਨ੍ਹਾਂ ਦੇ ਮਨਾਂ ਵਿਚ ਦੇਸ਼ ਭਗਤੀ ਦੇ ਜਜ਼ਬੇ ਦੀ ਘਾਟ ਹੈ। ਮੱਧਕਾਲ ਦੇ ਇਤਿਹਾਸ ਨੂੰ ਵੇਖਣ ਦਾ ਇਹ ਦ੍ਰਿਸ਼ਟੀਕੋਣ ਹੀ ਗਲਤ ਹੈ। ਦਰਅਸਲ ਦੁਨੀਆਂ ਭਰ ਦੇ ਹੋਰਨਾਂ ਸਮਾਜਾਂ ਵਾਂਗ ਮੱਧਕਾਲ ਵਿਚ ਭਾਰਤ ਅੰਦਰ ਵੀ ਬੜੀ ਉਥਲ-ਪੁਥਲ ਮਚੀ ਰਹੀ ਹੈ। ਆਹਾਰ-ਵਿਹਾਰ ਦੀ ਭਾਲ ਵਿਚ ਲੋਕ ਵਡੀ ਪਧਰ ਉਤੇ ਇਧਰ-ਉਧਰ ਪਰਵਾਸ ਕਰਦੇ ਰਹੇ ਹਨ। ਪੰਜਾਬ ਸਮੇਤ ਸਿੰਧ ਦਰਿਆ ਦੇ ਇਧਰਲਾ ਇਲਾਕਾ ਮੁਢ ਤੋਂ ਹੀ ਬੜੀ ਜਰਖੇਜ਼ ਭੋਂਇ ਰਹੀ ਹੈ। ਇਸ ਲਈ ਭਾਰਤ ਉਤੇ ਅਰਬ ਮੁਲਕਾਂ ਵਲੋਂ ਮੁਸਲਮਾਨਾਂ ਦੇ ਹੁੰਦੇ ਹਮਲੇ ਕਿਸੇ ਦੂਜੇ ਧਰਮ ਉਤੇ ਹਮਲਾ ਨਹੀਂ ਸਨ, ਸਗੋਂ ਮੱਧਕਾਲ ਦਾ ਇਹ ਇਕ ਆਮ ਵਰਤਾਰਾ ਸੀ।

ਰਜਵਾੜਾਸ਼ਾਹੀ ਰਾਜ ਪ੍ਰਬੰਧ ਅਧੀਨ ਰਾਜ ਦੀ ਮੁਖ ਸ਼ਕਤੀ ਫੌਜੀ ਤਾਕਤ ਹੁੰਦੀ ਸੀ। ਇਸ ਲਈ ਜਿਹੜਾ ਵੀ ਕੋਈ ਲੋਕਾਂ ਦੇ ਇਕ ਜੁਝਾਰੂ ਹਿੱਸੇ ਨੂੰ ਫੌਜ ਦੇ ਰੂਪ ਵਿਚ ਜਥੇਬੰਦ ਕਰ ਲੈਂਦਾ, ਉਹ ਹਮਲਾਵਰ ਬਣ ਕੇ ਉਪਜਾਊ ਧਰਤੀਆਂ ਨੂੰ ਲੁਟਣ ਦੇ ਯਤਨ ਕਰਦਾ ਰਹਿੰਦਾ। ਅਨੇਕ ਵਾਰ ਇਹ ਯਤਨ ਸਥਾਈ ਰਾਜ ਵਿਚ ਬਦਲ ਜਾਂਦੇ ਸਨ। ਏਨਾ ਜਰੂਰ ਹੈ ਕਿ ਹਿੰਦੂ ਸਮਾਜ ਵਰਣ ਵੰਡ ਅਤੇ ਜਾਤਪਾਤ ਵਿਚ ਵੰਡਿਆ ਹੋਣ ਕਰਕੇ ਅਨੇਕ ਵਾਰ ਇਨ੍ਹਾਂ ਹਮਲਾਵਰਾਂ ਨੂੰ ਥੋੜੀ ਜਿਹੀ ਫੌਜ ਨਾਲ ਹੀ, ਇਥੇ ਰਾਜ ਸਥਾਪਤ ਕਰਨਾ ਸੌਖਾ ਹੋ ਜਾਂਦਾ ਸੀ। ਭਾਰਤੀ ਸਮਾਜ ਦੀ ਇਸੇ ਕਮਜੋਰੀ ਦਾ ਫਾਇਦਾ ਅੰਗਰੇਜ਼ ਸਾਮਰਾਜੀਆਂ ਨੇ ਉਠਾਇਆ।

ਗੁਰੂ ਨਾਨਕ ਸਾਹਿਬ ਨੇ ਹਿੰਦੁਸਤਾਨ ਉਤੇ ਮੁਗਲ ਬਾਦਸ਼ਾਹ ਬਾਬਰ ਦੇ ਹਮਲੇ ਦਾ ਜ਼ਿਕਰ ਆਪਣੀ ਬਾਣੀ ਵਿਚ ਕੀਤਾ ਹੈ। ਜੇ ਕਿਸੇ ਨੇ ਇਤਿਹਾਸ ਨੂੰ ਧਰਮ ਨਿਰਪਖ ਨਜ਼ਰੀਏ ਨਾਲ ਬਿਆਨ ਕਰਨ ਦੀ ਮਿਸਾਲ ਦੇਣੀ ਹੋਵੇ, ਤਾਂ ਇਸ ਤੋਂ ਵਧੀਆ ਹੋਰ ਕੋਈ ਮਿਸਾਲ ਨਹੀਂ ਦਿਤੀ ਜਾ ਸਕਦੀ। ਬਾਬਰ ਦੇ ਇਸ ਹਮਲੇ ਬਾਰੇ ਗੁਰੂ ਸਾਹਿਬ ਦਾ ਨਿਵੇਕਲਾ ਪ੍ਰਤੀਕਰਮ ਹੈ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
(ਪੰਨਾ 722)

ਬਾਬਰ ਕਾਬਲ ਤੋਂ ਪਾਪ ਦੀ ਜੰਞ ਲੈ ਕੇ ਹਿੰਦੁਸਤਾਨ ਉਤੇ ਹਮਲਾਵਰ ਹੋਇਆ ਹੈ ਅਤੇ ਲੋਕਾਂ ਕੋਲੋਂ ਜੋਰੀਂ ਦਾਨ ਮੰਗਦਾ ਹੈ। ਇਸ ਹਾਲਤ ਵਿਚ ਸ਼ਰਮ ਅਤੇ ਧਰਮ-ਦੋਵੇਂ ਨਜ਼ਰ ਨਹੀਂ ਆਉਂਦੇ। ਭਾਵ ਹਮਲਾਵਰ ਫੌਜੀਆਂ ਦੇ ਮਨਾਂ ਵਿਚੋਂ ਮਜ਼ਲੂਮਾਂ ਪ੍ਰਤੀ ਦਇਆ ਅਤੇ ਸੰਤੋਖ ਦਾ ਜਜ਼ਬਾ ਪਰ ਲਾ ਕੇ ਉਡ ਗਏ ਹਨ ਤੇ ਹਰ ਪਾਸੇ ਝੂਠ ਦਾ ਬੋਲ ਬਾਲਾ ਹੈ।

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥ (ਪੰਨਾ 360)

ਬਾਬਰ ਦੀਆਂ ਫੌਜਾਂ ਨੂੰ ਸੈਦਪੁਰ (ਐਮਨਾਬਾਦ) ਵਿਚ ਆਪਣੀਆਂ ਅੱਖਾਂ ਦੇ ਸਾਹਮਣੇ ਲੋਕਾਂ ਦਾ ਕਤਲੇਆਮ ਕਰਦਿਆਂ ਵੇਖ ਕੇ ਗੁਰੂ ਸਾਹਿਬ ਦੇ ਬਚਨ ਹਨ ਕਿ ਖੁਰਾਸਾਨ ਉਤੇ ਆਪਣੀ ਮਾਲਕੀ ਕਾਇਮ ਕਰਨ ਤੋਂ ਬਾਅਦ ਬਾਬਰ ਹਿੰਦੁਸਤਾਨ ਵਿਚ ਦਹਿਸ਼ਤ ਪਾਉਣ ਆਇਆ ਹੈ। ਪਰ ਇਸ ਦਾ ਦੋਸ਼ੀ ਸਿਰਜਣਹਾਰ ਕਰਤਾ ਨਹੀਂ, ਸਗੋਂ ਇਸ ਦੇ ਅਸਲ ਦੋਸ਼ੀ ਜਮਦੂਤਾਂ ਦੇ ਰੂਪ 'ਚ ਮੁਗਲ ਹਨ। ਆਮ ਲੋਕਾਂ ਨੂੰ ਮੁਖਾਤਿਬ ਹੋ ਕੇ ਗੁਰੂ ਸਾਹਿਬ ਸੁਆਲ ਕਰਦੇ ਹਨ ਕਿ ਮਜ਼ਲੂਮ ਅਤੇ ਨਿਰਦੋਸ਼ ਲੋਕਾਂ ਦਾ ਏਨੀ ਵਡੀ ਪੱਧਰ ਉਤੇ ਘਾਣ ਹੋਇਆ ਹੈ, ਪਰ ਕੀ ਤੁਹਾਨੂੰ ਇਨ੍ਹਾਂ ਦਾ ਦਰਦ ਮਹਿਸੂਸ ਨਹੀਂ ਹੋਇਆ?

ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥ (ਪੰਨਾ 417)

ਪਰ ਨਾਲ ਹੀ ਗੁਰੂ ਸਾਹਿਬ ਇਹ ਬਚਨ ਵੀ ਕਰਦੇ ਹਨ ਕਿ ਜੇ ਪਹਿਲਾਂ ਤਿਆਰੀ ਕੀਤੀ ਹੁੰਦੀ ਤਾਂ ਇਹ ਸਜ਼ਾ ਨਹੀਂ ਸੀ ਮਿਲਣੀ। ਜਦੋਂ ਕਿ ਹਾਲਤ ਇਹ ਬਣੀ ਹੋਈ ਸੀ ਕਿ ਸ਼ਾਹਾਂ ਭਾਵ ਆਪਣੇ ਦਰਬਾਰੀਆਂ ਸਮੇਤ ਬਾਦਸ਼ਾਹ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਰੰਗ ਤਮਾਸ਼ਿਆਂ ਵਿਚ ਆਪਣੀ ਸੁਰਤ ਗੁਆਈ ਹੋਈ ਸੀ, ਜਿਸ ਕਰਕੇ ਬਾਬਰ ਦੀ ਜ਼ਾਲਮ ਢਾਣੀ ਦੀ ਇਹ ਜੁਲਮ ਕਰਨ ਦੀ ਜੁਰਅਤ ਪਈ।

ਫਿਰ ਗੁਰੂ ਸਾਹਿਬ ਆਪਣੇ ਵੇਲੇ ਦੇ ਸਮਾਜ ਤੇ ਰਾਜ ਦੀ ਸਮੁੱਚੀ ਹਾਲਤ ਬਾਰੇ ਟਿੱਪਣੀ ਕਰਦਿਆਂ ਇਹ ਚੇਤਨਾ ਦਿੰਦੇ ਹਨ ਕਿ ਧਨ ਦੌਲਤ ਦੇ ਲਾਲਚ ਵਿਚ ਗੁੰਮਰਾਹ ਹੋ ਕੇ ਜਨਤਾ ਖੁਆਰ ਹੋ ਰਹੀ ਹੈ। ਇਹ ਧਨ ਦੌਲਤ ਪਾਪ ਕੀਤਿਆਂ ਭਾਵ ਆਮ ਜਨ ਸਮੂਹਾਂ ਦੀ ਲੁਟ ਕੀਤੇ ਬਿਨਾ ਇਕੱਠੀ ਨਹੀਂ ਹੁੰਦੀ, ਜਦੋਂ ਕਿ ਮਰਨ ਵੇਲੇ ਇਹ ਦੌਲਤ ਨਾਲ ਨਹੀਂ ਜਾਂਦੀ। ਗੁਰੂ ਸਾਹਿਬ ਦੇ ਬਚਨ ਹਨ, ਜਿਹੜਾ ਮਨੁਖ ਆਪਣੇ ਚੰਗੇ ਗੁਣ ਗੁਆ ਦਿੰਦਾ ਹੈ, ਉਹ ਇਸ ਧਨ ਦੌਲਤ ਦੇ ਲਾਲਚ ਵਿਚ ਖੱਜਲ ਖੁਆਰ ਹੁੰਦਾ ਰਹਿੰਦਾ ਹੈ।

ਗੁਰੂ ਸਾਹਿਬ ਇਹ ਵੀ ਦਸਦੇ ਹਨ ਕਿ ਬਾਬਰ ਦੇ ਹਮਲੇ ਦੀ ਖਬਰ ਸੁਣ ਕੇ ਦਿੱਲੀ ਦੇ ਪਠਾਣ ਹਾਕਮ ਪੀਰਾਂ ਫਕੀਰਾਂ ਨੂੰ ਧਿਆਉਣ ਦਾ ਕਰਮਕਾਂਡ ਕਰਦੇ ਰਹੇ। ਪਰ ਇਸ ਕਰਮਕਾਂਡ ਨਾਲ ਕੋਈ ਮੁਗਲ ਫੌਜੀ ਅੰਨ੍ਹਾ ਨਹੀਂ ਹੋਇਆ ਅਤੇ ਨਾ ਹੀ ਕਿਸੇ ਨੂੰ ਸਜ਼ਾ ਮਿਲੀ। ਗੁਰੂ ਸਾਹਿਬ ਇਹ ਜਾਣਕਾਰੀ ਵੀ ਦਿੰਦੇ ਹਨ ਕਿ ਇਹ ਲੜਾਈ ਮੁਸਲਮਾਨਾਂ ਤੇ ਹਿੰਦੂਆਂ ਵਿਚਾਲੇ ਨਹੀਂ ਸੀ, ਸਗੋਂ ਮੁਗਲਾਂ ਤੇ ਪਠਾਣਾਂ ਵਿਚਾਲੇ ਸੀ। ਜੰਗ ਦੇ ਮੈਦਾਨ ਵਿਚ ਮੁਗਲਾਂ ਅਤੇ ਪਠਾਣਾਂ ਦੀ ਆਹਮੋ-ਸਾਹਮਣੀ ਤਲਵਾਰਾਂ ਦੀ ਹੋਈ ਗਹਿਗਚ ਲੜਾਈ ਵਿਚ ਮੁਗਲਾਂ ਨੇ ਤੋਪਾਂ ਚਲਾਈਆਂ ਅਤੇ ਪਠਾਣਾਂ ਨੇ ਹਾਥੀਆਂ ਨਾਲ ਚੜ੍ਹਾਈ ਕੀਤੀ। ਯਕੀਨਨ ਗੁਰੂ ਸਾਹਿਬ ਆਮ ਮਨੁਖ ਨੂੰ ਇਹ ਚੇਤਨਾ ਵੀ ਦੇ ਰਹੇ ਹਨ ਕਿ ਫੌਜਾਂ ਦੀ ਜਿਤ ਹਾਰ ਦਾ ਫੈਸਲਾ ਕਿਸੇ ਕਲਪਿਤ ਰਬ ਦੀ ਗੈਬੀ ਸ਼ਕਤੀ ਨਾਲ ਨਹੀਂ ਹੋਇਆ, ਸਗੋਂ ਜੰਗ ਦੇ ਮੈਦਾਨ ਵਿਚ ਆਹਮੋ-ਸਾਹਮਣੀ ਲੜਾਈ ਤੋਂ ਬਾਅਦ ਹੋਇਆ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਓਡਵਾਇਰ ਨੇ ਆਪਣੀ ਕਿਤਾਬ 'ਭਾਰਤ ਜਿਵੇਂ ਮੈਂ ਇਸ ਨੂੰ ਜਾਣਿਆ' ਵਿਚ 'ਆਰੀਆ ਸਮਾਜ' ਦਾ ਜ਼ਿਕਰ ਕੀਤਾ ਹੈ, "ਆਰੀਆ ਸਮਾਜ: ਦਰਅਸਲ ਪਛਮੀ ਪ੍ਰਭਾਵ ਦੇ ਖਿਲਾਫ ਇਕ ਰਾਸ਼ਟਰਵਾਦੀ ਪੁਨਰ ਜਾਗਰਣ ਹੈ। ਇਹ ਇਸ ਸੰਪ੍ਰਦਾਇ ਦੇ ਸੰਸਥਾਪਕ ਦਇਆ ਨੰਦ ਦੇ ਅਧਿਕਾਰਕ ਗ੍ਰੰਥ, ਸਤਯਾਰਥ ਪ੍ਰਕਾਸ਼ ਵਿਚ ਆਪਣੇ ਅਨੁਆਈਆਂ ਨੂੰ ਅਪੀਲ ਕਰਦਾ ਹੈ ਕਿ ਉਹ ਵੇਦਾਂ ਦੇ ਵੱਲੀਂ ਪਰਤ ਜਾਣ ਅਤੇ ਆਰੀਆਂ ਦੇ ਕਾਲਪਨਿਕ ਸਵਰਨ ਯੁਗ ਅਤੀਤ ਵਿਚ ਭਵਿਖ ਦੇ ਸੁਨਹਿਰੀ ਯੁਗ ਦੀ ਤਲਾਸ਼ ਕਰਨ। ਸਤਯਾਰਥ ਪ੍ਰਕਾਸ਼ ਗੈਰ ਹਿੰਦੂ ਸ਼ਾਸਨ ਦੇ ਖਿਲਾਫ ਦਲੀਲਾਂ ਵੀ ਦਿੰਦਾ ਹੈ ਅਤੇ ਕੁਝ ਵਰ੍ਹੇ ਪਹਿਲਾਂ ਇਸ ਸੰਪ੍ਰਦਾਇ ਦੇ ਇਕ ਮੁਹਰੈਲ ਅਖਬਾਰ ਨੇ ਤਾਂ ਦਇਆਨੰਦ ਨੂੰ ਹੀ ਸਵਰਾਜ ਦੇ ਸਿਧਾਂਤ ਦਾ ਅਸਲੀ ਬੁਲਾਰਾ ਹੋਣ ਦਾ ਦਾਅਵਾ ਵੀ ਕੀਤਾ ਸੀ। ਪ੍ਰੰਤੂ 1907 ਵਿਚ ਜਦੋਂ ਕੁਝ ਸ਼ਰਾਰਤੀ ਅਖਬਾਰਾਂ ਨੇ ਆਰੀਆ ਸਮਾਜ ਦੇ ਵਿਰੁਧ ਅਫਵਾਹਾਂ ਫੈਲਾਉਣੀਆਂ ਅਰੰਭ ਕੀਤੀਆਂ, ਤਾਂ ਇਸ ਸੰਪ੍ਰਦਾਇ ਨੇ ਆਪਣੇ ਪੁਰਾਣੇ ਧਰਮ ਸਿਧਾਂਤ ਨੂੰ ਦੁਹਰਾਉਂਦਿਆਂ ਇਸ ਇਰਾਦੇ ਦਾ ਇਕ ਪ੍ਰਸਤਾਵ ਪ੍ਰਕਾਸ਼ਤ ਕਰਨ ਦੀ ਸਿਆਣਪ ਵਿਖਾਈ ਕਿ ਇਸ ਸੰਗਠਨ ਦਾ ਕਿਸੇ ਵੀ ਕਿਸਮ ਦੇ ਰਾਜਨੀਤਕ ਗਰੁਪ ਜਾਂ ਕਿਸੇ ਵੀ ਕਿਸਮ ਦੇ ਰਾਜਨੀਤਕ ਅੰਦੋਲਨ ਨਾਲ ਕੋਈ ਸਬੰਧ ਨਹੀਂ। ਹੁਣ ਜੇ ਇਕ ਸੰਗਠਨ ਦੇ ਰੂਪ ਵਿਚ ਸਮਾਜ ਵੱਲੋਂ ਚਰਮ ਪਖੀ ਰਾਜਨੀਤੀ ਨਾਲੋਂ ਸਬੰਧਾਂ ਦਾ ਤੋੜ ਵਿਛੋੜਾ ਕਰਨ ਦੇ ਇਸ ਦਾਅਵੇ ਨੂੰ ਮੰਨ ਵੀ ਲਿਆ ਜਾਵੇ, ਤਾਂ ਵੀ ਕੱਟੜ ਹਿੰਦੂਆਂ ਵਾਸਤੇ ਇਹ ਗੱਲ ਗੌਰਤਲਬ ਹੋਣੀ ਚਾਹੀਦੀ ਹੈ ਕਿ ਭਲੇ ਹੀ ਆਰੀਆ ਸਮਾਜ ਵਿਚ ਪੰਜਾਬ ਦੀ ਹਿੰਦੂ ਆਬਾਦੀ ਦੇ 5 ਫੀਸਦੀ ਤੋਂ ਵੱਧ ਲੋਕੀਂ ਸ਼ਾਮਿਲ ਨਹੀਂ, ਪਰ ਫਿਰ ਵੀ 1907 ਤੋਂ ਲੈ ਕੇ ਅੱਜ ਤਕ ਹਿੰਦੂਆਂ ਦੀ ਇਕ ਵਡੀ ਗਿਣਤੀ, ਜੋ ਰਾਜ ਧਰੋਹ ਅਤੇ ਦੂਜੇ ਰਾਜਨੀਤਕ ਜੁਰਮਾਂ ਅਧੀਨ ਦੰਡਿਤ ਹੁੰਦੀ ਰਹੀ ਹੈ, ਉਹ ਇਸ ਸਮਾਜ ਦੀ ਹੀ ਮੈਂਬਰ ਰਹੀ ਹੈ।"

ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀ ਇਸ ਟਿੱਪਣੀ ਤੋਂ ਸਪਸ਼ਟ ਹੈ ਕਿ 'ਆਰੀਆ ਸਮਾਜ ਦਰਅਸਲ ਪਛਮੀ ਪ੍ਰਭਾਵ ਦੇ ਖਿਲਾਫ ਇਕ ਰਾਸ਼ਟਰਵਾਦੀ ਪੁਨਰ ਜਾਗਰਣ' ਸੀ। ਇਹ ਪੁਨਰ ਜਾਗਰਣ ਹਿੰਦੂਆਂ ਨੂੰ 'ਵੇਦਾਂ ਵੱਲੀਂ ਪਰਤ ਜਾਣ ਅਤੇ ਆਰੀਆਂ ਦੇ ਕਲਪਿਤ ਸਵਰਨ ਯੁਗ ਅਤੀਤ ਵਿਚੋਂ ਭਵਿਖ ਦੇ ਸੁਨਹਿਰੀ ਯੁਗ ਦੀ ਤਲਾਸ਼ ਕਰਨ' ਦੀ ਪ੍ਰੇਰਨਾ ਦਿੰਦਾ ਸੀ। ਇਹ ਸਹੀ ਹੈ ਕਿ ਇਹ ਸੁਪਨਾ 1947 ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਲੜਨ ਵਾਸਤੇ ਹਿੰਦੂਆਂ ਨੂੰ ਉਤਸ਼ਾਹਿਤ ਕਰਦਾ ਸੀ, ਪਰ ਨਾਲ ਹੀ ਇਹ ਸੁਪਨਾ ਉਨ੍ਹਾਂ ਨੂੰ ਮਨੂਵਾਦ ਦੀ ਪਟੜੀ ਉਤੇ ਵੀ ਚਾੜ੍ਹ ਦਿੰਦਾ ਸੀ। ਬੰਗਾਲ ਅਤੇ ਮਹਾਂਰਾਸ਼ਟਰ ਵਿਚ ਇਹ ਮਨੂਵਾਦੀ ਸੋਚ ਮੁਸਲਮਾਨ ਵਿਰੋਧੀ ਸੀ, ਪਰ ਪੰਜਾਬ ਵਿਚ 'ਸਤਿਯਾਰਥ ਪ੍ਰਕਾਸ਼ ਗ੍ਰੰਥ' ਰਾਹੀਂ ਇਹ ਸੋਚ, ਗੁਰਮਤਿ ਵਿਰੋਧੀ ਰੂਪ ਲੈ ਕੇ ਸਿੱਖ ਵਿਰੋਧੀ ਵੀ ਬਣ ਗਈ।

ਦਰਅਸਲ ਮਸਲਾ ਵੈਦਿਕ ਫਿਲਾਸਫੀ ਨੂੰ ਨਕਾਰਨ ਜਾਂ 'ਵੇਦਾਂ ਵੱਲੀਂ ਪਰਤ ਜਾਣ ਅਤੇ ਆਰੀਆਂ ਦੇ ਕਲਪਿਤ ਸਵਰਨ ਯੁਗ ਅਤੀਤ ਵਿਚ ਭਵਿਖ ਦੇ ਸੁਨਹਿਰੀ ਯੁਗ ਦੀ ਤਲਾਸ਼ ਕਰਨ' ਦਾ ਨਹੀਂ ਸੀ ਸਗੋਂ ਮਸਲਾ ਵੇਦਾਂ ਵਿਚਲੇ ਬ੍ਰਹਮ ਗਿਆਨ ਨੂੰ ਅਜੋਕੇ ਪ੍ਰਸੰਗ ਵਿਚ ਨਵਿਆਉਣ ਅਤੇ ਅਪਨਾਉਣ ਦਾ ਸੀ। ਵੈਦਿਕ ਫਿਲਾਸਫੀ ਵਿਚ ਬਹੁਤ ਕੁਝ ਮਨੂਵਾਦੀ ਕੂੜ ਰਲਿਆ ਹੋਇਆ ਹੈ, ਪਰ ਇਸ ਫਿਲਾਸਫੀ ਵਿਚ ਬ੍ਰਹਮ ਗਿਆਨ ਦੇ ਤਤ ਵੀ ਮੌਜੂਦ ਹਨ। ਮਸਲਾ ਮਨੂਵਾਦੀ ਭਰਮਾਊ ਧਾਰਨਾਵਾਂ ਤੇ ਇਨ੍ਹਾਂ ਵਿਚਲੇ ਬ੍ਰਹਮ ਗਿਆਨ ਨੂੰ ਨਿਖੇੜਨ ਦਾ ਸੀ। ਇਹ ਕੰਮ ਗੁਰਮਤਿ ਨੇ ਬਾਖੂਬੀ ਕੀਤਾ ਹੋਇਆ ਸੀ, ਜਿਸ ਨੂੰ ਅਗੇ ਤੋਰਨ ਦੀ ਲੋੜ ਸੀ। ਪਰ ਆਰੀਆ ਸਮਾਜ ਨੇ ਇਹ ਕੰਮ ਕਰਨ ਦੀ ਥਾਂ ਆਪਣੀ ਮਨੂਵਾਦੀ ਸੋਚ ਕਾਰਨ ਸਿੱਖ ਗੁਰੂਆਂ ਦੀ ਨਿੰਦਿਆ ਕਰ ਕੇ ਗੁਰਮਤਿ ਨਾਲ ਆਢਾ ਲਾ ਲਿਆ ਅਤੇ ਪੰਜਾਬ ਦੇ ਤਿੰਨਾਂ ਫਿਰਕਿਆਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਨਫਰਤ ਭਰਨ ਦਾ ਕਾਰਜ ਮਿਥ ਲਿਆ, ਜਿਸ ਨੂੰ ਅੰਗਰੇਜ਼ ਸਾਮਰਾਜੀਆਂ ਨੇ ਪੂਰੀ ਸ਼ਹਿ ਦਿਤੀ।

1909 ਵਿਚ ਛਪੀ ਆਪਣੀ ਇਕ ਅਹਿਮ ਲਿਖਤ 'ਹਿੰਦ ਸਵਰਾਜ' ਵਿਚ ਮਹਾਤਮਾ ਗਾਂਧੀ ਨੇ ਹਿੰਦੂ-ਮੁਸਲਮਾਨਾਂ ਵਿਚਲੀ ਵੰਡ ਦਾ ਜ਼ਿਕਰ ਕਰਦਿਆ ਲਿਖਿਆ ਹੈ, "ਹਿੰਦੂ ਲੋਕ ਮੁਸਲਮਾਨ ਬਾਦਸ਼ਾਹਾਂ ਅਤੇ ਮੁਸਲਮਾਨ ਹਿੰਦੂ ਰਾਜਿਆਂ ਅਧੀਨ ਰਹਿੰਦੇ ਆਏ ਹਨ। ਦੋਵਾਂ ਨੂੰ ਬਾਅਦ ਵਿਚ ਸਮਝ ਆ ਗਿਆ ਕਿ ਝਗੜੇ ਦਾ ਕੋਈ ਫਾਇਦਾ ਨਹੀਂ। ਲੜਾਈ ਨਾਲ ਕੋਈ ਆਪਣਾ ਧਰਮ ਨਹੀਂ ਛੱਡੇਗਾ ਅਤੇ ਕੋਈ ਆਪਣੀ ਜ਼ਿਦ ਵੀ ਨਹੀਂ ਛੱਡੇਗਾ। ਇਸ ਲਈ ਦੋਵਾਂ ਨੇ ਮਿਲ ਕੇ ਰਹਿਣ ਦਾ ਫੈਸਲਾ ਕਰ ਲਿਆ। ਝਗੜੇ ਤਾਂ ਫਿਰ ਤੋਂ ਅੰਗਰੇਜ਼ਾਂ ਨੇ ਸ਼ੁਰੂ ਕਰਵਾਏ।...ਮੁਸਲਮਾਨ ਹਿੰਸਕ ਅਤੇ ਹਿੰਦੂ ਅਹਿੰਸਕ ਹਨ, ਇਹ ਸੋਚਣਾ ਬਿਲਕੁਲ ਗਲਤ ਹੈ। ਐਸੇ ਵਿਚਾਰ ਸੁਆਰਥੀ ਧਰਮ ਪ੍ਰਚਾਰਕਾਂ, ਪੰਡਿਤਾਂ ਅਤੇ ਮੌਲਵੀਆਂ ਨੇ ਸਾਨੂੰ ਦਿਤੇ ਹਨ ਅਤੇ ਇਸ ਵਿਚ ਜੋ ਕਸਰ ਰਹਿ ਗਈ ਸੀ, ਉਸ ਨੂੰ ਅੰਗਰੇਜ਼ਾਂ ਨੇ ਪੂਰਾ ਕਰ ਦਿਤਾ ਹੈ। ਅੰਗਰੇਜ਼ਾਂ ਨੂੰ ਇਤਿਹਾਸ ਲਿਖਣ ਦੀ ਆਦਤ ਹੈ। ਹਰ ਇਕ ਜਾਤੀ ਦੇ ਰੀਤੀ-ਰਿਵਾਜ਼ ਜਾਣਨ ਦਾ ਉਹ ਫਰੇਬ ਕਰਦੇ ਹਨ। ਆਪਣੇ ਵਾਜੇ ਉਹ ਖੁਦ ਵਜਾਉਂਦੇ ਹਨ ਅਤੇ ਸਾਡੇ ਮਨ ਵਿਚ ਆਪਣੀ ਗੱਲ ਠੀਕ ਹੋਣ ਦਾ ਵਿਸ਼ਵਾਸ ਪੈਦਾ ਕਰਦੇ ਹਨ। ਅਸੀਂ ਆਪਣੇ ਭੋਲੇਪਣ ਵਿਚ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਯਕੀਨ ਕਰ ਲੈਂਦੇ ਹਾਂ।" (ਸਫਾ 179, 183 )

ਸਾਡੇ ਦੇਸ਼ ਵਿਚ ਹੁੰਦੇ ਫਿਰਕੂ ਫਸਾਦਾਂ ਦਾ ਅਸਲ ਕਾਰਨ ਭਾਰਤ ਦੀ ਬਹੁਧਰਮੀ ਖਾਸੀਅਤ ਨਹੀਂ, ਜਿਵੇਂ ਕਿ ਆਰ. ਐਸ. ਐਸ. ਤੇ ਨਾਸਤਿਕ ਕਮਿਊਨਿਸਟਾਂ ਵਲੋਂ ਪ੍ਰਚਾਰਿਆ ਜਾਂਦਾ ਹੈ। ਸਗੋਂ ਮਹਾਤਮਾ ਗਾਂਧੀ ਦੇ ਦੱਸਣ ਅਨੁਸਾਰ ਸਾਮਰਾਜੀਆਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਹੈ, ਜਿਸ ਨੂੰ 1947 ਤੋਂ ਬਾਅਦ ਵੀ ਮਨੂਵਾਦੀ ਹਾਕਮਾਂ ਨੇ ਜਾਰੀ ਰਖਿਆ ਹੋਇਆ ਹੈ। ਫਿਰਕੂ ਫਸਾਦਾਂ ਦਾ ਕਾਰਨ ਇਹੀ ਰਾਜਨੀਤੀ ਹੈ, ਕੋਈ ਧਰਮ ਨਹੀਂ।

ਵੈਦਿਕ ਫਿਲਾਸਫੀ ਵਿਚ ਦਰਜ ਹੈ, ਸਾਰੇ ਜਨ ਸੁਖੀ ਵਸਣ ਜਾਂ 'ਵਾਸੂਦੇਵਾ ਕਟੁੰਬਮ' ਭਾਵ ਸਾਰਾ ਵਿਸ਼ਵ ਇਕ ਪਰਿਵਾਰ ਹੈ। ਗੁਰਮਤਿ ਨੇ ਇਸੇ ਵੈਦਿਕ ਧਾਰਨਾ ਨੂੰ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੇ ਰੂਪ ਵਿਚ ਅੱਗੇ ਤੋਰਿਆ। 'ਦੇਸ ਭਗਤੀ' ਤੇ 'ਭਾਰਤ ਮਾਤਾ' ਦੇ ਸੰਕਲਪ ਵੈਦਿਕ ਫਿਲਾਸਫੀ ਦੀ ਦੇਣ ਨਹੀਂ, ਸਗੋਂ ਮਨੂਵਾਦੀ ਸੋਚ ਦਾ ਰਾਜਨੀਤਕ ਪ੍ਰਗਟਾਵਾ ਹਨ। ਸਾਰੇ ਦੇਸ਼ ਨੂੰ ਇਕ 'ਰਾਸ਼ਟਰ' ਬਣਾਉਣ ਲਈ ਹਿੰਦੀ ਨੂੰ ਜਰੂਰੀ ਭਾਸ਼ਾ ਦੇ ਤੌਰ ਉਤੇ ਠੋਸਣਾ ਅਸਲ ਵਿਚ ਉਪਨਿਸ਼ਦਾਂ ਦੀ 'ਬ੍ਰਹਮ' ਫਿਲਾਸਫੀ ਦਾ ਨਿਰਾਦਰ ਕਰਨਾ ਹੈ। ਉਪਨਿਸ਼ਦ ਕੁਦਰਤ ਦੀ ਵੰਨ-ਸੁਵੰਨਤਾ ਨੂੰ ਮਾਨਣ ਅਤੇ ਇਸ ਦੀ ਰਾਖੀ ਕਰਨ ਦਾ ਗਿਆਨ ਦਿੰਦੇ ਹਨ। ਯਕੀਨਨ ਵੱਖ ਵੱਖ ਭਾਈਚਾਰਿਆਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਭਰੀ ਗਈ ਨਫਰਤ, ਸਾਮਰਾਜੀ ਰਾਜਨੀਤੀ ਅਤੇ ਮਨੂਵਾਦ ਦੀਆਂ ਪੈਰੋਕਾਰ ਆਰੀਆ ਸਮਾਜੀ ਅਖਬਾਰਾਂ ਦੀ ਦੇਣ ਹੈ, ਜਿਸ ਦਾ ਖਮਿਆਜਾ ਕਰੋੜਾਂ ਲੋਕਾਂ ਨੇ ਹਿੰਦ-ਪਾਕਿ ਤੇ ਬੰਗਾਲ ਦੀ ਹੋਈ ਵੰਡ ਦੇ ਰੂਪ ਵਿਚ ਭੁਗਤਿਆ ਹੈ। ਇਹ ਸੋਚ ਮਨੂਵਾਦੀ ਭਰਮਜਾਲ ਕਾਰਨ ਬਣੀਆਂ ਮਨ-ਕਲਪਿਤ ਧਾਰਨਾਵਾਂ ਦੀ ਦੇਣ ਹੈ। ਇਹ ਮਨੂਵਾਦੀ ਸੋਚ ਆਪਣੇ ਤੋਂ ਬਿਨਾ ਬਾਕੀ ਸਾਰਿਆਂ ਨੂੰ ਟਿਚ ਸਮਝਦੀ ਹੈ। ਇਸੇ ਮਨੂਵਾਦੀ ਸੋਚ ਨੇ ਦੇਸ਼ ਭਰ ਦੇ ਸਮਾਜੀ ਅਤੇ ਸਭਿਆਚਾਰਕ ਵਿਕਾਸ ਨੂੰ ਰੋਕਿਆ ਹੋਇਆ ਹੈ।

> ***ਵੈਦਿਕ ਫਿਲਾਸਫੀ ਵਿਚ ਦਰਜ ਹੈ, ਸਾਰੇ ਜਨ ਸੁਖੀ ਵਸਣ ਜਾਂ 'ਵਾਸੂਦੇਵਾ ਕਟੁੰਬਮ' ਭਾਵ ਸਾਰਾ ਵਿਸ਼ਵ ਇਕ ਪਰਿਵਾਰ ਹੈ। ਗੁਰਮਤਿ ਨੇ ਇਸੇ ਵੈਦਿਕ ਧਾਰਨਾ ਨੂੰ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੇ ਰੂਪ ਵਿਚ ਅੱਗੇ ਤੋਰਿਆ। 'ਦੇਸ ਭਗਤੀ' ਤੇ 'ਭਾਰਤ ਮਾਤਾ' ਦੇ ਸੰਕਲਪ ਵੈਦਿਕ ਫਿਲਾਸਫੀ ਦੀ ਦੇਣ ਨਹੀਂ, ਸਗੋਂ ਮਨੂਵਾਦੀ ਸੋਚ ਦਾ ਰਾਜਨੀਤਕ ਪ੍ਰਗਟਾਵਾ ਹਨ। ਸਾਰੇ ਦੇਸ਼ ਨੂੰ ਇਕ 'ਰਾਸ਼ਟਰ' ਬਣਾਉਣ ਲਈ ਹਿੰਦੀ ਨੂੰ ਜਰੂਰੀ ਭਾਸ਼ਾ ਦੇ ਤੌਰ ਉਤੇ ਠੋਸਣਾ ਅਸਲ ਵਿਚ ਉਪਨਿਸ਼ਦਾਂ ਦੀ 'ਬ੍ਰਹਮ' ਫਿਲਾਸਫੀ ਦਾ ਨਿਰਾਦਰ ਕਰਨਾ ਹੈ। ਉਪਨਿਸ਼ਦ ਕੁਦਰਤ ਦੀ ਵੰਨ-ਸੁਵੰਨਤਾ ਨੂੰ ਮਾਨਣ ਅਤੇ ਇਸ ਦੀ ਰਾਖੀ ਕਰਨ ਦਾ ਗਿਆਨ ਦਿੰਦੇ ਹਨ। ਯਕੀਨਨ ਵੱਖ ਵੱਖ ਭਾਈਚਾਰਿਆਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਭਰੀ ਗਈ ਨਫਰਤ, ਸਾਮਰਾਜੀ ਰਾਜਨੀਤੀ ਅਤੇ ਮਨੂਵਾਦ ਦੀਆਂ ਪੈਰੋਕਾਰ ਆਰੀਆ ਸਮਾਜੀ ਅਖਬਾਰਾਂ ਦੀ ਦੇਣ ਹੈ, ਜਿਸ ਦਾ ਖਮਿਆਜਾ ਕਰੋੜਾਂ ਲੋਕਾਂ ਨੇ ਹਿੰਦ-ਪਾਕਿ ਤੇ ਬੰਗਾਲ ਦੀ ਹੋਈ ਵੰਡ ਦੇ ਰੂਪ ਵਿਚ ਭੁਗਤਿਆ ਹੈ।***

# ਹਿੰਦੂ ਪਾਣੀ, ਮੁਸਲਿਮ ਪਾਣੀ

ਗੱਡੀ ਨਾਰੋਵਾਲ ਸਟੇਸ਼ਨ 'ਤੇ ਦਸ-ਪੰਦਰਾਂ ਮਿੰਟ ਲਈ ਰੁਕੀ ਸੀ, ਉਹ ਮਾਂ-ਪੁੱਤ ਸਿਆਲਕੋਟ ਤੋਂ ਗੱਡੀ ਵਿਚ ਬੈਠੇ ਸਨ ਅਤੇ ਡੇਰਾ ਬਾਬਾ ਨਾਨਕ ਦੇ ਰਸਤੇ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾ ਰਹੇ ਸਨ। ਗਰਮੀ ਬੜੀ ਸੀ ਅਤੇ ਮੁੰਡੇ ਨੂੰ ਤ੍ਰੇਹ ਲੱਗੀ ਸੀ। "ਮਾਂ ਤ੍ਰੇਹ ਬੜੀ ਲੱਗੀ ਏ, ਮੈਂ ਝੱਟ ਪਲੇਟਫਾਰਮ ਤੋਂ ਪਾਣੀ ਪੀ ਆਵਾਂ," ਮੁੰਡੇ ਨੇ ਮਾਂ ਤੋਂ ਪੁਛਿਆ।

"ਜਾ ਪੀ ਆ, ਪਰ ਜਲਦੀ ਕਰ, ਕਿਤੇ ਗੱਡੀ ਚਲ ਨਾ ਪਵੇ। ਇਹ ਗਲਾਸ ਵੀ ਲੈ ਜਾ, ਮੇਰੇ ਲਈ ਵੀ ਲਈ ਆਵੀਂ," ਮਾਂ ਨੇ ਮੁੰਡੇ ਨੂੰ ਝੋਲੇ ਵਿਚੋਂ ਕੱਢ ਕੇ ਗਲਾਸ ਫੜਾਉਂਦਿਆਂ ਇੱਕ ਹੋਰ ਹਦਾਇਤ ਦਿੱਤੀ, "ਪੁੱਤਰ ਖਿਆਲ ਰੱਖੀਂ, ਸਿਰਫ ਹਿੰਦੂ ਪਾਣੀ ਹੀ ਪੀਵੀਂ ਤੇ ਮੇਰੇ ਲਈ ਉਹੀ ਲਿਆਈਂ। ਉਥੇ ਮੁਸਲਮਾਨਾਂ ਦਾ ਪਾਣੀ ਵੀ ਅਲਗ ਪਿਆ ਹੁੰਦਾ ਏ, ਉਹ ਨਹੀਂ ਪੀਣਾ।"

ਮੁੰਡਾ ਸਿਰ ਤੋਂ ਮੋਨਾ ਸੀ, ਉਸ ਦੇ ਦਾਦਕੇ ਸਾਰੇ ਹਿੰਦੂ ਸਨ ਅਤੇ ਨਾਨਕਾ ਘਰ ਸਿੱਖਾਂ ਦਾ ਸੀ। ਉਸ ਦੀ ਮਾਂ ਗੁਰੂ ਘਰ ਨੂੰ ਮੰਨਦੀ ਸੀ।

ਮੁੰਡਾ 'ਠੀਕ ਏ' ਕਹਿ ਕੇ ਗੱਡੀ ਤੋਂ ਉਤਰ ਗਿਆ ਅਤੇ ਪਲੇਟਫਾਰਮ ਦੇ ਇੱਕ ਪਾਸੇ ਇਕ ਦਰਖਤ ਦੀ ਛਾਂ ਥੱਲੇ ਦੋ ਦੋ ਕਰ ਕੇ ਚਾਰ ਘੜੇ ਪਏ ਸਨ। ਚਾਰਾਂ ਘੜਿਆਂ 'ਤੇ ਉਰਦੂ ਵਿਚ ਕੁਝ ਲਿਖਿਆ ਸੀ ਅਤੇ ਮੁੰਡੇ ਨੂੰ ਉਰਦੂ ਪੜ੍ਹਨੀ ਨਹੀਂ ਸੀ ਆਉਂਦੀ। ਬਸ ਗੁਰਦੁਆਰੇ ਦੇ ਭਾਈ ਕੋਲੋਂ ਗੁਰਮੁਖੀ ਪੜ੍ਹਨ ਜਾਂਦਾ ਸੀ। ਮਾਂ-ਪੁੱਤਰ ਸਿਆਲਕੋਟ ਦੇ ਨੇੜੇ ਇੱਕ ਪਿੰਡ ਦੇ ਵਸਨੀਕ ਸਨ।

ਮੁੰਡਾ ਘੜਿਆਂ ਕੋਲ ਜਾ ਖਲੋਤਾ ਅਤੇ ਪ੍ਰੇਸ਼ਾਨੀ ਵਿਚ ਉਨ੍ਹਾਂ ਵੱਲ ਝਾਕ ਰਿਹਾ ਸੀ ਕਿ ਕੀ ਕਰਾਂ, ਕਿਹੜੇ ਘੜੇ 'ਚੋਂ ਪਾਣੀ ਪੀਵਾਂ। ਨੇੜੇ ਹੀ ਦਰਖਤ ਦੀ ਛਾਂਵੇਂ ਬੈਂਚ 'ਤੇ ਇੱਕ ਬਜੁਰਗ ਬੈਠਾ ਸੀ। ਸ਼ਕਲ ਤੇ ਪਹਿਰਾਵੇ ਤੋਂ ਮੁਸਲਮਾਨ ਲਗਦਾ ਸੀ। ਮੁੰਡੇ ਦੀ ਪ੍ਰੇਸ਼ਾਨੀ ਸਮਝ ਗਿਆ, "ਹਾਂ ਬਈ ਕਾਕਾ, ਪਾਣੀ ਪੀਣਾ ਏ?"

"ਹਾਂ ਜੀ, ਪੀਣਾ ਏ। ਤ੍ਰੇਹ ਬੜੀ ਲੱਗੀ ਏ, ਪਰ ਪਤਾ ਨਹੀਂ ਲੱਗ ਰਿਹਾ ਕਿਹੜੇ ਘੜੇ 'ਚੋਂ ਪੀਵਾਂ।" ਮੁੰਡੇ ਦਾ ਜਵਾਬ ਸੀ।

"ਹਾਂ, ਪਹਿਲਾਂ ਇਹ ਦਸ ਕਿ ਤੂੰ ਮੁਸਲਮਾਨ ਏਂ ਜਾਂ ਹਿੰਦੂ? ਜੇ ਹਿੰਦੂ ਏਂ ਸੱਜੇ ਹੱਥ ਦੋਵੇਂ ਘੜਿਆਂ ਤੋਂ ਪੀ ਲੈ, ਜੇ ਮੁਸਲਮਾਨ ਏਂ ਤਾਂ ਖੱਬੇ ਹੱਥ ਦੋਵੇਂ ਘੜਿਆਂ ਦਾ ਪਾਣੀ ਤੇਰੇ ਲਈ ਠੀਕ ਏ।" ਬਜ਼ੁਰਗ ਨੇ ਸਮਝਾਇਆ।

ਮੁੰਡੇ ਨੇ ਸੱਜੇ ਹੱਥ ਦੇ ਇੱਕ ਘੜੇ ਤੋਂ ਚੱਪਣੀ ਲਾਹੀ ਅਤੇ ਘੜੇ ਉਤੇ ਪਏ ਇਕ ਮਿੱਟੀ ਦੇ ਕੁੱਜੇ ਨਾਲ ਪਾਣੀ ਲਿਆ ਤੇ ਬੁੱਕ ਖੁਦ ਰਜ ਕੇ ਪੀਤਾ ਅਤੇ ਨਾਲ ਲਿਆਂਦਾ ਗਲਾਸ ਵੀ ਭਰ ਲਿਆ।

ਪਾਣੀ ਪੀਣ ਤੋਂ ਬਾਅਦ ਮੁੰਡੇ ਨੇ ਭੋਲੇਪਣ ਵਿਚ ਬਜ਼ੁਰਗ ਤੋਂ ਪੁੱਛ ਹੀ ਲਿਆ, "ਚਾਚਾ, ਇਨ੍ਹਾਂ ਦੋਹਾਂ ਪਾਣੀਆਂ 'ਚ ਕੀ ਫਰਕ ਏ?"

ਬਜ਼ੁਰਗ ਨੇ ਜਵਾਬ ਦਿੱਤਾ, "ਕੋਈ ਫਰਕ ਨਹੀਂ, ਪਾਣੀ ਤੇ ਪਾਣੀ ਹੀ ਹੁੰਦਾ ਹੈ। ਅਹੁ ਸਾਹਮਣੇ ਪਲੇਟਫਾਰਮ ਦੇ ਦੂਜੇ ਪਾਸੇ ਖੂਹ ਦੇਖ ਰਿਹਾਂ, ਇਹ ਚਾਰੇ ਘੜਿਆਂ ਵਿਚ ਉਸੇ ਖੂਹ ਦਾ ਪਾਣੀ ਏ। ਬਸ ਮੁਸਲਮਾਨਾਂ ਲਈ ਘੜਿਆਂ ਵਿਚ ਪਾਣੀ ਮਸ਼ਕ ਨਾਲ ਭਰਿਆ ਏ, ਜੋ ਮਰੇ ਕੱਟੇ ਦੀ ਖੱਲ ਤੋਂ ਬਣਾਏ ਚਮੜੇ ਨੂੰ ਸਿਉਂ ਕੇ ਬਣਦੀ ਏ ਅਤੇ ਹਿੰਦੂਆਂ ਦੇ ਘੜੇ ਬਾਲਟੀ ਨਾਲ ਪਾਣੀ ਲਿਆ ਕੇ ਭਰੇ ਨੇ।"

ਗੱਡੀ ਨੇ ਚੱਲਣ ਲਈ ਸਿਟੀ ਮਾਰੀ ਅਤੇ ਮੁੰਡਾ ਮਾਂ ਲਈ ਪਾਣੀ ਲੈ ਆਪਣੇ ਡੱਬੇ ਜਾ ਚੜ੍ਹਿਆ। ਹੁਣ ਉਸ ਨੂੰ ਹਿੰਦੂ ਪਾਣੀ ਅਤੇ ਮੁਸਲਮਾਨ ਪਾਣੀ ਦਾ ਫਰਕ ਕੁਝ ਕੁਝ ਸਮਝ ਆ ਗਿਆ ਸੀ।

**-ਦਿਲਜੋਧ ਸਿੰਘ ਵਿਸਕਾਸਿਨ**
*diljodh@yahoo.com*

# ਗੁਰਮਤਿ ਸੰਗੀਤ ਨੂੰ ਰਬਾਬੀਆਂ ਅਤੇ ਸਿੰਧੀ ਸਮਾਜ ਦੀ ਦੇਣ

ਰਬਾਬ ਸ਼ਬਦ ਦਾ ਸੰਧੀ-ਛੇਦ ਕਰਨ 'ਤੇ ਪਤਾ ਲੱਗਦਾ ਹੈ ਕਿ ਇਸ ਦੇ ਅਰਥ ਹਨ-ਰੱਬ+ਆਬ; ਅਰਥਾਤ ਪ੍ਰਭੂ ਪਰਮੇਸ਼ਰ ਅਤੇ ਆਬ ਯਾਨਿ ਪਾਣੀ; ਅਰਥਾਤ ਆਬ-ਏ-ਹਯਾਤ। ਅਜਿਹਾ ਰਸ ਜਿਸ ਦੇ ਪੀਣ ਨਾਲ ਤਨ-ਮਨ ਹਰਿਆ ਹੋ ਜਾਵੇ। ਰਬਾਬ ਪੁਰਾਤਨ ਸੰਗੀਤਕ ਸਾਜ਼ ਹੈ ਜਿਸ ਨੂੰ ਵਜਾਉਣ ਵਾਲਿਆਂ ਨੂੰ ਰਬਾਬੀ ਕਿਹਾ ਜਾਣ ਲੱਗਾ। ਗੁਰਮਤਿ ਸੰਗੀਤ ਨਾਲ ਰਬਾਬ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇ ਸੰਗੀ ਭਾਈ ਮਰਦਾਨਾ ਤੋਂ ਜੁੜਦਾ ਹੈ। ਜਦੋਂ ਗੁਰੂ ਨਾਨਕ ਨੇ ਸੁਲਤਾਨਪੁਰ ਲੋਧੀ ਤੋਂ ਆਪਣਾ ਸੰਸਾਰ-ਰਟਨ (ਉਦਾਸੀਆਂ) ਸ਼ੁਰੂ ਕੀਤਾ, ਤਾਂ ਉਨ੍ਹਾਂ ਭਾਈ ਮਰਦਾਨੇ ਨੂੰ ਆਪਣਾ ਸੰਗੀ ਚੁਣਿਆ। ਉਸ ਨੂੰ ਖੁਦ ਰਬਾਬ ਖਰੀਦ ਕੇ ਦਿੱਤੀ ਤੇ ਜਗਤ ਜਲੰਦੇ ਨੂੰ

**ਤੀਰਥ ਸਿੰਘ ਢਿੱਲੋਂ**
**ਫੋਨ: 91-98154-617103**

ਆਪਣੀ ਕਿਰਪਾ ਧਾਰ ਕੇ ਰੱਖਣ ਲਈ ਕੀਰਤਨ ਨੂੰ ਆਪਣਾ ਮਾਧਿਅਮ ਬਣਾਇਆ। ਗੁਰੂ ਨਾਨਕ ਤ੍ਰੈਕਾਲ ਦਰਸ਼ੀ ਤਾਂ ਸਨ ਹੀ, ਜਦ ਵੀ ਡੂੰਘੀ ਭਗਤੀ ਦੇ ਰੌਂ ਵਿਚ ਹੁੰਦੇ, ਆਪਣੇ ਸਾਜ਼ਿੰਦੇ ਮਰਦਾਨੇ ਨੂੰ ਇਉਂ ਆਵਾਜ਼ ਦਿੰਦੇ: "ਮਰਦਾਨਿਆ ਰਬਾਬ ਛੇੜ, ਕਾਈ ਸਿਫਤ ਖੁਦਾਇ ਦੀ ਕਰੀਏ।" ਭਾਈ ਗੁਰਦਾਸ ਇਸ ਪ੍ਰਥਾਏ ਲਿਖਦੇ ਨੇ: ਭਲਾ ਰਬਾਬ ਵਜਾਇੰਦਾ ਮਜਲਿਸ ਮਰਦਾਨਾ ਮੀਰਾਸੀ॥

ਅਤੇ ਇਕ ਹੋਰ ਥਾਂ ਲਿਖਦੇ ਹਨ: ਇਕ ਬਾਬਾ ਅਕਾਲ ਰੂਪ ਦੂਜਾ ਮਰਦਾਨਾ ਰਬਾਬੀ॥

ਭਾਈ ਮਰਦਾਨੇ ਨੂੰ ਸਿੱਖ ਧਰਮ ਵਿਚ ਭਾਈ (ਭਰਾ) ਦਾ ਲਕਬ ਹਾਸਲ ਕਰਨ ਦਾ ਸ਼ਰਫ ਸਭ ਤੋਂ ਪਹਿਲਾਂ ਹਾਸਲ ਹੋਇਆ। ਲੰਮੇਰੇ ਸਮੇਂ ਤੱਕ ਦੇਸ਼-ਵਿਦੇਸ਼ ਵਿਚ ਗੁਰੂ ਬਾਬੇ ਦਾ ਸਾਥ ਦੇਣ ਵਾਲੇ ਭਾਈ ਮਰਦਾਨਾ 13 ਮੱਘਰ, 1591 ਨੂੰ ਅਫਗਾਨਿਸਤਾਨ ਦੇ ਕੁਰਮ ਸ਼ਹਿਰ ਵਿਚ ਚਲਾਣਾ ਕਰ ਗਏ। ਉਨ੍ਹਾਂ ਦੀਆਂ ਅੰਤਿਮ ਰਸਮਾਂ ਗੁਰੂ ਨਾਨਕ ਦੇਵ ਨੇ ਖੁਦ ਕੀਤੀਆਂ। ਵੈਰਾਗਮਈ ਅਵਸਥਾ ਵਿਚ ਗੁਰੂ ਸਾਹਿਬ ਨੇ ਉਚਾਰਨ ਕੀਤਾ: ਟੂਟੀ ਤੰਤ ਰਬਾਬ ਕੀ ਵਾਜੈ ਨਹੀਂ ਵਿਯੋਗ।

ਭਾਈ ਮਰਦਾਨਾ ਦੇ ਬੇਟਿਆਂ-ਭਾਈ ਰਜਾਦਾ ਤੇ ਭਾਈ ਸਜਾਦਾ ਨੇ ਵੀ ਕੀਰਤਨ ਕੀਤਾ। ਰਬਾਬੀਆਂ ਦੀ ਗੁਰੂ ਘਰ ਨਾਲ ਸਾਂਝ ਨੂੰ ਭਾਈ ਸੱਤਾ ਤੇ ਬਲਵੰਡ ਦੀ ਜੋੜੀ ਨੇ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਦੀ ਸੇਵਾ ਰਾਹੀਂ ਪਕੇਰਾ ਕੀਤਾ। ਉਨ੍ਹਾਂ ਵਲੋਂ ਉਚਾਰੀ 'ਟਿੱਕੇ ਕੀ ਵਾਰ' ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ:

ਹੋਵੈ ਸਿਫਤਿ ਖਸਮ ਦੀ
ਨੂਰ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਸਾਹ
ਮਲੁ ਜਨਮ ਜਨਮ ਦੀ ਕਟੀਐ॥
(ਪੰਨਾ 967)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਲਕ ਦੀ ਵੰਡ ਤੱਕ ਲੰਮੇਰਾ ਸਮਾਂ ਜ਼ਿਆਦਾਤਰ ਰਬਾਬੀ ਹੀ ਕੀਰਤਨ ਕਰਦੇ ਰਹੇ। ਸੰਗਤਾਂ ਬੜੇ ਪਿਆਰ ਤੇ ਉਮਾਹ ਨਾਲ ਉਨ੍ਹਾਂ ਪਾਸੋਂ ਕੀਰਤਨ ਸਰਵਣ ਕਰਦੀਆਂ। ਪੰਥ ਰਬਾਬੀਆਂ ਦਾ ਬਹੁਤ ਮਾਣ-ਸਤਿਕਾਰ ਸੀ। ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਭਾਈ ਨੱਥ ਮੱਲ, ਭਾਈ ਸੱਦੂ-ਮੱਦੂ, ਭਾਈ ਨੰਦ, ਭਾਈ ਚੰਦ, ਭਾਈ ਅਮੀਰਾ, ਭਾਈ ਗਿੱਡੂ, ਭਾਈ ਮਹਿਬੂਬ ਅਲੀ ਸਿਤਾਰ ਨਵਾਜ਼, ਭਾਈ ਮਲੰਗ ਖਾਂ, ਭਾਈ ਆਗਾ ਫੈਜ਼, ਭਾਈ ਇਨਾਇਤ, ਭਾਈ ਸੰਤੂ, ਭਾਈ ਰੂੜਾ, ਭਾਈ ਮੋਤੀ, ਭਾਈ ਸਾਈਂ ਦਿੱਤਾ, ਭਾਈ ਤਾਬਾ ਤੇ ਭਾਈ ਲਾਲ (ਵੱਡੇ) ਕੀਰਤਨ ਕਲਾ ਤੇ ਰਾਗ ਸੰਗੀਤ ਦੇ ਧੁਰੰਤਰ ਫਨਕਾਰ ਸਨ। ਮੁਲਕ ਦੀ ਵੰਡ ਤੋਂ ਪਹਿਲਾਂ ਆਲਮ ਇਹ ਸੀ ਕਿ ਭਾਈ ਚਾਂਦ ਅਤੇ ਭਾਈ ਲਾਲ ਦੀ ਕੀਰਤਨ ਚੌਕੀ ਵੇਲੇ ਸੱਚਖੰਡ ਦੀ ਪਰਿਕਰਮਾ ਸਮੇਤ ਕਿਤੇ ਤਿਲ ਸੁੱਟਣ ਜੋਗੀ ਵੀ ਥਾਂ ਨਹੀਂ ਸੀ ਬਚਦੀ। ਕੀਰਤਨ ਵਿਚ ਰਬਾਬੀਆਂ ਦਾ ਕੋਈ ਸਾਨੀ ਨਹੀਂ ਸੀ। ਉਹ ਇਕ ਇਕ ਸ਼ਬਦ ਨੂੰ ਇੱਕ ਇੱਕ ਘੰਟੇ ਵਿਚ ਗਾਇਨ ਕਰਨ ਦੀ ਸਮਰਥਾ ਰੱਖਦੇ ਸਨ। ਵਿਆਖਿਆ ਨਹੀਂ ਸਨ ਕਰਦੇ।

ਇਸ ਸਮੇਂ ਦੌਰਾਨ ਮਹੰਤ ਗੱਜਾ ਸਿੰਘ, ਬਾਬਾ ਸ਼ਾਮ ਸਿੰਘ, ਭਾਈ ਹੀਰਾ ਸਿੰਘ, ਉਸਤਾਦ ਮਹਿਤਾਬ ਸਿੰਘ (ਅੰਮ੍ਰਿਤਸਰ), ਭਾਈ ਮਨਸਾ ਸਿੰਘ, ਭਾਈ ਸ਼ੇਰ ਸਿੰਘ ਗੁੱਜਰਾਂਵਾਲੀਏ, ਭਾਈ ਉਤਮ ਸਿੰਘ (ਦੋ ਜਥੇ), ਦਲੀਪ ਸਿੰਘ ਬੇਦੀ (ਮਗਰੋਂ ਪੰਡਿਤ ਦਲੀਪ ਚੰਦਰ ਬੇਦੀ), ਭਾਈ ਸੁੱਧ ਸਿੰਘ, ਭਾਈ ਹਰਨਾਮ ਸਿੰਘ (ਜੰਮੂ), ਭਾਈ ਦਲ ਸਿੰਘ, ਭਾਈ ਸੁੰਦਰ ਸਿੰਘ, ਭਾਈ ਪੂਰਨ ਸਿੰਘ (ਤਰਨ ਤਾਰਨ ਵਾਲੇ), ਭਾਈ ਜਵੰਦ ਸਿੰਘ ਇਤਿਆਦ ਗੈਰ-ਰਬਾਬੀ, ਉਚ ਕੋਟੀ ਦੇ ਕੀਰਤਨੀਏ ਵੀ ਸਮੇਂ ਸਮੇਂ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ।

ਇਨ੍ਹਾਂ ਦੇ ਨਾਲ ਨਾਲ ਭਾਈ ਨਸੀਰਾ, ਭਾਈ ਘਸੀਟਾ ਅਤੇ ਭਾਈ ਛੈਲਾ (ਮਹਾਰਾਜਾ ਪਟਿਆਲਾ ਦੇ ਦਰਬਾਰੀ ਫਨਕਾਰ) ਨੇ ਵੀ ਕੀਰਤਨ ਗਾਇਨ ਕੀਤਾ। ਉਸ ਸਮੇਂ ਰਿਕਾਰਡਿੰਗ ਦੀ ਕੋਈ ਸਹੂਲਤ ਨਾ ਹੋਣ ਕਾਰਨ ਕੀਰਤਨ ਪ੍ਰੇਮੀ ਤੇ ਕਦਰਦਾਨ ਇਨ੍ਹਾਂ ਮਹਾਨ ਤੇ ਗੁਣੀ-ਜਨ/ਰਬਾਬੀਆਂ ਰਾਗੀਆਂ ਵੱਲੋਂ ਗਾਏ ਗਏ ਕੀਰਤਨ ਦੇ ਅਮੋਲ ਖਜਾਨੇ ਤੋਂ ਮਹਿਰੂਮ ਰਹਿ ਗਏ ਹਨ। ਭਾਈ ਛੈਲਾ ਦੀ ਆਵਾਜ਼ ਵਿਚ ਇੱਕ ਸ਼ਬਦ/ਧਾਰਮਿਕ ਗੀਤ ਯੂ-ਟਿਊਬ ਉਤੇ ਸੁਣਿਆ ਜਾ ਸਕਦਾ ਹੈ।

ਭਾਈ ਲਾਲ (ਦੂਜੇ, ਪਾਕਿਸਤਾਨ ਵਾਲੇ) ਰਬਾਬੀ ਪਰੰਪਰਾ ਦੇ ਰੌਸ਼ਨ ਸਿਤਾਰੇ ਸਨ ਪਰ ਅਫਸੋਸ ਇਧਰ, ਅਕਸਰ ਆਉਣ-ਜਾਣ ਦੇ ਬਾਵਜੂਦ ਉਹ ਜੀਵਨ ਦੇ ਆਖਰੀ ਪਹਿਰ ਸ੍ਰੀ ਹਰਿਮੰਦਰ ਸਾਹਿਬ ਵਿਚ ਮੁੜ ਕੇ ਕੀਰਤਨ ਕਰਨ ਦੀ ਸਿਕ ਦਿਲ ਵਿਚ ਹੀ ਲੈ ਕੇ ਕੁਝ ਸਮਾਂ ਪਹਿਲਾਂ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ। ਉਨ੍ਹਾਂ ਦੇ ਗਾਏ ਅਨੇਕਾਂ ਸ਼ਬਦ ਯੂ-ਟਿਊਬ ਉਤੇ, ਦੇਸ਼-ਵਿਦੇਸ਼ ਦੀਆਂ ਸੰਗਤਾਂ ਕੋਲ ਤੇ ਜਲੰਧਰ ਦੇ ਕੀਰਤਨ ਆਰਕਾਈਵਜ਼ ਵਿਚ ਮਹਿਫੂਜ਼ ਹਨ। ਉਨ੍ਹਾਂ ਨੂੰ ਬਹੁਤ ਸਾਰੀ ਬਾਣੀ, ਦੀਵਾਨ ਨੰਦ ਲਾਲ ਗੋਯਾ ਦੀਆਂ ਫਾਰਸੀ ਗਜ਼ਲਾਂ, ਦਸਮ ਦੀ ਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਕੰਠ ਸਨ।

ਪਾਕਿਸਤਾਨ ਵਿਚ ਭਾਈ ਚਾਂਦ ਮੁਹੰਮਦ ਦੂਜੇ, ਮਰਹੂਮ ਭਾਈ ਲਾਲ ਦੇ ਦੋ ਪੁੱਤਰ ਤੇ ਇੱਕ ਦੋ ਹੋਰ ਰਬਾਬੀ ਜਥੇ ਇਸ ਮਹਾਨ ਵਿਰਾਸਤ ਨੂੰ ਸੰਭਾਲੀ ਬੈਠੇ ਹਨ, ਪਰ ਮਾਇਕ ਔਕੜਾਂ ਨਾਲ ਜੂਝ ਰਹੇ ਇਹ ਗੁਰੂ ਦੇ ਕੀਰਤਨੀਏ ਕਦੋਂ ਤੱਕ ਇਹ ਸੇਵਾ ਜਾਰੀ ਰੱਖਣਗੇ, ਇਹ ਵੱਡਾ ਸਵਾਲ ਹੈ।

ਭਾਈ ਮਰਦਾਨੇ ਦੀ ਅੰਸ-ਬੰਸ, ਰਬਾਬੀਆਂ ਨੂੰ 'ਮਰਦਾਨੇ ਕੇ' ਆਖ ਕੇ ਵੀ ਸਤਿਕਾਰ ਦਿੱਤਾ ਜਾਂਦਾ ਹੈ। ਅੱਜ ਲੋੜ ਹੈ, ਉਂਗਲਾਂ 'ਤੇ ਗਿਣੇ ਜਾਣ ਵਾਲੇ ਰਬਾਬੀਆਂ ਦੀ ਹਰ ਤਰ੍ਹਾਂ ਨਾਲ ਸਾਰ ਲਈ ਜਾਵੇ, ਤਾਂ ਕਿ ਕੀਰਤਨ ਦੀ ਪਰੰਪਰਾ ਜੀਵੰਤ ਰਹਿ ਸਕੇ।

ਸਿੰਧੀ ਸਮਾਜ ਅਤੇ ਗੁਰਮਤਿ ਸੰਗੀਤ: ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੀਆਂ ਪ੍ਰਚਾਰ ਫੇਰੀਆਂ ਦੌਰਾਨ ਜਦੋਂ ਉਹ ਸਿੰਧ ਇਲਾਕੇ ਵਿਚ ਗਏ ਤਾਂ ਉਨ੍ਹਾਂ ਵੱਲੋਂ ਦਿੱਤੇ ਸਰਬ ਸਾਂਝੀਵਾਲਤਾ ਦੇ ਉਪਦੇਸ਼ਾਂ ਅਤੇ ਕੀਤੇ ਗਏ ਰਸ ਭਿੰਨੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਅਣਗਿਣਤ ਸਿੰਧੀ, ਜੋ ਹਿੰਦੂ ਮੱਤ ਨੂੰ ਮੰਨਣ ਵਾਲੇ ਸਨ, ਗੁਰੂ ਘਰ ਨਾਲ ਜੁੜ ਗਏ। ਉਘੇ ਸਿੰਧੀ ਕੀਰਤਨੀਏ ਸਵਰਗੀ ਦਾਦਾ ਚੇਲਾ ਰਾਮ ਦੀ ਲਿਖਤ ਮੁਤਾਬਕ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਭਾਰਤ ਅਤੇ ਦੁਨੀਆਂ ਭਰ ਵਿਚ ਵਸ ਰਹੇ ਸਿੰਧੀ ਗੁਰਬਾਣੀ ਕੀਰਤਨ ਅਤੇ ਗੁਰੂ ਘਰ ਨਾਲ ਜੁੜੇ ਹੋਏ ਹਨ।



ਭਾਈ ਮਰਦਾਨਾ

ਗੁਰਬਾਣੀ ਕੀਰਤਨ ਦੇ ਖੇਤਰ ਵਿਚ ਸਿੰਧੀਆਂ ਦਾ ਯੋਗਦਾਨ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ। ਸਭ ਤੋਂ ਪਹਿਲਾ ਜਥਾ ਦਾਦਾ ਚੇਲਾ ਰਾਮ ਨੇ ਬਣਾਇਆ। ਉਨ੍ਹਾਂ ਦਾ ਜਨਮ 1904 ਵਿਚ ਹੈਦਰਾਬਾਦ (ਸਿੰਧ, ਪਾਕਿਸਤਾਨ) ਵਿਚ ਡਾਕਟਰ ਟੇਕ ਚੰਦ ਆਰ ਮਨਸੁਖਾਨੀ ਦੇ ਘਰ ਮਾਤਾ ਚੇਤ ਬਾਈ ਦੀ ਕੁੱਖੋਂ ਹੋਇਆ। ਘਰ ਵਿਚ ਉਪਰੋ ਥੱਲੀ ਹੋਈਆਂ ਕਈ ਮੌਤਾਂ ਨੇ ਨੌਜਵਾਨ ਚੇਲਾ ਰਾਮ ਦੇ ਮਨ ਵਿਚ ਵੈਰਾਗ ਦੀ ਅਵਸਥਾ ਪੈਦਾ ਕਰ ਦਿੱਤੀ ਅਤੇ ਉਨ੍ਹਾਂ ਨੇ ਰੂਹਾਨੀ ਸ਼ਾਂਤੀ ਲਈ ਗੁਰਬਾਣੀ ਅਤੇ ਕੀਰਤਨ ਦਾ ਓਟ ਆਸਰਾ ਲਿਆ। ਕਰਾਚੀ ਦੇ ਗੁਰਦੁਆਰੇ ਵਿਖੇ ਉਨ੍ਹਾਂ ਨੇ ਆਪਣੇ ਜਥੇ ਸਮੇਤ ਪਹਿਲੀ ਵਾਰ ਜਦੋਂ ਕੀਰਤਨ ਕੀਤਾ ਤਾਂ ਸੰਗਤ ਉਤੇ ਵਿਸਮਾਦ ਦਾ ਆਲਮ ਤਾਰੀ ਹੋ ਗਿਆ। ਉਨ੍ਹਾਂ ਨੇ ਆਪਣੇ ਜਥੇ ਸਮੇਤ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ 1938 ਵਿਚ ਅੰਮ੍ਰਿਤਸਰ 'ਚ ਵੀ ਕੀਰਤਨ ਦੀ ਹਾਜ਼ਰੀ ਭਰੀ। ਕਰਾਚੀ ਵਿਚ ਉਨ੍ਹਾਂ ਕੀਰਤਨ ਦੇ ਪ੍ਰਚਾਰ ਪ੍ਰਸਾਰ ਲਈ ਸੰਨ 1938 ਦੇ ਅੱਧ ਵਿਚ ਗੁਰਮਤਿ ਸੰਗੀਤ ਆਸ਼ਰਮ ਸ਼ੁਰੂ ਕੀਤਾ।

ਦੇਸ਼ ਦੀ ਵੰਡ ਤੋਂ ਬਾਅਦ ਦਾਦਾ ਚੇਲਾ ਰਾਮ ਦਾ ਪਰਿਵਾਰ ਦਿੱਲੀ ਆ ਵਸਿਆ। ਦਾਦਾ ਚੇਲਾ ਰਾਮ ਨੇ 'ਨਿਰਗੁਨ ਬਾਲਕ ਸਤਿਸੰਗ' ਸਥਾਪਤ ਕਰ ਕੇ ਮੁੰਬਈ, ਪੁਣੇ ਅਤੇ ਹਿਮਾਚਲ ਦੇ ਸੋਲਨ ਵਿਚ ਗੁਰੂ ਘਰ ਸਥਾਪਤ ਕੀਤੇ ਜਿਨ੍ਹਾਂ ਦਾ ਨਾਂ 'ਨਿਜ ਥਾਓਂ' ਰੱਖਿਆ ਗਿਆ। ਹਰ ਸਾਲ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਜਥੇ ਤੋਂ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਵਿਖੇ ਅੰਮ੍ਰਿਤ ਵੇਲੇ ਕੀਰਤਨ ਕਰਵਾਇਆ ਜਾਂਦਾ ਸੀ, ਜਿਸ ਦਾ ਆਲ ਇੰਡੀਆ ਰੇਡੀਓ 'ਤੇ ਸਿੱਧਾ ਪ੍ਰਸਾਰਨ ਹੁੰਦਾ ਸੀ।

ਦਾਦਾ ਚੇਲਾ ਰਾਮ ਸਿੰਧੀ ਦੇ ਜਥੇ ਵਿਚ ਉਨ੍ਹਾਂ ਦੀ ਪਤਨੀ ਬੀਬੀ ਕਮਲਾ ਜੀ ਅਤੇ ਹੋਰ ਪਰਿਵਾਰਕ ਮੈਂਬਰ ਸ਼ਰਧਾ ਸਹਿਤ ਕੀਰਤਨ ਕਰਦੇ। ਉਨ੍ਹਾਂ ਦੇ ਜਥੇ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਗੁਰਬਾਣੀ ਕੀਰਤਨ ਦੀ ਛਹਿਬਰ ਲਾਈ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਲਛਮਣ ਚੇਲਾ ਰਾਮ ਨੇ ਗੁਰਬਾਣੀ ਕੀਰਤਨ ਦੇ ਇਸ ਪ੍ਰਵਾਹ ਨੂੰ ਜਾਰੀ ਰੱਖਿਆ। ਉਨ੍ਹਾਂ ਨੇ ਕੀਰਤਨ ਦੇ ਨਾਲ ਨਾਲ ਗੁਰਬਾਣੀ ਅਤੇ ਦਸਮ ਗ੍ਰੰਥ ਦਾ ਸਿੰਧੀ, ਅਰਬੀ ਅਤੇ ਦੇਵਨਾਗਰੀ ਭਾਸ਼ਾਵਾਂ ਵਿਚ ਉਲੱਥਾ ਵੀ ਕੀਤਾ।

ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਇਸ ਸਿੰਧੀ ਪਰਿਵਾਰ ਨੂੰ ਗੁਰੂ ਘਰ ਦਾ ਸੱਚਾ ਸ਼ਰਧਾਲੂ ਦੱਸਦਿਆਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਦੀ ਤੀਜੀ ਸ਼ਤਾਬਦੀ ਮੌਕੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸਨਮਾਨਿਤ ਵੀ ਕੀਤਾ। ਅੱਜ ਕੱਲ੍ਹ ਦਾਦਾ ਚੇਲਾ ਰਾਮ ਦੇ ਪਰਿਵਾਰ ਵਿਚੋਂ ਬੀਬੀ ਰਾਧਿਕਾ ਦੇਵੀ ਕੀਰਤਨ ਦੀ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਇੱਕ ਹੋਰ ਸਿੰਧੀ ਜਥਾ ਸੁਨੀਲ ਜੀ ਦਾ ਹੈ, ਜੋ ਦੇਹਰਾਦੂਨ ਰਹਿੰਦੇ ਹਨ ਅਤੇ ਜਥੇ ਵਿਚ ਉਨ੍ਹਾਂ ਦੇ ਮਾਤਾ ਜੀ ਤਾਨਪੁਰੇ ਉਤੇ ਉਨ੍ਹਾਂ ਨਾਲ ਸੰਗਤ ਕਰਦੇ ਹਨ।

ਸਿੰਧੀਆਂ ਦੀ ਗੁਰਬਾਣੀ ਅਤੇ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਨੂੰ ਲਫਜ਼ਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੈ। ਕੀਰਤਨ ਦੇ ਨਾਲ ਨਾਲ ਸਾਧੂ ਟੀ. ਐਲ. ਵਾਸਵਾਨੀ ਨੇ ਗੁਰਬਾਣੀ ਦੀ ਬਹੁਤ ਸੁੰਦਰ ਵਿਆਖਿਆ ਵੀ ਕੀਤੀ ਹੈ। ਇਹ ਸਾਰੇ ਸਿੰਧੀ ਸ਼ਰਧਾਲੂ ਸਹਿਜਧਾਰੀ ਹੁੰਦੇ ਹੋਏ ਵੀ ਸਿੱਖ ਫੁਲਵਾੜੀ ਦਾ ਅਭਿੰਨ ਅੰਗ ਹਨ।

ਇਥੇ ਮੈਂ ਦੋ ਪ੍ਰਸਿਧ ਸਿੰਧੀ ਰਾਗੀ ਜਥਿਆਂ ਦਾ ਉਚੇਚੇ ਤੌਰ ਉਤੇ ਜ਼ਿਕਰ ਕਰਨਾ ਚਾਹਾਂਗਾ ਜਿਨ੍ਹਾਂ ਨੇ ਲੰਮੇ ਸਮੇਂ ਤੱਕ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਘਰ ਨਾਲ ਜੋੜਿਆ ਹੈ। ਪਹਿਲੇ ਸਨ, ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਰਾਤਨ ਰਾਗੀ ਭਾਈ ਉਤਮ ਸਿੰਘ ਸਿੰਧੀ, ਜਿਨ੍ਹਾਂ ਦਾ ਗਾਇਆ ਸ਼ਬਦ 'ਮੇਰੇ ਸਤਿਗੁਰੂ ਪੂਰੇ ਮੈਂ ਗਰੀਬ ਸਚੁ ਟੇਕ ਤੂੰ' ਅੱਜ ਵੀ ਆਕਾਸ਼ਵਾਣੀ ਜਲੰਧਰ ਤੋਂ ਸੁਣਿਆ ਜਾ ਸਕਦਾ ਹੈ। ਦੂਜੇ ਹਨ, ਭਾਈ ਚਤਰ ਸਿੰਘ ਸਿੰਧੀ ਜੋ ਇਸ ਸਮੇਂ ਵੀ ਸਾਡੇ ਵਿਚ ਮੌਜੂਦ ਹਨ ਅਤੇ ਆਪਣੇ ਵਿਲੱਖਣ ਅੰਦਾਜ਼ ਰਾਹੀਂ ਕੀਰਤਨ ਕਰਕੇ ਸੰਗਤ ਨੂੰ ਸਰਸ਼ਾਰ ਕਰ ਰਹੇ ਹਨ।

ਮਾਸਟਰ ਚੰਦਰ, ਐਚ. ਕੇ. ਚੇਨਾਨੀ, ਭਾਈ ਪ੍ਰਤਾਪ, ਪ੍ਰੇਮ ਰਾਮਚਨਦਾਨੀ, ਰਾਮ ਜਵਾਹਰਾਨੀ, ਭਾਈ ਅਨਿਲ ਹੰਸਲਸ ਭਈਆ ਜੀ, ਭਾਈ ਗੋਵਰਧਨ ਅਤੇ ਭਾਈ ਦਲੀਪ, ਸਾਈ ਗੁਰਮਖ ਦਾਸ ਇੰਦੌਰ ਤੇ ਭਾਈ ਗੁਰਦਾਸ ਸਿੰਘ ਸਿੰਧੀ ਨੇ ਵੀ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਵਰਣਨਯੋਗ ਸੇਵਾ ਕੀਤੀ ਹੈ ਅਤੇ ਕਰ ਰਹੇ ਹਨ। ਬਹੁਤ ਸੰਘਣੀ ਵਸੋਂ ਵਾਲੇ ਸਿੰਧੀ ਇਲਾਕੇ ਪਾਕਿਸਤਾਨ ਦੇ ਸਿੰਧ ਖੇਤਰ ਵਿਚ ਅੱਜ ਵੀ ਲੋਕ ਗੁਰਬਾਣੀ ਕੀਰਤਨ ਦੇ ਨਾਲ ਜੁੜੇ ਹੋਏ ਹਨ।

ਇਥੇ ਬੀਬੀ ਭਾਗਵੰਤੀ ਨਾਵਾਨੀ ਦਾ ਖਾਸ ਜ਼ਿਕਰ ਕਰਨਾ ਚਾਹਾਂਗਾ ਜਿਨ੍ਹਾਂ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਏਨਾ ਭਿੱਜ ਕੇ ਗਾਇਨ ਕੀਤਾ ਹੈ ਕਿ ਸਿੰਧੀ ਜ਼ੁਬਾਨ ਨੂੰ ਨਾ ਸਮਝਣ ਵਾਲਾ ਕੋਈ ਕੀਰਤਨ ਪ੍ਰੇਮੀ ਵੀ ਇਸ ਨੂੰ ਸੁਣ ਕੇ ਵਿਸਮਾਦੀ ਅਵਸਥਾ 'ਚ ਆ ਜਾਵੇਗਾ। ਸਾਰੇ ਸਿੰਧੀ ਜਥਿਆਂ ਵੱਲੋਂ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਹਰ ਸਿੰਧੀ ਵਸੋਂ ਵਾਲੇ ਸ਼ਹਿਰ ਵਿਚ ਬੜੀ ਸ਼ਰਧਾ ਨਾਲ ਮਨਾ ਕੇ ਕਥਾ ਕੀਰਤਨ ਪ੍ਰਵਾਹ ਚਲਾਏ ਜਾਂਦੇ ਹਨ।

ਸਿੰਧੀ ਸਮਾਜ ਨੇ ਇਸ ਗੱਲ ਦਾ ਗਿਲਾ ਕਈ ਵਾਰ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਸਿੰਧੀ ਵਸੋਂ ਵਾਲੇ ਖੇਤਰਾਂ ਵਿਚ ਕੀਰਤਨ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਧਿਆਨ ਨਹੀਂ ਦਿੱਤਾ। ਸਿੰਧੀ ਸਮਾਜ ਹਾਲੇ ਵੀ ਇਸ ਗੱਲ ਦੀ ਲੋੜ ਉਤੇ ਜ਼ੋਰ ਦਿੰਦਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਸਿੰਧੀ ਵਸੋਂ ਵਾਲੇ ਖੇਤਰਾਂ ਵਿਚ ਕੀਰਤਨ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਆਉਣਾ ਚਾਹੀਦਾ ਹੈ ਤਾਂ ਕਿ ਸਿੰਧੀ ਸਮਾਜ ਗੁਰੂ ਘਰ ਅਤੇ ਗੁਰਬਾਣੀ ਨਾਲ ਜੁੜਿਆ ਰਹਿ ਸਕੇ।



ਲਛਮਣ ਚੇਲਾ ਰਾਮ


ਭਾਗਵੰਤੀ ਨਾਵਾਨੀ

## ਗੁਰਬਾਣੀ ਗਿਆਨ

# ਕਲਿ ਕਲੇਸ ਮਿਟੇ ਹਰਿ ਨਾਇ

**ਗੋਂਡ ਮਹਲਾ ੫**
ਕਲਿ ਕਲੇਸ ਮਿਟੇ ਹਰਿ ਨਾਇ॥
ਦੁਖ ਬਿਨਸੇ ਸੁਖ ਕੀਨੋ ਠਾਉ॥
ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥
ਸੰਤ ਪ੍ਰਸਾਦਿ ਸਗਲ ਫਲ ਪਾਏ॥
ਰਾਮ ਜਪਤ ਜਨ ਪਾਰਿ ਪਰੇ॥
ਜਨਮ ਜਨਮ ਕੇ ਪਾਪ ਹਰੇ॥ ਰਹਾਉ॥
ਗੁਰ ਕੇ ਚਰਨ ਰਿਦੈ ਉਰਿ ਧਾਰੇ॥
ਅਗਨਿ ਸਾਗਰ ਤੇ ਉਤਰੇ ਪਾਰੇ॥
ਜਨਮ ਮਰਣ ਸਭ ਮਿਟੀ ਉਪਾਧਿ॥
ਪ੍ਰਭ ਸਿਉ ਲਾਗੀ ਸਹਜਿ ਸਮਾਧਿ॥
ਥਾਨ ਥਨੰਤਰਿ ਏਕੋ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ॥
ਕਰਿ ਕਿਰਪਾ ਜਾ ਕਉ ਮਤਿ ਦੇਇ॥
ਆਠ ਪਹਰ ਪ੍ਰਭ ਕਾ ਨਾਉ ਲੇਇ॥
ਜਾ ਕੈ ਅੰਤਰਿ ਵਸੈ ਪ੍ਰਭੁ ਆਪਿ॥
ਤਾ ਕੈ ਹਿਰਦੈ ਹੋਇ ਪ੍ਰਗਾਸੁ॥
ਭਗਤਿ ਭਾਇ ਹਰਿ ਕੀਰਤਨੁ ਕਰੀਐ॥
ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ॥

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਦੇ ਨਾਮ ਦੀ ਬਖਸ਼ਿਸ਼ ਨਾਲ ਪ੍ਰਭੂ ਦੇ ਪਿਆਰਿਆਂ ਦੇ ਅੰਦਰੋਂ ਕਲਿ ਕਲੇਸ਼ ਭਾਵ ਝਗੜੇ-ਬਖੇੜੇ ਮਿਟ ਜਾਂਦੇ ਹਨ; ਉਨ੍ਹਾਂ ਦੇ ਸਾਰੇ ਦੁੱਖ ਮੁੱਕ ਜਾਂਦੇ ਹਨ ਅਤੇ ਸੁੱਖ ਅੰਦਰ ਆਪਣਾ ਟਿਕਾਣਾ ਬਣਾ ਕੇ ਬੈਠ ਜਾਂਦੇ ਹਨ। ਉਹ ਉਚਾ ਸੁੱਚਾ ਆਤਮਕ ਜੀਵਨ ਦੇਣ ਵਾਲਾ ਹਰੀ ਦਾ ਨਾਮ ਜਪ ਜਪ ਕੇ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜੇ ਰਹਿੰਦੇ ਹਨ ਅਤੇ ਗੁਰੂ ਦੀ ਮਿਹਰ ਨਾਲ ਸਾਰੇ ਫਲ ਪ੍ਰਾਪਤ ਕਰ ਲੈਂਦੇ ਹਨ।

ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਉਪਦੇਸ਼ ਕਰਦਿਆਂ ਆਖ ਰਹੇ ਹਨ, ਹੇ ਭਾਈ! ਉਸ ਪਤਿਤ ਪਾਵਨ ਪ੍ਰਭੂ ਦਾ ਨਾਮ ਜਪ ਜਪ ਕੇ ਪਰਮਾਤਮਾ ਦੇ ਪਿਆਰੇ ਭਗਤ ਇਸ ਵਿਕਾਰਾਂ ਨਾਲ ਭਰੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ; ਹੇ ਭਾਈ ਨਾਮ ਜਪਦਿਆਂ ਉਨ੍ਹਾਂ ਦੇ ਜਨਮਾਂ ਜਨਮਾਂ ਦੇ ਕੀਤੇ ਸਾਰੇ ਪਾਪ ਵੀ ਦੂਰ ਹੋ ਜਾਂਦੇ ਹਨ। ਆਓ ਨਾਮ ਜਪੀਏ ਜੀ।

ਗੁਰੂ ਜੀ ਫੁਰਮਾਉਂਦੇ ਹਨ, ਭਾਈ! ਪ੍ਰਭੂ ਦੇ ਪਿਆਰੇ ਆਪਣੇ ਹਿਰਦੇ ਵਿਚ ਗੁਰੂ ਦੇ ਚਰਨ ਵਸਾਈ ਰੱਖਦੇ ਹਨ। ਪੂਰੀ ਸ਼ਰਧਾ ਨਾਲ ਗੁਰੂ ਦੇ ਸ਼ਬਦ ਨੂੰ ਮਨ ਵਿਚ ਟਿਕਾ ਕੇ ਰੱਖਦੇ ਹਨ ਅਤੇ ਵਿਕਾਰਾਂ ਦੀ ਅੱਗ ਵਿਚ ਸੜ ਰਹੇ ਸੰਸਾਰ ਤੋਂ ਪਾਰ ਲੰਘ ਜਾਂਦੇ ਹਨ; ਉਨ੍ਹਾਂ ਦਾ ਜਨਮ-ਮਰਣ ਦੇ ਗੇੜ ਦਾ ਸਾਰਾ ਬਖੇੜਾ ਹੀ ਮੁੱਕ ਜਾਂਦਾ ਹੈ। ਆਤਮਕ ਅਡੋਲਤਾ ਰਾਹੀਂ ਉਨ੍ਹਾਂ ਦੀ ਸੁਰਤਿ ਉਸ ਮਾਲਕ ਪ੍ਰਭੂ ਨਾਲ ਜੁੜੀ ਰਹਿੰਦੀ ਹੈ।

ਗੁਰਦੇਵ ਜੀ ਆਖਦੇ ਹਨ, ਹੇ ਭਾਈ ਜਿਹੜਾ ਮਾਲਕ ਸੁਆਮੀ ਪ੍ਰਭੂ ਆਪ ਹੀ ਸਭ ਥਾਂਈਂ ਵੱਸ ਰਿਹਾ ਹੈ ਅਤੇ ਜਿਹੜਾ ਅੰਤਰਜਾਮੀ ਪ੍ਰਭੂ ਸਾਰੇ ਹੀ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਹੈ, ਉਹ ਮਿਹਰਬਾਨ ਪ੍ਰਭੂ ਜਿਸ ਮਨੁੱਖ ਨੂੰ ਆਪਣੀ ਮਿਹਰ ਕਰਕੇ ਮਤਿ ਭਾਵ ਸੋਝੀ ਬਖਸ਼ਦਾ ਹੈ, ਉਹ ਮਨੁੱਖ ਅੱਠੇ ਪਹਿਰ ਪ੍ਰਭੂ ਦਾ ਨਾਮ ਸਿਮਰਨ ਕਰਦਾ ਰਹਿੰਦਾ ਹੈ।

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜਿਸ ਮਨੁੱਖ ਦੇ ਅੰਦਰ ਪ੍ਰਭੂ ਆਪ ਆ ਵੱਸਦਾ ਹੈ, ਉਸ ਵਡਭਾਗੇ ਮਨੁੱਖ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ। ਭਾਈ ਭਗਤੀ ਦੀ ਭਾਵਨਾ ਵਿਚ ਜੁੜ ਕੇ ਕੀਰਤਨ ਭਾਵ ਉਸ ਪ੍ਰਭੂ ਦੀ ਕੀਰਤੀ ਸਿਫਤਿ ਸਾਲਾਹ ਕਰਦੇ ਰਹਿਣਾ ਚਾਹੀਦਾ ਹੈ; ਉਸ ਪਾਰਬ੍ਰਹਮ ਪਰਮੇਸ਼ਰ ਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਚੜ੍ਹਿਆ ਮਾਘ ਤੇ ਮਾਘੀ ਆਈ

***ਸਿਆਲ ਦੀ ਠੰਢ ਨਾਲ ਠਰੇ ਮਹੀਨੇ ਪੋਹ ਤੋਂ ਬਾਅਦ ਮਾਘ ਦਾ ਅਰੰਭ ਹੀ ਤਿਉਹਾਰ ਤੋਂ ਹੁੰਦਾ ਹੈ। ਮਾਘ ਦੀ ਸੰਗਰਾਂਦ ਮੌਕੇ ਮਾਘੀ ਦਾ ਮੇਲਾ ਭਰਦਾ ਹੈ। ਇਹੀ ਉਹ ਦਿਨ ਹੁੰਦੇ ਹਨ ਜਦੋਂ ਠੰਢ ਦੀ ਜਕੜ ਟੁੱਟਣ ਲਗਦੀ ਹੈ ਅਤੇ ਬਨਸਪਤੀ ਮੁੜ ਮੌਲਣ ਲਗਦੀ ਹੈ। ਦਰੱਖਤ ਨਿੱਕੀਆਂ, ਮੁਲਾਇਮ ਤੇ ਮਲੂਕ ਪੱਤੀਆਂ ਨਾਲ ਸਜਦੇ ਜਾਪਦੇ ਹਨ। ਦੇਸੀ ਸਾਲ ਦੇ ਇਸ 11ਵੇਂ ਮਹੀਨੇ ਦਾ ਆਪਣਾ ਹੀ ਰੰਗ ਹੁੰਦਾ ਹੈ। ਇਹ ਮਹੀਨਾ ਅਸਲ ਵਿਚ ਸੁਹਾਵਣੇ ਮੌਸਮ ਦੀ ਦਸਤਕ ਹੈ। ਬਾਰਾਹਮਾਹ ਦੇ ਲੇਖਕ ਆਸਾ ਸਿੰਘ ਘੁਮਾਣ ਨੇ ਇਸ ਲੇਖ ਵਿਚ ਮਾਘ ਦੀ ਖੂਬਸੂਰਤੀ ਬਿਆਨ ਕੀਤੀ ਹੈ। -ਸੰਪਾਦਕ***

ਮਾਘ ਮਹੀਨੇ ਦਾ ਆਗਾਜ਼ ਹੀ ਤਿਉਹਾਰ ਨਾਲ ਹੁੰਦਾ ਹੈ। ਮਾਘ ਦੀ ਸੰਗਰਾਂਦ ਮਾਘੀ ਅਖਵਾਉਂਦੀ ਹੈ। ਇਹ ਦਿਹਾੜਾ ਪੁਰਾਤਨ ਸਮਿਆਂ ਤੋਂ ਹੀ ਸ਼ੁਭ ਮੰਨਿਆ ਜਾਂਦਾ ਹੈ। ਇਸ ਦਿਨ ਵਿਸ਼ੇਸ਼ ਤੌਰ 'ਤੇ ਧਾਰਮਿਕ ਸਥਾਨਾਂ ਸਥਿਤ ਸਰੋਵਰਾਂ ਵਿਚ ਅਤੇ ਧਾਰਮਿਕ ਮੰਨੀਆਂ ਜਾਂਦੀਆਂ ਨਦੀਆਂ ਵਿਚ ਇਸ਼ਨਾਨ ਕਰਨ ਦਾ ਖਾਸ ਮਹਾਤਮ ਮੰਨਿਆ ਜਾਂਦਾ ਹੈ। ਸ਼ੁਰੂ-ਸ਼ੁਰੂ ਵਿਚ ਤਾਂ ਗੰਗਾ-ਜਮਨਾ ਦਰਿਆਵਾਂ ਵਿਚ ਇਸ਼ਨਾਨ ਕਰਨਾ ਸ਼ੁਭਤਮ ਸਮਝਿਆ ਜਾਂਦਾ ਸੀ ਪਰ ਹੌਲੀ-ਹੌਲੀ ਇਹ ਧਾਰਨਾ ਟੁੱਟਣ ਲੱਗੀ ਤੇ ਕਿਸੇ ਵੀ ਵੇਈਂ, ਦਰਿਆ, ਨਦੀ ਆਦਿ 'ਤੇ ਇਸ਼ਨਾਨ ਕਰਨ ਦਾ ਰਿਵਾਜ ਚੱਲ ਪਿਆ। ਹੁਣ ਭਾਵੇਂ ਇਹ ਪਰੰਪਰਾਵਾਂ ਟੁੱਟ ਰਹੀਆਂ ਹਨ, ਪਰ ਬਹੁਤ ਸਾਰੇ ਲੋਕ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਪ੍ਰਥਾ ਜਾਂ ਪਰੰਪਰਾ ਨਾਲੋਂ ਟੁੱਟਣਾ ਔਖਾ ਲੱਗਦਾ ਹੈ, ਇਸ ਲਈ ਇਹ ਕਿਸੇ ਨਾ ਕਿਸੇ ਰੂਪ ਵਿਚ ਚੱਲਦੀਆਂ ਰਹਿੰਦੀਆਂ ਹਨ।

ਦੇਖਿਆ ਜਾਵੇ ਤਾਂ ਮਾਘੀ ਦੇ ਤਿਉਹਾਰ ਦਾ ਪਿਛਲੇ ਦਿਨਾਂ ਦੇ ਤਿਉਹਾਰ ਲੋਹੜੀ ਨਾਲੋਂ ਕਿੰਨਾ ਵੱਡਾ ਫਰਕ ਹੁੰਦਾ ਹੈ। ਲੋਹੜੀ ਅੱਗ ਹੈ, ਮਾਘੀ

**ਆਸਾ ਸਿੰਘ ਘੁਮਾਣ**
ਫੋਨ: 91-98152-53245

ਠੰਢਕ ਹੈ। ਲੋਹੜੀ ਦਾ ਸਬੰਧ ਮਘਣ ਨਾਲ ਹੁੰਦਾ ਹੈ, ਮਾਘੀ ਦਾ ਠਰਨ ਨਾਲ। ਲੋਹੜੀ ਦੀ ਰਾਤ ਖਾਧੇ ਗਏ ਗਰਮ ਪਦਾਰਥਾਂ ਨਾਲ ਸੇਕੇ ਗਏ ਪੇਟ ਨੂੰ ਠੰਢਕ ਪਹੁੰਚਾਉਣ ਲਈ ਰਾਤ ਗੰਨੇ ਦੇ ਰਸ ਨਾਲ ਰਿੱਝੀ ਖੀਰ, ਦਹੀਂ ਅਤੇ ਕਾਲੀ ਮਿਰਚ ਪਾ ਕੇ ਸਵੇਰੇ ਖਾਧੀ ਜਾਂਦੀ ਹੈ। ਜਿਸਮ ਦੀ ਚਮੜੀ ਨੂੰ ਵੀ ਤਿਲਾਂ ਦੇ ਤੇਲ ਦੀ ਮਾਲਸ਼ ਨਾਲ ਖੁਸ਼ਕੀ-ਗਰਮੀ ਤੋਂ ਰਾਹਤ ਦਿਵਾਈ ਜਾਂਦੀ ਹੈ। ਠੰਢੇ ਪਾਣੀ ਵਿਚ ਇਸ਼ਨਾਨ ਕਰਨ ਦਾ ਵੀ ਸ਼ਾਇਦ ਇਹੀ ਅਰਥ ਹੋਵੇ। ਉਂਜ ਵੀ ਪੋਹ ਵਿਚ ਨਹਾਉਣਾ ਕਿਤੇ ਸੌਖਾ ਕੰਮ ਹੁੰਦਾ? ਪੁਰਾਣੇ ਪੰਜਾਬੀਆਂ ਕੋਲ ਅੱਜ ਵਾਲੀਆਂ ਸਹੂਲਤਾਂ ਕਿਥੇ ਸਨ? ਨਾ ਬਾਥ-ਰੂਮ ਸਨ ਅਤੇ ਨਾ ਹੀ ਗੀਜ਼ਰ ਤੇ ਨਾ ਹੀ ਹੀਟਰ। ਪਾਣੀ ਦੀ ਵੀ ਕਮੀ ਸੀ, ਖੂਹੀਆਂ ਵਿਚੋਂ ਬਾਲਟੀ ਨਾਲ ਪਾਣੀ ਕੱਢਿਆ ਜਾਂਦਾ ਸੀ। ਠੰਢ ਅਤੇ ਬਰਫ ਪੈਣ ਕਰ ਕੇ ਨਦੀਆਂ ਵਿਚ ਵੀ ਪਾਣੀ ਘਟ ਜਾਂਦਾ ਸੀ।

ਮਾਘੀ ਵਾਲੇ ਦਿਨ ਕਈ ਥਾਂਵਾਂ 'ਤੇ ਮੇਲੇ ਲੱਗਦੇ ਹਨ। ਪੰਜਾਬ ਵਿਚ ਵੀ ਮੁਕਤਸਰ ਦਾ ਮਾਘੀ ਮੇਲਾ ਮਸ਼ਹੂਰ ਹੈ। ਸੰਗਤਾਂ ਦੂਰ-ਦੂਰ ਤੋਂ ਇਥੇ ਪਹੁੰਚਦੀਆਂ ਹਨ ਅਤੇ 40 ਮੁਕਤਿਆਂ ਦੀ ਕੁਰਬਾਨੀ ਯਾਦ ਕਰਦਿਆਂ ਸ਼ਰਧਾ ਸਹਿਤ ਇਸ਼ਨਾਨ ਕਰਦੀਆਂ ਹਨ। ਬਹੁਤ ਸਾਰੇ ਲੋਕ ਰਾਤ ਮੁਕਤਸਰ ਸਾਹਿਬ ਪਹੁੰਚ ਜਾਂਦੇ ਹਨ ਅਤੇ ਸਵੇਰੇ ਸਾਜਰੇ ਉਠ ਕੇ ਇਸ਼ਨਾਨ ਕਰਦੇ ਹਨ ਪਰ ਅਫਸੋਸ ਕਿ ਕੁਝ ਸਮੇਂ ਤੋਂ ਮੁਕਤਸਰ ਦੀ ਮਾਘੀ ਸਿਆਸੀ ਕਾਨਫਰੰਸਾਂ ਦੀ ਭੇਟ ਚੜ੍ਹ ਗਈ ਹੈ। ਸਾਰੀਆਂ ਹੀ ਪਾਰਟੀਆਂ ਵੱਧ ਤੋਂ ਵੱਧ ਭੀੜ ਇਕੱਠੀ ਕਰਨ ਦੀ ਕੋਸ਼ਿਸ਼ ਵਿਚ ਸ਼ਰਧਾਲੂਆਂ ਲਈ ਟਰੈਫਿਕ ਦੀ ਸਮੱਸਿਆ ਖੜ੍ਹੀ ਕਰ ਦਿੰਦੀਆਂ ਹਨ। ਕਈ ਸ਼ਰਧਾਲੂ ਸਰੋਵਰ ਤੱਕ ਪਹੁੰਚ ਹੀ ਨਹੀਂ ਸਕਦੇ। ਬਜਾਇ ਇਸ ਦੇ ਕਿ ਉਸ ਦਿਨ ਨਾਲ ਸਬੰਧਤ ਸ਼ਖਸੀਅਤਾਂ ਬਾਰੇ ਵਾਕਫੀਅਤ ਹਾਸਲ ਕੀਤੀ ਜਾਵੇ, ਮਾਈ ਭਾਗੋ ਅਤੇ ਚਾਲੀ ਮੁਕਤਿਆਂ ਬਾਰੇ ਜਾਣਿਆ ਜਾਵੇ, ਇਹ ਦਿਹਾੜਾ ਸਿਆਸੀ ਗਾਲੀ-ਗਲੋਚ ਦੀ ਭੇਟ ਚੜ੍ਹ ਜਾਂਦਾ ਹੈ।

ਇਥੇ ਇਹ ਚਿੰਤਾ ਜਾਹਰ ਕਰਨੀ ਵੀ ਜਾਇਜ਼ ਹੋਵੇਗੀ ਕਿ ਪੰਜਾਬੀ ਲੋਕ ਤਾਂ ਪਹਿਲਾਂ ਹੀ ਇਤਿਹਾਸ ਪੱਖੋਂ ਗਾਫਲ ਹਨ। ਮਸਲਨ, ਪੰਜਾਬੀ ਬੱਚੇ 'ਖੂਬ ਲੜੀ ਮਰਦਾਨੀ, ਵੋ ਤੋ ਝਾਂਸੀ ਵਾਲੀ ਰਾਨੀ ਥੀ' ਬਾਰੇ ਤਾਂ ਜਾਣਦੇ ਹੋਣਗੇ ਜੋ ਦੇਸ਼ ਦੀ ਆਜ਼ਾਦੀ ਲਈ ਨਹੀਂ ਸਗੋਂ ਆਪਣੀ ਰਿਆਸਤ ਨੂੰ ਬਚਾਉਣ ਲਈ ਮੁਤਬੰਨਾ ਐਕਟ ਦੇ ਖਿਲਾਫ ਲੜੀ ਪਰ ਮਾਈ ਭਾਗੋ ਇਤਿਹਾਸ ਵਿਚ ਇਕੱਲੀ ਐਸੀ ਮਿਸਾਲ ਹੈ ਜਿਸ ਵਿਚ ਸ਼ਰਧਾ, ਧਰਮ ਅਤੇ ਅਣਖ ਖਾਤਰ ਕਿਸੇ ਪੰਜਾਬਣ ਨੇ ਘੋੜ-ਸਵਾਰ ਹੋ ਕੇ, ਹੱਥ ਤਲਵਾਰ ਫੜ੍ਹ ਮਰਦ-ਭਰਾਵਾਂ ਦੇ ਟੁੱਟੇ ਹੌਸਲੇ ਬੁਲੰਦ ਕੀਤੇ ਅਤੇ ਆਪਣੀ ਜਾਨ ਵਾਰ ਦਿੱਤੀ।

ਇਸ ਮਹੀਨੇ ਬਾਰੇ ਗੁਰੂ ਅਰਜਨ ਦੇਵ ਵੀ ਹਿੰਦੁਸਤਾਨੀ ਪਰੰਪਰਾ ਦੀ ਤਰਜ਼ 'ਤੇ ਲਿਖਦੇ ਹਨ:

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ
ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ
ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ
ਉਸਤਤਿ ਕਰੇ ਜਹਾਨੁ॥
ਅਠਸਠਿ ਤੀਰਥ ਸਗਲ ਪੁੰਨ
ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ
ਸੋਈ ਪੁਰਖੁ ਸੁਜਾਨੁ॥
ਜਿਨਾ ਮਿਲਿਆ ਪ੍ਰਭੁ ਆਪਣਾ
ਨਾਨਕ ਤਿਨ ਕੁਰਬਾਨੁ॥
ਮਾਘਿ ਸੁਚੇ ਸੇ ਕਾਂਢੀਅਹਿ
ਜਿਨ ਪੂਰਾ ਗੁਰੁ ਮਿਹਰਵਾਨੁ॥

ਗੁਰੂ ਨਾਨਕ ਦੇਵ ਰਚਿਤ ਮਾਘ-ਰਚਨਾ ਵਿਚ ਵੀ ਕੁਦਰਤ ਚਿਤਰਨ ਨਾਲੋਂ ਤੀਰਥ, ਦਾਨ, ਇਸ਼ਨਾਨ ਤੇ ਧਿਆਨ ਦਾ ਵਰਣਨ ਵੱਧ ਹੈ:

ਮਾਘਿ ਪੁਨੀਤ ਭਈ
ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ
ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ
ਸਾਤ ਸਮੁੰਦ ਸਮਾਵਾ॥
ਪੁੰਨਿ ਦਾਨ ਪੂਜਾ ਪਰਮੇਸਰ
ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ॥

ਗੁਰੂ ਨਾਨਕ ਬਹੁਤ ਵੱਡੇ ਤਰਕਸ਼ੀਲ ਤੇ ਸਮਾਜ ਸੁਧਾਰਕ ਸਨ ਅਤੇ ਧਾਰਮਿਕ ਅਡੰਬਰਾਂ ਦੇ ਖਿਲਾਫ ਸਨ। ਉਚ ਪਾਏ ਦੀ ਵਿਦਿਆ ਪ੍ਰਾਪਤ ਹੋਣ ਕਰ ਕੇ ਉਹ ਸਮਾਜਕ ਵਰਤਾਰਿਆਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਜਾਣਦੇ ਸਨ ਕਿ ਜਿੰਨੀ ਦੇਰ ਤੱਕ ਮਨੁੱਖ ਆਪਣੇ ਮਨ ਦੀ ਸੁਧੀ ਨਹੀਂ ਕਰਦਾ, ਆਪਣੇ ਅੰਦਰ ਦੀ ਤੀਰਥ ਯਾਤਰਾ ਨਹੀਂ ਕਰਦਾ, ਓਨੀ ਦੇਰ ਤੱਕ ਗੰਗਾ-ਜਮਨਾ ਦੇ ਸੰਗਮ ਦੀ ਯਾਤਰਾ ਅਤੇ ਇਸ਼ਨਾਨ ਫਜ਼ੂਲ ਹਨ। ਇਹ ਸਾਰੀ ਪ੍ਰਕਿਰਿਆ ਅੰਦਰੂਨੀ ਅਤੇ ਨਿਰੰਤਰ ਹੋਣੀ ਚਾਹੀਦੀ ਹੈ। ਇਹ ਜੀਵਨ ਜਾਚ ਬਣਨੀ ਚਾਹੀਦੀ ਹੈ। ਇਕ ਦਿਨ ਦੇ ਮਾਘੀ ਇਸ਼ਨਾਨ ਨਾਲ ਸੁੱਚਮ ਪ੍ਰਾਪਤੀ ਨਹੀਂ ਹੋ ਸਕਦੀ।

ਮਾਘ ਮਹੀਨੇ ਕੀਤੇ ਜਾਂਦੇ ਪੁੰਨ-ਦਾਨ, ਇਸ਼ਨਾਨ ਬਾਰੇ ਲੋਕ ਗੀਤਾਂ ਵਿਚ ਵੀ ਅਜਿਹਾ ਹੀ ਜ਼ਿਕਰ ਹੈ:


ਮਾਘ ਦੇ ਮਹੀਨੇ ਜੀ ਮੈਂ ਇਸ਼ਨਾਨ ਕਰਦੀ
ਮੋਤੀਆਂ ਦੇ ਲਾਲ ਹੱਥੋਂ, ਪੁੰਨ-ਦਾਨ ਕਰਦੀ।

ਵੀਹਵੀਂ ਸਦੀ ਦਾ ਹਰਮਨ ਪਿਆਰਾ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਵੀ ਬੜੇ ਪਿਆਰੇ ਅੰਦਾਜ਼ ਵਿਚ ਮਾਘ ਦੀ ਸੰਗਰਾਂਦ ਨੂੰ ਉਚੇ-ਸੁੱਚੇ ਅਹਿਸਾਸ ਨਾਲ ਜੋੜਦਾ ਹੈ:

ਮਾਂ ਨੀ ਮਾਂ
ਜੇ ਇਜਾਜ਼ਤ ਦਏ ਤਾਂ
ਮੈਂ ਇਕ ਵਾਰੀ ਲੈ ਲਵਾਂ
ਮਾਘ ਦੀ ਹਾਏ ਸੁੱਚੜੀ
ਸੰਗਰਾਂਦ ਵਰਗਾ ਤੇਰਾ ਨਾਂ।

ਮਾਘ ਦਾ ਮਹੀਨਾ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ 14 ਜਨਵਰੀ ਤੋਂ 13 ਫਰਵਰੀ ਤੱਕ ਚੱਲਦਾ ਹੈ। ਲੋਹੜੀ-ਮਾਘੀ ਕਿਉਂਕਿ ਸੂਰਜ ਵਰ੍ਹੇ ਅਨੁਸਾਰ ਆਉਂਦੇ ਹਨ, ਇਸ ਕਰ ਕੇ ਮਾਘੀ ਪੱਕੇ ਤੌਰ 'ਤੇ ਹੀ 14 ਜਨਵਰੀ ਨੂੰ ਆਉਂਦੀ ਹੈ ਤੇ ਲੀਪ ਵਾਲੇ ਸਾਲ ਇਕ ਦਿਨ ਅੱਗੇ ਚਲੀ ਜਾਂਦੀ ਹੈ। ਪੰਜਾਬ ਵਿਚ ਮਾਘੀ ਦੀ ਸੰਗਰਾਂਦ ਨੂੰ ਸੂਰਜ 7:31 'ਤੇ ਸਵੇਰੇ ਨਿਕਲਦਾ ਹੈ ਅਤੇ 5:48 'ਤੇ ਡੁੱਬਦਾ ਹੈ। ਮਾਘ ਦੇ ਮਹੀਨੇ ਸਹਿਜ ਭਾ ਦਿਨ-ਬ-ਦਿਨ ਸਰਦੀ ਘਟਣ ਲੱਗਦੀ ਹੈ ਪਰ ਕਦੀ-ਕਦੀ ਬਰਸਾਤ ਹੋਣ ਨਾਲ ਠੰਢ ਇਕ ਦਮ ਵਧ ਜਾਂਦੀ ਹੈ ਅਤੇ ਧੁੰਦਾਂ ਪੈਣ ਲੱਗਦੀਆਂ ਹਨ। ਪੰਜਾਬੀਆਂ ਦਾ ਪਾਲੇ ਬਾਰੇ ਬੜਾ ਵਧੀਆ ਅਖਾਣ ਹੈ: "ਪਾਲਾ ਪੋਹ ਦਾ ਨਾ ਮਾਘ ਦਾ, ਪਾਲਾ ਵਾਓ ਦਾ।" ਸੋ ਇਸ ਮਹੀਨੇ ਵੀ ਮੀਂਹ ਦੀਆਂ ਚਾਰ ਛਿੱਟਾਂ ਪੈ ਜਾਣ ਅਤੇ ਹਵਾ ਚੱਲ ਪਵੇ ਤਾਂ ਫਿਰ ਭਰ-ਸਿਆਲਾ ਬਣ ਜਾਂਦਾ ਹੈ।

ਮਾਘ-ਫੱਗਣ ਦੀ ਰੁੱਤ ਪੰਜਾਬੀ ਰੁੱਤ-ਚੱਕਰ ਵਿਚ ਬਸੰਤ ਰੁੱਤ ਅਖਵਾਉਂਦੀ ਹੈ, ਭਾਵੇਂ ਬਸੰਤ ਦਾ ਪਹਿਲਾ ਦਿਨ ਬਸੰਤ ਪੰਚਮੀ ਦਾ ਦਿਨ ਮੰਨਿਆ ਜਾਂਦਾ ਹੈ। ਇਸ ਰੁੱਤ ਨੂੰ ਪੰਜਾਬ ਦੀ ਸਭ ਤੋਂ ਮਿੱਠੀ ਰੁੱਤ ਕਿਹਾ ਜਾਂਦਾ ਹੈ ਅਤੇ ਰਿਤੂ-ਰਾਜ ਕਰ ਕੇ ਜਾਣਿਆ ਜਾਂਦਾ ਹੈ। ਖੇਤਾਂ ਵਿਚ ਇਸ ਮੌਸਮ ਵਿਚ ਦੂਰ-ਦੂਰ ਤੱਕ ਹਰਿਆਵਲ ਅਤੇ ਸੋਨੇ-ਰੰਗੀ ਸਰੋਂ ਅਲੌਕਿਕ ਨਜ਼ਾਰਾ ਸਿਰਜ ਰਹੀ ਹੁੰਦੀ ਹੈ। ਕਿਤੇ-ਕਿਤੇ ਅਲਸੀ ਦੇ ਨੀਲੇ-ਨੀਲੇ ਫੁੱਲ ਆਪਣੀ ਹਾਜ਼ਰੀ ਲੁਆ ਰਹੇ ਹੁੰਦੇ ਹਨ। ਉਧਰੋਂ ਅੰਬਾਂ ਨੂੰ ਨਿੱਕਾ-ਨਿੱਕਾ ਬੂਰ ਪੈਣ ਲੱਗਦਾ ਹੈ। ਸਰਦੀਆਂ ਦੇ ਨਿਕਲਣ ਨਾਲ ਕੋਇਲ ਵੀ ਆਪਣਾ ਸੰਗੀਤ ਸੁਣਾਉਣ ਲੱਗਦੀ ਹੈ। ਸਰੋਂ ਦੇ ਖੇਤਾਂ ਦੁਆਲੇ ਬੰਨਿਆਂ ਉਤੇ ਅਤੇ ਆੜਾਂ ਵਿਚ ਘੁੱਗੀਆਂ ਵੀ




ਘੂੰ-ਘੂੰ ਕਰਨ ਲੱਗਦੀਆਂ ਹਨ।

ਅੱਜ ਦੇ ਯੁੱਗ ਵਿਚ ਮਨੁੱਖ ਭਾਵੇਂ ਕੁਦਰਤ ਤੋਂ ਦੂਰ ਹੋ ਰਿਹਾ ਹੈ, ਪਰ ਬੁਨਿਆਦੀ ਤੌਰ 'ਤੇ ਪੰਜਾਬੀ ਲੋਕ ਕੁਦਰਤ ਦੇ ਅੰਗ-ਸੰਗ ਰਹਿਣ ਵਾਲੇ ਹਨ। ਇਸ ਮੌਸਮ ਵਿਚ ਉਹ ਕੁਦਰਤ ਦੇ ਰੰਗਾਂ ਵਿਚ ਘੁਲ ਮਿਲ ਜਾਣਾ ਲੋਚਦੇ ਹਨ। ਬਸੰਤ ਪੰਚਮੀ ਦੇ ਮੌਕੇ 'ਤੇ ਪੰਜਾਬੀ ਗੱਭਰੂ ਖੇਤਾਂ ਵਿਚ ਪਸਰੇ ਪੀਲੇ ਰੰਗ ਦੇ ਨਾਲ ਰਲ ਮਿਲ ਜਾਣ ਲਈ ਸਿਰਾਂ 'ਤੇ ਬਸੰਤੀ ਚੀਰੇ ਸਜਾ ਲੈਂਦੇ ਹਨ ਅਤੇ ਪੰਜਾਬਣਾਂ ਪੀਲੇ ਦੁਪੱਟੇ। ਪੰਜਾਬ ਵਿਚ ਬਸੰਤ ਪੰਚਮੀ ਮੌਕੇ ਕਈ ਸ਼ਹਿਰਾਂ ਵਿਚ ਮੇਲੇ ਲੱਗਦੇ ਹਨ। ਖਾਸ ਤੌਰ 'ਤੇ ਕਪੂਰਥਲੇ ਸ਼ਾਲਾਮਾਰ ਬਾਗ ਵਿਖੇ ਅਤੇ ਛੇਹਰਟੇ ਤੇ ਪਟਿਆਲਾ ਵਿਖੇ ਬਸੰਤ ਪੰਚਮੀ ਮੌਕੇ ਅਨੇਕਾਂ ਸਾਲਾਂ ਤੋਂ ਮੇਲਾ ਲੱਗਦਾ ਆ ਰਿਹਾ ਹੈ।

ਇਸ ਮੌਸਮ ਵਿਚ ਫੁੱਲਾਂ 'ਤੇ ਬਹਾਰ ਆਉਣ ਲੱਗਦੀ ਹੈ। ਗੁਲਾਬ ਅਤੇ ਗੇਂਦਾ ਭਰ ਜੋਬਨ 'ਤੇ ਹੁੰਦੇ ਹਨ। ਪਸ਼ੂ-ਪੰਛੀ, ਫੁੱਲ-ਬੂਟੇ ਸਰਦੀਆਂ ਦੇ ਸੂਤਕ ਵਿਚੋਂ ਬਾਹਰ ਆਉਂਦੇ ਹਨ। ਮਰਦ-ਔਰਤ ਵੀ ਟਹਿਕਣ ਲੱਗਦੇ ਹਨ। ਨਵਾਂ ਖੂਨ ਚੱਲਦਾ ਹੈ। ਮੌਸਮ ਵਿਚ ਵੀ ਠਹਿਰਾਓ ਆ ਜਾਂਦਾ ਹੈ। ਅਸਮਾਨ ਵਿਚ ਨਾ ਤਾਂ ਬੱਦਲਾਂ ਦੀ ਹਾਜ਼ਰੀ ਹੁੰਦੀ ਹੈ ਤੇ ਨਾ ਹੀ ਹਵਾ ਅਠਖੇਲੀਆਂ ਕਰਦੀ ਹੈ, ਇਸ ਲਈ ਪਤੰਗਬਾਜ਼ੀ ਲਈ ਵੀ ਇਹ ਬੜਾ ਸੋਹਣਾ ਮੌਸਮ ਹੁੰਦਾ ਹੈ। ਬਸੰਤ ਪੰਚਮੀ ਤਾਂ ਇਸ ਸ਼ੌਕ ਦਾ ਸਿਖਰ ਹੋ ਨਿਬੜਦਾ ਹੈ। ਇਸ ਦਿਨ ਭਾਰਤ ਵਿਚ ਹੀ ਨਹੀਂ, ਪਾਕਿਸਤਾਨ ਵਿਚ ਵੀ ਪਤੰਗਾਂ ਦੇ ਮੁਕਾਬਲੇ ਬੜੇ ਜੋਸ਼-ਖਰੋਸ਼ ਨਾਲ ਕੀਤੇ-ਕਰਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਮਾਧੋ ਲਾਲ ਹੁਸੈਨ ਪਤੰਗਬਾਜ਼ੀ ਦਾ ਬੜਾ ਸ਼ੌਕੀਨ ਸੀ, ਇਸ ਲਈ ਬਸੰਤ ਪੰਚਮੀ ਦੇ ਮੌਕੇ 'ਤੇ ਬਸੰਤ ਦਾ ਮੇਲਾ ਬੜੇ ਉਤਸ਼ਾਹ ਨਾਲ ਕਰਾਇਆ ਜਾਂਦਾ ਹੈ; ਹਾਲਾਂਕਿ ਐਸੇ ਮੌਕੇ ਵੀ ਆਏ ਜਦ ਪਾਕਿਸਤਾਨ ਦੀਆਂ ਤੰਗ-ਦਿਲ ਅਤੇ ਕੱਟੜ ਸਰਕਾਰਾਂ ਵੱਲੋਂ ਬਸੰਤ ਪੰਚਮੀ ਦੇ ਮੌਕੇ ਪਤੰਗਬਾਜ਼ੀ 'ਤੇ ਪਾਬੰਦੀਆਂ ਵੀ ਲਾਈਆਂ ਗਈਆਂ ਪਰ ਆਮ ਲੋਕਾਂ ਵੱਲੋਂ ਸਮੂਹਿਕ ਰੂਪ ਵਿਚ ਇਨ੍ਹਾਂ ਪਾਬੰਦੀਆਂ ਦੀ ਉਲੰਘਣਾ ਕੀਤੀ ਗਈ। ਕੱਟੜ ਪੰਥੀਆਂ, ਮੁਲਾਣਿਆਂ ਅਤੇ ਕਾਜ਼ੀਆਂ ਵੱਲੋਂ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਬਸੰਤ ਪੰਚਮੀ ਹਿੰਦੂ ਤਿਉਹਾਰ ਹੈ, ਇਸ ਲਈ ਮੁਸਲਮਾਨਾਂ ਨੂੰ ਇਹ ਤਿਉਹਾਰ ਇਸ ਕਦਰ ਉਤਸ਼ਾਹ ਨਾਲ ਮਨਾਉਣਾ ਠੀਕ ਨਹੀਂ, ਪਰ ਆਮ ਜਨਤਾ ਹਮੇਸ਼ਾ ਪਾਕ-ਦਿਲ ਅਤੇ ਸਾਫ ਸਪਸ਼ਟ ਹੁੰਦੀ ਹੈ।

ਆਮ ਜਨਤਾ ਇਹ ਸਮਝਦੀ ਹੈ ਕਿ ਇਹ ਤਿਉਹਾਰ ਯੁੱਗਾਂ-ਯੁੱਗਾਂ ਤੋਂ ਬਸੰਤ ਰੁੱਤ ਦੇ ਆਗਮਨ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਰਿਹਾ ਹੈ। ਇਹ ਬਸੰਤ ਰੁੱਤ ਦਾ ਸਵਾਗਤੀ ਤਿਉਹਾਰ ਹੈ। ਇਹ ਖੁਸ਼ੀਆਂ-ਖੇੜਿਆਂ ਨੂੰ ਕਲਾਵੇ ਵਿਚ ਭਰ ਲੈਣ ਦੀ ਚਾਹਨਾ ਹੈ। ਇਹ ਕੁਦਰਤ ਦੇ ਰੰਗਾਂ ਵਿਚ ਰੰਗੇ ਜਾਣ ਦਾ ਮੌਕਾ ਹੈ, ਇਹ ਚੁੰਗੀਆਂ ਭਰਦੀ ਰੂਹ ਦੇ ਉਡੂੰ-ਉਡੂੰ ਕਰਨ ਦੀ ਤਰਜਮਾਨੀ ਹੈ। ਇਹ ਫੁੱਲਾਂ ਦੇ ਖਿੜਨ ਅਤੇ ਰੂਹਾਂ ਦੇ ਮੌਲਣ ਦਾ ਤਿਉਹਾਰ ਹੈ। ਇਹ ਸਾਰਾ ਕੁਝ ਵਾਘਾ ਬਾਰਡਰ ਦੇ ਦੋਹੀਂ ਪਾਸੀਂ ਇਕੋ ਜਿਹਾ ਹੈ। ਦੋਵੀਂ ਪਾਸੀ ਸਰੋਂ ਅਤੇ ਕਣਕ ਭਰ ਜੋਬਨ 'ਤੇ ਹੁੰਦੀ ਹੈ। ਦੋਵੀਂ ਪਾਸੀਂ 'ਰੁਤ ਫਿਰੀ ਵਣ ਕੰਬਿਆ' ਦਾ ਪ੍ਰਤਾਪ ਪ੍ਰਤੱਖ ਨਜ਼ਰੀ ਆਉਂਦਾ ਹੈ। ਦੋਵੇਂ ਪਾਸੇ ਹਵਾਵਾਂ ਸੁਗੰਧੀਆਂ ਬਖੇਰਦੀਆਂ ਹਨ। ਦੋਵੀਂ ਪਾਸੀਂ ਮਲਕਾ ਪੁਖਰਾਜ ਦਾ ਰਾਗ ਬਸੰਤ ਵਿਚ ਗਾਇਆ ਗੀਤ ਮਨ ਨੂੰ ਝੂਮਣ ਲਾ ਦਿੰਦਾ ਹੈ:

ਲੋ ਫਿਰ ਬਸੰਤ ਆਈ
ਵਜਨੇ ਲਗੀ ਸ਼ਹਿਨਾਈ...।

ਪੰਜਾਬੀ ਲੋਕ ਆਮ ਕਹਿੰਦੇ ਹਨ:

## ਬਾਰਹਮਾਹ

ਆਈ ਬਸੰਤ ਪਾਲਾ ਉਡੰਤ।

ਪਰ ਬਸੰਤ ਤੱਕ ਪਾਲਾ ਉਡੰਤ ਨਹੀਂ ਹੁੰਦਾ, ਇਸ ਲਈ ਕਈ ਵਿਦਵਾਨ ਸੱਜਣ ਇਹ ਭੁਲੇਖਾ ਖਾਣ ਲੱਗਦੇ ਹਨ ਕਿ ਇਹ ਅਖਾਣ ਗਲਤ ਹੈ। ਮਾਘ ਮਹੀਨੇ ਵਿਚ ਕਈ ਵਾਰ ਠੰਢ ਮੁੜ ਆਣ ਪੈਂਦੀ ਹੈ, ਧੁੰਦ ਵੀ ਪੈ ਜਾਂਦੀ ਹੈ। ਮੀਂਹ ਪੈ ਜਾਵੇ ਤਾਂ ਇਕ ਵਾਰੀ ਫਿਰ ਪੂਰਾ ਸਿਆਲ ਬਣ ਜਾਂਦਾ ਹੈ। ਉਸ ਮੌਸਮ ਵਿਚ 'ਪਾਲਾ ਉਡੰਤ' ਵਾਲੀ ਗੱਲ ਹੋਰ ਵੀ ਝੂਠੀ ਲੱਗਦੀ ਹੈ, ਪਰ ਅਸਲੀਅਤ ਇਹ ਹੈ ਕਿ ਬਸੰਤ ਕਿਸੇ ਦਿਹਾੜੇ ਦਾ ਨਾਂ ਨਹੀਂ, ਇਹ ਤਾਂ ਰੁੱਤ ਦਾ ਨਾਂ ਹੈ ਜੋ ਬਸੰਤ ਪੰਚਮੀ ਤੋਂ ਹੋਲੀ ਤੱਕ ਚੱਲਦੀ ਹੈ। ਇਹ ਅਰਸਾ ਮੌਜ-ਮਸਤੀ ਦਾ ਹੈ। ਇਹ ਰੁੱਤ ਚੇਤਨਾ, ਚਾਨਣ ਅਤੇ ਚਿੰਤਨ ਦੀ ਵੀ ਮੰਨੀ ਜਾਂਦੀ ਹੈ। ਕਈ ਰਾਜਾਂ ਵਿਚ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਸਕੂਲਾਂ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਬਸੰਤ ਰੁੱਤ ਵਿਚ ਰਾਗ ਹੰਡੋਲ ਅਤੇ ਰਾਗ ਬਸੰਤ ਗਾਏ ਜਾਂਦੇ ਹਨ। ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਰਾਗੀ ਸਿੰਘ ਬਸੰਤ ਰਾਗ ਵਿਚ ਕੀਰਤਨ ਕਰਦੇ ਹਨ।

ਹੁਲਾਸ ਦਾ ਇਹ ਮਾਹੌਲ ਸਭ ਨੂੰ ਖੁਸ਼ੀ ਬਖਸ਼ਦਾ ਹੈ, ਕਿਉਂਕਿ ਅਸਲੀਅਤ ਤਾਂ ਇਹੀ ਹੈ ਕਿ ਸਿਆਲ ਦੀ ਰੁੱਤ ਪੰਜਾਬੀਆਂ ਨੂੰ ਬਹੁਤੀ ਰਾਸ ਨਹੀਂ ਆਉਂਦੀ। ਸਰਦੀਆਂ ਵਿਚ ਉਨ੍ਹਾਂ ਦੀਆਂ ਸਾਰੀਆਂ ਸਰਗਰਮੀਆਂ ਮੱਠੀਆਂ ਪੈ ਜਾਂਦੀਆਂ ਹਨ। ਆਲਾ-ਦੁਆਲਾ ਨਿਰਉਤਸ਼ਾਹਤ ਹੋ ਜਾਂਦਾ ਹੈ। ਰੁੱਖਾਂ ਦੀਆਂ ਨੰਗੀਆਂ-ਬੁੱਚੀਆਂ ਟਾਹਣੀਆਂ ਉਦਾਸ ਮਾਹੌਲ ਸਿਰਜੀ ਰੱਖਦੀਆਂ ਹਨ। ਪਸ਼ੂ-ਪੰਛੀ ਵੀ ਗੰਦੇ-ਮੰਦੇ ਨਜ਼ਰ ਆਉਂਦੇ ਹਨ। ਖੇਤੀ ਦੇ ਕੰਮ-ਧੰਦੇ ਕਰਨੇ ਵੀ ਔਖੇ ਹੋ ਜਾਂਦੇ ਹਨ। ਇਹੀ ਵਜ੍ਹਾ ਹੈ ਕਿ ਬਸੰਤ ਰੁੱਤ ਨੂੰ ਚਾਅ ਨਾਲ ਉਡੀਕਿਆ ਜਾਂਦਾ ਹੈ। ਬਸੰਤ ਆਉਣ ਨਾਲ ਹਰ ਜੀਵੰਤ ਵਸਤੂ ਅੰਗੜਾਈਆਂ ਲੈਣ ਲੱਗਦੀ ਹੈ, ਪੌਣਾਂ ਮਹਿਕਾਂ ਛੱਡਣ ਲੱਗਦੀਆਂ ਹਨ, ਸ਼ਾਮਾਂ ਸੁਹਾਵਣੀਆਂ ਹੋਣ ਲੱਗਦੀਆਂ ਹਨ। ਪਾਲਾ ਭਾਵੇਂ ਉਡੰਤ ਨਾ ਹੀ ਹੋਵੇ, ਘਟੰਤ ਜ਼ਰੂਰ ਹੋ ਜਾਂਦਾ ਹੈ।

ਬਹਾਰ ਦਾ ਪੱਖ ਲੱਗਣ ਨਾਲ ਪੰਜਾਬ ਦੇ ਰੁੱਖਾਂ 'ਤੇ ਵੀ ਪੁੰਗਾਰਾ ਆਉਣ ਲੱਗਦਾ ਹੈ। ਨਿੱਕੀਆਂ ਪਿਆਰੀਆਂ ਪੱਤੀਆਂ ਨਿਕਲਣ ਲੱਗਦੀਆਂ ਹਨ। ਸਿੰਬਲ ਰੁੱਖ ਦਾ ਹੁਸਨ ਦੇਖਣ ਲਾਇਕ ਹੁੰਦਾ ਹੈ। ਮਾਘ-ਫੱਗਣ ਤੱਕ ਵੈਸੇ ਇਸ ਰੁੱਖ ਉਤੇ ਕੋਈ ਪੱਤਾ ਨਹੀਂ ਹੁੰਦਾ, ਪਰ ਸੜਕਾਂ ਦੇ ਕੰਢਿਆਂ 'ਤੇ ਖੜ੍ਹੇ ਸਿੰਬਲ ਦੇ ਰੁੱਖ ਚਮਕਦਾਰ ਲਾਲ ਸੂਹੇ ਫੁੱਲਾਂ ਨਾਲ ਭਰੇ ਜਾਣ ਦੀ ਤਿਆਰੀ ਵਿਚ ਖੂਬਸੂਰਤ ਲੱਗਣ ਲੱਗਦੇ ਹਨ। ਇਹੀ ਹਾਲ ਪਠਾਨਕੋਟ-ਅਨੰਦਪੁਰ ਸਾਹਿਬ ਦੇ ਪਹਾੜੀ ਹਿੱਸਿਆਂ ਵਿਚ ਉਗਦੇ ਕੈਂਥ ਰੁੱਖ ਦਾ ਹੁੰਦਾ ਹੈ।

ਸਰਦੀਆਂ ਵਿਚ ਇਹ ਰੁੱਖ ਬੁੱਚੀਆਂ-ਰੁਸੀਆਂ ਝਾੜੀਆਂ ਜਿਹਾ, ਬਿਲਕੁਲ ਬੇ-ਰੌਣਕਾ ਜਿਹਾ ਨਜ਼ਰ ਆਉਂਦਾ ਹੈ, ਪਰ ਮਾਘ ਦੇ ਅਖੀਰ ਤੱਕ ਇਹ ਵੀ ਚਿੱਟੇ ਰੰਗ ਦੇ ਫੁੱਲਾਂ ਦੇ ਗੁੱਛਿਆਂ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ। ਆੜੂ ਅਤੇ ਅਲੂਚੇ ਦੇ ਬੂਟਿਆਂ ਨੂੰ ਫੁੱਲ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਟਾਹਲੀਆਂ ਦੀਆਂ ਬੇ-ਜਾਨ ਟਾਹਣੀਆਂ ਵਿਚੋਂ ਵੀ ਬੜੀਆਂ ਮੁਲਾਇਮ ਪੱਤੀਆਂ ਨਿਕਲਣ ਲੱਗਦੀਆਂ ਹਨ। ਹੌਲੀ-ਹੌਲੀ ਬਹਾਰ ਦਾ ਮੌਸਮ ਜਵਾਨੀ ਭਰਨ ਲੱਗਦਾ ਹੈ: 'ਮੌਲੀ ਧਰਤੀ ਮੌਲਿਆ ਆਕਾਸ਼' ਸੱਚ ਹੋਣ ਲੱਗਦਾ ਹੈ। ਇਸ ਦਾ ਵਿਸਥਾਰ ਅਗਲੇ ਮਹੀਨੇ ਭਾਵ ਫੱਗਣ ਦੇ ਮਹੀਨੇ ਤੱਕ ਚੱਲਦਾ ਰਹਿੰਦਾ ਹੈ।

### ਤੂੰ ਅਤੇ ਮੈਂ

ਜੇ ਖਸਮ ਭੁਲਾਵਾਂ, ਮਰ ਜਾਵਾਂ।
ਮੈਨੂੰ ਲੈ ਗਲਵਕੜੀ, ਤਰ ਜਾਵਾਂ।
ਤੇਰੇ ਲਈ ਜਗ ਨਾਲ ਰੁਸ ਜਾਵਾਂ,
ਮੈਂ ਨਾਲ ਖੁਦਾਈ ਲੜ ਜਾਵਾਂ।
ਤੂੰ ਤੂੰ ਕਰਦੀ ਜਿਉਂ ਜਾਵਾਂ,
ਮੈਂ ਮੈਂ ਕਰਦੀ ਸੜ ਜਾਵਾਂ।
ਤੂੰ ਬੇਖਬਰੀ ਵਿਚ ਰਹਿੰਦਾ ਏਂ,
ਤੇਰੀ ਬੇ-ਸਮਝੀ ਤੋਂ ਡਰ ਜਾਵਾਂ।
ਕਿਸ ਦਿਸ਼ਾ ਤੋਂ ਆਵੇਂਗਾ,
ਮੈਂ ਉਥੇ ਜਾ ਕੇ ਖੜ ਜਾਵਾਂ।
ਮੇਰੀ ਯਾਰੀ ਬੇਹਿਸਾਬ ਜਿਹੀ,
ਕਿੰਜ ਨਿਭ ਜਾਵੇ, ਕੀ ਕਰ ਜਾਵਾਂ।
ਸਾਹ ਵੇਚ ਕੇ ਸਾਰੇ, ਯਾਰ ਮਿਲੇ,
ਇਹ ਸੌਦਾ ਪੂਰਾ ਕਰ ਜਾਵਾਂ।

-ਦਿਲਜੋਧ ਸਿੰਘ, ਵਿਸਕਾਨਸਿਨ
*diljodh@yahoo.com*

# 'ਗਦਰ' ਤੋਂ ਪਹਿਲਾਂ ਕੈਨੇਡਾ ਵਿਚ 'ਸੁਦੇਸ਼ ਸੇਵਕ' ਦਾ ਮੋਰਚਾ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਕੀਤਾ ਮਿਲਦਾ ਹੈ। ਐਤਕੀਂ ਅਸੀਂ ਆਪਣੇ ਪਾਠਕਾਂ ਲਈ 'ਸੁਦੇਸ਼ ਸੇਵਕ' ਵਿਚ ਛਪੀਆਂ ਤਿੰਨ ਲਿਖਤਾਂ ਛਾਪ ਰਹੇ ਹਾਂ। ਇਹ ਪਰਚਾ 1909 ਤੋਂ 1911 ਤੱਕ ਛਪਦਾ ਰਿਹਾ। ਇਸ ਦੇ ਸੰਪਾਦਕ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਅਤੇ ਉਪ ਸੰਪਾਦਕ ਪੰਡਿਤ ਰਾਮ ਚੰਦਰ ਭਾਰਦਵਾਜ ਸਨ। ਇਸ ਪਰਚੇ ਨੇ ਕੈਨੇਡਾ ਪੁੱਜੇ ਹਿੰਦੁਸਤਾਨੀਆਂ ਅੰਦਰ ਜਾਗਰੂਕਤਾ ਫੈਲਾਉਣ ਦਾ ਵਡੇਰਾ ਕਾਰਜ ਕੀਤਾ। -ਸੰਪਾਦਕ*

### ਅਖਬਾਰ 'ਸੁਦੇਸ਼ ਸੇਵਕ' ਕੱਢਣ ਦਾ ਉਦੇਸ਼

ਜਦੋਂ ਤੋਂ ਅਸੀਂ 'ਸੁਦੇਸ਼ ਸੇਵਕ' ਪਰਚੇ ਨੂੰ ਨਿਕਾਲਣਾ ਸ਼ੁਰੂ ਕੀਤਾ ਹੈ, ਸਾਡੀ ਦਿਲੀ ਮਨਸ਼ਾ ਇਹ ਰਹੀ ਹੈ ਕਿ ਇਹ ਕੰਮ ਸਾਡਾ ਨਿੰਜ ਕਾ (ਆਪਣਾ) ਨਾ ਸਮਝਿਆ ਜਾਵੇ, ਬਲਕਿ ਸਾਰੇ ਦੇਸ਼ (ਹਿੰਦੁਸਤਾਨ ਵਾਸੀ ਸਭ ਹਿੰਦੂ, ਮੁਸਲਮਾਨ, ਮੋਨੇ ਅਤੇ ਸਿੱਖਾਂ ਤੇ ਖੱਤਰੀ) ਦਾ ਸਾਂਝਾ ਸਮਝਿਆ ਜਾਵੇ। ਆਪਣੇ ਆਪਣੇ ਪੇਟ ਦੇ ਵਾਸਤੇ, ਆਪਣੇ ਆਪਣੇ ਨਫੇ ਤੇ ਮਤਲਬ ਦੇ ਵਾਸਤੇ ਤਾਂ ਅਸੀਂ ਸਾਰੇ ਹੀ ਕੰਮ ਕਰਦੇ ਹਾਂ। ਮਗਰ ਦੇਸ਼ ਦਾ ਸਾਂਝਾ ਫਿਕਰ ਅਸੀਂ ਬਹੁਤ ਹੀ ਘੱਟ ਕਰਦੇ ਹਾਂ। ਜਾਂ ਤਾਂ ਅਸੀਂ ਕਰਨ ਦੇ ਅਯੋਗ ਹਾਂ ਜਾਂ ਕਰਨਾ ਚਾਹੁੰਦੇ ਹੀ ਨਹੀਂ!! ਐਸੇ ਹਾਲਾਤ ਵਿਚ ਮੇਰੇ ਜੈਸੇ ਮਾਮੂਲੀ ਆਦਮੀ ਦਾ ਦੇਸ਼ ਦੇ ਵਾਸਤੇ ਕੁਝ ਨਾ ਕੁਝ ਕੰਮ ਕਰਨਾ ਅਤੇ ਉਸ ਕੰਮ ਦੇ ਕਰਨ ਵਿਚ ਕਈ ਤਰ੍ਹਾਂ ਦੇ ਦੁੱਖਾਂ ਦਾ ਸਹਿਣਾ ਅਤੇ ਉਸ ਵਿਚ ਸਾਡੇ ਆਪਣੇ ਦੇਸ਼ੀ ਭਾਈਆਂ ਦੇ ਵੱਲੋਂ ਕੁਝ ਮਦਦ ਦੇਣ ਦੀ ਜਗ੍ਹਾ ਉਲਟਾ ਵਿਘਨ ਪਾਉਣੇ, ਅੱਛੇ ਕੰਮ ਨੂੰ ਸਿਰੇ ਚਾੜ੍ਹਨ ਦੀ ਜਗ੍ਹਾ ਕੰਮ ਨੂੰ ਖਰਾਬ ਕਰਨਾ ਹੈ ਅਤੇ ਸਾਡੇ ਹੌਸਲੇ ਨੂੰ ਨੀਚੇ ਗਿਰਾਉਂਦਾ ਹੈ। ਤਾਂ ਵੀ ਸਤਿਗੁਰੂ ਦੀ ਕ੍ਰਿਪਾ ਨਾਲ ਆਪਣੀ ਛੋਟੀ ਬੁੱਧੀ ਦੇ ਅਨੁਸਾਰ ਅਸੀਂ ਇਸ ਅੱਛੇ ਕੰਮ ਨੂੰ ਦਿਲ ਤੇ ਜਾਨ ਨਾਲ ਨਿਭਾਉਂਦੇ ਚਲੇ ਜਾਵਾਂਗੇ। ਅਤੇ ਆਪਣੇ ਦੇਸ਼ੀ ਭਾਈਆਂ ਤੋਂ ਵੀ ਪੂਰਨਾ ਕਰਦੇ ਰਹਾਂਗੇ ਕਿ ਉਹ ਸਾਡੇ ਇਸ ਕੰਮ ਵਿਚ ਸਹਾਇਤਾ ਦੇਂਦੇ ਰਹਿਣ।

ਇਸੀ ਕੰਮ ਦੇ ਸਬੰਧ ਵਿਚ ਵੈਨਕੂਵਰ ਵਿਚ ਜੋ 24 ਅਪਰੈਲ ਸੰਨ 1910 ਨੂੰ ਬਹੁਤ ਵੱਡਾ ਦੀਵਾਨ ਕੀਤਾ ਗਿਆ, ਉਸ ਦੀ ਕਾਰਵਾਈ ਅਸੀਂ ਨੀਚੇ ਵੇਰਵੇ ਵਿਚ ਲਿਖਦੇ ਹਾਂ।

"ਅਸੀਂ ਹਿੰਦੁਸਤਾਨ ਦੇ ਲੋਕ ਸਰਕਾਰ ਅੰਗਰੇਜ਼ੀ ਦੀ ਰਈਯਤ, ਜੋ ਕੈਨੇਡਾ ਵਿਚ ਰਹਿੰਦੇ ਹਾਂ, ਅਪਰੈਲ ਦੀ ਚੌਵੀ ਤਾਰੀਖ ਸੰਨ 1910 ਨੂੰ ਇਕ ਵੱਡਾ ਦੀਵਾਨ ਗੁਰਦੁਆਰੇ ਵੈਨਕੂਵਰ ਵਿਚ ਕਰਕੇ ਬੜੀ ਮਿੰਨਤ ਨਾਲ ਸਰਕਾਰ ਦੇ ਪਾਸ ਆਪਣੇ ਦੁੱਖ ਰੋਂਦੇ ਹਾਂ, ਜਿਹੜੇ ਦੁੱਖ ਸਾਨੂੰ ਇਥੇ (ਕੈਨੇਡਾ ਵਿਚ) ਉਠਾਉਣੇ ਪੈਂਦੇ ਹਨ।

ਅਸੀਂ ਸੌਦਾਗਰੀ ਕਰਕੇ ਔਰ ਮਿਹਨਤ ਕਰਕੇ ਆਪਣੇ ਖਾਣ ਪੀਣ ਵਾਸਤੇ ਬਹੁਤ ਕੁਝ ਕਮਾਉਂਦੇ ਹਾਂ ਅਤੇ ਸਾਡੀ ਬਹੁਤ ਸਾਰੀ ਜਮੀਨ ਜਾਇਦਾਦ ਵਗੈਰਾ ਵੀ ਇਥੇ ਹੈ।

ਕੈਨੇਡਾ ਵਿਚ ਹਿੰਦੁਸਤਾਨ ਤੋਂ ਆਉਣ ਵਾਸਤੇ ਜੋ ਕਾਨੂੰਨ ਹੈ ਅਤੇ ਜਿਸ ਤਰ੍ਹਾਂ ਉਸ ਨੂੰ ਵਰਤਿਆ ਜਾਂਦਾ ਹੈ, ਉਸ ਤਰੀਕੇ ਨਾਲ ਸਾਡੇ ਦੇਸ਼ੀਆਂ ਨੂੰ ਇਥੇ ਆਉਣ ਵਿਚ ਬਹੁਤ ਬੜੀ ਰੋਕ ਪੈਦਾ ਹੁੰਦੀ ਹੈ।

ਬੇਸ਼ੱਕ ਅਸੀਂ ਉਨ੍ਹਾਂ ਸ਼ਰਤਾਂ ਅਤੇ ਕਾਨੂੰਨ ਦੀਆਂ ਜ਼ਰੂਰੀ ਗੱਲਾਂ ਨੂੰ ਮੰਨਣ ਵਾਸਤੇ ਤਿਆਰ ਹਾਂ, ਅਤੇ ਉਤਨਾ ਰੁਪਿਆ (ਯਾਨਿ ਉਤਨਾ ਡਾਲਰ) ਵੀ ਅਸੀਂ ਦਿਖਲਾ ਸਕਦੇ ਹਾਂ, ਜਿਹੜਾ ਕਿ ਹੋਰ ਅੰਗਰੇਜ਼ੀ ਰਈਯਤ ਨੂੰ ਦਿਖਲਾਉਣਾ ਪੈਂਦਾ ਹੈ। ਜਿਸ ਤੋਂ ਪਤਾ ਲੱਗ ਸਕਦਾ ਹੈ ਕਿ ਅਸੀਂ (ਹਿੰਦੁਸਤਾਨ ਦੇ ਵਾਸੀ) ਗਰੀਬ ਤੇ ਕੰਗਾਲ ਨਹੀਂ ਹਾਂ ਅਤੇ ਸਾਡੇ ਰੋਟੀ ਕਮਾਉਣ ਦੇ ਕਈ ਅੱਛੇ ਤਰੀਕੇ ਹਨ। ਸਾਨੂੰ ਇਹ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਇਸ ਮੁਲਕ ਵਿਚ ਖੁੱਲ੍ਹੇ ਤੌਰ ਨਾਲ ਨਹੀਂ ਆ ਸਕਦੇ ਜੋ ਕਿ ਸਾਡੇ ਵਾਸਤੇ ਬਹੁਤ ਦੁੱਖ ਦਾ ਕਾਰਨ ਹੈ ਕਿਉਂਕਿ ਸਾਨੂੰ ਸਿਰਫ ਆਉਣ ਜਾਣ ਦੇ ਵਾਸਤੇ (ਕਿਰਾਏ ਪਰ) ਬਹੁਤ ਸਾਰਾ ਖਰਚਾ ਕਰਨਾ ਪੈ ਜਾਂਦਾ ਹੈ।

ਇਸ ਕਾਨੂੰਨ ਦੇ ਸ਼ਬਦ ਕੁਝ ਅਜੀਬ ਹਨ ਅਤੇ ਉਨ੍ਹਾਂ ਨੂੰ ਕਚਹਿਰੀਆਂ ਵਿਚ ਇਸ ਤੌਰ 'ਤੇ ਵਰਤਿਆ ਜਾਂਦਾ ਹੈ ਕਿ ਸਾਨੂੰ ਇਸ ਮੁਲਕ ਵਿਚ ਆਉਣਾ ਨਹੀਂ ਮਿਲਦਾ।

ਅਸੀਂ ਇਸ ਵਾਸਤੇ ਬੇਨਤੀ ਕਰਦੇ ਹਾਂ ਕਿ ਕੈਨੇਡਾ ਦੀ ਸਰਕਾਰ ਮਿਹਰਬਾਨੀ ਕਰਕੇ ਇਸ ਵਰਤਮਾਨ ਕਾਨੂੰਨ ਨੂੰ ਇਸ ਤਰ੍ਹਾਂ ਬਦਲੇ ਕਿ ਸਾਡੇ ਦੇਸ਼ੀ ਭਰਾਵਾਂ ਨੂੰ ਹਿੰਦੁਸਤਾਨ ਅਤੇ ਹੋਰ ਮੁਲਕਾਂ ਤੋਂ ਆਉਣ ਵਾਸਤੇ ਦਿੱਕਤਾਂ ਦੂਰ ਕੀਤੀਆਂ ਜਾਣ। ਉਹ ਦਿੱਕਤਾਂ ਹਨ:

1. ਵਰਤਮਾਨ ਕਾਨੂੰਨ ਅੰਗਰੇਜ਼ੀ ਅਸੂਲ ਦੇ ਮੁਤਾਬਕ ਨਹੀਂ ਕਿਉਂਕਿ ਇਸ ਕਾਨੂੰਨ ਨਾਲ ਹਿੰਦੁਸਤਾਨ ਦੇ ਲੋਕਾਂ 'ਤੇ ਹੋਰ ਅੰਗਰੇਜ਼ੀ ਰਈਯਤ ਵਿਚ ਭੇਦ ਪੈਦਾ ਕੀਤਾ ਜਾਂਦਾ ਹੈ ਕਿਉਂਕਿ ਹਿੰਦੁਸਤਾਨੀਆਂ ਨੂੰ ਦੋ ਸੌ ਡਾਲਰ ਦਿਖਲਾਉਣਾ ਪੈਂਦਾ ਹੈ ਤਾਂ ਹੋਰ ਸਰਕਾਰੀ (ਅੰਗਰੇਜ਼ੀ) ਰਈਅਤ ਨੂੰ ਇਤਨਾ ਡਾਲਰ ਇਸ ਜਗ੍ਹਾ ਉਤਰਦੇ ਵਕਤ ਨਹੀਂ ਦਿਖਲਾਉਣਾ ਪੈਂਦਾ।

2. ਵਰਤਮਾਨ ਕਾਨੂੰਨ ਦੇ ਨਾਲ ਹਿੰਦੁਸਤਾਨ ਦੇ ਆਦਮੀਆਂ ਦੀ ਬੇਇੱਜ਼ਤੀ ਹੁੰਦੀ ਹੈ, ਜਦਕਿ ਗੈਰ ਮੁਲਕ ਦੇ ਆਦਮੀ (ਜਾਪਾਨ ਆਦਿ ਦੇ) ਕੈਨੇਡਾ ਵਿਚ ਥੋੜ੍ਹਾ ਜਿਹਾ ਰੁਪਿਆ (ਡਾਲਰ) ਦਿਖਲਾ ਕੇ ਆ ਸਕਦੇ ਹਨ। ਤਾਂ ਅਸੀਂ ਅੰਗਰੇਜ਼ੀ ਸਰਕਾਰ ਦੀ ਰਈਯਤ ਹੋ ਕੇ ਸਰਕਾਰ ਅੰਗਰੇਜ਼ੀ ਦੀ ਸਾਰੀ ਰਾਜਧਾਨੀ, ਯਾਨਿ ਸਾਰੇ ਰਾਜ ਦੇ ਮੁਲਕਾਂ ਵਿਚ ਖੁੱਲ੍ਹੇ ਤੌਰ 'ਤੇ ਕਿਉਂ ਨਹੀਂ ਫਿਰ ਸਕਦੇ?

3. ਵਰਤਮਾਨ ਕਾਨੂੰਨ ਦੇ ਨਾਲ ਹਿੰਦੁਸਤਾਨੀ ਮਜਬੂਰ ਹਨ ਕਿ ਉਹ ਸਿੱਧੇ ਹਿੰਦੁਸਤਾਨ ਤੋਂ ਟਿਕਟ ਲੈ ਕੇ ਇਥੇ (ਮੁਲਕ ਕੈਨੇਡਾ ਵਿਚ) ਆਉਣ, ਜਦ ਅਸੀਂ ਅੰਗਰੇਜ਼ੀ ਰਈਯਤ ਹਾਂ ਤਾਂ ਸਰਕਾਰੀ ਕਾਨੂੰਨ ਦੇ ਮੁਤਾਬਿਕ ਸਰਕਾਰੀ ਅੰਗਰੇਜ਼ੀ ਦੇ ਜਿਸ ਮੁਲਕ ਜਾਂ ਟਾਪੂ ਵਿਚ ਹੋਈਏ: ਅਸੀਂ ਉਸੀ ਜਗ੍ਹਾ ਦੇ ਵਾਸੀ ਸਮਝੇ ਜਾਂਦੇ ਹਾਂ। ਇਸ ਵਾਸਤੇ ਅਸੀਂ ਨਹੀਂ ਸਮਝ ਸਕਦੇ ਕਿ ਕੈਨੇਡਾ ਦੀ ਸਰਕਾਰ ਇਸ ਕਾਨੂੰਨ ਨੂੰ ਠੀਕ ਤੌਰ 'ਤੇ ਨਾ ਵਰਤ ਕੇ ਕਿਉਂ ਸਾਨੂੰ ਲੰਡਨ ਹਾਂਗ-ਕਾਂਗ ਅਤੇ ਸਰਕਾਰੀ ਅੰਗਰੇਜ਼ੀ ਦੀ ਦੂਸਰੇ ਰਾਜ ਦੀ ਜਗ੍ਹਾ ਤੋਂ ਕੈਨੇਡਾ ਆਉਣ ਵਿਚ ਰੋਕਦੀ ਹੈ। ਅਸੀਂ ਇਸ ਤਰ੍ਹਾਂ ਦੀਆਂ ਦੋ ਮਿਸਾਲਾਂ ਨੀਚੇ ਲਿਖ ਕੇ ਪੇਸ਼ ਕਰਦੇ ਹਾਂ:

(ੳ) ਇਕ ਭਾਈ ਹਰੀ ਸਿੰਘ ਜੋ ਕਿ ਪਹਿਲੇ ਗੋਲਡਨ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਸਨ, ਕੁਝ ਚਿਰ ਤੋਂ ਪ੍ਰੋਫੈਸਰ ਤੇਜਾ ਸਿੰਘ ਦੇ ਨਾਲ ਵਲਾਇਤ ਗਏ ਸਨ, ਮਗਰ ਜਦ ਉਕਤ ਭਾਈ ਹਰੀ ਸਿੰਘ ਜੀ ਲੰਡਨ ਤੋਂ ਵਾਪਸ ਇਸ ਮੁਲਕ ਕੈਨੇਡਾ ਵਿਚ ਆਉਣ ਲੱਗੇ ਤਾਂ ਨਹੀਂ ਆ ਸਕੇ।

(ਅ) ਦੂਸਰੇ ਭਾਈ ਨੱਥੂ ਰਾਮ ਜੋ ਕਿ ਸਿੱਧੇ ਹਿੰਦੁਸਤਾਨ ਤੋਂ ਇਥੇ ਪੁੱਜਣ ਵਾਸਤੇ ਆਏ ਸਨ ਅਤੇ ਉਨ੍ਹਾਂ ਨੂੰ ਵਾਪਸ ਮੋੜਿਆ ਗਿਆ...ਆਰਾਮ ਦੀ ਖਾਤਰ ਡੇਊਢੇ ਦਰਜੇ ਦਾ ਟਿਕਟ ਹਾਂਗ-ਕਾਂਗ ਤੋਂ ਬਦਲ ਲਿਆ ਸੀ, ਉਹ ਵੀ ਵਾਪਸ ਹਿੰਦੁਸਤਾਨ ਕੀਤੇ ਗਏ ਹਨ।

(4) ਵਰਤਮਾਨ ਕਾਨੂੰਨ ਨੂੰ ਅਗਰ ਅਸੀਂ ਠੀਕ ਮੰਨ ਲਈਏ ਤਾਂ ਇਕ ਬਹੁਤ ਨਾ ਮੁਨਾਸਿਬ ਗੱਲ ਹੋ ਜਾਂਦੀ ਹੈ, ਕਿਉਂਕਿ ਹਿੰਦੁਸਤਾਨ ਤੋਂ ਕੈਨੇਡਾ ਵਿਚ ਆਉਣ ਲਈ ਸਿੱਧਾ ਰਾਹ ਹੈ ਹੀ ਨਹੀਂ, ਸਾਨੂੰ ਜਾਂ ਤਾਂ ਹਾਂਗ-ਕਾਂਗ ਦੇ ਰਸਤੇ ਅਤੇ ਜਾਂ ਵਲੈਤ (ਲੰਡਨ) ਦੇ ਰਸਤੇ ਆਉਣਾ ਪੈਂਦਾ ਹੈ, ਜਿਸ ਦਾ ਮਤਲਬ ਇਹ ਹੈ ਕਿ ਅਸੀਂ ਕੈਨੇਡਾ ਵਿਚ ਆ ਹੀ ਨਹੀਂ ਸਕਦੇ।

(5) ਗੈਰ ਮੁਲਕਾਂ ਵਿਚ ਇਸ ਤਰ੍ਹਾਂ ਦਾ ਕਾਨੂੰਨ ਸਿਰਫ ਮਜ਼ਦੂਰਾਂ ਵਾਸਤੇ ਹੀ ਹੁੰਦਾ ਹੈ। (ਜਿਸ ਤਰ੍ਹਾਂ ਕਿ ਅਮਰੀਕਾ ਦੀ ਸਰਕਾਰ ਦਾ ਕਾਨੂੰਨ ਚੀਨ ਦੇ ਮਜ਼ਦੂਰਾਂ ਨੂੰ ਉਥੇ ਆਉਣ ਤੋਂ ਬੇਸ਼ੱਕ ਮਨ੍ਹਾਂ ਕਰਦਾ ਹੈ, ਮਗਰ ਚੀਨ ਦੇ ਸੌਦਾਗਰ ਅਤੇ ਵਿਦਿਆਰਥੀ (ਪੜ੍ਹਨ ਵਾਲੇ) ਖੁਲ੍ਹੇ ਆ ਸਕਦੇ ਹਨ। ਪਰ ਸਾਡੇ ਵਿਦਿਆਰਥੀ ਅਤੇ ਸੌਦਾਗਰ ਜਿਹੜੇ ਕਿ ਜਾਪਾਨ, ਚੀਨ ਜਾਂ ਯੂਰਪ ਦੇ ਹੋਰ ਮੁਲਕਾਂ ਤੋਂ ਇਥੇ ਆਉਂਦੇ ਹਨ, ਉਨ੍ਹਾਂ ਨੂੰ ਵੀ ਮਜ਼ਦੂਰਾਂ ਦੀ ਤਰ੍ਹਾਂ ਦੁੱਖ ਸਹਿਣੇ ਪੈਂਦੇ ਹਨ। ਜਿਸ ਦੀ ਮਿਸਾਲ ਅਸੀਂ ਨੀਚੇ ਦੱਸਦੇ ਹਾਂ ਕਿ ਇਕ ਮਿਸਟਰ ਜੋਗੇਸ਼ ਚੰਦਰ ਮਿਸ਼ਰਾ ਜਿਹੜਾ ਕਿ ਬੰਗਾਲ ਦੀ ਸਾਇੰਸ ਇੰਡਸਟਰੀ ਦੇ ਵਧਾਉਣ ਵਾਲੀ ਸਭਾ ਦੀ ਤਰਫੋਂ ਪੜ੍ਹਨ ਵਾਸਤੇ ਇਥੇ ਆਏ ਸਨ। ਵੈਨਕੂਵਰ ਉਤਰਨ ਤੋਂ ਰੋਕੇ ਗਏ ਅਤੇ ਹੁਣ ਇਸ ਵਕਤ ਸਿਆਟਲ ਦੀ ਯੂਨੀਵਰਸਿਟੀ ਵਿਚ ਪੜ੍ਹ ਰਹੇ ਹਨ।



*ਵੈਨਕੂਵਰ ਵਿਚ ਪੁੱਜੇ ਸਿੱਖ ਕਾਮੇ। ਇਹ ਤਸਵੀਰ 1910 ਦੇ ਨੇੜੇ-ਤੇੜੇ ਦੀ ਹੈ।*

(6) ਵਰਤਮਾਨ ਕਾਨੂੰਨ ਦੇ ਮੁਤਾਬਿਕ ਜਦ ਕਿ ਅਸੀਂ ਹਿੰਦੁਸਤਾਨੀ ਸਰਕਾਰ ਅੰਗਰੇਜ਼ੀ ਦੀ ਰਈਯਤ ਆਪਣੀ ਬਹੁਤ ਸਾਰੀ ਜਾਇਦਾਦ ਇਸ ਮੁਲਕ ਵਿਚ ਰੱਖਦੇ ਹਾਂ ਅਤੇ ਆਪਣੇ ਬਾਲ ਬੱਚਿਆਂ ਨੂੰ ਇਥੇ ਆਪਣਾ ਘਰ ਬਣਾਉਣ ਵਾਸਤੇ ਮੰਗਵਾਉਂਦੇ ਹਾਂ ਤਾਂ ਸਾਡੇ ਪਰਿਵਾਰ ਦੇ ਹਰ ਇਕ ਆਦਮੀ (ਬੱਚੇ ਜਾਂ ਜਵਾਨ) ਨੂੰ ਦੋ ਸੌ ਡਾਲਰ ਨਕਦ ਦਿਖਲਾਉਣਾ ਪੈਂਦਾ ਹੈ, ਜੋ ਕਿ ਸੱਚਮੁਚ ਸਾਡੇ ਵਾਸਤੇ ਬੜਾ ਔਖਾ ਅਤੇ ਇਕ ਤਰ੍ਹਾਂ ਦਾ ਜ਼ੁਲਮ ਹੈ।

(7) ਸਰਕਾਰ ਅੰਗਰੇਜ਼ੀ ਦੀ ਰਈਯਤ ਹੋਣ ਦਾ ਸਭ ਤੋਂ ਵੱਡਾ ਹੱਕ ਇਹ ਹੈ ਕਿ ਹਰ ਇਕ ਆਦਮੀ ਆਪਣੇ ਨਿੱਜ ਦੇ ਕੰਮ ਵਾਸਤੇ ਖੁੱਲ੍ਹਾ ਹੈ, ਮਗਰ ਇਸ ਕਾਨੂੰਨ ਦੇ ਮੁਤਾਬਿਕ ਸਾਡੇ ਇਸ ਹੱਕ (ਖੁਲ੍ਹੇਪਣ) 'ਚ ਰੋਕ ਪੈਦਾ ਕੀਤੀ ਜਾਂਦੀ ਹੈ।

(8) ਸਰਕਾਰ ਅੰਗਰੇਜ਼ੀ ਦੀ ਸਾਰੀ ਰਈਯਤ ਛੇ ਮਹੀਨੇ ਇਸ ਮੁਲਕ ਵਿਚ ਰਹਿ ਕੇ ਵੋਟ (ਰਾਏ) ਦੇਣ ਦੇ ਹੱਕਦਾਰ ਹੋ ਜਾਂਦੀ ਹੈ, ਪਰ ਇਹ ਸਾਡੇ ਮੰਦੇ (ਖੋਟੇ) ਭਾਗ ਹਨ ਕਿ ਸਾਨੂੰ ਇਹ ਹੱਕ ਵੀ ਇਥੇ ਨਹੀਂ ਦਿੱਤੇ ਜਾਂਦੇ। ਅਸੀਂ ਬੜੇ ਜ਼ੋਰ ਦੇ ਨਾਲ ਆਪਣੇ ਇਨ੍ਹਾਂ ਹੱਕਾਂ ਨੂੰ ਸਰਕਾਰ ਅੰਗਰੇਜ਼ੀ ਦੀ ਰਈਯਤ ਹੋਣ ਦੇ ਕਾਰਨ ਮੰਗਦੇ ਹਾਂ।

ਅਸੀਂ ਦੱਸਦੇ ਹਾਂ ਅਤੇ ਤੁਹਾਡੇ ਵੱਲ ਇਸ ਗੱਲ ਨੂੰ ਪਹੁੰਚਾਉਂਦੇ ਹਾਂ। ਇਸ ਤਰ੍ਹਾਂ ਦੇ ਕੋਈ ਕਾਨੂੰਨ ਸਾਡੇ ਬਰ ਖਿਲਾਫ ਗੈਰ ਮੁਲਕਾਂ ਵਿਚ ਮਸਲਨ ਅਮਰੀਕਾ, ਜਰਮਨੀ, ਜਾਪਾਨ ਵਿਚ ਨਹੀਂ ਪਾਏ ਜਾਂਦੇ, ਜਿਨ੍ਹਾਂ ਨਾਲ ਸਾਡਾ ਕੋਈ ਕਿਸੇ ਤਰ੍ਹਾਂ ਦਾ ਵਾਸਤਾ ਨਹੀਂ, ਇਨ੍ਹਾਂ ਹਾਲਤਾਂ ਵਿਚ ਅਸੀਂ ਬੜੇ ਅਦਬ ਦੇ ਨਾਲ ਬੇਨਤੀ ਕਰਦੇ ਹਾਂ ਕਿ ਸਾਡੇ ਇਨ੍ਹਾਂ ਦੁੱਖਾਂ 'ਤੇ ਅੱਛੀ ਤਰ੍ਹਾਂ ਧਿਆਨ ਦਿੱਤਾ ਜਾਵੇ ਅਤੇ ਛੇਤੀ ਇਹੋ ਜਿਹੇ ਗੈਰ ਮੁਨਾਸਿਬ ਜਾਂ ਨਾ ਵਾਜਬ ਕਾਨੂੰਨ ਨੂੰ ਬਦਲਿਆ ਜਾਵੇ ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਗੈਰ ਮੁਲਕਾਂ ਵਿਚ (ਜਿਥੇ ਕਿ ਸਾਡਾ ਕੋਈ ਹੱਕ ਨਹੀਂ) ਜ਼ਿਆਦਾ ਸੁੱਖੀ ਰਹਿ ਸਕਦੇ ਹਾਂ ਬਨਿਸਬਤ ਸਰਕਾਰ ਅੰਗਰੇਜ਼ੀ (ਜਿਸ ਦੀ ਅਸੀਂ ਰਈਯਤ ਹਾਂ) ਦੇ ਰਾਜ ਵਿਚ, ਜੋ ਸਾਨੂੰ ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ।

### ਪਹਿਲਾ ਗੁਰਮਤਾ ਇਸ ਤਰ੍ਹਾਂ ਪਾਸ ਹੋਇਆ:

ਕਿ ਸਰਦਾਰ ਤੇਜਾ ਸਿੰਘ, ਐਮ. ਏ. ਐਲ. ਐਲ. ਬੀ. ਅਤੇ ਮਿਸਟਰ ਐਚ. ਏ. ਤਲਚਰਕਾਰ ਬੀ. ਏ. ਸੈਕਰੇਟਰੀ, ਬੰਬਈ ਵਰਕਮੈਨ ਐਸੋਸੀਏਸ਼ਨ ਸਾਡੇ ਇਸ ਸੁਨੇਹੇ ਨੂੰ ਸਰਕਾਰ ਅੰਗਰੇਜ਼ੀ ਤਾਂਈ ਵਲਾਇਤ ਪਹੁੰਚਾਉਣ। ਇਸ ਤਰ੍ਹਾਂ ਦੇ ਤਰੀਕੇ ਵਰਤਨ ਜਿਸ ਕਰਕੇ ਇਸ ਗੱਲ ਵਿਚ ਉਕਤ ਸਰਕਾਰ ਦੇ ਕੋਲੋਂ ਮਦਦ ਮਿਲ ਸਕੇ। ਅਸੀਂ ਹੋਰ ਵੀ ਆਪਣੇ ਕਿਸੇ ਭਾਈ ਨੂੰ ਇਸ ਕੰਮ ਵਾਸਤੇ ਭੇਜਦੇ ਰਹਾਂਗੇ। ਇਹ ਉਪਰ ਲਿਖਿਆ ਹੋਇਆ ਗੁਰਮਤਾ ਸਾਰਿਆਂ ਦੀ ਸਲਾਹ ਨਾਲ ਪਾਸ ਹੋਇਆ।

### ਦੂਸਰਾ ਗੁਰਮਤਾ ਇਸ ਤਰ੍ਹਾਂ ਪਾਸ ਹੋਇਆ:

ਕਿ ਇਸ ਦੀ ਸਾਰੀ ਕਾਪੀ ਔਨਰੇਬਲ ਸਰਦਾਰ ਸੁੰਦਰ ਸਿੰਘ ਮਜੀਠੀਆ, ਔਨਰੇਬਲ ਮਿਸਟਰ ਜੀ. ਕੇ. ਗੋਖਲੇ ਬੀ. ਏ., ਔਨਰੇਬਲ ਲਾਲਾ ਹਰ ਕ੍ਰਿਸ਼ਨ ਲਾਲ ਬੀ. ਏ., ਔਨਰੇਬਲ ਮੀਆਂ ਸ਼ਾਹਦੀਨ ਬੀ. ਏ. (ਜੋ ਕਿ ਮੁਲਕੀ ਬੜੇ ਲਾਟ ਸਾਹਿਬ ਅਤੇ ਪੰਜਾਬ ਦੇ ਲਾਲਾ ਸਾਹਿਬ ਵੀ ਕੌਂਸਿਲ ਦੇ ਮੈਂਬਰ ਹਨ) ਦੀ ਸੇਵਾ ਵਿਖੇ ਭੇਜੀ ਜਾਵੇ ਅਤੇ ਬੇਨਤੀ ਕੀਤੀ ਜਾਵੇ ਕਿ ਉਹ ਹਿੰਦੁਸਤਾਨ ਦੀ ਸਰਕਾਰ ਅੰਗਰੇਜ਼ੀ ਦੇ ਨਾਲ ਸਲਾਹ ਕਰਕੇ ਸਾਡੇ ਇਨ੍ਹਾਂ ਦੁਖਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨ। ਇਹ ਉਪਰ ਲਿਖਾ ਗੁਰਮਤਾ ਸਾਰਿਆਂ ਦੀ ਸਲਾਹ ਨਾਲ ਪਾਸ ਹੋਇਆ।

### ਤੀਸਰਾ ਗੁਰਮਤਾ ਇਸ ਤਰ੍ਹਾਂ ਪਾਸ ਹੋਇਆ:

ਕਿ ਇਨ੍ਹਾਂ ਦੀਆਂ ਕਾਪੀਆਂ ਕੈਨੇਡਾ ਦੀ ਸਰਕਾਰ ਅਤੇ ਹਿੰਦੁਸਤਾਨ ਦੇ ਸੈਕਰੇਟਰੀ ਆਫ ਸਟੇਟ ਅਤੇ ਵਾਇਸਰਾਇ ਇੰਡੀਆ ਦੇ ਪਾਸ ਭੇਜੀ ਜਾਵੇ। ਇਹ ਉਪਰ ਲਿਖਾ ਹੋਇਆ ਗੁਰਮਤਾ ਸਾਰਿਆਂ ਦੀ ਸਲਾਹ ਨਾਲ ਪਾਸ ਹੋਇਆ।

### ਚੌਥਾ ਗੁਰਮਤਾ ਇਸ ਤਰ੍ਹਾਂ ਪਾਸ ਹੋਇਆ:

ਕਿ ਇਸ ਦੀ ਕਾਪੀ ਹਿੰਦੁਸਤਾਨ ਦੇ ਬੜੇ ਬੜੇ ਅਖਬਾਰਾਂ ਵਿਚ ਛਪਵਾਉਣ ਵਾਸਤੇ ਭੇਜੀ ਜਾਵੇ ਤਾਂ ਕਿ ਉਹ ਵੀ ਸਾਰੇ ਦੁੱਖਾਂ ਦੇ ਦੂਰ ਕਰਨ ਦੀ ਕੋਸ਼ਿਸ਼ ਕਰਨ। ਇਹ ਉਪਰ ਲਿਖਾ ਹੋਇਆ ਗੁਰਮਤਾ ਸਾਰਿਆਂ ਦੀ ਰਾਇ (ਸਲਾਹ) ਨਾਲ ਪਾਸ ਹੋਇਆ।

### ਪੰਜਵਾਂ ਗੁਰਮਤਾ ਇਸ ਤਰ੍ਹਾਂ ਪਾਸ ਹੋਇਆ:

ਕਿ ਭਾਈ ਭਾਗ ਸਿੰਘ (ਜੋ ਕਿ ਖਾਲਸਾ ਦੀਵਾਨ ਵੈਨਕੂਵਰ ਦੇ ਪ੍ਰੈਜ਼ੀਡੈਂਟ) ਦੇਸ਼ ਹਿੰਦੁਸਤਾਨ ਜਾ ਰਿਹਾ ਹੈ। ਉਨ੍ਹਾਂ ਨੂੰ ਮਿੰਨਤ ਕੀਤੀ ਜਾਵੇ ਕਿ ਉਹ ਚੀਫ ਖਾਲਸਾ ਦੀਵਾਨ ਦੇ ਪਾਸ ਪਹੁੰਚ ਕਰ ਸਾਡੇ ਇਨ੍ਹਾਂ ਦੁੱਖਾਂ ਨੂੰ ਉਨ੍ਹਾਂ ਨੂੰ ਦੱਸਣ ਅਤੇ ਉਨ੍ਹਾਂ ਦੇ ਰਾਹੀਂ ਇਨ੍ਹਾਂ ਦੁੱਖਾਂ ਦੇ ਦੂਰ ਕਰਾਉਣ ਦਾ ਮੁਨਾਸਿਬ ਬੰਦੋਬਸਤ ਕਰਾਉਣ। ਇਹ ਉਪਰ ਲਿਖਿਆ ਹੋਇਆ ਗੁਰਮਤਾ ਸਾਰਿਆਂ ਦੀ ਸਲਾਹ ਨਾਲ ਪਾਸ ਹੋਇਆ।

### ਸਾਡੀ ਬੇਨਤੀ

ਅਸੀਂ ਇਹ ਮਕਾਨ (ਜਿਸ ਵਿਚ ਅਸੀਂ ਰਹਿੰਦੇ ਹਾਂ, ਰਾਤ ਨੂੰ ਆਪਣੇ ਦੇਸ਼ੀ ਭਾਈਆਂ ਨੂੰ ਪੜ੍ਹਾਉਂਦੇ ਹਾਂ, ਆਪਣੇ ਦੇਸ਼ੀ ਬੀਮਾਰਾਂ ਨੂੰ ਰੱਖ ਕੇ ਉਨ੍ਹਾਂ ਦੀ ਸੇਵਾ ਕਰਦੇ ਹਾਂ, ਜਾਂ ਐਤਵਾਰ ਦੀ ਹਰ ਤ੍ਰਕਾਲਾਂ ਨੂੰ ਸਭਾ ਕਰ ਕੇ ਆਪਣੇ ਦੇਸ਼ੀ ਭਾਈਆਂ ਦੀ ਸੇਵਾ ਕਰਦੇ ਹਾਂ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਦੇ ਸੰਬੰਧ ਵਿਚ ਜਾਂ ਆਪਣੀ ਮੁਲਕੀ ਜਾਤੀ ਦੇ ਸੰਬੰਧ ਵਿਚ ਕੋਈ ਨਾ ਕੋਈ ਅੱਛੀ ਗੱਲ ਦੇ ਬਾਬਤ ਵਿਚਾਰ ਕਰਦੇ ਹਾਂ। ਉਨ੍ਹਾਂ ਨੂੰ ਸ਼ਰਾਬ ਪੀਣ ਤੋਂ ਰੋਕਦੇ ਹਾਂ। ਆਪਸ ਵਿਚ ਫਸਾਦ ਕਰ ਕੇ ਕਚਹਿਰੀਆਂ ਵਿਚ ਮੁਕੱਦਮੇਬਾਜ਼ੀ ਨਾ ਕਰਨ ਦੇ ਸਬੰਧ ਵਿਚ ਸਿਖਿਆ ਵੀ ਦਿੰਦੇ ਹਾਂ ਅਤੇ ਆਪਸ ਵਿਚ ਮਿਲ ਕੇ ਦੇਸ਼ ਸੇਵਾ ਕਰਨ ਦੀ ਬਾਬਤ ਉਪਦੇਸ਼ ਕਰਦੇ ਹਾਂ) ਤਕਰੀਬਨ ਬਾਈ ਸੌ ਡਾਲਰ ਨੂੰ ਖਰੀਦਿਆ ਹੈ, ਜਿਸ ਦੀਆਂ ਤਿੰਨ ਕਿਸ਼ਤਾਂ ਦਿੱਤੀਆਂ ਗਈਆਂ ਹਨ ਜੋ ਕਿ ਉਨੀ ਸੌ ਡਾਲਰ ਦੀ ਸੀ ਅਤੇ ਬਾਕੀ ਤਿੰਨ ਸੌ ਡਾਲਰ ਦੀ ਕਿਸ਼ਤ ਜੂਨ ਮਹੀਨੇ ਵਿਚ ਦੇਣੀ ਹੈ, ਇਸ ਉਨੀ ਸੌ ਡਾਲਰ (ਜੋ ਕਿ ਤਿੰਨ ਕਿਸ਼ਤਾਂ ਵਿਚ ਦਿੱਤਾ ਗਿਆ ਹੈ) ਵਿਚੋਂ ਸਿਰਫ ਛੇ ਸੌ ਡਾਲਰ ਸਾਡੇ ਪਰ ਉਪਕਾਰੀ ਧਰਮ ਸਾਥੀ ਸ੍ਰੀਮਾਨ ਹਰਨਾਮ ਸਿੰਘ ਜੀ ਦੇ ਚਾਰ ਮਹੀਨੇ ਵਿਚ ਵਿਕਟੋਰੀਆ ਨਨਾਇਮੋ ਸੀਮੇਂਟ ਮਿੱਲ ਸ਼ਾਨੀਗਨ ਲੇਕ ਵਗੈਰਾ ਮਹਿਕਮਿਆਂ ਤੋਂ ਹੁਣ ਤਕ ਇਸ ਕੰਮ ਦੇ ਲਿੱਤੇ ਹਨ। ਆਪਣੇ ਦੋਸਤਾਂ ਵਾਕਿਫਕਾਰਾਂ ਤੋਂ ਇਕਠੇ ਕੀਤੇ ਹਨ ਅਤੇ ਤੇਰ੍ਹਾਂ ਸੌ ਡਾਲਰ ਉਨ੍ਹਾਂ ਨੇ ਆਪਣੇ ਬੰਦਿਆਂ ਤੋਂ ਕਰਜ਼ੇ ਦੇ ਤੌਰ ਜਾਂ ਇਮਾਨਤ ਦੇ ਤੌਰ 'ਤੇ ਲੈ ਰੱਖੇ ਹਨ, ਜੋ ਕਿ ਛੇਤੀ ਹੀ ਮੋੜ ਦਿੱਤੇ ਜਾਣਗੇ। ਸਾਡੇ ਪਰਉਪਕਾਰੀ ਸਬੰਧੀ ਉਕਤ ਬਾਬੂ ਨੇ ਚਾਰ ਮਹੀਨੇ ਵਿਚ ਆਪਦੀ ਪੜ੍ਹਾਈ ਛੋੜ ਕੇ ਅਤੇ ਆਪਣੇ ਆਰਾਮ ਦੀ ਪ੍ਰਵਾਹ ਨਾ ਕਰਕੇ ਜਿਸ ਤਰ੍ਹਾਂ ਮਿਹਨਤ ਨਾਲ ਇਸ ਕੰਮ ਨੂੰ ਕੀਤਾ ਹੈ, ਇਸ ਦੇ ਵਾਸਤੇ ਅਸੀਂ ਉਨ੍ਹਾਂ ਦੇ ਸੱਚੇ ਦਿਲ ਤੋਂ ਧੰਨਵਾਦੀ ਹਾਂ। ਅਸੀਂ ਐਸੀ ਕਾਮਨਾ ਕਰਦੇ ਹਾਂ ਕਿ ਜਿਸ ਤਰ੍ਹਾਂ ਉਹ ਸਾਡੇ ਇਸ ਕੰਮ ਵਿਚ ਮਦਦ ਦੇ ਕੇ ਉਪਕਾਰ ਦਾ ਕੰਮ ਕਰ ਰਹੇ ਹਨ, ਅਗਰ ਇਸੀ ਤਰ੍ਹਾਂ ਸਾਡੇ ਦੂਸਰੇ ਭਾਈ ਉਨਕੀ ਨੇਕ ਮਿਸਾਲ ਦੀ ਪੈਰਵੀ ਕਰੇ ਤਾਂ ਇਸ ਵਿਚ ਉਨ੍ਹਾਂ ਦਾ ਆਪਣਾ ਵੀ ਭਲਾ ਹੋਵੇਗਾ ਅਤੇ ਸਾਡੇ ਦੇਸ਼ ਵਾਸੀਆਂ ਦਾ ਵੀ ਭਲਾ ਹੋਵੇਗਾ, ਇਸ ਦੇ ਬਗੈਰ ਇਕ ਮੇਮ ਸਾਹਿਬ ਨੇ ਇਸ ਭਲੇ ਦੇ ਕੰਮ ਵਾਸਤੇ ਪੰਜਾਹ ਡਾਲਰ ਦਿੱਤੇ ਹਨ, ਜੋ ਕਿ ਇਹੀ ਕੰਮ ਵਿਚ ਲਗਾਏ ਗਏ ਹਨ।

ਇਹ ਮਕਾਨ (ਸੁਦੇਸ਼ ਸੇਵਕ ਹੋਮ) ਅਜੇ ਤਾਂ ਸ੍ਰੀਮਾਨ ਹਰਨਾਮ ਸਿੰਘ ਜੀ ਦੇ ਨਾਮ 'ਤੇ ਹੀ ਹੈ ਪਰ ਆਪ ਇਸ ਮਕਾਨ ਦੇ ਮਾਲਕ ਨਹੀਂ ਹੋ, ਸਿਰਫ ਆਪ ਸੇਵਾ ਕਰਨ ਵਾਲੇ ਲੋਕਾਂ ਵਿਚੋਂ ਇਕ ਹੋ, ਇਹ ਮਕਾਨ (ਰਾਤ ਦਾ ਵਿਦਿਆਲਿਆ) ਦੇ ਵਾਸਤੇ। ਜਿਸ ਵਿਚ ਸਾਡੇ ਦੇਸ਼ ਭਾਈਆਂ ਨੂੰ ਆਰਾਮ ਪਹੁੰਚਾਣ ਅਤੇ ਉਨ੍ਹਾਂ ਦੀ ਸੇਵਾ ਕਰਨ ਦੇ ਵਾਸਤੇ ਹੋਵੇਗਾ, ਹਾਂ: ਇਸ ਮਕਾਨ ਤੋਂ ਜੋ ਕਿ ਇਹ 'ਸੁਦੇਸ਼ ਸੇਵਕ' ਅਖਬਾਰ ਨਿਕਲਦਾ ਹੈ, ਇਸ ਦਾ ਦਫਤਰ ਵੀ ਇਸੀ ਮਕਾਨ ਵਿਚ ਹੋਵੇਗਾ ਅਤੇ ਜੋ ਸਾਹਿਬ ਇਨ੍ਹਾਂ ਤਿੰਨਾਂ ਕੰਮਾਂ ਵਿਚ ਮਦਦ ਦੇਣਗੇ, ਉਨ੍ਹਾਂ ਦੀ ਰਿਹਾਇਸ਼ ਵਗੈਰਾ ਦਾ ਮੁਨਾਸਿਬ ਬੰਦੋਬਸਤ ਵੀ ਇਸੀ ਮਕਾਨ ਵਿਚ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਕਿਸੀ ਨਾ ਕਿਸੀ ਜਗ੍ਹਾ ਰਹਿਣਾ ਜ਼ਰੂਰੀ ਹੈ ਅਤੇ ਜਦੋਂ ਉਹ ਸਿਰਫ ਦੇਸ਼ ਸੇਵਾ ਦਾ ਕੰਮ ਕਰਦੇ ਹੋਣਗੇ ਤੇ ਉਨ੍ਹਾਂ ਦੇ ਵਾਸਤੇ ਖੁਰਾਕ ਅਤੇ ਰਿਹਾਇਸ਼ ਦਾ ਇੰਤਜ਼ਾਮ ਕਮੇਟੀ ਦੇ ਸਪੁਰਦ ਹੋਵੇਗਾ, ਜਿਸ ਦੇ ਮੈਂਬਰ ਪਿੱਛੋਂ ਤੋਂ ਬਣਾਏ ਜਾ ਸਕਦੇ ਹਨ, ਕਿਉਂਕਿ ਜੋ ਇਸ ਕੰਮ ਵਿਚ ਆਪਣੀ ਨੇਕ ਨੀਯਤੀ ਤੋਂ ਮਦਦ ਦੇਣਗੇ, ਉਹੀ ਕੰਮ ਦੇ ਚਲਾਣ ਵਾਲੇ ਅਤੇ ਉਹੀ ਇਸ ਦੀ ਕਮੇਟੀ ਦੇ ਮੈਂਬਰ ਇੰਤਜ਼ਾਮ ਕਰਨ ਵਾਲੇ ਹੋਣਗੇ।

ਇਸ ਮਕਾਨ ਵਿਚ ਕਿਸੇ ਨੂੰ ਸ਼ਰਾਬ ਪੀਣ, ਮਾਸ ਖਾਣ, ਤਬਾਕੂ ਪੀਣ, ਅਫੀਮ ਖਾਣ, ਜੂਆ ਖੇਡਣ ਜਾਂ ਹੋਰ ਕਿਸੇ ਕਿਸਮ ਦਾ ਨਸ਼ਾ ਵਰਤਣ ਦੀ ਛੁੱਟੀ ਨਹੀਂ ਹੋਵੇਗੀ।

### ਪੜ੍ਹ ਲਓ ਅਜੇ ਵੇਲਾ ਹੈ

ਅਸੀਂ ਆਪਣੇ ਦੇਸ਼ੀ ਭਾਈਆਂ ਨੂੰ ਪੜ੍ਹਾਉਣ ਦੇ ਵਾਸਤੇ ਬੇਨਤੀ ਕਰਦੇ ਹਾਂ ਕਿ ਅਸੀਂ ਆਪ ਭਾਈਆਂ ਦੇ ਵਾਸਤੇ ਸਕੂਲ ਵੀ ਖੋਲ੍ਹ ਰਖਿਆ ਹੈ। ਆਪ ਆਓ ਅਤੇ ਪੜ੍ਹੋ, ਸਕੂਲ ਵਕਤ ਸੱਤ ਵਜੇ ਤ੍ਰਕਾਲਾਂ ਤੋਂ ਲੈ ਕੇ 9 ਵਜੇ ਤੱਕ ਹੈ, ਅਤੇ ਸਭ ਭਾਈਆਂ ਨੂੰ ਅੰਗਰੇਜ਼ੀ ਪੜ੍ਹਾਈ ਜਾਂਦੀ ਹੈ। ਹਿਸਾਬ ਸਿਖਲਾਇਆ ਜਾਂਦਾ ਹੈ। ਆਦਮੀਆਂ ਨੂੰ ਸ਼ਹਿਰਾਂ ਦੇ ਨਾਮ ਲਿਫਾਫੇ ਅੰਗਰੇਜ਼ੀ ਵਿਚ ਲਿਖਣੇ ਸਿਖਾਏ ਜਾਂਦੇ ਹਨ।

###

# ਊਂਘਦੇ ਸ਼ਹਿਰ ਦਾ ਜਾਗਦਾ ਸ਼ਾਇਰ: ਸੁਰਿੰਦਰ ਸੋਹਲ

***ਪ੍ਰਸਿੱਧ ਗਜ਼ਲਗੋ ਗੁਰਦਰਸ਼ਨ ਬਾਦਲ ਦੀ ਹੋਣਹਾਰ ਬੇਟੀ ਤਨਦੀਪ ਤਮੰਨਾ ਖੁਦ ਸੰਵੇਦਨਸ਼ੀਲ ਕਵਿੱਤਰੀ ਹੈ। ਉਸ ਦੇ ਦੋ ਕਾਵਿ-ਸੰਗ੍ਰਿਹ ਪੰਜਾਬੀ ਵਿਚ ਅਤੇ ਇਕ ਕਾਵਿ-ਸੰਗ੍ਰਿਹ ਉਰਦੂ ਵਿਚ (ਲਾਹੌਰ ਤੋਂ) ਪ੍ਰਕਾਸ਼ਿਤ ਹੋ ਚੁਕਾ ਹੈ। ਉਸ ਨੂੰ ਸ਼ਬਦਾਂ ਦਾ ਰਿਦਮ ਸਮਝਣ ਦਾ ਵਿਵੇਕ ਵਿਰਸੇ 'ਚ ਹਾਸਿਲ ਹੋਇਆ। ਇਸੇ ਹਾਸਿਲ ਨੂੰ ਉਹ ਵਾਰਤਕ ਲਿਖਣ ਵੇਲੇ ਕਮਾਲ ਵਾਂਗ ਪੇਸ਼ ਕਰਦੀ ਹੈ। ਸ਼ਬਦ-ਧੁਨੀਆਂ ਨੂੰ ਕਾਵਿ-ਸੂਹਜ ਵਿਚ ਰੂਪਾਂਤ੍ਰਿਤ ਕਰਨ ਦਾ ਹੁਨਰ ਉਸ ਨੂੰ ਖੂਬ ਆਉਂਦਾ ਹੈ। ਸੁਰਿੰਦਰ ਸੋਹਲ ਦੀ ਸ਼ਾਇਰੀ ਤੇ ਸ਼ਖਸੀਅਤ ਨੂੰ ਪੇਸ਼ ਕਰਦੇ ਇਸ ਸ਼ਬਦ-ਚਿੱਤਰ ਵਿਚ ਉਹ ਆਪਣੀ ਵਾਰਤਕ ਦੀ ਸਿਖਰ ਨੂੰ ਛੂੰਹਦੀ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਸ਼ਬਦ-ਚਿੱਤਰ ਡਾ. ਦਵਿੰਦਰ ਮੰਡ ਵਲੋਂ ਸੰਪਾਦਿਤ ਕੀਤੀ ਜਾ ਰਹੀ ਕਿਤਾਬ 'ਸੁਰਿੰਦਰ ਸੋਹਲ ਦੀ ਸਾਹਿਤ ਸਿਰਜਣਾ: ਵਿਭਿੰਨ ਪਾਸਾਰ' ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। -ਸੰਪਾਦਕ***

ਸੁਰਿੰਦਰ ਸੋਹਲ ਨੂੰ ਸ਼ਬਦ ਰਿੜਕਣੇ ਆਉਂਦੇ ਨੇ- 'ਖੰਡਰ, ਖਾਮੋਸ਼ੀ ਤੇ ਰਾਤ' ਤੋਂ 'ਇਬਾਰਤ ਚੁੱਪ ਕਿਉਂ ਹੈ?' ਦਾ ਸਫਰ ਸ਼ਾਇਰੀ ਦੇ ਨਿੱਤਰਨ ਦਾ ਸਫਰ ਹੈ, ਜਿਵੇਂ ਕੋਈ ਗਲੇਸ਼ੀਅਰ ਆਪਣੀ ਯਾਤਰਾ 'ਤੇ ਹੋਵੇ, ਤੁਸੀਂ ਬਰਫ ਵੀ ਵੇਖ ਸਕਦੇ ਓ, ਉਸ ਦੇ ਹੇਠ ਵਹਿੰਦਾ ਪਾਣੀ ਅਤੇ ਧੁੱਪ ਪੈਂਦੀ ਤੋਂ ਭਾਫ ਬਣ ਕੇ ਉੱਡਦੇ ਵਾਸ਼ਪ ਵੀ। ਪ੍ਰਕਿਰਤੀ ਵਾਂਗ ਸ਼ਾਇਰੀ ਵਿਚ ਵੀ ਇਹ ਅਵਸਥਾਵਾਂ ਵੱਡੇ ਤੇ ਅਲੌਕਿਕ ਬਦਲਾਵਾਂ ਦੀਆਂ ਸੰਕੇਤਕ ਹਨ।

ਇਕ ਪਾਸੇ ਉਹ ਪਿੰਡ ਦੀ ਕੱਜੀ ਹੋਈ ਤਹਿਜ਼ੀਬ ਦਾ ਜ਼ਿਕਰ ਬਾਖੂਬੀ ਕਰਦਾ ਹੈ ਤੇ ਦੂਜੇ ਪਾਸੇ ਮਹਾਨਗਰ ਦੀ ਨਿਰਵਸਤਰ ਸੋਚ ਦਾ ਚਿਤਰਣ ਕਰਦਿਆਂ ਐਸੀ ਸ਼ਾਇਰੀ ਕਰਦਾ ਹੈ, ਜੋ ਡਾਇਰੀ ਦੇ ਹਾਸ਼ੀਏ ਪਾਰ ਕਰ ਕੇ ਬ੍ਰਹਿਮੰਡ ਦੇ ਕੈਨਵਸ 'ਤੇ



ਤਨਦੀਪ ਤਮੰਨਾ (ਸਰੀ, ਕੈਨੇਡਾ)

ਕਲਾ-ਕ੍ਰਿਤ ਬਣ ਕੇ ਫੈਲ ਜਾਂਦੀ ਹੈ। ਕੈਨਵਸ ਤੇ ਕ੍ਰਿਤ ਦੋਵੇਂ ਡਾਇਮੈਨਸ਼ਨਜ਼ ਤੋਂ ਪਾਰ ਚਲੇ ਜਾਂਦੇ ਹਨ, ਸ਼ਬਦ ਅਨੰਤ ਖਲਾਅ ਨੂੰ ਛੂਹ ਕੇ ਆਉਂਦੀ ਰੂਹਾਨੀ ਆਵਾਜ਼ ਬਣ ਜਾਂਦੇ ਹਨ। ਉਸ ਦੀ ਸ਼ਾਇਰੀ ਵਿਚ ਅਹਿਸਾਸ ਦਾ ਬਹੁ-ਪਰਤੀ ਵਰਤਾਰਾ ਕੀਲ ਲੈਂਦਾ ਹੈ।

ਰਿਸ਼ਤਿਆਂ ਨੂੰ ਉਨ੍ਹਾਂ ਦੇ ਮਨੋ-ਵਿਗਿਆਨਕ ਪੱਧਰ 'ਤੇ ਜਾ ਕੇ ਲਿਖਣ ਦਾ ਹੁਨਰ ਬਹੁਤ ਘੱਟ ਸ਼ਾਇਰਾਂ ਦੇ ਹਿੱਸੇ ਆਇਆ ਹੈ, ਸੋਹਲ ਉਨ੍ਹਾਂ ਵਿਚੋਂ ਇਕ ਹੈ। ਜੇ ਮੈਨੂੰ ਇਕ ਸਤਰ 'ਚ ਉਸ ਦੀ ਕਵਿਤਾ ਦਾ ਸਾਰ ਲਿਖਣ ਲਈ ਕਿਹਾ ਜਾਵੇ ਤਾਂ ਇਹੀ ਕਹਾਂਗੀ ਕਿ ਉਸ ਦੀ ਸ਼ਾਇਰੀ ਸਮਾਜਕ ਵਰਗ 'ਚ ਉਲਝੇ ਮਨੁੱਖੀ ਰਿਸ਼ਤਿਆਂ ਦਾ ਤਾਂਡਵ ਹੈ। ਇਹ ਤਾਂਡਵ ਸਾਰਾ ਕੁਝ ਆਪਣੇ ਅੰਦਰ ਸਮੇਟਦਾ ਹੋਇਆ ਅਨੰਦਮਈ ਵੀ ਹੈ, ਸਿਰਜਣਾਤਮਕ ਵੀ। ਨਿਊਡ ਕਲੱਬਾਂ, ਨਾਈਟ ਕਲੱਬਾਂ, ਮਹਾਨਗਰ ਦੀ ਜ਼ਿੰਦਗੀ ਦੇ ਦ੍ਰਿਸ਼ ਓਨੇ ਹੀ ਸਜੀਵ ਹਨ, ਜਿੰਨੇ ਪਿੰਡ ਵਿਚ ਬਿਤਾਏ ਜੀਵਨ ਦੇ। ਸ਼ਬਦ, ਜ਼ਿਹਨ ਅਤੇ ਜ਼ਿਹਨ ਤੋਂ ਪਾਰ ਦੀ ਸੱਤਾ ਤੋਂ ਕਿੰਜ ਸ਼ਾਇਰੀ 'ਚ ਉਤਰਦੇ ਹਨ, ਤੁਸੀਂ ਇਸ ਦਾ ਅੰਦਾਜ਼ਾ ਸੋਹਲ ਦੀ ਇੱਕੋ ਨਜ਼ਮ ਪੜ੍ਹ ਕੇ ਲਾ ਸਕਦੇ ਹੋ।

ਉਸ ਨੂੰ ਦੀਵੇ ਦੀ ਪੀਲੀ-ਸੰਗਤਰੀ ਲੋਅ ਵਿਚੋਂ ਸੂਰਜ ਵੇਖਣਾ ਆਉਂਦੈ ਤੇ ਹਲਕੀ ਨੀਲੀ ਲੋਅ ਵਿਚੋਂ ਚੰਨ ਦਾ ਮੁਹਾਂਦਰਾ। ਅਚੰਭਿਆਂ ਦਾ ਉਸ ਦੀ ਸ਼ਾਇਰੀ ਵਿਚ ਕੋਈ ਸਥਾਨ ਨਹੀਂ, ਜੋ ਕੁਝ ਵੀ ਘਟਦਾ, ਉਹ ਸਭ ਸਹਿਜ ਵਰਤਾਰੇ ਹਨ। ਕਾਲ ਦੇ ਅਨੰਤ ਪ੍ਰਵਾਹ 'ਚ ਪਲ-ਪਲ ਵਾਪਰਦੀਆਂ ਹੋਣੀਆਂ-ਅਣਹੋਣੀਆਂ ਲਈ ਉਸ ਨੇ ਇਕ ਵੱਖਰੀ ਹੀ ਸ਼ਬਦਾਵਲੀ ਘੜ ਲਈ ਹੈ। ਦਰਅਸਲ ਉਸ ਦੀ ਸ਼ਾਇਰੀ ਬੇਦਾਵਾ ਦੇਣ ਤੇ ਪਾੜਨ ਦਾ ਲੰਬਾ ਇਤਿਹਾਸ ਹੈ। ਇਤਿਹਾਸ, ਜਿਸ ਵਿਚ ਪਾਤਰ ਆਪਣੀ ਭੂਮਿਕਾ ਨਿਭਾਉਂਦੇ ਹੋਏ, ਬਿਨਾ ਕਿਸੇ ਖਲਲ ਦੇ ਕਿਸੇ ਛਿਣ 'ਤੇ ਆਪਣੇ ਦਸਤਖਤ ਕਰਦੇ ਤੁਰ ਜਾਂਦੇ ਹਨ।

ਜੀਵਨ ਦੇ ਸੰਘਰਸ਼, ਨਿਰੰਤਰ ਅਧਿਐਨ ਅਤੇ ਅਦਬੀ ਖੇਮਿਆਂ 'ਚ ਚੱਲਦੀ ਆਧਾਰਹੀਣ ਮੁਖਾਲਫਤ ਨੇ ਉਸ ਦੀ ਸ਼ਾਇਰੀ ਦਾ ਚਿਹਰਾ-ਮੋਹਰਾ ਤਰਾਸ਼ਿਆ ਹੈ। ਜਦੋਂ ਚਾਰੇ-ਪਾਸਿਉਂ ਵਿਰੋਧ ਉਠਦਾ ਹੈ ਤਾਂ ਸੂਝਵਾਨ ਲੇਖਕ ਆਪਣੇ ਸਤਰ ਤੋਂ ਹੋਰ ਉਤਾਂਹ ਉਠ ਜਾਂਦਾ ਹੈ। ਧਰਤੀ ਤੇ ਆਕਾਸ਼ ਦੇ ਆਕਰਸ਼ਣ ਦੇ ਵਿਰੋਧ 'ਚੋਂ ਪੈਦਾ ਹੋਇਆ ਇਹ ਉਥਾਨ, ਤੁਸੀਂ ਸੋਹਲ ਦੀ ਸ਼ਾਇਰੀ 'ਚ ਵੇਖ ਸਕਦੇ ਹੋ।

ਧਾਰਮਿਕ, ਮਿਥਿਹਾਸਕ, ਇਤਿਹਾਸਕ ਅਤੇ ਭੂਗੋਲਕ ਹਵਾਲੇ ਉਸ ਦੀ ਕਵਿਤਾ ਦੀ ਨੀਂਹ ਵਿਚ ਨਿਰ-ਵਿਰੋਧ ਆਪੋ-ਆਪਣਾ ਥਾਂ ਮੱਲੀ ਬੈਠੇ ਹਨ। ਸ਼ੋਰ ਦੇ ਸ਼ਹਿਰ ਵਿਚ ਉਸ ਨੇ ਚੁੱਪ ਦੀ ਕਵਿਤਾ ਰਚੀ ਹੈ ਤੇ ਖੂਬਸੂਰਤ ਬਿੰਬਾਂ ਨੂੰ ਬੋਲਣ ਲਾ ਦਿੱਤਾ ਹੈ। ਪਠਾਰ ਬਾਰੇ ਲਿਖਦਿਆਂ ਉਸ ਨੂੰ ਪਤੈ ਕਿ ਜੀਵਨ ਦੇ ਸੰਕੇਤ ਲਈ ਨਿੱਕਾ ਜਿਹਾ ਰੁੱਖ ਕਿੱਥੇ ਖੜ੍ਹਾ ਕਰਨੈ ਤੇ ਘਣੇ ਜੰਗਲ ਦੀ ਬਾਤ ਕਰਦਿਆਂ ਪੱਥਰ ਦੀ ਛੋਹ ਕਿੰਜ ਤੇ ਕਿੱਥੇ ਦੇ ਜਾਣੀ ਹੈ। ਏਨੀ ਸੁਚੇਤ ਅਵੱਸਥਾ 'ਚ ਬਹੁਤ ਘੱਟ ਸ਼ਾਇਰ ਲਿਖਦੇ ਹਨ, ਬਹੁਤੇ ਤਾਂ ਜਿਉਂਦੇ ਜੀਅ ਆਤਮਿਕ ਬੇਹੋਸ਼ੀ ਦੇ ਆਲਮ 'ਚ ਹੀ ਲਿਖਦੇ ਹਨ। ਉਸ ਦੀ ਕਵਿਤਾ ਇਕ ਐਸੇ ਬੋਧ 'ਤੇ ਲੈ ਜਾਂਦੀ ਹੈ, ਜਿੱਥੇ ਤੁਸੀਂ ਉਸ ਨੂੰ ਇਕ ਹੀ ਸਮੇਂ ਕਈ ਸਥਾਨਾਂ ਅਤੇ ਦ੍ਰਿਸ਼ਾਂ 'ਤੇ ਢੁਕਾ ਕੇ ਵੇਖ ਸਕਦੇ ਹੋ।

ਸੱਚ ਜਾਂ ਯਥਾਰਥ ਰੂਹ ਲਈ ਸ਼ਬਦ ਰੂਪ ਹੈ। ਜੀਵਨ ਸੱਚ ਹੈ ਤੇ ਉਹ ਵੀ ਆਤਮ ਰੂਪ ਹੈ, ਜਿਸ ਦੀ ਧਾਰਾ ਨਿਰੰਤਰ ਵਹਿੰਦੀ ਰਹਿੰਦੀ ਹੈ। ਜੀਵਨ ਦੀ ਹਰ ਅਵੱਸਥਾ ਦਾ ਅਸਤਿੱਤਵ ਕਾਲ ਤੋਂ ਪਾਰ ਕਿਸੇ ਰਹੱਸਮਈ ਤਾਣੇ-ਬਾਣੇ 'ਤੇ ਬੁਣਿਆ ਜਾਂਦਾ ਹੈ। ਕਵੀ ਮਨ ਦੀ ਕਲਪਨਾ ਮੰਨ ਕੇ ਸ਼ਬਦਾਂ ਨੂੰ ਮਨ ਦੀ ਸੀਮਾ 'ਚ ਬੰਨ੍ਹਣਾ ਸਹੀ ਨਹੀਂ ਹੋਵੇਗਾ। ਪਦਾਰਥ ਜਗਤ ਦੀਆਂ ਘਟਨਾਵਾਂ ਸ਼ਾਇਰ ਦੇ ਸੂਖਮ ਮਨ 'ਤੇ ਯਕੀਨਨ ਗਹਿਰਾ ਅਸਰ ਛੱਡਦੀਆਂ ਹਨ।

ਸੋਹਲ ਕੋਲ ਸਿਮਰਤੀਆਂ ਦਾ ਵੀ ਵਿਸ਼ਾਲ ਭੰਡਾਰ ਹੈ। ਉਹ ਸਿਮਰਤੀਆਂ ਦੇ ਸੰਮੋਹਨ 'ਚ ਹੀ ਲਿਖਦਾ ਹੈ। ਉਸ ਦੀ ਕਵਿਤਾ ਨੂੰ ਮਹਿਜ ਕਲਪਨਾ ਸਮਝ ਕੇ ਸੀਮਿਤ ਬੁੱਧੀ ਨਾਲ ਉਸ ਦਾ ਵਿਸ਼ਲੇਸ਼ਣ ਕਰਨਾ ਨਿਆਂ ਨਹੀਂ ਹੋਵੇਗਾ। ਇਹ ਸੂਖਮ ਮਨ ਦੇ ਅਨੁਭਵ ਹਨ। ਮਨ ਪ੍ਰਭਾਵਾਂ ਨੂੰ ਕਿੰਜ ਗ੍ਰਹਿਣ ਕਰਦੈ, ਇਹ ਸਰੋਤ ਅਜੇ ਤਕ ਰਾਜ਼ ਹੀ ਹੈ। ਭਾਵ, ਭਾਵਨਾ ਅਤੇ ਸ਼ਬਦ ਤੋਂ ਪਾਰ ਇਨ੍ਹਾਂ ਦਾ ਰੂਪ ਹੋਰ ਹੀ ਹੋ ਜਾਂਦਾ ਹੈ। ਕੋਈ ਇਕ ਘਟਨਾ ਜਾਂ ਮੌਤ ਵੀ ਜ਼ਿੰਦਗੀ ਦੀ ਹੋਂਦ ਨੂੰ ਖਤਮ ਨਹੀਂ ਕਰ ਸਕਦੀ, ਇਸ ਦਾ ਬੋਧ ਸਾਨੂੰ ਸੋਹਲ ਦੀ ਸ਼ਾਇਰੀ ਦੀ ਅਮੀਰ ਤੇ ਖੂਬਸੂਰਤ ਸ਼ਬਦਾਵਲੀ ਕਰਵਾਉਂਦੀ ਹੈ। ਜਿਹੜੇ ਸਾਂਚੇ 'ਚ ਮਨੁੱਖ ਨੂੰ ਪਰਮੇਸ਼ਰ ਨੇ ਢਾਲਿਆ ਹੈ, ਇਹ ਪਲ-ਪਲ ਬੀਤਦੀ ਜ਼ਿੰਦਗੀ ਉਨ੍ਹਾਂ ਸਾਂਚਿਆਂ ਦਾ ਹੀ ਕੌਤਕ ਹੈ। ਏਸੇ ਕੌਤਕ 'ਚ ਉਸ ਦਾ ਮਨ ਤੇ ਚੇਤਨਾ ਵੀ ਢਲੇ ਹਨ ਅਤੇ ਉਸ ਦੀ ਸ਼ਾਇਰੀ ਦਾ ਪੁਖਤਾ ਸਾਂਚਾ ਤਿਆਰ ਹੋਇਆ ਹੈ।

ਉਸ ਦੀ ਸ਼ਾਇਰੀ ਪੜ੍ਹਦਿਆਂ ਮੈਨੂੰ ਅਕਸਰ ਇੰਜ ਮਹਿਸੂਸ ਹੁੰਦੈ ਕਿ ਉਹ ਦੋ ਪਲਾਂ ਵਿਚਕਾਰ ਠਹਿਰਨਾ ਜਾਣਦਾ ਹੈ ਤੇ ਪ੍ਰਤੱਖ-ਅਪ੍ਰਤੱਖ ਵਿਚੋਂ ਕਵਿਤਾ ਕਸ਼ੀਦ ਕਰ ਲੈਣ ਦੀ ਇਹ ਉਸ ਦੀ ਸ਼ਾਇਰ ਦੇ ਤੌਰ 'ਤੇ ਸਭ ਤੋਂ ਵੱਡੀ ਕਲਾ ਹੈ। ਇਨ੍ਹਾਂ ਪਲਾਂ ਦੌਰਾਨ ਠਹਿਰਦਿਆਂ, ਉਸ ਦੇ ਜ਼ਿਹਨ ਦਾ ਸਿੱਧਾ ਸਬੰਧ ਲੌਕਿਕ ਘਟਨਾਵਾਂ ਨਾਲ ਹੋ ਜਾਂਦੈ। ਉਹ ਯਥਾਰਥਕਤਾ ਦੇ ਸਾਰ ਪੱਧਰ 'ਤੇ ਹੀ ਵਿਚਰਦਾ ਹੈ। ਉਸ ਦੀ ਕਵਿਤਾ ਦਾ ਅਣੂ-ਅਣੂ, ਅਸੰਖ ਰਚਨਾਵਾਂ ਦੇ ਅੰਸ਼ ਸਮੋਈ ਬੈਠਾ ਹੈ।

ਕਾਲ ਦੇ ਚੱਕਰ 'ਚ ਪਿਸਦੇ ਮਨੁੱਖ ਦਾ ਜੀਵਨ ਵੀ ਚੱਕਰ ਹੀ ਬਣ ਜਾਂਦਾ ਹੈ। ਚੱਕਰ 'ਚ ਘੁੰਮਦਿਆਂ-ਘੁੰਮਦਿਆਂ, ਕਮਜ਼ੋਰ ਧੁਰੀ ਟੁੱਟ ਜਾਂਦੀ ਹੈ, ਬਸ ਸੋਹਲ ਦੀ ਕਵਿਤਾ ਵੀ ਏਸੇ ਬੋਧ ਦਾ ਅਨੁਭਵ ਹੈ। ਏਸੇ ਅਨੁਭਵ ਨਾਲ ਉਸ ਦੀ ਕਵਿਤਾ ਦੀ ਮਹਾਂਧੁਰੀ ਦੇ ਸੂਤਰ ਇਕ-ਇਕ ਕਰ ਕੇ ਜੁੜਦੇ ਜਾਂਦੇ ਹਨ। ਤੁਸੀਂ ਪਾਰਖੂ ਨਜ਼ਰ ਰੱਖਦੇ ਹੋ ਤਾਂ ਉਸ ਦੀ ਸਮੁੱਚੀ ਸ਼ਾਇਰੀ ਦਾ ਮੁਤਾਲਿਆ ਕਰ ਕੇ ਸੂਤਰਾਂ ਦਾ ਮੂਲ ਲੱਭ ਸਕਦੇ ਹੋ।

ਸੋਹਲ ਦੀ ਕਵਿਤਾ ਦੀ ਭਾਸ਼ਾ ਲਟ-ਲਟ ਬਲਦੀ ਤੇ ਚਿੰਤਨਸ਼ੀਲ ਹੈ, ਜਿਸ 'ਤੇ ਉਸ ਦਾ ਸ਼ਾਇਰ ਦੇ ਤੌਰ 'ਤੇ ਪੂਰਾ ਅਧਿਕਾਰ ਹੈ। ਉਸ ਦੀ ਹੁਣ ਤਕ (ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ) ਸਮੁੱਚੀ ਸ਼ਾਇਰੀ ਮੈਂ ਨਿੱਠ ਕੇ ਪੜ੍ਹੀ-ਮਾਣੀ ਹੋਈ ਹੈ ਤੇ ਇਹੀ ਅਨੁਭਵ ਕੀਤਾ ਹੈ ਕਿ ਉਸ ਦੀ ਸਿਰਜਣਾਤਮਕ ਪ੍ਰਕ੍ਰਿਆ ਦਾ ਰਹੱਸ ਹੈ, ਇੱਕੋ ਛਾਲ ਨਾਲ ਮਾਇਆਵੀ ਵਾਸਨਾ ਦੇ ਪਸਾਰ 'ਚੋਂ ਆਈਨਸਟਾਈਨ ਵਾਂਗ ਬੋਧ ਦੇ ਉਚੇ ਪੱਧਰ 'ਤੇ ਪਹੁੰਚ ਜਾਣਾ।

ਅੱਜ ਕੱਲ ਸਾਹਿਤ ਸਿਰਜਣਾ ਦੇ ਨਾਂ 'ਤੇ ਤੂੜੀ ਦੇ ਢੇਰ ਲਾਏ ਜਾ ਰਹੇ ਹਨ, ਤੰਗਲੀ ਮਾਰਿਆਂ ਉਸ ਵਿਚੋਂ ਇਕ ਦਾਣਾ ਵੀ ਨਹੀਂ ਲੱਭਦਾ। ਸੋਹਲ ਦੀ ਸ਼ਾਇਰੀ ਮੰਗਵੇਂ ਵਸਤਰਾਂ ਦੀ ਸ਼ਾਇਰੀ ਨਹੀਂ ਹੈ। ਦੇਵੀ ਸਰਸਵਤੀ ਦੀ ਕਿਰਪਾ ਨਾਲ ਉਸ ਕੋਲ ਜ਼ੁਬਾਨ ਦੀ ਅਮੀਰੀ ਹੈ। ਉਸ ਦਾ ਕਲਾਸਿਕ ਅਤੇ ਆਧੁਨਿਕ ਸਾਹਿਤ ਦਾ ਅਧਿਐਨ ਬੜਾ ਗਹਿਰਾ ਹੈ। ਮਿਸੀਸਿਪੀ 'ਚ ਕਿੰਨੀਆਂ ਨਦੀਆਂ ਵਹਿੰਦੀਆਂ ਹਨ, ਦਜਲਾ, ਫਰਾਤ ਦਰਿਆਵਾਂ ਦਾ ਵਹਿਣ ਕਿੱਧਰ ਹੈ, ਬ੍ਰਹਮਪੁੱਤਰ 'ਚੋਂ ਕਿੰਨੀਆਂ ਸ਼ਾਖਾਵਾਂ ਨਿਕਲਦੀਆਂ ਹਨ, ਉਸ ਨੂੰ ਪਤਾ ਹੁੰਦਾ ਹੈ। ਜੇ ਸੱਤਾਂ ਮਹਾਂਦੀਪਾਂ ਤੋਂ ਪਾਰ ਕਿਸੇ ਦੇਸ, ਸ਼ਹਿਰ, ਅਦਬ ਅਤੇ ਸ਼ਾਇਰੀ ਦੀ ਗੱਲ ਚੱਲਦੀ ਹੋਵੇ ਤਾਂ ਇਸ ਦਾ ਵੀ ਜ਼ਿਕਰ ਉਸ ਦੀ ਵਿਸ਼ਾਲ ਜਾਣਕਾਰੀ ਦੀ ਕਿਤਾਬ 'ਚ ਦਰਜ ਹੁੰਦਾ ਹੈ।



*ਸੁਰਿੰਦਰ ਸੋਹਲ (ਐਨ ਖੱਬੇ), ਪ੍ਰਸਿੱਧ ਉਰਦੂ ਸ਼ਾਇਰ ਬਸ਼ੀਰ ਬਦਰ ਅਤੇ ਨਿਊ ਯਾਰਕ ਵਸਦੇ ਸਰਬਾਂਗੀ ਲੇਖਕ ਡਾ. ਰਾਮਜੀ ਦਾਸ ਸੇਠੀ 'ਮਹਿਤਾਬ' ਨਾਲ*

ਯੁੱਧ ਨਾਲ ਜੁੜੇ ਸਾਰੇ ਬਿੰਬ ਭਿਆਨਕ ਹੁੰਦੇ ਹਨ, ਪਰ ਜੋ ਯੁੱਧ ਸਮਾਜ ਨਾਲ, ਪਰਿਵਾਰ ਨਾਲ ਤੇ ਜਾਂ ਫੇਰ ਖੁਦ ਨਾਲ ਲੜੇ ਜਾਂਦੇ ਹਨ, ਉਹੀ ਅਸਲੀ ਹੁੰਦੇ ਹਨ। ਸੋਹਲ ਨੇ ਹਰ ਸ਼ਬਦ 'ਚ ਜ਼ਖਮ ਤਰਾਸ਼ੇ ਹਨ ਤੇ ਗਜ਼ਲ ਦੇ ਹਰ ਮਕਤੇ, ਹਰ ਨਜ਼ਮ ਦੀ ਅੰਤਿਕਾ ਵਿਚ ਆਪਣਾ ਹੀ ਚਿਹਰਾ ਲੱਭਿਆ ਹੈ। ਸੀਤ ਲਹਿਰਾਂ, ਤੱਤੀਆਂ ਲੂਆਂ, ਸਾਂਵਲੀਆਂ ਸ਼ਾਮਾਂ, ਸੋਹਣੀਆਂ ਸਵੇਰਾਂ ਉਸ ਨੂੰ ਰੋਜ਼ਗਾਰ ਖਾਤਿਰ ਮਹਾਨਗਰ ਦੀਆਂ ਸੜਕਾਂ 'ਤੇ ਲਈ ਫਿਰਦੀਆਂ ਹਨ। ਜਿਉਂ-ਜਿਉਂ ਉਸ ਦੀ ਗੱਡੀ ਸ਼ਾਹਰਾਹਾਂ 'ਤੇ ਭੱਜਦੀ ਹੈ, ਸ਼ਾਇਰੀ ਮਾਲਾ ਦੇ ਮਣਕਿਆਂ ਵਾਂਗ ਆਪੇ ਰੂਹ ਦੇ ਪੋਟਿਆਂ 'ਤੇ ਗਿੜਦੀ ਅਜਪਾ ਜਾਪ ਬਣ ਜਾਂਦੀ ਹੈ।

ਸੋਹਲ ਦੀ 'ਗਜ਼ਲ ਮੁਟਿਆਰ' ਜਿੱਥੇ ਬੋਚ-ਬੋਚ ਕੇ ਪੋਲੇ-ਪੋਲੇ ਪੈਰ ਧਰਦੀ ਹੈ, ਉਥੇ ਕੱਚਿਆਂ ਘਰਾਂ, ਖੁੱਲ੍ਹੇ ਵਿਹੜਿਆਂ, ਮਘਦੇ ਚੁੱਲ੍ਹਿਆਂ, ਧੜਕਦੀਆਂ ਪਤਿੱਖਣਾਂ ਵਿਚੋਂ ਪਿੰਡ ਦੀ ਮਿੱਟੀ ਦੀ ਖੁਸ਼ਬੂ ਚੁਫੇਰੇ ਫੈਲਾਉਂਦੀ, ਆਲਾ-ਦੁਆਲਾ ਨਸ਼ਿਆਉਂਦੀ, ਮਾਂ ਦੀ ਗੋਦੀ ਵਿਚ ਮਾਣੀਆਂ ਲੋਰੀਆਂ ਜਿਹੀ ਪਵਿੱਤਰ ਹੋ ਜਾਂਦੀ ਹੈ। ਜਿਸ ਫਿਜ਼ਾ ਵਿਚ ਇਹ ਮੁਟਿਆਰ ਸਾਹ ਲੈਂਦੀ ਹੈ, ਉਥੇ ਮੁਹੱਬਤ ਦੀ ਕਪਾਹ ਨੂੰ ਅਜੇ ਵੀ ਇੰਤਜ਼ਾਰ ਦੇ ਫੁੱਲ ਪੈਂਦੇ, ਹਯਾਤੀ ਦੇ ਪਿੱਪਲਾਂ 'ਤੇ ਪਈਆਂ ਪੀਂਘਾਂ ਨੂੰ ਸੋਚਾਂ ਦੇ ਨਵੇਂ ਹੁਲਾਰੇ ਆਉਂਦੇ, ਕੰਧਾਂ-ਕੰਧੋਲੀਆਂ ਉਤੇ ਉਕਰੇ ਮੋਰ, ਜ਼ਿੰਦਗੀ ਦੇ ਕੰਡਿਆਂ ਦੀ ਕੱਕੀ-ਕੱਕੀ ਰੇਤ 'ਤੇ ਪੈਲ ਪਾਉਂਦੇ, ਪੁਰਾਣੇ ਬੋਹੜਾਂ ਦੇ ਮੱਥੇ ਬਜ਼ੁਰਗਾਂ ਦੇ ਚਿਹਰਿਆਂ ਵਾਂਗ ਦਗਦੇ ਹਨ। ਉਮੰਗਾਂ ਦੀਆਂ ਭੋਲੀਆਂ ਤਿਤਲੀਆਂ ਸੁਫਨਿਆਂ ਦਾ ਹਰ ਰੰਗ ਪਰਾਂ ਵਿਚ ਸਮੋਈ ਕੁਦਰਤ ਨਾਲ ਰਾਜ਼ ਦੀਆਂ ਬਾਤਾਂ ਪਾਉਂਦੀਆਂ ਨੇ, ਉਥੇ ਅੱਜ ਵੀ ਖੂਹਾਂ 'ਤੇ ਉਗੀਆਂ ਬੇਰੀਆਂ ਨੂੰ ਦੁਨੀਆਂ ਤੋਂ ਚੋਰੀ-ਚੋਰੀ ਇਕਰਾਰਾਂ ਦੇ ਬੇਰ ਲੱਗਦੇ ਨੇ ਅਤੇ ਪਤਿੱਖਣਾਂ ਵਿਚ ਮੁਹੱਬਤ ਦੀ ਹੋਲੀ ਦੇ ਰੰਗ ਛੁਪਾ ਕੇ ਰੱਖੇ ਜਾਂਦੇ ਹਨ।

ਪਰ ਜਦੋਂ ਕਦੇ ਇਹ ਗਜ਼ਲ ਮੁਟਿਆਰ ਝਾਂਜਰਾਂ ਵਾਲੇ ਗੋਰੇ ਪੈਰ ਪਿੰਡ ਦੀ ਜੂਹ ਤੋਂ ਬਾਹਰ ਧਰਦੀ ਹੈ ਤਾਂ ਠਾਠਾਂ ਮਾਰਦੇ ਸਮੁੰਦਰ, ਸੁੰਨੇ ਸ਼ਹਿਰਾਂ ਬਣ ਜਾਂਦੇ ਹਨ। ਇਸ ਮੁਟਿਆਰ ਦੀ ਰੂਹ ਸੱਸੀ ਵਾਂਗ ਤਪਦੇ ਥਲਾਂ ਵਿਚ ਤੜਫਦੀ ਹਾਲੋਂ-ਬੇਹਾਲ ਹੋ ਜਾਂਦੀ ਹੈ। ਪੱਛਮ ਦੀ ਤੇਜ਼ ਰਫਤਾਰ ਜ਼ਿੰਦਗੀ ਉਸ ਦੇ ਮੁੱਖ ਦਾ ਨੂਰ ਖੋਹ ਲੈਂਦੀ ਹੈ। ਉਸ ਦਾ ਹਾਰ-ਸ਼ਿੰਗਾਰ ਫਿੱਕਾ ਪੈ ਜਾਂਦਾ ਹੈ। ਉਸ ਦੇ ਚਾਵਾਂ, ਸੱਧਰਾਂ 'ਤੇ ਗਰਜ਼ਾਂ ਅਤੇ ਰੋਜ਼ੀ-ਰੋਟੀ ਦੇ ਫਿਕਰਾਂ ਦਾ ਪਰਛਾਵਾਂ ਪੈ ਜਾਂਦਾ ਹੈ ਤੇ ਪਰਦੇਸਣ ਹੋਈ ਇਹ ਮੁਟਿਆਰ ਉਸੇ ਜਗ੍ਹਾ ਉਤੇ ਅਤੇ ਵਕਤ ਵਿਚ ਮੁੜਨ ਦੀ ਲੋਚਾ ਕਰਦੀ ਹੈ, ਜਿੱਥੇ ਕਦੇ ਕਿਸੇ ਨੇ ਪਹਿਲੀ ਵਾਰ ਮੁਹੱਬਤ ਵਿਚ ਉਸ ਦੀ ਕੋਮਲ ਬਾਂਹ ਮਰੋੜੀ ਸੀ ਅਤੇ ਚੂੜੀਆਂ ਤਿੜਕਣ ਦੀ ਆਵਾਜ਼ ਉਸ ਅੰਦਰੋਂ ਨਿਕਲੀ ਮਿੱਠੀ ਚੀਸ ਨਾਲ ਰਲ ਕੇ ਲਾਜਵੰਤੀ ਦੇ ਪੱਤਿਆਂ ਦੀ ਰੂਹ ਵਿਚ ਕਿਤੇ ਡੂੰਘੀ ਲਹਿੰਦੀ, ਉਨ੍ਹਾਂ ਨੂੰ ਸੰਗ ਦੇ ਗੂੜ੍ਹੇ ਰੰਗ ਵਿਚ ਰੰਗ ਗਈ ਸੀ।

ਸੁਰਿੰਦਰ ਸੋਹਲ ਦੀ ਸ਼ਾਇਰੀ ਦੀ ਜਮੀਨ ਤਾਂ ਠੋਸ ਹੈ ਹੀ, ਉਸ ਕੋਲ ਆਪਣਾ ਅਸਮਾਨ ਵੀ ਹੈ। ਉਸ ਦੀ ਸ਼ਬਦ ਬਣਤਰ, ਖੂਬਸੂਰਤ ਅਤੇ ਵੰਨ-ਸੁਵੰਨਾ ਰੁੱਤ-ਚੱਕਰ ਹੈ, ਇਸ ਕਰ ਕੇ ਮੈਂ ਉਸ ਦੀ ਸ਼ਾਇਰੀ ਨੂੰ ਮਹਿਜ਼ ਸ਼ਾਇਰੀ ਸਮਝ ਕੇ ਨਹੀਂ ਪੜ੍ਹਦੀ। ਤੁਸੀਂ ਕੀ ਸਮਝ ਕੇ ਪੜ੍ਹੋਗੇ, ਇਹ ਤੁਹਾਡੇ 'ਤੇ ਮੁਨੱਸਰ ਹੈ।

ਉਸ ਦੀ ਸਮੁੱਚੀ ਕਾਵਿ-ਰਚਨਾ ਦੇ ਪ੍ਰਤੀਕ ਤੇ ਬਿੰਬ ਬਹੁਤ ਵੱਖਰੇ ਹੋਣ ਦੇ ਬਾਵਜੂਦ ਪਾਠਕ ਲਈ ਕੋਈ ਉਲਝਣ ਪੈਦਾ ਨਹੀਂ ਕਰਦੇ। ਸ਼ਾਇਰ ਦੇ ਤੌਰ 'ਤੇ ਉਹ ਜਿੰਨਾ ਪਾਰਦਰਸ਼ੀ ਹੋ ਸਕਦਾ ਹੈ, ਓਨਾ ਹੈ ਤੇ ਓਨੀ ਹੀ ਉਸ ਦੀ ਭਾਸ਼ਾ ਵੀ ਪਾਰਦਰਸ਼ੀ ਹੈ। ਜੋ ਤੇ ਜਿੰਨਾ-ਜਿੰਨਾ ਜ਼ਰੂਰੀ ਹੈ, ਉਹ ਇਕ ਲੈਅ ਵਿਚ ਪਰੋਇਆ ਹੋਇਆ ਹੈ। ਮੈਨੂੰ ਕਦੇ ਉਸ ਦੀ ਲਿਖਤ ਵਿਚ ਆਕਾਸ਼-ਗੰਗਾ ਵੀ ਮਹਿਕਦੀ ਲੱਗਦੀ ਹੈ ਤੇ ਕਦੇ ਝੀਲ ਵੀ ਅਸਮਾਨੀ ਬਿਜਲੀ ਵਾਂਗ ਚਮਕਦੀ ਲੱਗਦੀ ਹੈ।

ਸਮਕਾਲੀ ਸ਼ਾਇਰ ਸੋਹਲ ਮੈਨੂੰ ਬਹੁਤੀ ਵਾਰ ਕਿਸੇ ਮਹਾਰਿਸ਼ੀ ਵਾਂਗ ਅਜੋਕੇ ਵਿਗਿਆਨੀਆਂ ਦੇ 'ਕਵਾਂਟਮ' ਸਿਧਾਂਤ ਦੀ ਖੋਜ 'ਤੇ ਹੱਸਦਾ ਲੱਗਦਾ ਹੈ ਤੇ ਕਦੇ ਕਾਲ-ਚੱਕਰ 'ਚ ਪੀਸੇ ਜਾ ਰਹੇ ਮਨੁੱਖ ਸਾਹਵੇਂ ਵਿਛੀ ਸ਼ਤਰੰਜ ਦਾ ਹੀ ਇਕ ਮੋਹਰਾ ਜਾਪਦਾ ਹੈ। ਜਿੰਨੇ ਉਸ ਦੇ ਤਖੱਯੁਲ-ਪਰਿੰਦੇ ਸਜੀਵ ਹਨ, ਓਨੇ ਹੀ ਉਸ ਦੇ ਸ਼ਬਦ-ਆਲ੍ਹਣੇ ਪੁਖਤਾ ਤੇ ਨਿਵੇਕਲੇ ਹਨ।

ਮੈਂ ਤਾਂ ਉਸ ਦੀ ਸ਼ਾਇਰੀ ਵਿਚ ਸਤਰੰਗੀ ਪੀਂਘ ਤੋਂ ਪਾਰ ਦੇ ਰੰਗ ਵੇਖੇ ਹਨ, ਤੁਸੀਂ ਕਿਹੜੇ ਰੰਗ ਤੇ ਕਿਵੇਂ ਵੇਖਣੇ ਹਨ, ਇਹ ਫੈਸਲਾ ਤੁਹਾਡੇ 'ਤੇ ਛੱਡਦੀ ਹਾਂ, ਪਰ ਇਕ ਗੱਲ ਯਕੀਨ ਨਾਲ ਕਹਿ ਸਕਦੀ ਹਾਂ ਕਿ ਵਿਰਲੀਆਂ ਕਿਤਾਬਾਂ ਦੇ ਹੀ ਸ਼ਬਦ-ਸ਼ਬਦ 'ਚੋਂ ਕਿਰਦਾਰ ਜਾਗ ਕੇ, ਖਲਾਅ ਦੇ ਪਾਰ ਜਾਣ ਦੀ ਸਮਰੱਥਾ ਰੱਖਦੇ ਹੁੰਦੇ ਨੇ। ਸੋਹਲ ਦੀ ਸ਼ਾਇਰੀ ਦੀ ਇਹ ਸਮਰੱਥਾ ਉਸ ਦਾ ਸ਼ੁਮਾਰ ਪੰਜਾਬੀ ਦੇ ਬਿਹਤਰੀਨ ਸ਼ਾਇਰਾਂ 'ਚ ਕਰਵਾਉਂਦੀ ਹੈ। ਉਸ ਦੀ ਸ਼ਾਇਰੀ ਤੁਹਾਨੂੰ ਆਪਣੀਆਂ ਹੀ ਅੱਖਾਂ 'ਚੋਂ ਸੂਰਜ ਬਣ ਕੇ ਉਗਦਾ ਆਪਣਾ ਹੀ ਅਫਸਾਨਾ ਲੱਗੇਗੀ। ਬਸ ਤੁਸੀਂ ਸ਼ਬਦਾਂ ਵਿਚੋਂ ਕਦੇ ਫੁੱਲ, ਕਦੇ ਪੱਥਰ 'ਤੇ ਬਹਿੰਦੀ ਸ਼ੋਖ ਜਿਹੀ ਤਿਤਲੀ ਨੂੰ ਵੇਖਣਾ ਹੈ, ਫੇਰ ਫੁੱਲ, ਪੱਥਰ, ਤਿਤਲੀ ਸਭ ਭੁੱਲ ਕੇ, ਸੂਨਯਤਾ ਵਿਚ ਉਸ ਦੀਆਂ ਨਜ਼ਮਾਂ, ਗਜ਼ਲਾਂ ਅਚੇਤ ਮਨ 'ਚ ਸੁਲਘਣ ਦੇਣੀਆਂ ਨੇ। ਮੈਂ ਤਾਂ ਕਿਤੇ ਵੀ ਹਵਾ ਤੇ ਚਿਣਗਾਂ ਦਾ ਜ਼ਿਕਰ ਨਹੀਂ ਕੀਤਾ, ਇਹ ਕਲਪਨਾ ਤੁਸੀਂ ਖੁਦ ਕੀਤੀ ਹੈ ਤੇ ਇਹੀ ਸ਼ਾਇਰ ਦੇ ਤੌਰ 'ਤੇ ਸੋਹਲ ਦਾ ਹਾਸਿਲ ਹੈ। ਆਮੀਨ!

## ਸੋਹਲ ਦੀਆਂ ਦੋ ਕਵਿਤਾਵਾਂ

### ਮਾਂ ਦਾ ਤਰਕ

ਗਲਾ ਛੋਟਾ ਸੀ, ਗੋਲੀ ਨਾ ਲੰਘਦੀ
ਡਾਕਟਰ ਆਸਾ ਗੋਲੀਆਂ ਪੀਹ ਕੇ
ਪੁੜੀਆਂ ਬਣਾ ਦਿੰਦਾ
ਮਾਂ ਪਾਣੀ ਨਾਲ ਪੁੜੀ ਖੁਆਉਣ ਲੱਗੀ
ਦਵਾ ਮੇਰੇ ਮੂੰਹ 'ਚ ਝਾੜਦੀ
ਪੁੜੀ ਵਾਲਾ ਕਾਗਜ਼ ਦੋ ਟੋਟੇ ਕਰਦੀ
ਕੋਲ ਖੜ੍ਹਾ ਕੋਈ ਪੁੱਛਦਾ
ਮਾਂ ਜਵਾਬ ਦਿੰਦੀ,
'ਏਦਾਂ ਦਵਾ ਛੇਤੀ ਕਾਟ ਕਰਦੀ ਐ!'

ਗਲਾ ਵੱਡਾ ਹੋ ਗਿਆ
ਹੁਣ ਗੋਲੀ ਲੰਘਦੀ ਸੀ
ਗੋਲੀ ਖੁਆ ਕੇ ਮਾਂ
ਦਵਾ ਵਾਲੇ ਲਫਾਫੇ ਨੂੰ ਰਤਾ ਕੁ ਪਾੜ ਦਿੰਦੀ।

ਮੰਗਲ 'ਤੇ ਜੀਵਨ ਤਲਾਸ਼ਣ ਵਾਲਾ
ਸੇਬ ਦੇ ਧਰਤੀ 'ਤੇ ਡਿੱਗਣ ਦਾ
ਚੰਨ ਦੇ ਘਟਣ ਵਧਣ ਦਾ
ਕਾਰਨ ਲੱਭਣ ਵਾਲਾ, ਮੈਂ
ਮਾਂ ਦੇ ਬੇਬੁਨਿਆਦ ਤਰਕ 'ਤੇ
ਸਿਰਫ ਹੱਸਦਾ।

ਮੇਰਾ ਬੇਟਾ ਬੀਮਾਰ ਹੈ
ਉਸ ਦੇ ਮੂੰਹ 'ਚ ਦਵਾ ਦੀ ਪੁੜੀ ਝਾੜੀ
ਮੈਨੂੰ ਪਤਾ ਹੀ ਨਾ ਲੱਗਾ
ਪੁੜੀ ਵਾਲੇ ਕਾਗਜ਼ ਦੇ
ਕਦੋਂ ਦੋ ਟੋਟੇ ਹੋ ਗਏ...।

### ਈਸਟ ਵਿਲੇਜ ਦਾ ਵੀਕ-ਐਂਡ

ਅੱਧੀ ਰਾਤੇ
ਬਾਰ 'ਚੋਂ ਜੋੜਾ ਨਿਕਲਦਾ
ਖੂਬਸੂਰਤ ਵਸਤਰਾਂ ਵਿਚ
ਲੜਖੜਾਂਦੇ ਪੈਰ,
ਝੂਲੇ ਜਿਸਮ ਨਾਜ਼ੁਕ ਸ਼ਾਖ ਵਾਂਗ
ਜਿਉਂ ਪਰਿੰਦਾ ਸੁਹਜ ਦਾ
ਉੜ ਗਿਆ ਹੈ ਏਸ ਤੋਂ
ਕੈਬ ਅੰਦਰ ਬੈਠ ਕੇ ਹੀ
ਇਕ ਦੂਏ ਨੂੰ ਪੁੱਛਦੇ ਨੇ:
ਨਾਮ ਕੀ ਹੈ?
ਜੌਬ ਕੀ ਹੈ?
ਮੁਲਕ ਕਿਹੜਾ?
'ਮੂਵ' ਹੋਇਆਂ ਨੂੰ ਹੈ ਕਿੰਨੀ ਦੇਰ ਹੋਈ?
ਅੱਜ ਤਾਰੇ ਰੂਮ ਤੇਰੇ ਵਿਚ ਖਿੜਨਗੇ
ਜਾਂ ਮੇਰੇ ਹੋਟਲ ਦੇ ਅੰਦਰ?

ਫੈਸਲਾ ਕਰਦੇ ਤੇ ਇਕ-ਦੂਏ ਨੂੰ
ਘੁੱਟ ਕੇ ਚੁੰਮਦੇ ਨੇ।

ਕੜਕਦੀ ਸਰਦੀ 'ਚ
ਕੈਬ ਦੀ ਵਿੰਡੋ ਦਾ ਸ਼ੀਸ਼ਾ
ਹੇਠ ਨੂੰ ਸਰਕਾਅ ਕੇ
ਠੰਢੀ ਪੌਣ ਖਾਣਾ ਲੋਚਦੇ
ਦੇਖ ਕੇ ਸੜਕਾਂ ਦੀ ਰੌਣਕ
'ਬੁਲਬੁਲੀ' ਮਾਰਨ ਤੇ ਆਖਣ:
ਇਹ ਵਿਲੇਜ ਤਾਂ
ਨਾ ਕਿਸੇ ਦੁਨੀਆਂ, ਸ਼ਹਿਰ
ਜਾਂ ਪਿੰਡ ਦਾ ਹੀ ਅੰਗ ਹੈ
ਇਹ ਨਵਾਂ ਸੰਸਾਰ
ਇਸ ਦੀ ਆਪਣੀ ਤਹਿਜ਼ੀਬ ਹੈ...।

# ਸਤਲੁਜ ਦੇ ਵਹਿਣ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਤਲੁਜ, ਪੰਜ ਦਰਿਆਵਾਂ ਦੀ ਧਰਤੀ ਪੰਜਾਬ ਜਾਂ ਪ੍ਰਾਚੀਨ ਕਾਲ ਵਿਚ ਪੰਚਨਦ ਦੇ ਨਾਂ ਨਾਲ ਜਾਂਦੇ ਦੇਸ਼ ਦੇ ਧੁਰ ਉਤਰ-ਪੂਰਬ ਦਾ ਦਰਿਆ ਹੈ। ਭਾਵੇਂ ਢਾਈ ਆਬ ਬਣੇ ਪੂਰਬੀ ਪੰਜਾਬ ਦਾ ਇਹ ਇੱਕ ਪ੍ਰਮੁੱਖ ਦਰਿਆ ਹੈ ਪਰ ਇਸ ਦੇ ਪਾਣੀਆਂ 'ਚੋਂ ਕੱਢੇ ਡੈਮ ਅਤੇ ਨਹਿਰਾਂ ਕਾਰਨ ਇਸ ਦਾ ਉਹ ਜਲ ਜਲੌਅ ਨਹੀਂ ਰਿਹਾ। ਮੇਰਾ ਪਿੰਡ ਇਸ ਦਰਿਆ ਤੋਂ ਘੱਟੋ ਘੱਟ ਪੰਦਰਾਂ ਵੀਹ ਮੀਲ ਦੂਰ ਹੋਵੇਗਾ ਪਰ ਸਾਡੇ ਪਿੰਡ ਵਿਚ ਇੱਕ ਦੰਦ ਕਥਾ ਮਸ਼ਹੂਰ ਹੈ ਕਿ ਕਿਸੇ ਵੇਲੇ ਸਤਲੁਜ ਦਰਿਆ ਸਾਡੇ ਪਿੰਡ ਨਾਲ ਖਹਿ ਕੇ ਲੰਘਦਾ ਹੁੰਦਾ ਸੀ, ਸ਼ਾਇਦ ਚਾਰ ਪੰਜ ਸੌ ਸਾਲ ਪਹਿਲਾਂ। ਪਿੰਡ ਦਾ ਇਕ ਪਾਸਾ ਨੀਵਾਂ ਜਿਹਾ ਹੈ, ਤੇ ਦੱਸਿਆ ਜਾਂਦਾ ਹੈ ਕਿ ਦਰਿਆ ਐਨ ਏਥੋਂ ਹੀ ਲੰਘਦਾ ਹੁੰਦਾ ਸੀ। ਹਾਲ ਦੀ ਘੜੀ ਮੈਂ ਇਸ ਦਾਅਵੇ ਦੀ ਸੱਚਾਈ ਪਰਖਣ ਤੋਂ ਅਸਮਰੱਥ ਹਾਂ।

ਇਹ ਗੱਲ ਜ਼ਰੂਰ ਹੈ ਕਿ ਦਰਿਆ ਆਪਣੇ ਰੁੱਖ ਬਦਲਦੇ ਰਹਿੰਦੇ ਹਨ ਤੇ ਨਵੇਂ ਪਿੰਡ-ਥਾਂ ਪਾਣੀ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਅਕਸਰ ਦਰਿਆਵਾਂ ਦੇ ਕੰਢਿਆਂ 'ਤੇ ਵਸਾਏ ਜਾਂਦੇ ਸਨ। ਉਨ੍ਹੀਂ ਦਿਨੀਂ 'ਨਿਊ ਸਤਲੁਜ ਟਰਾਂਸਪੋਰਟ' ਕੰਪਨੀ ਦੀਆਂ ਬੱਸਾਂ ਸਾਡੇ ਪਿੰਡ ਵਿਚੋਂ ਲੰਘ ਕੇ ਅਤੇ ਫਿਲੌਰ ਵਿਚ ਸਤਲੁਜ ਦਰਿਆ ਉਤਲਾ ਪੁਲ ਪਾਰ ਕਰਕੇ ਲੁਧਿਆਣੇ ਜਾਇਆ ਕਰਦੀਆਂ ਸਨ। ਪੁਲ ਪਾਰ ਕਰਦਿਆਂ ਸਵਾਰੀਆਂ ਅਕਸਰ ਬੱਸ ਦੀ ਖਿੜਕੀ 'ਚੋਂ ਸਿੱਕੇ ਸੁੱਟਿਆ ਕਰਦੀਆਂ ਸਨ। ਸ਼ਾਂਤ ਦਰਿਆ ਜੀਵਨਦਾਤਾ ਵੀ ਹਨ ਤੇ ਕਹਿਰ ਵਿਚ ਆਏ ਜਾਨਲੇਵਾ ਵੀ। ਇਸ ਲਈ ਭਾਰਤ ਵਿਚ ਪਾਣੀਆਂ ਨੂੰ ਪੂਜਿਆ ਜਾਂਦਾ ਸੀ। ਖੂਹਾਂ, ਦਰਿਆਵਾਂ ਆਦਿ ਵਿਚ ਪੈਸੇ ਸੁੱਟਣ ਦੀ ਪਰੰਪਰਾ ਢੇਰ ਪੁਰਾਣੀ ਹੈ। ਹਰ ਕਰਮ ਧਰਮ ਦੀ ਅਜੋਕੇ ਵਿਗਿਆਨਕ ਪਰਿਪੇਖ ਤੋਂ ਵਿਆਖਿਆ ਕਰਨ ਵਾਲੇ ਕਈ ਲੋਕ ਇਹ ਕਹਿੰਦੇ ਹਨ ਕਿ ਸਿੱਕਿਆਂ ਦਾ ਤਾਂਬਾ ਗੰਧਲੇ ਪਾਣੀਆਂ ਨੂੰ ਸਾਫ ਕਰਦਾ ਹੈ। ਦਰਅਸਲ ਤਾਂਬੇ ਦੀ ਖੋਜ ਲੋਹੇ ਤੋਂ ਵੀ ਪਹਿਲਾਂ ਹੋਈ ਸੀ।

ਇੱਕ ਸੰਧੀ ਅਧੀਨ ਸਤਲੁਜ ਦਰਿਆ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਰਾਜਾਂ ਵਿਚਕਾਰ ਸਰਹੱਦ ਬਣ ਗਿਆ ਸੀ। ਸਤਲੁਜ ਦੇ ਕੰਢੇ ਪਿੰਡ ਹੁਸੈਨੀਵਾਲਾ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸੰਸਕਾਰ ਕੀਤਾ ਗਿਆ ਸੀ। ਇਸੇ ਲਈ ਸਤਲੁਜ ਪੰਜਾਬੀਆਂ ਵਿਚ ਕ੍ਰਾਂਤੀ, ਬਗਾਵਤ, ਆਜ਼ਾਦੀ ਆਦਿ ਦੇ ਆਦਰਸ਼ਾਂ ਪ੍ਰਤੀ ਜੂਝਣ ਲਈ ਪ੍ਰੇਰਨਾ ਦਾ ਪ੍ਰਤੀਕ ਬਣ ਗਿਆ ਹੈ। ਲਾਲ ਸਿੰਘ ਦਿਲ ਕੁਝ ਅਜਿਹੇ ਹੀ ਭਾਵ ਵਿਅਕਤ ਕਰਦਾ ਹੈ,

ਸਤਲੁਜ ਦੀਏ 'ਵਾਏ ਨੀ
ਪ੍ਰੀਤ ਤੇਰੇ ਨਾਲ ਸਾਡੀ 'ਵਾਏ ਨੀ
ਫੇਰ ਅਸੀਂ ਕੋਲ ਤੇਰੇ ਆਏ ਨੀ
ਦਿਲ ਪਹਿਚਾਣ ਸਾਡਾ ਉਠ ਕੇ
ਸਿਰ ਅਸੀਂ ਨਾਲ ਨਾ ਲਿਆਏ ਨੀ।
ਆਏ ਸੱਤਾਂ ਸਾਗਰਾਂ ਨੂੰ ਚੀਰ ਕੇ
ਪਾਣੀ ਤੇਰਿਆਂ ਦੇ ਤ੍ਰਿਹਾਏ ਨੀ।
ਪਿਆਰ ਤੇਰਾ ਛੋਹੇ ਜਿਹੜੇ ਦਿਲ ਨੂੰ
ਉਹ ਸੂਰਜਾਂ ਦੀ ਅੱਗ ਬਣ ਜਾਏ ਨੀ।
ਬੀਜ ਉਹ ਬਗਾਵਤਾਂ ਦੇ ਬੀਜਦਾ
ਗੀਤ ਉਹ ਆਜ਼ਾਦੀਆਂ ਦੇ ਗਾਏ ਨੀ।

ਸਤਲੁਜ ਦਰਿਆ ਨੂੰ ਇਸ ਖਿੱਤੇ ਦਾ ਸਭ ਤੋਂ ਲੰਮਾ ਦਰਿਆ ਕਿਹਾ ਜਾਂਦਾ ਹੈ। ਇਹ ਤਿੱਬਤ ਦੇ ਪੱਛਮ ਵਿਚ ਸਥਿਤ ਰਾਖਸ਼ਸਤਾਲ ਝੀਲ ਦੀ ਉਤਰੀ ਨੋਕ ਤੋਂ ਨਿਕਲਦਾ ਹੈ। ਆਮ ਤੌਰ 'ਤੇ ਇਹ ਹੀ ਲਿਖਿਆ ਮਿਲਦਾ ਹੈ ਕਿ ਇਸ ਦਰਿਆ ਦਾ ਸ੍ਰੋਤ ਮਾਨਸਰੋਵਰ ਹੈ ਪਰ ਅਜਿਹਾ ਨਹੀਂ ਹੈ।



*ਸੰਨ 1900 ਦਾ ਚਿੱਤਰ: ਸਤਲੁਜ ਦਰਿਆ ਪਾਰ ਕਰਦੀ ਬਰਤਾਨਵੀ ਸੈਨਾ*

ਦਰਅਸਲ ਮਾਨਸਰੋਵਰ ਝੀਲ ਰਾਖਸ਼ਸਤਾਲ ਦੇ ਨਾਲ ਹੀ ਲਗਦੀ ਹੈ। ਤਿੱਬਤ ਦੇ ਇਸ ਹਿੱਸੇ ਵਿਚ ਵਗਦੇ ਸਤਲੁਜ ਨੂੰ ਲੰਗਕਨ ਜ਼ੰਗਬੋ (ਹਾਥੀ ਦੀ ਸੁੰਡ) ਆਖਦੇ ਹਨ। ਸਤਲੁਜ ਕੈਲਾਸ਼ ਪਰਬਤ ਦੀਆਂ ਦੱਖਣੀ ਢਲਾਣਾਂ ਦੇ ਨਾਲ ਨਾਲ ਉਤਰ-ਪੱਛਮ ਵੱਲ ਵਹਿੰਦਾ ਹੋਇਆ ਰਾਮਪੁਰ ਬਸ਼ਹਿਰ ਤੇ ਕੋਟਗੜ੍ਹ ਭੱਜੀ ਦੇ ਇਲਾਕਿਆਂ ਦੇ ਉਤਰੋ ਉਤਰ ਕਹਿਲੂਰ ਦੇ ਇਲਾਕੇ ਵਿਚ ਦਾਖਲ ਹੋ ਜਾਂਦਾ ਹੈ। ਫਿਰ ਦੱਖਣ-ਪੱਛਮ ਵੱਲ ਮੋੜ ਕੱਟ ਕੇ ਬਿਲਾਸਪੁਰ ਕੋਲੋਂ ਦੀ ਲੰਘਦਾ ਊਨਾ ਵੱਲ ਤੁਰ ਪੈਂਦਾ ਹੈ। ਅੱਗੋਂ ਅੰਬਾਲੇ ਦੀ ਹੱਦ ਛੂੰਹਦਾ ਰੋਪੜ ਦੇ ਉਤਰੋਂ ਸ਼ਿਵਾਲਿਕ ਦੀਆਂ ਪਹਾੜੀਆਂ ਛੱਡ ਕੇ ਮਾਛੀਵਾੜੇ, ਲੁਧਿਆਣੇ ਅਤੇ ਆਲੀਵਾਲ ਵਿਚ ਦੀ ਹੁੰਦਾ ਹੋਇਆ ਧਰਮਕੋਟ ਵੱਲ ਚਾਲੇ ਪਾ ਦਿੰਦਾ ਹੈ। ਇਸ ਪਿਛੋਂ ਪੁਰਾਣਾ ਵਹਿਣ ਛੱਡ ਕੇ ਹਰੀ ਕੇ ਪੱਤਣ ਵਿਚ ਬਿਆਸ ਨਾਲ ਜਾ ਮਿਲਦਾ ਹੈ। ਇੱਕ ਬਣੇ ਸਤਲੁਜ-ਬਿਆਸ ਨੂੰ ਘਾਰਾ ਵੀ ਕਿਹਾ ਜਾਂਦਾ ਹੈ। ਕੁਝ ਲੋਕ ਘਾਰਾ ਦਾ ਅਰਥ ਗਾਰਾ ਜਿਹਾ ਕਰਦੇ ਹਨ ਅਰਥਾਤ ਗਾਰੇ ਵਾਲਾ ਦਰਿਆ, ਪਰ ਮੈਂ ਟਰਨਰ ਨਾਲ ਸਹਿਮਤ ਹਾਂ ਜਿਸ ਅਨੁਸਾਰ ਇਹ ਘਾਰ ਜਾਂ ਘਾਲ ਨਾਲ ਸਬੰਧਤ ਹੈ ਜਿਸ ਦਾ ਅਰਥ ਪਾਣੀ ਦੇ ਵਹਿਣ ਨਾਲ ਬਣਿਆ ਪਾਟ ਹੈ।

ਇਹ ਘਾਰਾ ਪਾਕਿਸਤਾਨ ਦੇ ਲਾਹੌਰ, ਮਿੰਟਗੁਮਰੀ ਨਾਲ ਖਹਿੰਦਾ ਪੰਜਨਦ ਦੇ ਸਥਾਨ 'ਤੇ ਝਨਾਂ ਅਤੇ ਰਾਵੀ ਨਾਲ ਰਲ ਕੇ ਆ ਰਹੇ ਜੇਹਲਮ ਨਾਲ ਜਾ ਰਲਦਾ ਹੈ। ਫਿਰ ਪੰਜੇ ਦਰਿਆ ਪੰਜਨਦ ਬਣ ਕੇ ਮਿਠਣਕੋਟ ਦੇ ਸਥਾਨ 'ਤੇ ਸਿੰਧ ਦਰਿਆ ਨੂੰ ਜਾ ਮਿਲਦੇ ਹਨ। ਸਤਲੁਜ ਆਪਣੇ ਲੰਮੇ ਪੰਧ ਦੌਰਾਨ ਕਈ ਨਾਲਿਆਂ, ਚੋਆਂ, ਬਾਹਿਆਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ। ਦੋ ਨਦੀਆਂ ਸੂਹਾਂ ਅਤੇ ਸਿਰਸਾ ਵੀ ਇਸ ਵਿਚ ਮਿਲਦੀਆਂ ਹਨ। ਇਨ੍ਹਾਂ ਦੋਹਾਂ ਨਦੀਆਂ ਦੀਆਂ ਆਪਣੀਆਂ ਕਈ ਸ਼ਾਖਾਵਾਂ ਹਨ। ਹਰ ਦਰਿਆ ਦੇ ਕਈ ਮੋੜ ਘੇੜ ਹੁੰਦੇ ਹਨ, ਕਈ ਸ਼ਾਖਾਵਾਂ ਹੁੰਦੀਆਂ ਹਨ, ਹਰ ਦਰਿਆ ਆਪਣੇ ਵਹਿਣ ਬਦਲਦਾ ਰਹਿੰਦਾ ਹੈ। ਇਸ ਲਈ ਵਿਭਿੰਨ ਭੂਗੋਲਿਕ ਅਤੇ ਇਤਿਹਾਸਕ ਖੰਡਾਂ ਕਾਰਨ ਦਰਿਆਵਾਂ ਦੇ ਨਾਂ ਬਦਲਦੇ ਰਹਿੰਦੇ ਹਨ। ਕਹਿੰਦੇ ਹਨ ਕਿ ਦੋ ਕੁ ਸੌ ਸਾਲ ਤੋਂ ਸਤਲੁਜ ਨੇ ਆਪਣਾ ਰਸਤਾ ਨਹੀਂ ਬਦਲਿਆ।

ਝਨਾਂ ਦਰਿਆ ਵਾਲੇ ਲੇਖ ਵਿਚ ਦੱਸਿਆ ਗਿਆ ਸੀ ਕਿ ਭਾਰਤ ਦੇ ਕੁਝ ਇਕ ਹੋਰ ਦਰਿਆ ਹਨ ਜਿਨ੍ਹਾਂ ਦਾ ਨਾਂ ਵੀ ਚਿਨਾਬ ਹੀ ਹੈ। ਮੋਨੀਅਰ ਵਿਲੀਅਮਜ਼ ਅਨੁਸਾਰ ਗੰਗਾ ਦਾ ਇਕ ਨਾਂ ਵੀ ਸਤਲੁਜ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਚੀਨ ਦੇ ਪ੍ਰਦੇਸ਼ ਹਾਂਗ ਕਾਂਗ ਵਿਚ ਵੀ ਸਤਲੁਜ ਨਾਮੀਂ ਇਕ ਦਰਿਆ ਹੈ। ਹੋਰ ਤਾਂ ਹੋਰ ਇਸ ਦੇਸ਼ ਵਿਚ ਜੇਹਲਮ ਅਤੇ ਬਿਆਸ ਵੀ ਹਨ। ਹਾਂਗ ਕਾਂਗ ਦੇ ਇਸ ਦਰਿਆ ਦਾ ਚੀਨੀ ਵਿਚ ਨਾਂ ਸ਼ੇਕ ਸ਼ਿਊਂਗ ਹੈ। ਕਿਹਾ ਜਾਂਦਾ ਹੈ ਕਿ 1860 ਵਿਚ ਅੰਗਰੇਜ਼ਾਂ ਨੇ ਪੰਜਾਬੀ ਸੈਨਿਕਾਂ ਨੂੰ ਪੁਲਿਸ ਸਿਪਾਹੀਆਂ ਵਜੋਂ ਭਰਤੀ ਕੀਤਾ। ਹਾਂਗ ਕਾਂਗ ਦੀ ਲੌਂਗ ਵੈਲੀ ਇਸ ਸਤਲੁਜ ਬਿਆਸ ਦਾ ਦੁਆਬ ਬਣੀ ਹੋਈ ਹੈ। ਨਵੇਂ ਵਸੇ ਪੰਜਾਬੀਆਂ ਨੂੰ ਆਪਣੇ ਦੇਸ਼ ਦੇ ਦਰਿਆ ਯਾਦ ਆਏ ਤਾਂ ਉਨ੍ਹਾਂ ਏਹੀ ਨਾਂ ਇਥੋਂ ਦੇ ਦਰਿਆਵਾਂ ਦੇ ਧਰ ਦਿੱਤੇ। ਭੂ-ਹੇਰਵੇ ਕਾਰਨ ਅਕਸਰ ਹੀ ਨਵੀਂ ਥਾਂ ਵਸੇ ਲੋਕ ਆਪਣੀ ਮਾਤਭੂਮੀ ਦੇ ਸਥਾਨਾਂ ਦੇ ਨਾਂ 'ਤੇ ਨਵੇਂ ਵਸੇਬਿਆਂ ਦੇ ਨਾਂ ਧਰ ਦਿੰਦੇ ਹਨ। ਅਮਰੀਕਾ-ਕੈਨੇਡਾ ਦੇ ਅਨੇਕਾਂ ਸਥਾਨਾਂ ਦੇ ਨਾਂ ਯੂਰਪੀ ਸਥਾਨ ਨਾਂਵਾਂ ਪਿਛੇ ਧਰੇ ਗਏ ਹਨ। ਕੈਨੇਡਾ ਵਿਚ ਪੰਜਾਬੀਆਂ ਨੇ ਕਈ ਵਸੇਬਿਆਂ ਦੇ ਨਾਂ ਪੰਜਾਬ ਦੇ ਪਿੰਡਾਂ ਦੇ ਨਾਂ 'ਤੇ ਰੱਖੇ ਹਨ ਜਿਵੇਂ ਪਾਲਦੀ।

ਰਿਗ ਵੇਦ ਦੇ ਨਦੀਸੂਕਤ ਵਿਚ ਸਤਲੁਜ ਦਰਿਆ ਦਾ ਜ਼ਿਕਰ ਹੈ। ਇਥੇ ਇਸ ਨੂੰ ਸ਼ੁਤੁਦ੍ਰਿ ਕਿਹਾ ਗਿਆ ਹੈ। ਫਿਰ ਇਸ ਨੂੰ ਸ਼ਤਦਰੂ ਕਿਹਾ ਜਾਣ ਲੱਗਾ। ਰਿਸ਼ੀ ਵਾਲਮੀਕ ਦੀ ਰਮਾਇਣ ਵਿਚ ਭਰਤ ਦੁਆਰਾ ਸ਼ਤਦਰੂ ਪਾਰ ਕਰਨ ਦਾ ਜ਼ਿਕਰ ਹੈ। ਮਹਾਂਭਾਰਤ ਅਤੇ ਸ਼੍ਰੀਮਦਭਗਵਤ ਵਿਚ ਵੀ ਸ਼ਤਦਰੂ ਦਾ ਉਲੇਖ ਮਿਲਦਾ ਹੈ। ਸੰਸਕ੍ਰਿਤ ਵਿਚ ਇਸ ਨਾਂ ਦੇ ਹੋਰ ਰਪਾਂਤਰ ਹਨ: ਸ਼ਤਦ੍ਰੂਜ, ਸ਼ਤਦ੍ਰੂਕਾ, ਸ਼ਿਤਦ੍ਰੂ, ਸ਼ਿਤੂਦ੍ਰੀ ਆਦਿ। ਇਸ ਦਰਿਆ ਨੂੰ ਸੁਛਤਰਾ (ਸੁਹਣੀ ਛਤਰੀ?) ਵੀ ਕਿਹਾ ਗਿਆ ਹੈ। ਅੰਗਰੇਜ਼ੀ ਵਿਚ ਇਹ ਸ਼ਬਦ ਕਈ ਸ਼ਬਦ ਜੋੜਾਂ ਵਿਚ ਲਿਖਿਆ ਜਾਂਦਾ ਰਿਹਾ ਹੈ, ਜਿਵੇਂ Satladar, Sutledge, Satlut, Satlaj,Satlada, Setlege ਆਦਿ। ਅੱਜ ਕਲ੍ਹ ਇਸ ਨੂੰ Sutlej ਵਜੋਂ ਲਿਖਿਆ ਜਾਂਦਾ ਹੈ। ਅਲਬਰੂਨੀ ਅਨੁਸਾਰ ਸ਼ਤਲਦਰ ਹਿੰਦ ਦੇ ਇਕ ਪ੍ਰਾਂਤ ਦਾ ਨਾਂ ਵੀ ਹੈ। ਗਰੀਕ ਦੇ ਭੂਗੋਲ ਵਿਗਿਆਨੀ ਨੇ ਇਸ ਨੂੰ ਗਰੀਕ ਵਿਚ ਸਰਦਰੋਸ/ਜ਼ਰਦਰੋਸ ਜਿਹਾ ਲਿਖਿਆ ਹੈ ਅਤੇ ਰੋਮ ਦੇ ਪਲਿਨੀ ਨੇ ਸਿਦਰਸ ਜਾਂ ਹੈਸੂਦਰਸ ਵਜੋਂ ਲਿਖਿਆ ਹੈ।

ਸ਼ਤਦਰੂ ਸ਼ਬਦ ਬਣਿਆ ਹੈ, ਸਤ+ਦ੍ਰੂ ਤੋਂ। ਇਥੇ ਸਤ ਦਾ ਅਰਥ 'ਸੌ' ਹੈ ਅਤੇ ਦ੍ਰੂ ਦਾ ਅਰਥ ਹੈ, ਸ਼ਾਖਾ। ਇਸ ਬਾਰੇ ਫਿਰ ਕਦੇ ਲਿਖਿਆ ਜਾਵੇਗਾ। ਨਿਰੁਕਤਸ਼ਾਸਤਰੀ ਗ. ਸ. ਰਿਆਲ ਨੇ ਦ੍ਰੂ ਦਾ ਅਰਥ ਦੌੜ, ਗਤੀ ਦਸਿਆ ਹੈ, ਪਰ ਮੋਨੀਅਰ ਵਿਲੀਅਮਜ਼ ਸ਼ਤਦ੍ਰੂ ਸ਼ਬਦ ਦਾ ਅੱਖਰੀ ਅਰਥ 'ਸੌ ਸ਼ਾਖਾਵਾਂ ਵਾਲਾ' ਦੱਸਦਾ ਹੈ। ਇਸ ਦਾ ਭਾਵ ਹੈ, ਸੌ ਸਹਾਇਕ ਨਦੀਆਂ ਵਾਲੀ। ਇਥੇ ਸੌ ਨੂੰ 100 ਵਜੋਂ ਨਹੀਂ ਬਲਕਿ ਕਈ, ਅਨੇਕਾਂ ਦੇ ਅਰਥ ਵਿਚ ਲਿਆ ਜਾਣਾ ਚਾਹੀਦਾ ਹੈ। ਸੋ, ਦ੍ਰੂ ਦਾ ਅਰਥ ਸ਼ਾਖਾ ਸਹੀ ਹੁੰਦਾ ਹੈ। ਗੇਂਦੇ ਦੇ ਫੁੱਲ ਦੇ ਇਕ ਹੋਰ ਨਾਂ ਸਤਵਰਗ ਦਾ ਸ਼ਾਬਦਿਕ ਅਰਥ ਭਾਵੇਂ 'ਸੌ ਪੰਖੜੀਆਂ ਵਾਲਾ' ਫੁੱਲ ਹੈ ਪਰ ਵਿਸਤ੍ਰਿਤ ਅਰਥ ਬਣਿਆ, ਅਨੇਕਾਂ ਪੰਖੜੀਆਂ ਵਾਲਾ।

'ਮਹਾਨ ਕੋਸ਼' ਦਾ ਇੰਦਰਾਜ 'ਸਤਲੁਜ' 'ਸਤਦ੍ਰਵ' ਵੱਲ ਭਜਾਉਂਦਾ ਹੈ। ਪਰ ਸ਼ਤਦ੍ਰਵ ਇੰਦਰਾਜ ਵਿਚ ਇਸ ਨੂੰ 'ਸ਼ਤ (ਸੌ) ਧਾਰਾ ਕਰਕੇ ਵਹਿਣ ਵਾਲਾ ਦਰਿਆ' ਕਿਹਾ ਗਿਆ ਹੈ। ਇਸ ਵਿਚਲੇ ਕਥਿਤ ਦ੍ਰਵ ਦੀ ਕੋਈ ਵਿਆਖਿਆ ਨਹੀਂ। ਦਰਅਸਲ ਰਾਮਾਵ ਵਿਚ ਸਤਲੁਜ ਦੇ ਅਜਿਹੇ ਰੂਪ ਦਾ ਉਲੇਖ ਹੈ, 'ਨੇਤ੍ਰਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ' ਦ੍ਰਵ ਤਰਲ ਜਾਂ ਪਾਣੀ ਨੂੰ ਕਿਹਾ ਜਾਂਦਾ ਹੈ ਪਰ ਸਤਲੁਜ ਦੇ ਸਤਦ੍ਰਵ ਰੂਪ ਦਾ ਹੋਰ ਕਿਧਰੇ ਜ਼ਿਕਰ ਨਹੀਂ ਮਿਲਦਾ। ਮਹਾਨ ਕੋਸ਼ ਵਿਚ ਦਰਿਆ ਦੀ ਇਕ ਪੌਰਾਣਿਕ ਵਿਆਖਿਆ ਜ਼ਰੂਰ ਦਿੱਤੀ ਗਈ ਹੈ, "ਪੁਰਾਣ ਕਥਾ ਹੈ ਕਿ ਵਸਿਸਠ ਰਿਖੀ ਪੁਤ੍ਰਾਂ ਦੇ ਸ਼ੋਕ ਨਾਲ ਇਸ ਵਿਚ ਡੁੱਬ ਕੇ ਮਰਨ ਲੱਗਾ ਸੀ, ਦਰਿਆ ਨੇ ਆਪਣੇ ਪ੍ਰਵਾਹ ਨੂੰ ਸੌ ਥਾਂ ਕਰਕੇ ਡੁੱਬਣੋਂ ਬਚਾ ਲੀਤਾ।"

ਸ਼ਤਦ੍ਰੂ ਸ਼ਬਦ ਵਿਚਲਾ ਸ਼ਤ ਸ਼ਬਦ ਤੋਂ ਹੀ ਸ਼ਤਕ ਸ਼ਬਦ ਬਣਿਆ ਜਿਸ ਦਾ ਅਰਥ 'ਸੌ' ਹੁੰਦਾ ਹੈ ਜਿਵੇਂ ਵਿਰਾਟ ਕੋਹਲੀ ਨੇ ਰੰਨਾਂ (ਦੌੜਾਂ) ਦਾ ਸ਼ਤਕ ਬਣਾਇਆ। ਸ਼ਤ ਪ੍ਰਤੀ ਸ਼ਤ ਵਿਚ ਵੀ ਇਹ ਬੋਲਦਾ ਹੈ। ਸੌ, ਸੈਅ, ਸੈਂਕੜਾ ਸ਼ਬਦ ਵੀ ਸ਼ਤ ਦੇ ਹੀ ਵਿਗੜੇ ਰੂਪ ਹਨ। ਇਸ ਤੋਂ ਸ਼ਤਾਬਦੀ ਸ਼ਬਦ ਬਣਿਆ। ਇਹ ਸ਼ਬਦ ਭਾਰੋਪੀ ਖਾਸੇ ਵਾਲਾ ਹੈ। ਫਾਰਸੀ ਦਾ ਸਦੀ ਸ਼ਬਦ ਅਤੇ ਅੰਗਰੇਜ਼ੀ ਦਾ ਸੈਂਚੁਰੀ, ਸੈਂਟ, (ਸਿੱਕੇ ਵਾਲਾ ਅਤੇ ਪਰ ਸੈਂਟ ਵਿਚਲਾ) ਸ਼ਬਦ ਇਸ ਦੇ ਸਜਾਤੀ ਹਨ।

###

# ਇੰਡੀਅਨ ਕਾਫੀ ਹਾਊਸ ਦਾ ਮਹੱਤਵ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਨ੍ਹਾਂ ਦਿਨਾਂ ਵਿਚ ਸਾਬਕਾ ਕੇਂਦਰੀ ਮੰਤਰੀ ਆਨੰਦ ਸ਼ਰਮਾ ਦੀ ਸ਼ਿਮਲਾ ਫੇਰੀ ਸਮੇਂ ਉਸ ਦਾ ਇੰਡੀਅਨ ਕਾਫੀ ਹਾਊਸ ਵਿਖੇ ਕਾਫੀ ਪੀਣਾ ਹਿਮਾਚਲ ਮੀਡੀਆ ਦੇ ਧਿਆਨ ਵਿਚ ਆਇਆ। ਕਿਸੇ ਸਮੇਂ ਉਹ ਆਮ ਹੀ ਇਥੇ ਆ ਕੇ ਆਪਣੇ ਰਾਜਨੀਤਕ ਵਿਚਾਰ ਆਪਣੇ ਮਿੱਤਰਾਂ ਨਾਲ ਸਾਂਝੇ ਕਰਦਾ ਰਿਹਾ ਹੈ। ਲਿਖਣ ਵਾਲਿਆਂ ਨੇ ਇਹ ਵੀ ਲਿਖਿਆ ਹੈ, ਹਿਮਾਚਲ ਦਾ ਸਾਬਕਾ ਮੁੱਖ ਮੰਤਰੀ ਪੀ. ਕੇ. ਧੂਮਲ ਵੀ ਇਥੇ ਆਉਂਦਾ ਰਿਹਾ ਹੈ।

ਮੈਂ ਰਾਜਨੀਤੀ ਵਿਚ ਤਾਂ ਕੋਈ ਥਾਂ ਨਹੀਂ ਬਣਾਇਆ ਪਰ ਮੈਂ ਵੀ ਨਵੀਂ ਦਿੱਲੀ ਤੇ ਜਲੰਧਰ ਦੇ ਕਾਫੀ ਹਾਊਸਾਂ ਵਿਚ ਮਿੱਤਰਾਂ ਨੂੰ ਮਿਲਦਾ ਰਿਹਾ ਹਾਂ। ਮੈਂ ਨਵੀਂ ਦਿੱਲੀ ਦੇ ਕਾਫੀ ਹਾਊਸ ਦਾ ਉਦਘਾਟਨ ਉਸ ਵੇਲੇ ਦੇ ਕੇਂਦਰੀ ਮੰਤਰੀ ਕ੍ਰਿਸ਼ਨਾ ਮੈਨਨ ਵਲੋਂ ਹੁੰਦਾ ਤੱਕਿਆ ਹੈ। ਇੱਕ ਵਾਰੀ ਤ੍ਰੀਵੈਂਦਰਮ (ਕੇਰਲਾ) ਗਿਆ ਤਾਂ ਘੁੰਮਦਾ ਘੁਮਾਉਂਦਾ ਉਥੋਂ ਦੇ ਇੰਡੀਅਨ ਕਾਫੀ ਹਾਊਸ ਜਾ ਵੜਿਆ। ਬੈਠਣ ਦੀ ਦੇਰ ਸੀ ਕਿ ਇੱਕ ਬੈਰੇ ਨੇ ਸਤਿ ਸ੍ਰੀ ਅਕਾਲ ਆ ਬੁਲਾਈ। ਪਤਾ ਲੱਗਾ ਕਿ ਉਹ ਨਵੀਂ ਦਿੱਲੀ ਤੋਂ ਬਦਲ ਕੇ ਇਥੇ ਆਇਆ ਸੀ। ਮੈਨੂੰ ਨਵੀਂ ਦਿੱਲੀ ਤੋਂ ਪਛਾਣਦਾ ਸੀ। ਉਦੋਂ ਮੈਨੂੰ ਜਾਪਿਆ ਜਿਵੇਂ ਮੈਂ ਉਸ ਕਲੱਬ ਦਾ ਮੈਂਬਰ ਹੋਵਾਂ, ਜਿਸ ਦੀਆਂ ਸ਼ਾਖਾਵਾਂ ਭਾਰਤ ਦੇ ਕੋਨੇ-ਕੋਨੇ ਵਿਚ ਹਨ। ਮੈਂ ਸ਼ਿਮਲੇ ਵਾਲੇ ਕਾਫੀ ਹਾਊਸ ਦੀ ਗੱਲ ਧਰਮਪੁਰ ਬੈਠਿਆਂ ਪੜ੍ਹੀ ਤਾਂ ਇੱਕ ਵਾਰੀ ਫੇਰ ਉਹੀਓ ਅਹਿਸਾਸ ਹੋਇਆ। ਇੰਡੀਅਨ ਕਾਫੀ ਹਾਊਸ ਜ਼ਿੰਦਾਬਾਦ!




**ਬਲਜੀਤ ਬਾਸੀ ਤੇ ਮਿਰਕਣ ਆਦਿਵਾਸੀ:** ਬਲਜੀਤ ਬਾਸੀ ਦਾ ਜੱਦੀ ਪਿੰਡ ਬੰਡਾਲਾ ਹੈ। ਹਰਕਿਸ਼ਨ ਸਿੰਘ ਸੁਰਜੀਤ ਵਾਲਾ। ਜਦੋਂ ਮੈਂ 1995 ਵਿਚ ਅਖਬਾਰ 'ਦੇਸ਼ ਸੇਵਕ' ਦੀ ਸੰਪਾਦਕੀ ਸੰਭਾਲੀ ਤਾਂ ਉਹ ਪੰਜਾਬ ਯੂਨੀਵਰਸਟੀ ਵਿਚ ਪੜ੍ਹਾ ਕੇ ਸਿੱਧਾ ਮੇਰੇ ਦਫਤਰ ਆ ਜਾਂਦਾ, ਮੇਰਾ ਹੱਥ ਵਟਾਉਣ। ਉਹ 2001 ਤੋਂ ਅਮਰੀਕਾ ਰਹਿ ਰਿਹਾ ਹੈ। ਇਸ ਵਾਰੀ ਪੰਜਾਬ ਆਇਆ ਤਾਂ ਮਿਲ ਕੇ ਗਿਆ। ਅਸੀਂ ਮਿਰਕਣ ਆਦਿਵਾਸੀਆਂ ਨੂੰ ਚੇਤੇ ਕੀਤਾ। ਮੇਰੀ ਅਮਰੀਕਾ ਫੇਰੀ ਸਮੇਂ ਉਹ ਐਨਾਰਬਰ ਦੇ ਨੇੜੇ, ਜਿੱਥੇ ਕਦੀ ਗੁਰਬਖਸ਼ ਸਿੰਘ ਪ੍ਰੀਤ ਲੜੀ ਪੜ੍ਹਦਾ ਰਿਹਾ ਸੀ, ਡਿਟਰਾਇਟ ਖੇਤਰ ਵਿਚ ਰਹਿੰਦਾ ਸੀ, ਕੌਨਸਟੈਂਟਿਨ ਪਿੰਡ ਵਿਚ। ਉਹ ਤੇ ਉਸ ਦੀ ਪਤਨੀ ਰੂਪਿੰਦਰ ਵੀਹ ਮੀਲ ਦੀ ਦੂਰੀ ਉਤੇ ਕੋਈ ਆਮ ਜਿਹਾ ਕੰਮ ਕਰਦੇ ਸਨ। ਧੰਦਾ ਆਮ ਤੇ ਪੈਸਾ ਖਾਸਾ, ਡਾਲਰ ਹੀ ਡਾਲਰ। ਇਥੇ ਬਾਸੀ ਪ੍ਰੋਫੈਸਰ ਸੀ ਤੇ ਰੂਪਿੰਦਰ ਕੰਪਿਊਟਰ ਦੀ ਮਾਹਰ। ਉਨ੍ਹਾਂ ਨੂੰ ਮਤ੍ਰੇਈ ਧਰਤੀ ਨੇ ਆਪਣੀ ਗੋਦ ਵਿਚ ਲੈ ਲਿਆ ਸੀ। ਬੱਚੇ (ਟਿਮਟਿਮ ਤੇ ਕੈਂਡੀ) ਉਨ੍ਹਾਂ ਨਾਲੋਂ ਵੀ ਖੁਸ਼। ਪੜ੍ਹਾਈ ਵਿਚ ਸਭ ਤੋਂ ਵੱਧ ਨੰਬਰ ਲੈਣ ਵਾਲੇ। ਉਹ ਮੈਨੂੰ ਕੈਲਮਜ਼ੂ ਸਟੇਸ਼ਨ ਤੋਂ ਲੈਣ ਆਇਆ। ਰਸਤੇ ਵਿਚ ਆਮਿਸ਼ ਆਦਿਵਾਸੀਆਂ ਦੇ ਪਿੰਡ ਸਨ। ਉਹ ਲੋਕ ਅਮਰੀਕਨਾਂ 'ਚ ਨਹੀਂ ਰਲਦੇ। ਘੋੜੇ ਪਾਲਦੇ, ਤਾਂਗੇ ਵਾਹੁੰਦੇ ਤੇ ਖੇਤੀ ਕਰਦੇ ਹਨ। ਪੁਰਾਤਨਤਾ ਵਿਚ ਮਸਤ। ਬਾਸੀ ਨੇ ਉਨ੍ਹਾਂ ਦੇ ਪਿੰਡ ਤੇ ਘਰ ਵਿਖਾਏ। ਰਹਿਣੀ-ਸਹਿਣੀ ਤੇ ਕੰਮ ਧੰਦਾ, ਸਭ ਕੁਝ।



*ਬਲਜੀਤ ਬਾਸੀ*

ਸੱਜਰੀ ਮਿਲਣੀ ਵਿਚ ਉਦੋਂ ਵਾਲੀਆਂ ਗੱਲਾਂ ਵੀ ਹੋਈਆਂ ਤੇ ਹੋਰ ਵੀ। ਮੈਂ ਉਨ੍ਹਾਂ ਨੂੰ ਮਿਰਕਣ ਰੈਡ ਇੰਡੀਅਨਜ਼ ਬਾਰੇ ਦੱਸਿਆ। ਉਨ੍ਹਾਂ ਨਾਲ ਖਾਧੇ ਇੱਕ ਭੋਜਨ ਬਾਰੇ, ਜਿੱਥੇ ਉਨ੍ਹਾਂ ਦੇ ਵਡੇਰੇ ਨੇ ਖਾਣਾ ਖਾਣ ਤੋਂ ਪਹਿਲਾਂ ਜਿਹੜੀ ਆਪਣੀ ਭਾਸ਼ਾ ਵਿਚ ਅਰਦਾਸ ਕੀਤੀ ਸੀ। ਉਹ ਪੇਂਡੂ ਪੰਜਾਬੀਆਂ ਦੀ ਉਸ ਅਰਦਾਸ ਵਰਗੀ ਸੀ, ਜੋ ਪੰਜਾਬ ਦੇ ਟਾਵੇਂ-ਟਾਵੇਂ ਬਜ਼ੁਰਗ ਅੱਜ ਵੀ ਕਰਦੇ ਹਨ:

ਦੱਦਾ ਦਾਤਾ ਏਕ ਹੈ
ਸਭ ਕੋ ਦੇਵਣਹਾਰ
ਦਿੰਦਿਆਂ ਟੋਟ ਨਾ ਆਵਈ
ਅਟੁੱਟ ਭਰੇ ਭੰਡਾਰ
ਜਿਸਦਾ ਦਿੱਤਾ ਖਾਵਣਾ
ਤਿਸ ਕਹੀਏ ਸ਼ਾਬਾਸ਼।

ਬਲਜੀਤ ਬਾਸੀ ਨਾਲ ਇਸ ਮਿਲਣੀ ਸਮੇਂ, ਜਿਸ ਵਿਚ ਰਘਬੀਰ ਸਿੰਘ ਸਿਰਜਣਾ ਵੀ ਸ਼ਾਮਲ ਸੀ, ਅਸੀਂ ਅਰਦਾਸ ਤਾਂ ਨਹੀਂ ਕੀਤੀ ਪਰ ਅਮਰੀਕਾ ਤੇ ਪੰਜਾਬ ਦੀ ਪੁਰਾਤਨਤਾ ਨੂੰ ਖੂਬ ਚੇਤੇ ਕੀਤਾ। ਚਰਖੇ, ਚੱਕੀਆਂ ਤੇ ਚਿਮਟਿਆਂ ਸਮੇਤ ਮਜ਼ਾ ਆ ਗਿਆ।

**ਭਗਤ ਸਿੰਘ ਸ਼ਹੀਦ ਦਾ ਨਸੀਮ ਚੰਗੇਜ਼ੀ:** ਪਿਛਲੇ ਹਫਤੇ ਦਿੱਲੀ ਦੇ ਇਕ ਬਿਰਧ ਸੁਤੰਤਰਤਾ ਸੰਗਰਾਮੀ ਨਸੀਮ ਮਿਰਜ਼ਾ ਚੰਗੇਜ਼ੀ ਦੇ ਤੁਰ ਜਾਣ ਦੀ ਖਬਰ ਮਿਲੀ। ਉਹ 106 ਸਾਲ ਦਾ ਹੋ ਕੇ ਗਿਆ। ਉਹ ਪੁਰਾਣੀ ਦਿੱਲੀ ਦੀ ਜਾਮਾ ਮਸਜਿਦ ਨੇੜੇ ਰਹਿੰਦਾ ਸੀ।

ਮੀਡੀਆ ਅਨੁਸਾਰ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਮਹੀਨਾ ਪਹਿਲਾਂ ਸ਼ਹੀਦ ਭਗਤ ਸਿੰਘ ਵੀ ਜਾਮਾ ਮਸਜਿਦ ਦੇ ਪਿਛਲੇ ਪਾਸੇ ਦਿੱਲੀ ਦੇ ਇੱਕ ਪਿਆਓ ਵਿਚ ਪੰਡਿਤ ਬਣ ਕੇ ਰਿਹਾ ਸੀ, ਨਵੀਂ ਦਿੱਲੀ ਦੀ ਅਸੈਂਬਲੀ ਬਾਰੇ ਸੂਹ ਲੈਣ ਲਈ। ਚੰਗੇਜ਼ੀ ਦੇ ਕਥਨ ਅਨੁਸਾਰ ਭਗਤ ਸਿੰਘ ਉਸ ਦੇ ਘਰ ਨਹੀਂ ਸੀ ਰਹਿ ਸਕਦਾ, ਜਿੱਥੇ ਮਾਸ ਬਣਦਾ ਸੀ। ਪਰ ਚੰਗੇਜ਼ੀ ਤੇ ਉਸ ਦੇ ਮਾਪਿਆਂ ਨੇ ਸ਼ਹੀਦ ਨੂੰ ਪਿਆਓ 'ਤੇ ਠਹਿਰਾ ਦਿੱਤਾ ਸੀ। ਨਸੀਮ ਚੰਗੇਜ਼ੀ ਖੁਦ ਪੜ੍ਹਨ-ਲਿਖਣ ਵਾਲਾ ਬੰਦਾ ਸੀ। ਉਹ ਆਪਣੇ ਪਿੱਛੇ ਦੋ ਪੁੱਤਾਂ ਤੇ ਸੱਤ ਧੀਆਂ ਦਾ ਵੱਡਾ ਪਰਿਵਾਰ ਛੱਡ ਕੇ ਗਿਆ ਹੈ। ਆਮੀਨ!

**ਅੰਤਿਕਾ: ਮਿਰਜ਼ਾ ਗਾਲਿਬ**

ਚਾਹੀਏ ਅੱਛੋਂ ਕੋ ਜਿਤਨਾ ਚਾਹੀਏ
ਯੀਹ ਅਗਰ ਚਾਹੇਂ ਤੋਂ ਫਿਰ ਕਯਾ ਚਾਹੀਏ।
ਮੁਨੱਸਰ ਮਰਨੇ ਪੇ ਹੋ ਜਿਸ ਕੀ ਉਮੀਦ
ਨਾਉਮੀਦੀ ਉਸ ਕੀ ਦੇਖਾ ਚਾਹੀਏ।

ਕਹਾਣੀ

# ਤਿਆਗ

*ਸਥਾਪਤ ਪੰਜਾਬੀ ਕਹਾਣੀਕਾਰ ਮਰਹੂਮ ਰਘੁਬੀਰ ਢੰਡ ਦੀ ਕਹਾਣੀ 'ਤਿਆਗ' ਵਿਚਲਾ ਵਿਅੰਗ ਬਹੁਤ ਸੂਖਮ ਹੈ ਅਤੇ ਇਸ ਦੀ ਧਾਰ ਬੜੀ ਤਿੱਖੀ ਹੈ। ਸਿਆਸੀ ਲੀਡਰ ਕਿਸ ਤਰ੍ਹਾਂ ਮੁਲਕ ਨੂੰ ਲੁੱਟ ਕੇ ਆਮ ਲੋਕਾਂ ਸਾਹਮਣੇ ਤਿਆਗੀ ਹੋਣ ਦਾ ਢੌਂਗ ਕਰਦੇ ਹਨ, ਇਸ ਕਹਾਣੀ ਦਾ ਵਿਸ਼ਾ ਹੈ। ਕਹਾਣੀ ਦੀਆਂ ਪਰਤਾਂ ਜਿਉਂ ਜਿਉਂ ਖੁੱਲ੍ਹਦੀਆਂ ਜਾਂਦੀਆਂ ਹਨ, ਤਿਉਂ ਤਿਉਂ ਮੰਤਰੀ ਦਾ ਕਿਰਦਾਰ ਬੇਪਰਦ ਹੁੰਦਾ ਜਾਂਦਾ ਹੈ। -ਸੰਪਾਦਕ*



**ਰਘੁਬੀਰ ਢੰਡ**

ਉਨ੍ਹਾਂ ਨੇ ਪੰਜ ਕਿਸਮ ਦਾ ਮੀਟ ਵੀ ਆਪਣੀ ਪਲੇਟ ਵਿਚ ਪਵਾ ਲਿਆ, ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ, ਮਾੜੀ-ਮੋਟੀ ਦਾਲ, ਚਟਣੀਆਂ ਅਤੇ ਸਲਾਦ ਵੀ। ਪਰ ਬਿਰਿਆਨੀ ਨੂੰ ਨਾਂਹ ਕਰਦਿਆਂ ਭਰੀ-ਭਰਾਈ ਕੜਛੀ ਵਾਪਸ ਰਖਾ ਦਿਤੀ। ਇਹ ਕੌਤਕ ਵੇਖ ਮੁੱਖ ਮੇਜ਼ਬਾਨ ਗੋਲੀ ਵਾਂਗ ਉਨ੍ਹਾਂ ਕੋਲ ਪੁਜਿਆ।

"ਕੀ ਗੱਲ ਹੱਥ ਕਿਉਂ ਰੋਕ ਦਿਤਾ, ਜਨਾਬ!... ਰੰਗ ਪਸੰਦ ਨਹੀਂ, ਖੁਸ਼ਬੂ ਪਸੰਦ ਨਹੀਂ, ਜਾਂ ਸਾਥੋਂ ਹੀ ਨਾਚੀਜ਼ਾਂ ਤੋਂ ਕੋਈ ਗੁਸਤਾਖੀ ਹੋ ਗਈ।"

"ਨਹੀਂ, ਨਹੀਂ! ਐਸੀ ਕੋਈ ਬਾਤ ਨਹੀਂ।" ਇੰਜ ਆਖ ਮੰਤਰੀ ਸਾਹਿਬ ਇਸ ਬਿਰਿਆਨੀ ਪਿੱਛੇ ਲੁਕੀ ਕਹਾਣੀ ਸੁਣਾਉਣ ਲੱਗੇ...

ਮੰਤਰੀ ਸਾਹਿਬ ਕੱਲ੍ਹ ਏਅਰ ਇੰਡੀਆ ਰਾਹੀਂ ਤਸ਼ਰੀਫ ਲਿਆਏ ਸਨ। ਉਨ੍ਹਾਂ ਦੀ ਪਾਰਟੀ ਦੇ ਮੁੱਖ ਪ੍ਰਤੀਨਿਧੀ ਅਤੇ ਉਨ੍ਹਾਂ ਦੇ ਇਲਾਕੇ ਦੀਆਂ ਵਿਦੇਸ਼ ਵਸਦੀਆਂ ਮਸ਼ਹੂਰ ਹਸਤੀਆਂ ਏਅਰ ਪੋਰਟ 'ਤੇ ਸੁਆਗਤ ਲਈ ਹਾਜ਼ਰ ਸਨ।

ਮੰਤਰੀ ਸਾਹਿਬ ਚਿੱਟੀ ਦੁੱਧ ਪੱਗ, ਅਚਕਨ ਅਤੇ ਚਿੱਟੇ ਦੁੱਧ ਪਜਾਮੇ, ਤੇ ਲਿਸ਼ਕਦੇ ਕਾਲੇ ਬੂਟਾਂ ਨਾਲ ਲੈਸ ਸਨ। ਬਾਰ੍ਹਾਂ ਘੰਟਿਆਂ ਦੀ ਲੰਮੀ-ਅਕਾਊ ਫਲਾਈਟ ਪਿੱਛੋਂ ਵੀ ਉਨ੍ਹਾਂ ਦਾ ਚਿਹਰਾ ਉਤਰਿਆ ਅਤੇ ਥੱਕਿਆ ਹੋਇਆ ਨਹੀਂ ਸੀ ਜਾਪਦਾ: ਸਗੋਂ ਉਹ ਤਾਂ ਇੰਨੇ ਤਾਜ਼ਾ ਅਤੇ ਖਿੜੇ ਹੋਏ ਸਨ ਜਿਵੇਂ ਹੁਣੇ ਇਸ਼ਨਾਨ ਕਰ ਕੇ ਆਏ ਹੋਣ।

ਸੁਆਗਤ ਕਰਨ ਵਾਲਿਆਂ ਵਿਚੋਂ ਮੁੱਖ ਪ੍ਰਤੀਨਿਧੀ ਨੇ ਤਾਂ ਆਖ ਵੀ ਦਿੱਤਾ: "ਮੰਤਰੀ ਸਾਹਿਬ! ਏਨੇ ਲੰਮੇ ਸਫਰ ਤੋਂ ਪਿੱਛੋਂ ਤਾਂ ਬੰਦਾ ਇੰਜ ਜਾਪਣ ਲਗਦੈ ਜਿਵੇਂ ਰੂੜੀ 'ਚੋਂ ਕੱਢਿਆ ਹੋਵੇ। ਪਰ ਤੁਸੀ ਤਾਂ ਇੰਨੇ ਤਾਜ਼ੇ ਤੇ ਸਵੱਛ ਜਾਪਦੇ ਓ ਜਿਵੇਂ ਸਾਖਸ਼ਾਤ ਦੇਵਤਾ ਆਕਾਸ਼ ਤੋਂ ਉਤਰ ਆਇਆ ਹੋਵੇ... ਵਾਹ!"

ਹਾਜ਼ਰ ਪਤਵੰਤਿਆਂ ਨੇ ਤਾੜੀਆਂ ਚੁੱਕ ਦਿਤੀਆਂ। ਮੰਤਰੀ ਸਾਹਿਬ ਆਮ ਆਦਮੀ ਵਾਂਗ ਜਜ਼ਬਾਤੀ ਨਹੀਂ ਹੋਏ। ਗੰਭੀਰ ਮੁਸਕਾਨ ਖਿੜਾਉਂਦਿਆਂ ਆਖਣ ਲੱਗੇ: "ਤੁਸੀਂ ਬਾਰ੍ਹਾਂ ਘੰਟੇ ਦੇ ਇਸ ਹਵਾਈ ਸਫਰ ਨੂੰ ਏਨਾ ਔਖਾ ਕਿਉਂ ਸਮਝਦੇ ਹੋ? ਅਸੀਂ ਤਾਂ ਆਜ਼ਾਦੀ ਸੰਗਰਾਮ ਦੌਰਾਨ ਅਜਿਹੇ ਸੈੱਲਾਂ ਵਿਚ ਵੀ ਅਡੋਲ ਰਹੇ ਹਾਂ, ਜਿਥੇ ਸੂਰਜ ਦੇਵਤਾ ਵੀ ਡਰਦਾ ਨਹੀਂ ਸੀ ਵੜਦਾ।"

ਸਾਰਿਆਂ ਨੇ ਪ੍ਰਸ਼ੰਸਾ ਵਿਚ ਸਿਰ ਹਿਲਾਏ ਅਤੇ ਉਨ੍ਹਾਂ ਦੇ ਹਿਲਦੇ ਸਿਰਾਂ ਤੇ ਚੁੱਪ ਜ਼ਬਾਨਾਂ ਦੀ ਬੋਲੀ ਨੂੰ ਮੁੱਖ ਪ੍ਰਤੀਨਿਧੀ ਨੇ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ, "ਸੱਚ ਏ ਜਨਾਬ! ਧੰਨ ਹੋ, ਧੰਨ ਹੋ!"

ਇਸ ਮਿੰਨੀ-ਸੁਆਗਤ ਪਿਛੋਂ ਵੱਡੇ ਆਦਮੀਆਂ ਦੇ ਸੁਆਗਤ ਲਈ ਜਿਹੜੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ, ਮੰਤਰੀ ਸਾਹਿਬ ਲਈ ਵੀ ਕੀਤੀਆਂ ਗਈਆਂ- ਤਸਵੀਰਾਂ ਲਈਆਂ ਗਈਆਂ ਅਤੇ ਵੀਡੀਓ ਬਣਾਈਆਂ ਗਈਆਂ। ਹਾਜ਼ਰ ਸੱਜਣਾਂ ਨੇ ਮੰਤਰੀ ਸਾਹਿਬ ਦੀ ਫੋਟੋਕਸ਼ੀ 'ਚ ਆਪਣੀ ਹਾਜ਼ਰੀ ਲਵਾਉਣ ਲਈ ਤਰ੍ਹਾਂ ਤਰ੍ਹਾਂ ਦੇ ਚੋਜ ਕੀਤੇ, ਜਫਰ ਜਾਲੇ।

ਫਿਰ ਸਾਰਾ ਜਲੂਸ ਕਾਰਾਂ ਵਿਚ ਸਵਾਰ ਹੋਣ ਲਈ ਸੜਕ 'ਤੇ ਆ ਗਿਆ।

ਮਹੀਨਾ ਤਾਂ ਮਈ ਦਾ ਸੀ, ਪਰ ਦਿਨ ਇੰਜ ਸੀ ਜਿਵੇਂ ਸੁਆਗਤ ਦੀ ਥਾਂ ਮਾਤਮ ਕਰ ਰਿਹਾ ਹੋਵੇ। ਚਿੜੀਆਂ ਵਰਗੇ ਕੁਝ ਜਾਨਵਰ ਵੀ ਆਪਣੀ ਬੋਲੀ ਬੋਲ ਰਹੇ ਸਨ। ਕਿਉਂਕਿ ਅਸੀਂ ਜਾਨਵਰ ਨਹੀਂ ਹਾਂ, ਇਸ ਲਈ ਇਹ ਤਾਂ ਪਤਾ ਨਹੀਂ ਕਿ ਕੀ ਬੋਲ ਰਹੇ ਸਨ... ਪਰ ਬੋਲਾਂ ਦੇ ਸੰਗੀਤ ਦਾ ਪ੍ਰਭਾਵ ਬੜਾ ਸੋਗਮਈ ਸੀ, ਜਿਵੇਂ ਕਿਸੇ ਦਾ ਮਰਸੀਆ ਪੜ੍ਹ ਰਹੇ ਹੋਣ।

"ਜਨਾਬ! ਇਸ ਮੁਲਕ 'ਚ ਇਕੋ ਹੀ ਚੀਜ਼ ਨਹੀਂ ਮਿਲਦੀ- ਮੌਸਮ!... ਬੱਸ ਉਦਾਸ ਤੇ ਸੋਗੀ ਜਿਹਾ ਦਿਨ ਰਹਿੰਦਾ ਹੈ। ਮਨ ਦਾ ਕੌਲ ਨੀ ਖਿੜਦਾ!" ਉਪ ਮੁਖ ਪ੍ਰਤੀਨਿਧ ਨੇ ਆਖਿਆ।

ਮੰਤਰੀ ਸਾਹਿਬ ਦੇ ਬੁੱਲ੍ਹਾਂ 'ਤੇ ਉਸੇ ਗੰਭੀਰ ਮੁਸਕਾਨ ਨੇ ਮੁੜ ਅੰਗੜਾਈ ਲਈ, ਫੁਰਮਾਇਆ: "ਕੋਈ ਬਾਤ ਨਹੀਂ। ਮਨੁੱਖ ਦੀ ਮਹਾਨਤਾ ਇਸੇ ਗੱਲ ਵਿਚ ਏ ਕਿ ਅੱਗ ਵਿਚੋਂ ਵੀ ਫੁੱਲ ਖਿੜਾਏ।"

ਸਾਰਿਆਂ ਨੇ, "ਮਰਹਬਾ! ਵਾਹ! ਕਮਾਲ!" ਆਖਿਆ।

ਮੰਤਰੀ ਸਾਹਿਬ ਦਾ ਇਹ ਤੂਫਾਨੀ ਦੌਰਾ ਸੀ। ਸ਼ੁਕਰਵਾਰ ਨੂੰ ਉਹ ਆਏ ਅਤੇ ਐਤਵਾਰ ਨੂੰ ਉਨ੍ਹਾਂ ਕੈਨੇਡਾ, ਅਮਰੀਕਾ ਚਲੇ ਜਾਣਾ ਸੀ। ਇਨ੍ਹਾਂ ਢਾਈ ਦਿਨਾਂ 'ਚ ਉਨ੍ਹਾਂ ਨੇ ਢੇਰ ਸਾਰੇ ਕੰਮ ਕਰਨੇ ਸਨ, ਜਿਨ੍ਹਾਂ ਵਿਚ ਉਹ ਆਉਂਦਿਆਂ ਹੀ ਅਤਿ ਸਰਗਰਮੀ ਨਾਲ ਜੁਟ ਗਏ।

ਪਹਿਲਾ ਕੰਮ ਨਿਰੋਲ ਨਿਜੀ ਸੀ ਅਤੇ ਉਨ੍ਹਾਂ ਨੇ ਆਪਣਾ ਦੌਰਾ ਇਸੇ ਤੋਂ ਹੀ ਸ਼ੁਰੂ ਕੀਤਾ। ਕਿਉਂਕਿ ਇਹ ਕੰਮ ਉਨ੍ਹਾਂ ਦਾ ਨਿਰੋਲ ਨਿਜੀ ਸੀ, ਇਸ ਲਈ ਨਾ ਤਾਂ ਅਸੀਂ ਕਿਸੇ ਦੇ ਨਿਜੀ ਮਸਲੇ ਵਿਚ ਦਖਲ ਦੇਣਾ ਇਖਲਾਕੀ ਤੌਰ 'ਤੇ ਠੀਕ ਸਮਝਦੇ ਹਾਂ ਅਤੇ ਨਾ ਹੀ ਸਾਨੂੰ ਇਨ੍ਹਾਂ ਕੰਮਾਂ ਵਿਚ ਤਕਨੀਕਾਂ ਦਾ ਪਤਾ ਹੈ। ਬੱਸ ਇੰਨਾ ਕੁ ਜਾਣਦੇ ਹਾਂ ਕਿ ਦੇਸ਼ ਵਿਦੇਸ਼ ਵਿਚ ਮੰਤਰੀ ਸਾਹਿਬ ਦਾ ਇਕ ਰੋਟੀ-ਬੋਟੀ ਦੀ ਸਾਂਝ ਵਾਲਾ ਦੇਸੀ ਯਾਰ-ਬਾਸ਼ ਰਹਿੰਦਾ ਸੀ। ਉਹ ਜਣਾ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਨਹੀਂ ਸੀ- ਦੋਸਤ ਸੀ। ਜਿਵੇਂ ਜਿਵੇਂ ਲੋਕ ਅਕਲ ਵਿਚ ਸਿਆਣੇ ਅਤੇ ਉਮਰ ਵਿਚ ਵੱਡੇ ਹੁੰਦੇ ਜਾਂਦੇ ਹਨ, ਤਿਵੇਂ ਤਿਵੇਂ ਉਹ ਰਿਸ਼ਤੇਦਾਰਾਂ ਤੋਂ ਕਿਨਾਰਾਕਸ਼ੀ ਕਰਦੇ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਰਿਸ਼ਤੇਦਾਰ ਅਹਿਸਾਨਮੰਦ ਨਹੀਂ ਹੁੰਦਾ। ਇਸੇ ਲਈ ਵਫਾਦਾਰ ਨਹੀਂ ਹੁੰਦਾ। ਪਰ ਦੋਸਤ ਬਹੁਤ ਵੱਡੀ ਸ਼ੈਅ ਹੁੰਦਾ ਹੈ। ਮੰਤਰੀ ਸਾਹਿਬ ਅਤੇ ਉਨ੍ਹਾਂ ਦਾ ਇਹ ਦੋਸਤ ਇਕ ਦੂਜੇ 'ਚ 'ਦੋ ਜਿਸਮ ਇਕ ਜਾਨ' ਵਾਂਗ ਅਭੇਦ ਹੋ ਚੁਕੇ ਸਨ। ਜੇ ਚਾਹੁਣ ਤਾਂ ਵੀ ਇਕ ਦੂਜੇ ਨੂੰ ਛੱਡਣ ਦਾ ਕਲੇਸ਼ ਨਾ ਸਹੇੜ ਸਕਣ।

ਮੰਤਰੀ ਸਾਹਿਬ ਨੇ ਆਪਣੇ ਦੋਸਤ ਦਾ ਉਧਰ ਦੇਸ਼ ਵਿਚ ਬੜਾ ਫਾਇਦਾ ਕੀਤਾ ਸੀ। ਇਸ ਲਈ ਹੁਣ ਇਹ ਦੋਸਤ ਉਨ੍ਹਾਂ ਦੇ ਅਹਿਸਾਨਾਂ ਦਾ ਕਿਸ਼ਤਾਂ ਰਾਹੀਂ ਬਦਲਾ ਚੁਕਾਉਣਾ ਚਾਹੁੰਦਾ ਸੀ। ਮੰਤਰੀ ਸਾਹਿਬ ਕੋਲ ਦੇਸ਼ ਵਿਚ ਪਤਾ ਨਹੀਂ ਕਿਵੇਂ ਇਕ ਕਰੋੜ ਰੁਪਿਆ ਇਕੱਠਾ ਹੋ ਗਿਆ ਸੀ, ਜਿਸ ਬਾਰੇ ਮੰਤਰੀ ਸਾਹਿਬ ਨਾ ਕੋਈ ਹੈਰਾਨ ਸਨ ਅਤੇ ਨਾ ਹੀ ਫਿਕਰਮੰਦ। ਬੱਸ ਜ਼ਰਾ ਦੂਰ ਦੀ ਸੋਚਦੇ ਸਨ। ਉਨ੍ਹਾਂ ਦੇ ਦੋਸਤ ਦੇ ਇਸ ਵਿਦੇਸ਼ ਵਿਚ ਅੱਧੀ ਦਰਜਨ ਦੇ ਕਰੀਬ ਰੈਸਟੋਰੈਂਟ ਅਤੇ ਹੋਟਲ ਸਨ। ਉਸ ਨੇ ਆਖਿਆ ਸੀ: "ਖਾਤਰ ਜਮ੍ਹਾਂ ਰਖੋ। ਸੇਵਕ ਸਾਰਾ ਇੰਤਜ਼ਾਮ ਕਰ ਦੇਵੇਗਾ।" ਉਹਨੇ ਇਕ ਕਰੋੜ ਦਾ ਛੇ ਲੱਖ ਪੌਂਡ ਕਿਸੇ ਨਾ ਕਿਸੇ ਵਿਧੀ ਨਾਲ ਇਸ ਮੁਲਕ



ਵਿਚ ਲੈ ਲਿਆ ਸੀ ਅਤੇ ਮੰਤਰੀ ਸਾਹਿਬ ਨੂੰ ਸਵਿਟਰਜ਼ਰਲੈਂਡ ਵਿਚ ਘੁਮਾਉਣ ਫਿਰਾਉਣ ਦੀ ਇੱਛਾ ਪ੍ਰਗਟ ਕੀਤੀ ਸੀ। ਇਸ ਲਈ ਉਹ ਫੌਰਨ ਅਤੇ ਚੁੱਪਚਾਪ ਜਨੀਵਾ ਨੂੰ ਉਡ ਗਏ। ਪੈਸੇ ਜਮ੍ਹਾਂ ਕਰਵਾ ਮੰਤਰੀ ਸਾਹਿਬ ਜ਼ਰਾ ਠਠੰਬਰ ਗਏ। ਕੁਝ ਛਿਣ ਬੁੱਤ ਬਣੇ ਖਲੋਤੇ ਰਹੇ। ਉਨ੍ਹਾਂ ਦੇ ਧੁਰ-ਅੰਦਰ ਇਕ ਡਰ, ਇਕ ਬੇਪ੍ਰਤੀਤੀ ਦੀ ਲਹਿਰ ਗੁਜ਼ਰ ਗਈ। ਦੋਸਤ ਰੋਟੀ-ਬੋਟੀ ਦਾ ਸਾਂਝੀ ਸੀ, ਤਾੜ ਗਿਆ...

"ਖੁਸ਼ ਕਿਉਂ ਨਹੀਂ ਹੋ?" ਦੋਸਤ ਬੋਲਿਆ।

"ਸਰਮਾਇਆ ਖੁਰ ਤਾਂ ਨਹੀਂ ਜਾਵੇਗਾ? ਭੇਤ ਨਸ਼ਰ ਤਾਂ ਨਹੀਂ ਹੋ ਜਾਵੇਗਾ?" ਮੰਤਰੀ ਸਾਹਿਬ ਦੇ ਬੋਲਾਂ 'ਚ ਘਬਰਾਹਟ ਸੀ।

"ਕੀ ਗੱਲਾਂ ਕਰਦੇ ਹੋ? ਸਵਿਟਰਜ਼ਰਲੈਂਡ ਤਾਂ ਗੁਪਤ ਮਾਇਆ ਦੀ ਲਕਸ਼ਮੀ ਹੈ। ਇਸ ਦੇਵੀ ਨੂੰ ਨਾਂਵਾਂ ਨਾਲ ਨਹੀਂ, ਨੰਬਰਾਂ ਨਾਲ ਦਿਲਚਸਪੀ ਹੈ। ਇਸ ਲਕਸ਼ਮੀ ਨੂੰ ਹਜ਼ਮ ਕਰ ਕੇ ਡਕਾਰ ਮਾਰਨ ਦੀ ਵੀ ਵਾਦੀ ਨਹੀਂ ਹੈ।"

ਮੰਤਰੀ ਸਾਹਿਬ ਇੰਨਾ ਖਿੜੇ ਕਿ ਆਪਣੇ ਯਾਰ-ਬਾਸ਼ ਨੂੰ ਗਲਵਕੜੀ ਵਿਚ ਪੀਚ ਲਿਆ। ਉਂਜ ਦਿਨ ਵੀ ਬਹੁਤ ਖਿੜਿਆ ਹੋਇਆ ਸੀ। ਝੀਲ-ਜਨੀਵਾ ਲੇਕ 'ਚ ਬੋਟਿੰਗ ਕੀਤੀ। ਬੋਟਿੰਗ ਕਰਦਿਆਂ ਬੀਅਰ ਪੀਣ ਦਾ ਖੂਬ ਅਨੰਦ ਮਾਣਿਆ। ਸੂਰਜ ਝੀਲ ਦੇ ਪਾਣੀਆਂ 'ਚ ਇੰਜ ਤਿਲਕ ਤਿਲਕ ਜਾਂਦਾ ਸੀ ਜਿਵੇਂ ਨਹਾਉਂਦਾ ਨਾ ਥੱਕਦਾ ਹੋਵੇ। ਕਿਸ਼ਤੀਆਂ ਇੰਜ ਮਟਰਗਸ਼ਤੀ ਕਰ ਰਹੀਆਂ ਸਨ ਜਿਵੇਂ ਸੂਰਜ ਆਪ ਚੱਪੂ ਮਾਰਨ ਲੱਗ ਪਿਆ ਹੋਵੇ।

ਮੰਤਰੀ ਸਾਹਿਬ ਲਈ ਇਹ ਸਭ ਕੁਝ ਬੜਾ ਸੁਹਾਵਣਾ ਸੀ। ਲਕਸ਼ਮੀ ਅਤੇ ਪ੍ਰਕਿਰਤੀ ਦੇ ਸੁਮੇਲ ਨੇ ਉਨ੍ਹਾਂ 'ਤੇ ਇਕ ਵਜਦ ਦਾ ਆਲਮ ਤਾਰੀ ਕਰ ਦਿੱਤਾ ਸੀ। ਇਸੇ ਵਜਦ ਦੇ ਵੇਗ ਵਿਚ ਉਨ੍ਹਾਂ ਨੇ ਵਿਸਕੀ ਦਾ ਪੈੱਗ ਲਾਉਂਦਿਆਂ ਹਵਾਈ ਜਹਾਜ ਵਿਚ ਨਿਰਸੰਕੋਚ ਗੱਲਾਂ ਕੀਤੀਆਂ...

"ਸਕੂਲ ਪੜ੍ਹਦਿਆਂ ਹੀ ਮੈਂ ਦੇਸ਼ ਪਿਤਾ ਦੇ ਪ੍ਰਭਾਵ ਹੇਠ ਆ ਗਿਆ ਸਾਂ। ਉਸ ਤੋਂ ਬਾਅਦ ਲੋਕ ਸੇਵਾ ਤੇ ਜੇਲ੍ਹ ਯਾਤਰਾਵਾਂ ਦਾ ਹੀ ਦੌਰ ਚਲਦਾ ਰਿਹਾ। ਪੜ੍ਹਾਈ ਅਧੂਰੀ ਛੱਡੀ, ਘਰਦਿਆਂ ਵੱਲੋਂ ਨਖੱਟੂ ਅਤੇ ਨਿਕੰਮਾ ਬਣਿਆ, ਘਰਵਾਲੀ ਲਈ ਕਦੀ ਇਕ ਘੰਟਾ ਵੀ ਨਾ ਕੱਢਿਆ, ਇਕ ਪੈਸੇ ਦੀ ਬੇਈਮਾਨੀ ਨਹੀਂ ਕੀਤੀ। ਪਰ ਖੱਟਿਆ ਕੀ? ਆਹ ਵਜ਼ੀਰੀ! ਜਿਹੜੀ ਕਦੀ ਵੀ ਖੁੱਸ ਸਕਦੀ ਹੈ ਤੇ ਜਦੋਂ ਵੀ ਇਹ ਖੁਸਦੀ ਹੈ ਨਾ, ਦੋਸਤ! ਤਾਂ ਬੰਦਾ ਐਕਸ ਮਨਿਸਟਰ ਵੀ ਨਹੀਂ ਰਹਿੰਦਾ, ਉਹ ਹਮੇਸ਼ਾ ਹਮੇਸ਼ਾ ਲਈ ਪਤਾਲ ਵਿਚ ਉਤਰ ਜਾਂਦਾ ਹੈ... ਪਰ ਹੁਣ ਜੋਸ਼ ਨਹੀਂ, ਹੋਸ਼ ਤੋਂ ਕੰਮ ਲਿਆ ਏ- ਮੁਲਕ 'ਚ ਅੰਤਾਂ ਦੀ ਬੇਪ੍ਰਤੀਤੀ- ਪਤਾ ਨੀ ਉਪਰਲਿਆਂ ਤੋਂ ਮੁਲਕ ਸੰਭਾਲਿਆ ਵੀ ਜਾਵੇ ਕਿ ਨਾ। ਇਸੇ ਲਈ ਯਾਰ, ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਇਹ ਅੱਕ ਚੱਬਿਆ ਹੈ।"

ਉਨ੍ਹਾਂ ਦੇ ਦੋਸਤ ਨੇ ਟੋਕਿਆ, "ਤੁਹਾਡੇ ਮਨ 'ਤੇ ਇਸ ਦਾ ਕੋਈ ਭਾਰ ਨਹੀਂ ਹੋਣਾ ਚਾਹੀਦਾ। ਹਰ ਦੂਰ-ਅੰਦੇਸ਼ ਸਵਿਟਰਜ਼ਰਲੈਂਡ ਦੀ ਲਕਸ਼ਮੀ ਦੇਵੀ ਦਾ ਪੁਜਾਰੀ ਹੈ। ਹਾਕਮਾਂ ਨੇ ਕਰੋੜਾਂ ਪੌਂਡ ਇਥੇ ਰੱਖੇ ਹੋਏ ਨੇ- ਇਥੋਪੀਆ ਦੇ ਸ਼ਾਹ ਦਾ ਅਠਾਈ ਟਨ ਸੋਨਾ ਇਥੇ ਪਿਆ ਹੈ। ਤੁਹਾਡੀ ਰਕਮ ਕੀ ਚੀਜ਼ ਏ? ਕੁਝ ਵੀ ਨਹੀਂ, ਚਿੜੀ ਚੋਂਚ ਭਰ ਲੈ ਗਈ, ਨਦੀ ਨਾ ਘਟਿਓ ਨੀਰ! ... ਸਗੋਂ ਮੇਰੀ ਮੰਨੋ ਤਾਂ ਦੋ ਸਾਲ ਦੀ ਵਜ਼ੀਰੀ 'ਚ ਇੰਨੀ ਕੁ ਛਾਲ ਹੋਰ ਮਾਰੋ, ਪੀੜ੍ਹੀਆਂ ਤਰ ਜਾਣਗੀਆਂ।"

"ਇਹ ਕੋਈ ਵੱਡੀ ਛਾਲ ਨਹੀਂ। ਉਸਾਰੀ ਦਾ ਕੰਮ ਵੱਡੇ ਪੈਮਾਨੇ 'ਤੇ ਸ਼ੁਰੂ ਹੋਣ ਵਾਲਾ ਹੈ", ਮੰਤਰੀ ਸਾਹਿਬ ਬੋਲਦੇ ਗਏ, "ਤੂੰ ਵੀ ਕੋਈ ਚਿੰਤਾ ਨਹੀਂ ਕਰਨੀ। ਦੇਸ਼ ਵਿਚ ਤੇਰੇ ਹਿਤ ਹਮੇਸ਼ਾ ਸੁਰੱਖਿਅਤ ਰਹਿਣਗੇ। ਜੇ ਵਜ਼ੀਰੀ ਨਾ ਰਹੀ ਤਾਂ ਨੌਕਰਸ਼ਾਹੀ ਤਾਂ ਰਹੇਗੀ ਨਾ!"

ਇਸ ਤੋਂ ਪਿੱਛੋਂ ਦੋਹਾਂ ਨੇ ਹੱਥ ਘੁਟੇ ਅਤੇ ਗਲਵਕੜੀਆਂ ਪਾਈਆਂ।

ਲੰਡਨ ਪੁੱਜ ਮੰਤਰੀ ਸਾਹਿਬ ਨੇ ਕਾਫੀ ਥਕੇਵਾਂ ਮਹਿਸੂਸ ਕੀਤਾ। ਮਨ ਤਾਂ ਸਰੂਰ ਵਿਚ ਸੀ ਪਰ ਸਰੀਰ ਨੂੰ ਆਰਾਮ ਦੀ ਲੋੜ ਸੀ। ਉਨ੍ਹਾਂ ਦੇ ਮਿੱਤਰ ਨੇ ਆਖਿਆ, "ਮੰਤਰੀ ਸਾਹਿਬ! ਤੁਸੀਂ ਹੁਣ ਘੱਟੋ-ਘੱਟ ਦੋ ਘੰਟੇ ਸੌਂ ਲਵੋ। ਸ਼ਾਮ ਨੂੰ ਪਾਰਟੀ ਏ, ਬਹੁਤ ਦੇਰ ਨਾਲ ਵਿਹਲੇ ਹੋਵਾਂਗੇ।"

ਸ਼ਾਮ ਦਾ ਜਸ਼ਨ ਯਾਦਗਾਰੀ ਸੀ। ਦੇਸੀ ਬੰਦਿਆਂ ਦੀ ਆਬਾਦੀ ਤੋਂ ਦੂਰ ਉਨ੍ਹਾਂ ਦੇ ਆਪਣੇ ਯਾਰ-ਬਾਸ਼ ਦਾ ਪੌਸ਼ ਹੋਟਲ ਸੀ। ਮੰਤਰੀ ਸਾਹਿਬ ਦੇ ਮੇਜ਼ 'ਤੇ ਚੋਣਵੇਂ ਫੁੱਲਾਂ ਦੇ ਗੁਲਦਸਤੇ ਸਜੇ ਹੋਏ ਸਨ- ਖੂਬਸੂਰਤ ਸੀਟਾਂ, ਖੂਬਸੂਰਤ ਬਾਰ, ਖੂਬਸੂਰਤ ਡਾਂਸਿੰਗ ਹਾਲ!

ਬਹੁਤ ਖਾਸ ਮਹਿਮਾਨ ਬੁਲਾਏ ਗਏ ਸਨ। ਸ਼ੈਂਪੇਨਾਂ ਖੁਲ੍ਹ ਤੇ ਡੁਲ੍ਹ ਰਹੀਆਂ ਸਨ। ਸ਼ਿਵਾਜ਼ ਰੀਗਲਾਂ ਦੇ ਦੌਰ ਚਲੇ, ਤੇ ਕੁਝ ਪੈੱਗਾਂ ਤੋਂ ਬਾਅਦ ਮੰਤਰੀ ਸਾਹਿਬ ਨੇ ਲਤੀਫਿਆਂ ਦਾ ਤਾਂਤਾ ਬੰਨ੍ਹ ਦਿਤਾ। ਮੰਤਰੀ ਸਾਹਿਬ ਦੀ ਸੰਗਤ ਦਾ ਨਿੱਘ ਪ੍ਰਾਪਤ ਕਰਨ ਲਈ ਹਰ ਕੋਈ ਉਨ੍ਹਾਂ ਦੇ ਨੇੜੇ ਢੁੱਕਣ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਸੀ। ਦਾਰੂ ਦੇ ਸਰੂਰ ਅਤੇ ਲਤੀਫਿਆਂ ਦੇ ਸੁਆਦ ਵਿਚ ਸੁਆਦ ਸੁਆਦ ਹੋਇਆ ਹਰ ਕੋਈ ਆਖ ਰਿਹਾ ਸੀ, ਅਸੀਂ ਲਤੀਫੇ ਤਾਂ ਖੈਰ ਬਥੇਰੇ ਸੁਣੇ ਨੇ ਪਰ ਮੰਤਰੀ ਸਾਹਿਬ ਵਰਗੇ ਨਵੀਨ ਅਤੇ ਚੋਂਦੇ ਚੋਂਦੇ ਕਦੇ ਨਹੀਂ। ਜਾਪਦਾ ਹੈ ਜਿਵੇਂ ਲਤੀਫਾ-ਸਮਰਾਟ ਬੀਰਬਲ ਸਾਖਸ਼ਾਤ ਉਤਰ ਆਏ ਹੋਣ।

ਮੰਤਰੀ ਸਾਹਿਬ ਬੜੇ ਖੁਸ਼ ਹੋਏ। ਉਨ੍ਹਾਂ ਦੀਆਂ ਅੱਖਾਂ ਲਾਲ ਸਨ। ਬੋਲੇ, "ਭਾਈ ਸਾਹਿਬ! ਸਫਲ ਮੰਤਰੀ ਉਹੀ ਹੈ ਜਿਹੜਾ ਭਾਸ਼ਣ ਦੇ ਕੇ ਸਰੋਤਿਆਂ ਦੇ ਪੈਰ ਧਰਤੀ ਤੋਂ ਚੁੱਕ ਦੇਵੇ। ਅਜਿਹੇ ਭਾਸ਼ਣ ਲਈ ਲਤੀਫਿਆਂ ਦੀ ਚਾਸ਼ਣੀ ਬਹੁਤ ਜ਼ਰੂਰੀ ਹੁੰਦੀ ਏ... ਸਮਝੇ?"

ਜਸ਼ਨ ਚਲਦਾ ਰਿਹਾ। ਦਾਰੂ ਨੇ ਰੰਗ ਵਿਖਾਇਆ ਤਾਂ ਪੰਜਾਬੀ ਦੇ 'ਚੱਕ ਲੈ- ਚੱਕ ਲੈ' ਤਵੇ ਲੱਗ ਗਏ, 'ਨੈਣ ਪ੍ਰੀਤੋ ਦੇ ਬਹਿ ਜਾ ਬਹਿ ਜਾ ਕਰਦੇ' ... ਭੰਗੜੇ ਪੈਣ ਲੱਗੇ। ਕਿਸੇ ਚੀਜ਼ ਦੀ ਰੋਕ ਟੋਕ ਨਹੀਂ ਸੀ। ਸਿਰਫ ਇਕੋ ਚੀਜ਼ ਦੀ ਮਨਾਹੀ ਸੀ ਕਿ ਇਸ ਜਸ਼ਨ ਦੀ ਕੋਈ ਤਸਵੀਰ, ਕੋਈ ਵੀਡੀਓ ਨਹੀਂ ਖਿੱਚੀ ਜਾਵੇਗੀ। ਨਾ ਕੋਈ ਅਜਿਹਾ ਜਣਾ ਸੱਦਿਆ ਜਾਵੇਗਾ ਜਿਸ ਦੀ ਨਮਕ-ਹਲਾਲੀ 'ਤੇ ਕੋਈ ਸ਼ੱਕ ਹੋਵੇ। ਇਸ ਪਾਬੰਦੀ 'ਤੇ ਠੀਕਰੀ ਪਹਿਰਾ ਦਿੱਤਾ ਗਿਆ।

ਜਸ਼ਨ ਸਿਖਰ ਤੋਂ ਹੇਠਾਂ ਵਲ ਉਤਰਨ ਲੱਗਾ। ਮਹਾਂ-ਅਨੰਦ ਤੋਂ ਬਾਅਦ ਸਿਥਲਤਾ ਹੋਣ ਲੱਗੀ। ਕੁਝ ਉਬਾਸੀਆਂ ਰੀਂਗੀਆਂ, ਫਿਰ ਖੜਕੀਆਂ। ਇਕ ਵੱਜਣ ਲੱਗਿਆ ਸੀ। ਇੱਛਾ ਹੋਈ, ਖਾਣਾ ਖਾਧਾ ਜਾਵੇ।

ਲੰਮੇ ਮੇਜ਼ 'ਤੇ ਖਾਣਾ ਲੱਗ ਪਿਆ। ਭਾਫਾਂ ਉੱਠਣ ਲੱਗੀਆਂ। ਸਾਰਿਆਂ ਨੇ ਆਪਣੀ ਸੇਵਾ ਆਪ ਕਰਨੀ ਸੀ ਪਰ ਮੰਤਰੀ ਸਾਹਿਬ ਦੀ ਸੇਵਾ ਲਈ ਚਮਚੇ-ਕੜਛੀਆਂ ਉੱਲਰ ਪਈਆਂ। ਸ਼੍ਰੀਗਣੇਸ਼ ਹੋਇਆ, ਭੁੰਨਿਆ ਮੁਰਗਾ, ਪਾਲਕ ਮੁਰਗ, ਮਸ਼ਰੂਮ ਮੁਰਗ, ਮੱਖਣ ਮੁਰਗ, ਕੋਰਮਾ ਮੁਰਗ ... ਇੱਛਾ ਅਨੁਸਾਰ ਪਲੇਟ 'ਚ ਪੈਂਦਾ ਗਿਆ ਪਰ ਚਿਕਨ ਬਿਰਿਆਨੀ ਦੀ ਭਰੀ ਭਰਾਈ ਕੜਛੀ ਉਨ੍ਹਾਂ ਨਾਂਹ ਕਰਦਿਆਂ ਵਾਪਸ ਮੋੜ ਦਿਤੀ।

"ਕੀ ਗੱਲ, ਹੱਥ ਕਿਉਂ ਰੋਕ ਦਿਤਾ, ਜਨਾਬ?... ਰੰਗ ਪਸੰਦ ਨਹੀਂ, ਖੁਸ਼ਬੂ ਪਸੰਦ ਨਹੀਂ... ਜਾਂ ਸਾਥੋਂ ਹੀ ਨਾਚੀਜ਼ਾਂ ਤੋਂ ਕੋਈ ਗੁਸਤਾਖੀ ਹੋ ਗਈ।"

"ਨਹੀਂ, ਨਹੀਂ, ਐਸੀ ਕੋਈ ਬਾਤ ਨਹੀਂ," ਮੰਤਰੀ ਸਾਹਿਬਾਨ ਨੇ ਮੇਜ਼ਬਾਨ ਦਾ ਤੌਖਲਾ ਘਟਾਉਣ ਲਈ ਰਾਸ਼ਟਰੀ ਭਾਸ਼ਾ ਵਰਤੀ। "ਗੱਲ ਦਰਅਸਲ ਬੜੀ ਨਿਜੀ ਜਿਹੀ ਏ... ਖੈਰ, ਨਿਜੀ ਵੀ ਕਾਹਦੀ ਏ। ਲੋਕਾਂ ਦੇ ਪ੍ਰਤੀਨਿਧਾਂ ਦਾ ਨਿਜੀ ਤਾਂ ਕੁਝ ਹੁੰਦਾ ਹੀ ਨਹੀਂ। ਗੱਲ ਸਭ ਦੇ ਸੁਣਨ ਵਾਲੀ ਏ...।"

ਪਲੇਟਾਂ-ਚਮਚੇ ਇਕਦਮ ਸ਼ਾਂਤ ਹੋ ਗਏ।

"ਜਦੋਂ ਸ਼ਾਸਤਰੀ ਜੀ ਦੇਸ਼ ਦੇ ਨੇਤਾ ਬਣੇ ਤਾਂ ਅੰਨ ਸੰਕਟ ਕਾਫੀ ਡੂੰਘਾ ਹੋ ਗਿਆ। ਉਨ੍ਹਾਂ ਨੇ ਅਪੀਲ ਕੀਤੀ ਕਿ ਜੇ ਲੋਕ ਮਹੀਨੇ 'ਚ ਇਕ ਵਾਰ ਚੌਲ ਨਾ ਖਾਣ ਦੀ ਪ੍ਰਤਿਗਿਆ ਕਰ ਲੈਣ ਤਾਂ ਅੰਨ ਸੰਕਟ ਆਪਣੇ ਆਪ ਖਤਮ ਹੋ ਜਾਵੇਗਾ। ਮੈਂ ਆਖਿਆ ਕਿ ਪੰਜਾਬੀਆਂ ਨੇ ਤਾਂ ਹਰ ਸੰਕਟ ਸਮੇਂ ਆਪਣਾ ਸੀਨਾ ਅੱਗੇ ਡਾਹਿਆ ਹੈ। ਤੁਸੀਂ ਮਹੀਨੇ 'ਚ ਇਕ ਵਾਰ ਦੀ ਗੱਲ ਕਰਦੇ ਹੋ, ਮੈਂ ਸਾਰੀ ਜ਼ਿੰਦਗੀ ਚੌਲ ਨਾ ਖਾਣ ਦਾ ਪ੍ਰਣ ਲੈਂਦਾ ਹਾਂ... ਬਸ ਦਾਸ ਉਹ ਪ੍ਰਣ ਨਿਭਾ ਰਿਹਾ ਹੈ ਤੇ ਮਰਦੇ ਦਮ ਤੀਕ ਨਿਭਾਵੇਗਾ।" ਤਾੜੀਆਂ...ਤਾੜੀਆਂ...ਹੋਰ ਤਾੜੀਆਂ!

ਅਤੇ ਮੰਤਰੀ ਸਾਹਿਬ ਨੇ ਨਾਨ ਪਲੇਟ 'ਚ ਰੱਖਿਆ ਤੇ ਸੰਗਤਾਂ ਦੀ ਪੰਗਤ ਵਿਚ ਜਾ ਕੇ ਬਹਿ ਗਏ।

## ਪੰਜਾਬ ਦੀ ਕਹਾਣੀ

ਆਓ ਪੰਜਾਬ ਦੀ ਸੁਣੋ ਕਹਾਣੀ
ਆਓ ਪੰਜਾਬ ਦੀ ਸੁਣੋ ਕਹਾਣੀ
ਮੁਕ ਗਏ ਰੁਖ ਪੰਜਾਬ 'ਚੋਂ ਸਾਰੇ
ਧਰਤੀ ਵਿਚੋਂ ਮੁਕਿਆ ਪਾਣੀ।

ਵਿਹੜਿਆਂ ਵਿਚੋਂ ਛਾਂਵਾਂ ਮੁੱਕੀਆਂ
ਘਰਾਂ ਦੇ ਵਿਚੋਂ ਮਾਂਵਾਂ ਮੁੱਕੀਆਂ
ਵੰਡ ਲਈਆਂ ਜਦ ਥਾਂਵਾਂ ਮੁੱਕੀਆਂ
ਰਿਸ਼ਤੇ ਮੁਕੇ ਬਾਹਵਾਂ ਮੁੱਕੀਆਂ
ਕੋਠੀ ਦੇ ਵਿਚ ਦਾਣੇ ਹੋਵਣ
ਕਮਲੀ ਵੀ ਬਣ ਜਾਏ ਸਿਆਣੀ।

ਭੈਣ ਭਾਈ ਬੇਈਮਾਨ ਨੇ ਪੱਕੇ
ਪੁੱਤਰ ਵੀ ਨਾ ਬਣਦੇ ਸੱਕੇ
ਧੀਆਂ ਨੇ ਜਦ ਮਾਰੇ ਧੱਕੇ,
ਮਾਪੇ ਰਹਿ ਗਏ ਹੱਕੇ ਬੱਕੇ
ਕੰਧੀਂ ਲਗ ਲਗ ਮਾਂ ਪਈ ਰੋਵੇ
ਹਉਕੇ ਭਰਦੀ ਜਿੰਦ ਨਿਮਾਣੀ।

ਰਾਜੇ ਸ਼ੀਂਹ ਮੁਕੱਦਮ ਕੁਤੇ,
ਲੋਕੀਂ ਘੂਕ ਘਰਾਂ ਵਿਚ ਸੁਤੇ
ਰਾਜ ਛਾ ਗਿਆ ਧਰਮ ਦੇ ਉਤੇ
ਲੁਟੇ ਬਾਗ ਬਹਾਰ ਦੀ ਰੁਤੇ
ਰੱਬ ਜਾ ਲੁਕਿਆ ਖੁੰਦਰਾਂ ਦੇ ਵਿਚ
ਜਥੇਦਾਰਾਂ ਦੀ ਵੇਖ ਕੇ ਢਾਣੀ।

ਲੰਮੇ ਚੋਲੇ ਪਾ ਕੇ ਲੁਟਦੇ,
ਗੁਰੂ ਘਰਾਂ ਵਿਚ ਜਾ ਕੇ ਲੁਟਦੇ
ਅੰਮ੍ਰਿਤ ਸਰ ਵਿਚ ਨ੍ਹਾ ਕੇ ਲੁਟਦੇ,
ਸ਼ਬਦ ਗੁਰੂ ਨੂੰ ਗਾ ਕੇ ਲੁਟਦੇ
ਘਰ ਬੈਠੇ ਹੀ ਪਾਠ ਕਰਾ ਲਓ
ਸ਼ੱਰੇਆਮ ਵਿਕਦੀ ਗੁਰਬਾਣੀ।

ਮਿਲਿਆ ਨਾ ਕੋਈ ਰੱਬ ਦੇ ਜੈਸਾ
ਜੈਸੇ ਨੂੰ ਪਿਆ ਮਿਲਦਾ ਤੈਸਾ
ਕਿਉਂ ਬੰਦਾ ਹੈ ਬਣ ਗਿਆ ਐਸਾ
ਹਰ ਵੇਲੇ ਪੈਸਾ ਹੀ ਪੈਸਾ
ਪੈਸਾ ਨਾਲ ਨਾ ਜਾਣਾ ਬੰਦਿਆ
ਇਹ ਦੁਨੀਆਂ ਦੀ ਰੀਤ ਪੁਰਾਣੀ।

ਚਿੱਟਾ ਵੇਚਣ ਦਿਲ ਦੇ ਕਾਲੇ
ਘਰਾਂ ਵਿਚੋਂ ਮੁਕ ਗਏ ਉਜਾਲੇ
ਕਿਧਰ ਗਏ ਨੇ ਅੱਜ ਰਖਵਾਲੇ
ਧਰਮਾਂ ਅਤੇ ਸਮਾਜਾਂ ਵਾਲੇ
ਬੰਦਾ ਬੰਦੇ ਨੂੰ ਪਿਆ ਖਾਵੇ
ਉਲਝ ਗਈ ਪੰਜਾਬ ਦੀ ਤਾਣੀ।

ਇਹ ਪੰਜਾਬ ਨਹੀਂ ਹੈ ਮੇਰਾ
ਬਦਲਿਆ ਕਿਸ ਨੇ ਇਸ ਦਾ ਚਿਹਰਾ
ਮਰ ਗਿਆ ਇਸ ਦਾ ਸੋਨ ਸਵੇਰਾ
ਹਰ ਪਾਸੇ ਘਨਘੋਰ ਅੰਧੇਰਾ
ਬਾਜ ਤੇ ਸ਼ਿਕਰੇ 'ਕੱਠੇ ਹੋ ਗਏ
ਘੁੱਗੀਆਂ ਦੀ ਕਿਨ ਜਾਨ ਬਚਾਣੀ।

ਇੰਜ ਲੋਕੀਂ ਆਜ਼ਾਦ ਹੋਣਗੇ
ਇੰਜ ਲੋਕੀਂ ਬਰਬਾਦ ਹੋਣਗੇ
ਕਦ ਇਹ ਘਰ ਆਬਾਦ ਹੋਣਗੇ
'ਕੱਠਿਆਂ ਬਹਿ ਸੰਵਾਦ ਹੋਣਗੇ
ਸਭ ਕੁਝ ਮਰ ਗਿਆ ਅੱਖੀਆਂ ਸਾਹਵੇਂ
ਨਾ 'ਸੁਰਜੀਤ' ਮਰੀ ਮਰ ਜਾਣੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਗਜ਼ਲ

ਦਰਦ ਨੂੰ ਅਭਿਵਿਅਕਤੀ ਦਾ ਸੱਦਾ ਨਾ ਦੇਹ
ਮੇਰੇ ਦਿਲ ਨੂੰ ਹੋਰ ਧਰਵਾਸਾ ਨਾ ਦੇਹ।
ਰਹਿਣ ਦੇ ਜੋ ਅਸਲੀ ਚਿਹਰਾ ਹੈ ਮੇਰਾ
ਮੇਰੇ ਚਿਹਰੇ ਨੂੰ ਨਵਾਂ ਚਿਹਰਾ ਨਾ ਦੇਹ।
ਝੂਠ ਦੇ ਇਸ ਦੌਰ ਵਿਚ ਤੂੰ ਦੋਸਤਾ
ਰਹਿਣ ਦੇ ਹੁਣ ਸੱਚ 'ਤੇ ਪਹਿਰਾ ਨਾ ਦੇਹ।
ਕੌਲ ਜੋ ਵੀ ਨੇ ਮਗਰ ਹਨ ਫਿਅਲ ਕੀ
ਜਿਸ ਕਿਸੇ ਨੂੰ ਐਵੇਂ ਤੂੰ ਰੁਤਬਾ ਨਾ ਦੇਹ।
ਭੀੜ ਦੇ ਰੌਲੇ 'ਚ ਰੁਲ ਜਾਊ 'ਸ਼ਸ਼ੀ'
ਹੱਕ ਤੇ ਇਨਸਾਫ ਦਾ ਹੋਕਾ ਨਾ ਦੇਹ।

***-ਡਾ. ਸ਼ਸ਼ੀ ਕਾਂਤ ਉਪਲ***

# ਦਾਰਾ ਦੁਲਚੀਪੁਰੀਆ ਉਰਫ ਦਾਰਾ ਕਿੱਲਰ

ਸ਼ਤਾਬਦੀ ਵਰ੍ਹੇ 'ਤੇ

ਦਾਰੇ ਦੁਲਚੀਪੁਰੀਏ ਨੂੰ ਦਾਰਾ ਕਿੱਲਰ ਵੀ ਕਿਹਾ ਜਾਂਦਾ ਸੀ। ਦੇਖਣ ਨੂੰ ਉਹ ਦਿਓ ਲੱਗਦਾ ਸੀ। ਦਿਓਆਂ ਵਾਂਗ ਉਹਦੀਆਂ ਵੀ ਬਾਤਾਂ ਪੈਣ ਲੱਗ ਪਈਆਂ। ਇਕ ਦੰਦ ਕਥਾ ਤੁਰੀ ਕਿ ਉਸ ਨੇ ਦੋ ਜਣਿਆਂ ਨੂੰ ਧੌਣੋਂ ਫੜ੍ਹ ਕੇ ਆਪਸ ਵਿਚ ਭਿੜਾ ਕੇ ਮਾਰ ਦਿੱਤਾ ਸੀ, ਜੋ ਸੱਚ ਨਹੀਂ ਸੀ। ਦੂਜੀ ਬਾਤ ਪੈਣ ਲੱਗੀ, ਪਈ ਉਹ ਬਰਾਤ ਗਿਆ ਤਾਂ ਮਾਰਨ ਖੰਡਾ ਸਾਨ੍ਹ ਬਰਾਤ ਮਗਰ ਪੈ ਗਿਆ। ਦਾਰੇ ਨੇ ਅੱਗੇ ਹੋ ਕੇ ਸਿੰਗ ਫੜ੍ਹ ਲਏ। ਕਦੇ ਦਾਰਾ ਸਾਨ੍ਹ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਤੇ ਕਦੇ ਸਾਨ੍ਹ ਦਾਰੇ ਦੇ ਪੈਰ ਉਖੇੜ ਦਿੰਦਾ। ਆਖਰ ਸਾਨ੍ਹ ਦੀ ਮੋਕ ਵਗ ਤੁਰੀ। ਦਾਰੇ ਨੇ ਸਿੰਗ ਛੱਡੇ ਤਾਂ

ਪ੍ਰਿੰ. ਸਰਵਣ ਸਿੰਘ

ਸਾਨ੍ਹ ਅਜਿਹਾ ਦੌੜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿਚ ਨਾ ਵੜਿਆ। ਫਿਰੋਜ਼ਪੁਰ ਜੇਲ੍ਹ ਵਿਚ ਪਾਣੀ ਦੀ ਟੈਂਕੀ ਉਤੇ ਦਾਰੇ ਦੀ ਸੁੱਟੀ ਇੱਟ ਕਈ ਸਾਲ ਉਥੇ ਪਈ ਰਹੀ। ਆਮ ਹੱਥਕੜੀ ਉਹਦੇ ਮੇਚ ਨਹੀਂ ਸੀ ਆਉਂਦੀ। ਇਕ ਕੰਪਨੀ ਨੇ ਸਾਈਕਲ ਉਹਦੀਆਂ ਲੱਤਾਂ ਵਿਚਾਲੇ ਖੜ੍ਹਿਆ ਕੇ ਫੋਟੋ ਲਾਹੀ ਜੋ ਇਸ਼ਤਿਹਾਰ ਲਈ ਵਰਤੀ ਗਈ। ਉਹ ਵਰਲਡ ਚੈਂਪੀਅਨ ਕਿੰਗ ਕਾਂਗ ਨੂੰ ਢਾਹ ਕੇ ਰੁਸਤਮੇ ਜ਼ਮਾਂ ਬਣਿਆ ਸੀ। ਉਦੋਂ ਦਾਰੇ ਦਾ ਭਾਰ 135 ਕਿਲੋ ਤੇ ਕਿੰਗ ਕਾਂਗ ਦਾ 200 ਕਿਲੋ ਸੀ।

ਦਾਰੇ ਨੇ ਸੈਂਕੜੇ ਕੁਸ਼ਤੀਆਂ ਲੜੀਆਂ ਤੇ ਦੋ ਫਿਲਮਾਂ 'ਸੈਮਸਨ' ਤੇ 'ਖੂਨ ਕਾ ਬਦਲਾ ਖੂਨ' ਵਿਚ ਰੋਲ ਨਿਭਾਇਆ, ਜੋ ਨਾ ਉਸ ਨੂੰ ਪਸੰਦ ਆਇਆ, ਨਾ ਦਰਸ਼ਕਾਂ ਨੂੰ। ਪਹਿਲੀ ਫਿਲਮ ਵਿਚ ਉਸ ਨੂੰ ਜਿੰਨ ਬਣ ਕੇ ਬੋਤਲ 'ਚ ਬੰਦ ਹੋਣਾ ਪਿਆ ਸੀ ਤੇ ਦੂਜੀ ਫਿਲਮ ਵਿਚ ਟਾਂਗੇ ਵਾਲਾ ਬਣਨਾ ਪਿਆ ਸੀ। ਉਹਦੇ ਸਾਥੀਆਂ ਨੇ ਕਿਹਾ, "ਏਡੇ ਵੱਡੇ ਭਲਵਾਨ ਨੂੰ ਇਹ ਕੁਝ ਕਰਨਾ ਨ੍ਹੀਂ ਸ਼ੋਭਦਾ। ਛੱਡ ਪਰ੍ਹਾਂ ਇਹ ਕੰਜਰਖਾਨਾ!"

ਇਕ ਵਾਰ ਫਿਲਮੀ ਮੁੱਕੇ ਦੀ ਥਾਂ ਉਹ ਸੱਚੀਂ ਮੁਚੀ ਦਾ ਮੁੱਕਾ ਮਾਰ ਬੈਠਾ ਜਿਸ ਨਾਲ ਹੀਰੋ ਦਾ ਹੁਲੀਆ ਵਿਗੜ ਗਿਆ। ਇਕ ਫਿਲਮੀ ਸੀਨ 'ਚ ਉਹਦੇ ਟਾਂਗੇ 'ਚ ਬੈਠੇ ਹੀਰੋ ਤੇ ਹੀਰੋਇਨ ਚੋਹਲ-ਮੋਹਲ ਕਰਨ ਲੱਗੇ ਤਾਂ ਦਾਰਾ ਕਹਿਣ ਲੱਗਾ, "ਮੈਂ ਨਹੀਂ ਟਾਂਗੇ 'ਚ ਇਹ ਕੰਜਰਖਾਨਾ ਹੋਣ ਦੇਣਾ! ਉਤਰੋ ਥੱਲੇ!!"


ਫਿਲਮਾਂ ਵਾਲਾ ਕੰਜਰਖਾਨਾ ਦਾਰੇ ਧਰਮੂਚੱਕੀਏ ਦੇ ਤਾਂ ਰਾਸ ਆ ਗਿਆ ਪਰ ਦਾਰੇ ਦੁਲਚੀਪੁਰੀਏ ਦੇ ਰਾਸ ਨਾ ਆਇਆ ਤੇ ਉਹ ਬੰਬਈ ਛੱਡ ਕੇ ਪਿੰਡ ਆ ਗਿਆ।

---

ਉਸ ਨੇ ਦੋ ਵਾਰ ਪਿੰਡ ਦੀ ਸਰਪੰਚੀ ਕੀਤੀ। ਇਕ ਵਾਰ ਵਿਰੋਧੀ ਧੜੇ ਨੇ ਉਹਦੇ ਸੱਟਾਂ ਵੀ ਮਾਰੀਆਂ ਪਰ ਉਹ ਮਰਨੋਂ ਬਚ ਗਿਆ। ਉਸ ਨੇ ਪਹਿਲੀ ਪਤਨੀ ਦੇ ਹੁੰਦਿਆਂ ਇਕ ਹੋਰ ਤੀਵੀਂ ਘਰ ਲੈ ਆਂਦੀ। ਲੰਮੀ ਲੰਝੀ ਪੰਡਤਾਣੀ ਦੇ ਨਾ ਪਹਿਲਾਂ ਬੱਚਾ ਸੀ ਤੇ ਨਾ ਪਿੱਛੋਂ ਹੋਇਆ। ਦੰਦ ਕਥਾ ਚੱਲੀ ਕਿ ਉਹ ਔਰਤ, ਵਿਰੋਧੀ ਪਹਿਲਵਾਨਾਂ ਨੇ ਉਹਦੇ ਮਗਰ ਲਾਈ ਸੀ, ਪਈ ਉਹ ਦਾਰੇ ਤੋਂ ਕੁਸ਼ਤੀਆਂ ਛੁਡਾ ਦੇਵੇ ਤਾਂ ਕਿ ਵਿਰੋਧੀ ਪਹਿਲਵਾਨਾਂ ਲਈ ਪਿੜ ਖਾਲੀ ਹੋ ਜਾਵੇ।

ਇਕ ਵਾਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸੋਵੀਅਤ ਰੂਸ ਦੇ ਮਾਰਸ਼ਲ ਬੁਲਗਾਨਿਨ ਤੇ ਨਿਕੀਤਾ ਖਰੁਸ਼ਚੋਵ ਨੂੰ ਸੋਨੀਪਤ ਲਾਗੇ ਦਾਰੇ ਦੀ ਕੁਸ਼ਤੀ ਵਿਖਾ ਰਹੇ ਸਨ। ਮਹਿਮਾਨ ਦਾਰੇ ਦੇ ਕੱਦ-ਕਾਠ ਤੋਂ ਦੰਗ ਸਨ। ਦਾਰੇ ਨੂੰ ਫਿਰੋਜ਼ਪੁਰ ਜੇਲ੍ਹ 'ਚੋਂ ਹੱਥਕੜੀ ਲਾ ਕੇ ਲਿਆਂਦਾ ਗਿਆ ਸੀ। ਕੁਸ਼ਤੀ ਜਿੱਤਣ ਪਿੱਛੋਂ ਜਿਉਂ ਹੀ ਉਹਦੇ ਹੱਥਕੜੀ ਲਾਈ ਜਾਣ ਲੱਗੀ ਤਾਂ ਦਰਸ਼ਕਾਂ ਨੇ ਰੌਲਾ ਪਾ ਦਿੱਤਾ, "ਦਾਰੇ ਨੂੰ ਰਿਹਾ ਕਰੋ।"

ਰੂਸੀ ਮਹਿਮਾਨਾਂ ਨੇ ਪੁੱਛਿਆ, ਲੋਕ ਕੀ ਕਹਿੰਦੇ ਹਨ? ਜਦੋਂ ਦੱਸਿਆ ਕਿ ਲੋਕ ਉਸ ਦੀ ਜੇਲ੍ਹ 'ਚੋਂ ਰਿਹਾਈ ਮੰਗਦੇ ਹਨ ਤਾਂ ਉਨ੍ਹਾਂ ਨੇ ਪੰਡਿਤ ਨਹਿਰੂ ਨਾਲ ਗੱਲ ਕੀਤੀ। ਪੰਡਿਤ ਨਹਿਰੂ ਨੇ ਹੀ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੂੰ ਕਹਿ ਕੇ ਮਹਿਮਾਨਾਂ ਲਈ ਦਾਰਾ ਸਿੰਘ ਦੀ ਕੁਸ਼ਤੀ ਦਾ ਪ੍ਰਬੰਧ ਕਰਵਾਇਆ ਸੀ। ਮਹਿਮਾਨਾਂ ਦੀ ਇੱਛਾ 'ਤੇ ਦਾਰੇ ਦੀਆਂ ਕੁਸ਼ਤੀਆਂ ਨਾਲ 'ਕੱਠੇ ਕੀਤੇ ਰਿਲੀਫ ਫੰਡ ਨੂੰ ਮੁੱਖ ਰੱਖਦਿਆਂ ਦੋ ਦਿਨ ਬਾਅਦ ਰੋਹਤਕ ਦੇ ਤਹਿਸੀਲਦਾਰ ਹਰਫੂਲ ਸਿੰਘ ਦੀ ਜ਼ਮਾਨਤ 'ਤੇ ਉਸ ਨੂੰ ਇਕ ਮਹੀਨੇ ਦੀ ਪੈਰੋਲ 'ਤੇ ਛੱਡ ਦਿੱਤਾ ਗਿਆ। ਫਿਰ ਦਾਰੇ ਤੋਂ ਰਹਿਮ ਦੀ ਅਪੀਲ ਕਰਵਾਈ ਗਈ ਜੋ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਪ੍ਰਵਾਨ ਕਰ ਕੇ ਦਾਰਾ ਸਿੰਘ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਦਾਰੇ ਨੇ ਰਿਲੀਫ ਫੰਡ 'ਚੋਂ ਆਪਣਾ ਦੋ ਲੱਖ ਰੁਪਏ ਦਾ ਕੁਸ਼ਤੀ ਕਮਿਸ਼ਨ ਲੋੜਵੰਦ ਗਰੀਬਾਂ ਨੂੰ ਵੰਡ ਦਿੱਤਾ, ਜਿਨ੍ਹਾਂ ਦੀਆਂ ਦੁਆਵਾਂ ਨਾਲ ਉਹ ਰਿਹਾ ਹੋਇਆ।



---

ਜਦੋਂ ਦਾਰੇ ਦੀ ਗੁੱਡੀ ਸਿਖਰ 'ਤੇ ਸੀ ਤਾਂ ਪਿੰਡ ਵਿਚ ਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ। ਕਾਤਲ ਸੀ, ਸ਼ਰੀਕ ਭਰਾ ਸਰਦਾਰੇ ਹੋਰੀਂ। ਕਾਰਨ ਸੀ, ਚੋਰੀਓਂ ਤੋਰੀਆ ਵੱਢੇ ਜਾਣਾ। ਤੋਰੀਆ ਪਿੰਡ ਘਸੀਟਪੁਰੇ ਦਾ ਸੀ ਤੇ ਵੱਢਣ ਵਾਲਾ ਪਤਾ ਨਹੀਂ ਕੌਣ ਸੀ? ਪਰ ਘਸੀਟਿਆ ਗਿਆ ਦੁਲਚੀਪੁਰ ਦਾ ਸਕਾ ਸੋਧਰਾ, ਸਿੱਧੂ ਪਰਿਵਾਰ। ਨਿੱਕੀ ਜਿਹੀ ਗੱਲ ਤੋਂ ਬੱਝ ਗਿਆ, ਕਤਲਾਂ ਦਾ ਮੁੱਢ। ਜੱਟਾਂ ਦੇ ਬਹੁਤੇ ਕਤਲਾਂ ਦਾ ਕਾਰਨ ਅਜਿਹੀਆਂ ਘਟਨਾਵਾਂ ਹੀ ਹਨ।

19 ਅਕਤੂਬਰ 1950 ਦਾ ਦੁਸਹਿਰੇ ਵਾਲਾ ਦਿਨ ਸੀ। ਸਰਦਾਰਾ ਖੇਤੋਂ ਮੱਝਾਂ ਲੈ ਕੇ ਆ ਰਿਹਾ ਸੀ। ਪੱਠਿਆਂ ਦੀ ਭਰੀ ਉਹਦੇ ਸਿਰ 'ਤੇ ਸੀ। ਮੱਝਾਂ ਉਹਨੇ ਛੱਪੜ ਵਿਚ ਵਾੜ ਦਿੱਤੀਆਂ ਤੇ ਆਪ ਭਰੀ ਸੁੱਟਣ ਘਰ ਚਲਾ ਗਿਆ। ਮੱਝਾਂ ਛੱਪੜ 'ਚ ਵਾੜਨ ਤੋਂ ਦਾਰੇ ਹੋਰਾਂ ਲੱਖਣ ਲਾਇਆ ਕਿ ਉਹ ਮੱਝਾਂ ਕੱਢਣ ਵੀ ਆਵੇਗਾ। ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਸਿੰਘ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਲਈ ਛੱਪੜ ਵਿਚ ਵੜਿਆ ਤਾਂ ਚਾਰਾਂ ਜਣਿਆਂ ਨੇ ਛੱਪੜ ਦੀਆਂ ਚਾਰੇ ਬਾਹੀਆਂ ਮੱਲ ਲਈਆਂ। ਸੂਰਜ ਅਜੇ ਖੜ੍ਹਾ ਸੀ। ਦਾਰਾ ਕੁਹਾੜੀ ਲੈ ਕੇ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਇਕ ਦੋ ਗੋਤੇ ਦੇ ਕੇ ਦਾਰੇ ਨੇ ਕੁਹਾੜੀ ਸਰਦਾਰੇ ਦੇ ਸਿਰ 'ਚ ਮਾਰੀ। ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ। ਸਰਦਾਰਾ ਤੜਫਦਾ ਡੁੱਬ ਮਰਿਆ। ਫਿਰ ਦਾਰੇ ਨੇ ਆਪਣੇ ਪੈਰਾਂ ਨਾਲ ਹੀ ਸਰਦਾਰੇ ਨੂੰ ਛੱਪੜ ਦੀ ਗਾਰ ਵਿਚ ਦੱਬ ਦਿੱਤਾ।

26 ਮਾਰਚ 1951 ਨੂੰ ਅੰਮ੍ਰਿਤਸਰ ਦੇ ਸੈਸ਼ਨ ਜੱਜ ਨੇ ਕਤਲ ਦੀ ਸਜ਼ਾ ਸੁਣਾਈ। ਦਾਰੇ ਨੂੰ ਫਾਂਸੀ ਤੇ ਇੰਦਰ ਨੂੰ ਉਮਰ ਕੈਦ ਬੋਲੀ। ਉਨ੍ਹਾਂ ਦੇ ਵਕੀਲ ਨੇ ਹਾਈ ਕੋਰਟ ਵਿਚ ਅਪੀਲ ਕੀਤੀ। ਫੈਸਲਾ ਹੋਣ ਤਕ ਫਾਂਸੀ ਰੁਕੀ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿਚ ਬਦਲ ਗਈ।

ਫਿਰੋਜ਼ਪੁਰ ਜੇਲ੍ਹ ਵਿਚ ਇਕੋ ਪੜਦਾਦੇ ਦੀ ਔਲਾਦ ਸਜ਼ਾ ਭੁਗਤਣ ਲੱਗੀ। ਦੋ ਦਾਰੇ ਹੋਰੀਂ ਸਨ ਤੇ ਦੋ ਉਨ੍ਹਾਂ ਦੇ ਸ਼ਰੀਕ ਭਰਾ ਸਨ। ਚਾਰੇ ਉਮਰ ਕੈਦੀ। ਦਲੀਪ ਦੇ ਕਤਲ ਕਾਰਨ ਬਾਵਾ ਤੇ ਨਰੈਣ ਅੰਦਰ ਸਨ ਅਤੇ ਸਰਦਾਰੇ ਦੇ ਕਤਲ ਕਾਰਨ ਦਾਰਾ ਤੇ ਇੰਦਰ। ਸਾਂਝੇ ਰਿਸ਼ਤੇਦਾਰ ਚਹੁੰਆਂ ਕੈਦੀਆਂ ਨੂੰ ਮਿਲ ਕੇ ਜਾਂਦੇ। ਜੇਲ੍ਹ ਵਿਚ ਸਜ਼ਾ ਭੁਗਤਦੇ ਉਹ ਆਪ ਵੀ ਕਦੇ ਕਦੇ ਮਿਲ ਪੈਂਦੇ ਤੇ ਆਪਣੇ ਕੀਤੇ ਉਤੇ ਪਛਤਾਉਂਦੇ। ਅਖੀਰ ਜੇਲ੍ਹ ਵਿਚ ਉਨ੍ਹਾਂ ਦਾ ਰਾਜ਼ੀਨਾਮਾ ਹੋ ਗਿਆ।

1984 ਦੀ ਇਕ ਰਾਤ ਦਾਰਾ ਬਾਹਰ ਬੰਬੀ ਉਤੇ ਸੁੱਤਾ ਪਿਆ ਸੀ। ਅਚਾਨਕ ਬੱਦਲ ਕੜਕਿਆ ਤੇ ਮੀਂਹ ਦਾ ਛੜਾਕਾ ਆਣ ਪਿਆ। ਉਹ ਉਭੜਵਾਹੇ ਉਠਿਆ। ਕਾਹਲੀ ਨਾਲ ਮੰਜਾ-ਬਿਸਤਰਾ ਚੁਕਿਆ ਤੇ ਕੋਠੇ ਵਿਚ ਜਾਣ ਲੱਗਾ। ਹਨੇਰੇ 'ਚ ਕੁਝ ਦਿਸਦਾ ਨਹੀਂ ਸੀ। ਉਹ ਪਸ਼ੂਆਂ ਲਈ ਗੱਡੇ ਕਿੱਲੇ ਦਾ ਠੇਡਾ ਖਾ ਕੇ ਡਿੱਗ ਪਿਆ। ਉਹਦਾ ਚੂਲਾ ਟੁੱਟ ਗਿਆ। ਰਾਤ ਉਹਨੇ ਕਸੀਸਾਂ ਵੱਟਦਿਆਂ ਕੱਢੀ। ਸਵੇਰੇ ਘਰ ਦੇ ਉਸ ਨੂੰ ਤਰਨਤਾਰਨ ਲੈ ਗਏ ਪਰ ਉਹ ਰਾਜ਼ੀ ਨਾ ਹੋ ਸਕਿਆ। ਦੇਸੀ ਸਿਆਣਿਆਂ ਦੀ ਕਿਸੇ ਦਵਾਈ ਬੂਟੀ ਨੇ ਵੀ ਅਸਰ ਨਾ ਕੀਤਾ। ਉਹ ਮੰਜੇ 'ਤੇ ਪਿਆ ਰਹਿੰਦਾ। ਉਹਦਾ ਦੁੱਖ-ਸੁੱਖ ਪੁੱਛਣ ਟਾਵੇਂ ਟੱਲੇ ਹੀ ਆਉਂਦੇ। ਉਮਰ ਦੇ ਆਖਰੀ ਚਾਰ ਵਰ੍ਹੇ ਉਹ ਗੁੰਮਨਾਮੀ ਦੀ ਜ਼ਿੰਦਗੀ ਜੀਵਿਆ। ਉਹ ਮੰਜੇ 'ਤੇ ਪਿਆ ਮੱਖੀਆਂ ਉਡਾਉਂਦਾ ਰਹਿੰਦਾ ਜੋ ਕਈ ਵਾਰ ਉਡਾਈਆਂ ਵੀ ਨਾ ਜਾਂਦੀਆਂ। ਦੁਆਈ ਬੂਟੀ ਖੁਣੋਂ ਵੀ ਆਤੁਰ ਰਿਹਾ। ਉਸ ਨੂੰ ਸ਼ੂਗਰ ਹੋ ਗਈ ਸੀ ਜਿਸ ਕਾਰਨ ਪੈਰਾਂ ਦੇ ਦੋਵੇਂ ਅੰਗੂਠੇ ਕੱਟੇ ਗਏ। ਉਸ ਦੇ ਜ਼ਖਮ ਹਮੇਸ਼ਾ ਰਿਸਦੇ ਰਹਿੰਦੇ।

ਸੱਤਰ ਸਾਲ ਦੀ ਉਮਰ ਵਿਚ ਉਸ ਨੂੰ ਅਧਰੰਗ ਦੇ ਦੋ ਦੌਰੇ ਪਏ। ਸੱਜੀ ਬਾਂਹ ਸੁੰਨ ਹੋ ਗਈ ਤੇ ਸੱਜੀ ਲੱਤ ਵੀ ਹਿਲਣੋਂ ਰਹਿ ਗਈ। ਉਸ ਨੂੰ ਤਰਨਤਾਰਨ ਦੇ ਸੰਧੂ ਕਲਿਨਿਕ ਵਿਚ ਲਿਜਾਇਆ ਗਿਆ। ਡਾਕਟਰ ਨੇ ਇਲਾਜ ਸ਼ੁਰੂ ਕੀਤਾ ਪਰ ਉਹਦੇ ਬਚਣ ਦੀ ਆਸ ਨਹੀਂ ਸੀ। ਉਹ ਬੇਹੋਸ਼ ਸੀ ਜਿਸ ਕਰਕੇ ਕਿਸੇ ਗੱਲ ਦਾ ਹੁੰਗਾਰਾ ਨਹੀਂ ਸੀ ਭਰ ਰਿਹਾ। ਸਿਰਫ ਸਾਹ ਚੱਲ ਰਹੇ ਸਨ। ਉਸ ਦੀ ਪਤਨੀ, ਪੁੱਤਰ ਤੇ ਪੋਤਰੇ ਸਿਰਹਾਣੇ ਬੈਠੇ ਸਨ।

25 ਜੁਲਾਈ 1988 ਨੂੰ ਅੰਮ੍ਰਿਤ ਵੇਲੇ ਉਸ ਨੇ ਆਖਰੀ ਸਾਹ ਲਿਆ। ਉਹ ਰੋਂਦੀ ਕੁਰਲਾਉਂਦੀ ਬਲਬੀਰ ਕੌਰ ਨੂੰ ਵਿਧਵਾ, ਪੁੱਤਰ ਹਰਬੰਸ ਸਿੰਘ ਅਤੇ ਪੋਤਰਿਆਂ-ਅਮਰੀਕ ਸਿੰਘ ਤੇ ਰਘਬੀਰ ਸਿੰਘ ਨੂੰ ਧਾਹਾਂ ਮਾਰਦੇ ਛੱਡ ਗਿਆ। ਦੁਪਹਿਰ ਵੇਲੇ ਮਹਾਂਬਲੀ ਪਹਿਲਵਾਨ ਦਾ ਦੁਲਚੀਪੁਰ ਦੇ ਸਿਵਿਆਂ ਵਿਚ ਸਸਕਾਰ ਕਰ ਦਿੱਤਾ ਗਿਆ। ਪਿੱਛੇ ਰਹਿ ਗਈਆਂ, ਰਾਖ ਤੇ ਹੱਡੀਆਂ। ਅਜਿਹੀ ਹੋਣੀ ਸੀ ਨਿੱਕੇ ਜਿਹੇ ਪਿੰਡ ਦੁਲਚੀਪੁਰ ਦੇ ਵੱਡੇ ਪਹਿਲਵਾਨ ਰੁਸਤਮੇ ਜ਼ਮਾਂ ਦਾਰੇ ਦੀ। ਉਸ ਦਾ ਚਲਾਣਾ ਵੱਡੇ ਅਖਬਾਰਾਂ ਦੀ ਛੋਟੀ ਸੁਰਖੀ ਵੀ ਨਾ ਬਣ ਸਕਿਆ।

# ਜਦੋਂ ਭਾਰਤੀ ਸੈਨਾ ਦਾ ਕੌਮਾਂਤਰੀ ਅਥਲੀਟ ਬਣਿਆ ਡਾਕੂ

ਭਾਰਤ ਵਿਚ ਡਾਕੂਆਂ, ਧਾੜਵੀਆਂ ਅਤੇ ਲੁੱਟ-ਖੋਹ ਕਰਨ ਵਾਲਿਆਂ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਮੌਤ ਨੂੰ ਜਾਣ ਵਾਲੇ ਇਨ੍ਹਾਂ ਰਾਹਾਂ 'ਤੇ ਤੁਰਨ ਵਾਲੇ ਬਹੁਤੇ ਲੋਕ ਕਾਨੂੰਨ, ਸਮਾਜ, ਸਮਾਜਕ ਜ਼ਿਆਦਤੀਆਂ, ਜਾਤ-ਪਾਤ ਦੀ ਘ੍ਰਿਣਾ ਦੇ ਸਤਾਏ ਜਾਂ ਇਨਸਾਫ ਨਾ ਮਿਲਣ ਕਾਰਨ ਆਪਣਾ ਇਨਸਾਫ ਆਪ ਕਰਨ ਦਾ ਫੈਸਲਾ ਕਰ ਕੇ ਇਹ ਰਾਹ ਅਖਤਿਆਰ ਕਰਦੇ ਹਨ। ਬਹੁਤੇ ਤਾਂ ਇਸ ਰਸਤੇ 'ਤੇ ਰਾਤੋ-ਰਾਤ ਅਮੀਰ ਬਣਨ ਦੇ ਲਾਲਚ ਵਿਚ ਤੁਰ ਪੈਂਦੇ ਹਨ ਜਿਨ੍ਹਾਂ ਨੂੰ ਪੁਲਿਸ 'ਗੈਂਗਸਟਰ' ਆਖਦੀ ਹੈ ਅਤੇ ਇਨ੍ਹਾਂ ਦਾ ਅੰਤ

ਲਖਵਿੰਦਰ ਸਿੰਘ ਮੌੜ
ਫੋਨ: 91-94177-52063

ਅਕਸਰ ਪਛਤਾਵੇ ਜਾਂ ਖੂਨ 'ਚ ਲੱਥ-ਪੱਥ ਹੋ ਕੇ ਹੀ ਹੁੰਦਾ ਦੇਖਿਆ ਹੈ।

ਭਾਰਤ ਵਿਚ ਚੰਬਲ ਦੀ ਘਾਟੀ ਡਾਕੂਆਂ ਦੀ ਸਭ ਤੋਂ ਸੁਰੱਖਿਅਤ ਛੁਪਣਗਾਹ ਹੈ। ਇੱਥੋਂ ਦੇ ਡਾਕੂ ਮੈਂਬਰ ਪਾਰਲੀਮੈਂਟ ਤੱਕ ਬਣ ਗਏ। ਬਹੁਤੇ ਡਾਕੂ ਸਥਾਨਕ ਲੋਕਾਂ ਦੇ ਨਾਇਕ ਹੋ ਨਿਬੜੇ। ਇਨ੍ਹਾਂ ਹੀ ਡਾਕੂਆਂ 'ਚ ਭਾਰਤੀ ਸੈਨਿਕ ਤੋਂ ਡਾਕੂ ਬਣਿਆ ਪਾਨ ਸਿੰਘ ਤੋਮਰ ਸ਼ਾਮਲ ਸੀ। ਉਸ ਅੰਦਰ ਦੇਸ਼ ਲਈ ਮਰ-ਮਿਟਣ ਦੇ ਜਜ਼ਬੇ ਦਾ ਇੱਥੋਂ ਪਤਾ ਲਗਦਾ ਹੈ ਕਿ ਉਹ 1962 ਅਤੇ 1965 ਦੀਆਂ ਲੜਾਈਆਂ ਵਿਚ ਹਿੱਸਾ ਲੈਣਾ ਚਾਹੁੰਦਾ ਸੀ ਪਰ ਭਾਰਤੀ ਫੌਜ ਨੇ ਉਸ ਨੂੰ ਜਾਣ ਨਾ ਦਿੱਤਾ ਕਿਉਂਕਿ ਫੌਜ ਆਪਣੇ ਹੋਣਹਾਰ ਖਿਡਾਰੀਆਂ ਨੂੰ ਯੁੱਧ ਖੇਤਰ ਵਿਚ ਭੇਜਣ ਦੀ ਇਜਾਜ਼ਤ ਨਹੀਂ ਦਿੰਦੀ। ਪਰ ਹੋਣੀ ਅਤੇ ਭਾਰਤੀ ਸਿਸਟਮ ਨੇ ਉਸ ਨੂੰ ਚੰਬਲ ਦਾ ਖੂੰਖਾਰ ਡਾਕੂ ਬਣਾ ਦਿੱਤਾ। ਦੁਸ਼ਮਣ ਨਾਲ ਲੜਨ ਦੀ ਥਾਂ ਉਸ ਨੂੰ ਆਪਣਿਆਂ ਨਾਲ ਲੜ ਕੇ ਮਰਨਾ ਪੈ ਗਿਆ।

1932 ਵਿਚ ਜਨਮਿਆ ਪਾਨ ਸਿੰਘ ਤੋਮਰ ਭਾਰਤੀ ਸੈਨਾ ਵਿਚ ਭਰਤੀ ਹੋਣ ਤੋਂ ਪਹਿਲਾਂ ਖੇਡਾਂ ਵਿਚ ਦਿਲਚਸਪੀ ਨਹੀਂ ਲੈਂਦਾ ਸੀ। ਬੰਗਾਲ ਇੰਜੀਨੀਅਰ ਕੋਰ, ਰੁੜਕੀ ਵਿਚ ਬਤੌਰ ਸੂਬੇਦਾਰ ਫੌਜੀ ਜੀਵਨ ਸ਼ੁਰੂ ਕਰਦਿਆਂ ਉਸ ਨੇ 5000 ਮੀਟਰ ਦੌੜ ਦਾ ਅਭਿਆਸ ਕਰਨਾ ਸ਼ੁਰੂ ਕੀਤਾ ਪਰ ਉਸ ਦੇ ਉਸਤਾਦ ਨੇ ਉਸ ਨੂੰ ਸਟੀਪਲਚੇਜ਼ ਦੀ ਤਿਆਰੀ ਕਰਨ ਲਈ ਕਿਹਾ। ਉਸ ਨੇ ਇਸ ਨੂੰ ਹੀ ਆਪਣੀ ਖੇਡ ਚੁਣ ਲਿਆ ਤੇ 7 ਸਾਲ ਇਸ ਦਾ ਕੌਮੀ ਚੈਂਪੀਅਨ ਰਿਹਾ। 3000 ਮੀਟਰ ਲੰਬੀ ਸਟੀਪਲਚੇਜ਼ ਦੌੜ ਉਸ ਨੇ 9 ਮਿੰਟ ਅਤੇ 4 ਸੈਕਿੰਡ 'ਚ ਤੈਅ ਕਰਕੇ ਰਿਕਾਰਡ ਕਾਇਮ ਕੀਤਾ ਜੋ 10 ਸਾਲ ਤੱਕ ਕੋਈ ਤੋੜ ਨਾ ਸਕਿਆ।

ਟੋਕੀਓ, ਜਪਾਨ ਵਿਚ 25 ਮਈ ਤੋਂ ਪਹਿਲੀ ਜੂਨ 1958 ਤੱਕ ਤੀਜੀਆਂ ਏਸ਼ੀਆਡ ਖੇਡਾਂ ਹੋਈਆਂ ਜਿਨ੍ਹਾਂ ਵਿਚ ਭਾਰਤ ਨੇ ਕੁੱਲ 14 ਮੈਡਲ ਜਿੱਤੇ ਸਨ। ਦੇਸ਼ ਦੇ ਵਿਸ਼ਵ ਪ੍ਰਸਿੱਧ ਦੌੜਾਕ ਮਿਲਖਾ ਸਿੰਘ ਨੇ ਦੋ ਸੋਨ ਤਮਗੇ ਜਿੱਤੇ ਸਨ। ਇਸ ਤੋਂ ਇਲਾਵਾ ਪ੍ਰਦੁੱਮਣ ਸਿੰਘ (ਗੋਲਾ ਸੁਟਾਵਾ) ਅਤੇ ਬਲਕਾਰ ਸਿੰਘ (ਡਿਸਕਸ ਥ੍ਰੋਅਰ) ਸਮੇਤ ਭਾਰਤ ਦੇ 79 ਅਥਲੀਟਾਂ ਨੇ ਹਾਕੀ, ਬਾਕਸਿੰਗ ਤੇ ਰੀਲੇਅ ਰੇਸ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ ਸੀ। ਇਨ੍ਹਾਂ ਖੇਡਾਂ ਵਿਚ ਵਿਸ਼ਵ ਦੇ 20 ਦੇਸ਼ਾਂ ਦੇ 1820 ਖਿਡਾਰੀਆਂ ਨੇ ਹਿੱਸਾ ਲਿਆ ਸੀ, ਜਿਨ੍ਹਾਂ ਵਿਚ ਡਾਕੂ ਬਣ ਚੁਕਾ ਪਾਨ ਸਿੰਘ ਤੋਮਰ ਵੀ ਬਤੌਰ ਸਟੀਪਲਚੇਜ਼ ਅਥਲੀਟ ਸ਼ਾਮਲ ਹੋਇਆ ਸੀ। ਦੌੜ ਵਾਲਾ ਟ੍ਰੈਕ ਓਪਰਾ ਹੋਣ ਕਾਰਨ ਤੋਮਰ ਕੋਈ ਮੈਡਲ ਨਾ ਜਿੱਤ ਸਕਿਆ। 1967 ਦੀਆਂ ਕੌਮਾਂਤਰੀ ਫੌਜੀ ਖੇਡਾਂ ਵਿਚ ਉਸ ਨੇ ਸੋਨੇ ਦਾ ਮੈਡਲ ਜਿੱਤਿਆ। ਇਹ ਖੇਡਾਂ ਕੌਮਾਂਤਰੀ ਮਿਲਟਰੀ ਸਪੋਰਟਸ ਕੌਂਸਲ ਕਰਵਾਉਂਦੀ ਹੈ।

ਜ਼ਮੀਨੀ ਵਿਵਾਦ ਨੂੰ ਨਿਪਟਾਉਣ ਲਈ ਉਹ 1972 'ਚ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈ ਕੇ ਆਪਣੇ ਪਿੰਡ ਭਿੜੌਸਾ, ਜ਼ਿਲ੍ਹਾ ਮੁਰੈਨਾ (ਮੱਧ ਪ੍ਰਦੇਸ਼) ਆ ਗਿਆ। ਉਸ ਦੀ ਜ਼ਮੀਨ ਪਿੰਡ ਦੇ ਬਾਬੂ ਸਿੰਘ ਨਾਂ ਦੇ ਸ਼ਖਸ ਨੇ ਦੱਬ ਲਈ ਸੀ, ਜਿਸ ਦਾ ਕਾਫੀ ਸਿਆਸੀ ਅਸਰ-ਰਸੂਖ ਸੀ ਅਤੇ 200 ਪਰਿਵਾਰਕ ਜੀਆਂ ਵਾਲੇ ਇਸ ਬਾਬੂ ਕੋਲ ਸਰਕਾਰ ਵੱਲੋਂ ਪ੍ਰਵਾਨਤ 7 ਅਗਨੀ ਹਥਿਆਰ ਸਨ। ਦੂਜੇ ਪਾਸੇ ਪਾਨ ਸਿੰਘ ਫੌਜੀਆਂ ਵਾਂਗ ਜ਼ਾਬਤੇ ਵਿਚ ਬੰਨ੍ਹਿਆ ਆਪਣੀ ਜ਼ਮੀਨ ਕਾਨੂੰਨੀ ਢੰਗ ਨਾਲ ਮੁਕਤ ਕਰਾਉਣਾ ਚਾਹੁੰਦਾ ਸੀ। ਉਸ ਨੇ ਸਥਾਨਕ ਪੰਚਾਇਤ ਤੋਂ ਲੈ ਕੇ ਸਰਕਾਰ ਦੇ ਉਚ ਅਧਿਕਾਰੀਆਂ ਤੱਕ ਆਪਣੀ ਤਕਲੀਫ ਰੱਖੀ ਪਰ ਉਸ ਦੇ ਪੱਲੇ ਨਿਰਾਸ਼ਾ ਹੀ ਪਈ।




ਪਿੰਡ ਵਿਚ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਪੰਚਾਇਤ ਹੋਈ, ਜਿਸ ਵਿਚ ਪਾਨ ਸਿੰਘ ਤੋਮਰ ਨੂੰ ਬਾਬੂ ਸਿੰਘ ਨੂੰ 3000 ਰੁਪਏ ਦੇਣ ਲਈ ਕਿਹਾ ਗਿਆ। ਤੋਮਰ ਝਗੜਾ ਮੁਕਾਉਣ ਲਈ ਇਹ ਰਕਮ ਦੇਣ ਨੂੰ ਤਿਆਰ ਹੋ ਗਿਆ ਪਰ ਉਸ ਦਾ ਭਤੀਜਾ ਬਲਵੰਤ ਸਿੰਘ 'ਆਪਣੀ ਹੀ ਜ਼ਮੀਨ ਦੇ ਪੈਸੇ ਕਿਉਂ ਦਈਏ' 'ਤੇ ਅੜ ਗਿਆ। ਡਿਪਟੀ ਕਮਿਸ਼ਨਰ 15 ਦਿਨਾਂ ਪਿੱਛੋਂ ਆਉਣ ਦਾ ਕਹਿ ਕੇ ਚਲਾ ਗਿਆ ਤੇ ਬਾਬੂ ਸਿੰਘ ਨੇ ਆਪਣੇ ਲੱਠਮਾਰਾਂ-ਲਗਾੜਿਆਂ ਨਾਲ ਰਲ ਕੇ ਪਾਨ ਸਿੰਘ ਦੀ 95 ਸਾਲਾ ਬਿਰਧ ਮਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਉਸ ਦੀ ਮਾਂ ਨੇ 'ਮਾਂ ਦਾ ਸੱਚਾ ਪੁੱਤ' ਹੋਣ ਦਾ ਤਿੱਖਾ ਬੋਲ ਕਹਿ ਕੇ ਦਿਨ ਚੜ੍ਹਨ ਤੋਂ ਪਹਿਲਾਂ ਮਾਂ ਦੀ ਬੇਇੱਜਤੀ ਦਾ ਬਦਲਾ ਲੈਣ ਲਈ ਕਿਹਾ।

ਪਾਨ ਸਿੰਘ ਤੋਮਰ ਅਤੇ ਉਸ ਦਾ ਭਤੀਜਾ ਬਲਵੰਤ ਸਿੰਘ ਬਾਬੂ ਸਿੰਘ ਨੂੰ ਸੋਧਣ ਤੁਰ ਪਏ। ਅੰਤ ਸ਼ਿਕਾਰ ਧੱਕੇ ਚੜ੍ਹ ਗਿਆ ਅਤੇ ਉਸ ਨੂੰ ਮਾਰਨ ਤੋਂ ਪਹਿਲਾਂ ਕਰੀਬ ਇੱਕ ਕਿਲੋਮੀਟਰ ਭਜਾਇਆ ਗਿਆ। ਇਸ ਦੇ ਨਾਲ ਹੀ ਪਿੰਡ ਵਿਚ ਬਾਬੂ ਸਿੰਘ ਦੇ ਅੱਠ ਹੋਰ ਬੰਦੇ ਵੀ ਮਾਰ ਦਿੱਤੇ, ਜਿਨ੍ਹਾਂ ਨੇ ਪਾਨ ਸਿੰਘ ਦੇ ਵੱਡੇ ਭਰਾ ਅਤੇ ਬਲਵੰਤ ਸਿੰਘ ਦੇ ਬਾਪ ਮਾਤਾਦੀਨ ਨੂੰ ਮਾਰਿਆ ਸੀ। ਪਾਨ ਸਿੰਘ ਇਹ ਕਤਲ ਨਹੀਂ ਕਰਨਾ ਚਾਹੁੰਦਾ ਸੀ, ਸ਼ਾਇਦ ਉਹ ਸਿਰਫ ਆਪਣੀ ਮਾਂ ਦੀ ਮਿੱਟੀ ਪਲੀਤ ਕਰਨ ਵਾਲੇ ਨੂੰ ਹੀ ਸਜ਼ਾ ਦੇਣੀ ਚਾਹੁੰਦਾ ਸੀ, ਪਰ ਉਸ ਦਾ ਭਤੀਜਾ ਬਲਵੰਤ ਸਿੰਘ ਆਪਣੇ ਬਾਪ ਦਾ ਬਦਲਾ ਲੈਣਾ ਚਾਹੁੰਦਾ ਸੀ।

ਇਸ ਪਿੱਛੋਂ ਪਾਨ ਸਿੰਘ ਆਪਣੇ ਭਤੀਜੇ ਸਮੇਤ ਡਾਕੂ ਬਣ ਗਿਆ ਅਤੇ ਉਸ ਦੇ ਗਿਰੋਹ ਵਿਚ ਉਸ ਦੇ ਆਪਣੇ ਹੀ ਰਿਸ਼ਤੇਦਾਰ ਸ਼ਾਮਲ ਸਨ। ਉਸ ਦਾ ਡਾਕੂਆਂ ਵਾਲਾ ਜੀਵਨ ਬਹੁਤਾ ਲੰਬਾ ਨਾ ਰਿਹਾ। ਅੰਤ ਪੁਲਿਸ ਮੁਖਬਰ ਮੋਤੀ ਰਾਮ ਜਾਦਵ ਦੀ ਮੁਖਬਰੀ ਕਾਰਨ ਪਹਿਲੀ ਅਕਤੂਬਰ 1981 ਨੂੰ ਸਰਕਲ ਇੰਸਪੈਕਟਰ ਮਹੇਂਦਰ ਪ੍ਰਤਾਪ ਸਿੰਘ ਚੌਹਾਨ ਦੀ ਪੁਲਿਸ ਪਾਰਟੀ ਨੇ ਉਸ ਨੂੰ ਰਾਥੀਆ ਕਾ ਪੁਰ, ਜ਼ਿਲ੍ਹਾ ਭਿੰਡ (ਮੱਧ ਪ੍ਰਦੇਸ਼) ਵਿਚ ਘੇਰਾ ਪਾ ਲਿਆ ਅਤੇ ਲਗਾਤਾਰ 12 ਘੰਟੇ ਚੱਲੇ ਇਸ ਮੁਕਾਬਲੇ ਵਿਚ ਪਾਨ ਸਿੰਘ ਤੋਮਰ 49 ਸਾਲ ਦੀ ਉਮਰੇ ਆਪਣੇ ਦਸ ਸਾਥੀਆਂ ਸਮੇਤ ਮਾਰਿਆ ਗਿਆ। ਅਖਬਾਰਾਂ ਵਿਚ ਪ੍ਰਕਾਸ਼ਿਤ ਖਬਰਾਂ ਅਨੁਸਾਰ ਗੋਲੀਆਂ ਲੱਗਣ ਤੋਂ ਬਾਅਦ ਵੀ ਉਹ ਜਿਉਂਦਾ ਰਿਹਾ ਅਤੇ ਤੜਪਦਾ ਕਹਿੰਦਾ ਰਿਹਾ, "ਏਥੇ ਕੋਈ ਹੈ ਰਾਜਪੂਤ ਦਾ ਪੁੱਤ, ਜੋ ਮੈਨੂੰ ਪਾਣੀ ਪਿਆ ਦੇਵੇ।"

ਇਹ ਸੁਣ ਕੇ ਮੁਕਾਬਲਾ ਕਰਨ ਵਾਲੀ ਪੁਲਿਸ ਪਾਰਟੀ ਵਿਚ ਸ਼ਾਮਲ ਇੱਕ ਰਾਜਪੂਤ ਹੌਲਦਾਰ ਤ੍ਰਿਭਵਨ ਸਿੰਘ ਨੇ ਤੜਪਦੇ ਤੋਮਰ ਦੇ ਮੂੰਹ ਵਿਚ ਪਾਣੀ ਪਾਉਣ ਲਈ ਕਦਮ ਅੱਗੇ ਵਧਾਏ ਤਾਂ ਇੰਸਪੈਕਟਰ ਨੇ ਚੀਕ ਕੇ ਕਿਹਾ, "ਡਾਕੂਆਂ ਦੀ ਕੋਈ ਜਾਤ ਨਹੀਂ ਹੁੰਦੀ।"

ਪਾਨ ਸਿੰਘ ਦੇ ਮਾਰੇ ਜਾਣ ਪਿੱਛੋਂ ਉਸ ਦੇ ਭਤੀਜੇ ਬਲਵੰਤ ਸਿੰਘ ਨੇ 1982 'ਚ ਸਰਕਾਰ ਅੱਗੇ ਹਥਿਆਰ ਸੁੱਟ ਕੇ ਆਤਮ ਸਮਰਪਣ ਕਰ ਦਿੱਤਾ ਅਤੇ ਅੱਜ ਸਾਧਾਰਨ ਜ਼ਿੰਦਗੀ ਜਿਉਂ ਰਿਹਾ ਹੈ। ਜ਼ਿੰਦਗੀ ਦੇ 65 ਸਾਲ ਹੰਢਾ ਚੁਕੇ ਇਸ ਸਾਬਕਾ ਡਾਕੂ ਦਾ ਕਹਿਣਾ ਹੈ ਕਿ ਜੇ ਪਿੰਡ ਦਾ ਸਰਪੰਚ, ਇਲਾਕੇ ਦਾ ਥਾਣੇਦਾਰ ਅਤੇ ਪਟਵਾਰੀ ਸਾਡੇ ਨਾਲ ਅਨਿਆਂ ਨਾ ਕਰਦੇ ਤਾਂ ਸਾਨੂੰ ਡਾਕੂ ਬਣਨ ਦੀ ਕੋਈ ਲੋੜ ਨਹੀਂ ਸੀ।

# ਨੀਂਦ-ਸਰਗੋਸ਼ੀਆਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਕੁਝ ਲੇਖਾਂ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਸੀ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਸੀ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬਚਪਨ ਦੀ ਮਾਸੂਮੀਅਤ ਦੀ ਬਾਤ ਪਾਉਂਦਿਆਂ ਕਿਹਾ ਸੀ, "ਬੱਚੇ, ਕੁਦਰਤ ਦੀ ਅਜ਼ੀਮ ਨਿਆਮਤ, ਸੱਚੀ ਸੁੱਚੀ ਇਬਾਦਤ ਅਤੇ ਮਾਂ ਦੀ ਗੋਦ 'ਚ ਲਿਖੀ ਉਚਤਮ ਇਬਾਰਤ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕੁਦਰਤ ਦੇ ਉਪਾਏ ਹਰ ਜੀਵ-ਜੰਤ ਲਈ ਨੀਂਦ ਦੀ ਅਹਿਮੀਅਤ ਦੀ ਗੱਲ ਕੀਤੀ ਹੈ। ਉਹ ਕਹਿੰਦੇ ਹਨ, "ਨੀਂਦ, ਮਨੁੱਖੀ ਸਰੀਰ ਲਈ ਊਰਜਾ-ਸਰੋਤ, ਥੱਕੇ ਹਾਰਿਆਂ ਲਈ ਸੁਖਨ-ਸੇਜ ਅਤੇ ਮਾਨਸਿਕ ਰੁਮਕਣੀ ਸੁਪਨ-ਸਾਜ਼।...ਨੀਂਦ ਵਿਚ ਮਨੁੱਖ ਆਪਣੇ ਪਿਛੋਕੜ ਤੇ ਭਵਿੱਖ ਦੇ ਸਭ ਤੋਂ ਕਰੀਬ, ਬੀਤੀਆਂ ਤੇ ਮੌਜੂਦਾ ਘਟਨਾਵਾਂ ਦਾ ਸੰਗਮ ਅਤੇ ਨੀਂਦ ਵਿਚ ਇਨ੍ਹਾਂ ਦੇ ਪ੍ਰਤੀਕਰਮ ਬਹੁਤ ਕੁਝ ਸੰਕੇਤਕ ਰੂਪ ਵਿਚ ਸਾਡੀ ਸੋਚ-ਧਰਾਤਲ ਦੇ ਨਾਮ ਕਰਦੇ।" -ਸੰਪਾਦਕ***


## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**


ਨੀਂਦ, ਸਰਗੋਸ਼ੀਆਂ ਦਾ ਪਹਿਰ, ਸੰਦਲੀ ਸੁਪਨਿਆਂ ਦੀ ਦੁਪਹਿਰ, ਗਹਿਰੀ ਗਜ਼ਲ ਦੀ ਬਹਿਰ ਅਤੇ ਨਿੰਦਰਾਈਆਂ ਤੇ ਅੰਗੜਾਈਆਂ ਆਸਾਂ ਦੀ ਨਹਿਰ।

ਨੀਂਦ, ਇਕ ਭਗਤੀ ਜੋ ਅਸੀਂ ਚਾਹੇ-ਅਣਚਾਹੇ ਕਰਦੇ ਅਤੇ ਜੀਵਨ ਦੇ ਇਕ ਤਿਹਾਈ ਹਿੱਸੇ ਦੌਰਾਨ ਇਸ ਭਗਤੀ ਦਾ ਦਮ ਭਰਦੇ। ਪਰ ਅਸੀਂ ਇਸ ਤੋਂ ਕੀ ਪ੍ਰਾਪਤ ਕਰਦੇ, ਇਹ ਸਾਡੀ ਜੀਵਨ-ਸ਼ੈਲੀ, ਨੀਂਦ-ਅਵਸਥਾ ਅਤੇ ਇਸ ਤੋਂ ਮਿਲੀ ਊਰਜਾ 'ਤੇ ਨਿਰਭਰ।

ਨੀਂਦ, ਸੁਪਨ-ਧਰਾਤਲ। ਅਚੇਤ ਮਨ ਵਿਚ ਬੈਠੀਆਂ ਅਪੂਰਨ ਖਾਹਸ਼ਾਂ ਦਾ ਖਾਕਾ। ਪੂਰਨਤਾ ਵੱਲ ਤੁਰਨ ਦਾ ਉਦਮ, ਨੀਂਦ ਦੇ ਸਦਕੇ ਜਾਂਦਾ।

ਅੱਖਾਂ ਬੰਦ ਕਰਕੇ ਪਿਆ ਹਰ ਵਿਅਕਤੀ ਸੁੱਤਾ ਨਹੀਂ ਹੁੰਦਾ। ਕੁਝ ਲੋਕ ਜਾਗਦਿਆਂ ਵੀ ਸੁੱਤੇ ਹੁੰਦੇ ਜਦ ਕਿ ਕੁਝ ਲੋਕ ਸੁੱਤਿਆਂ ਵੀ ਜਾਗਦੇ ਰਹਿੰਦੇ।

ਨੀਂਦ, ਮਨੁੱਖੀ ਸਰੀਰ ਲਈ ਊਰਜਾ-ਸਰੋਤ, ਥੱਕੇ ਹਾਰਿਆਂ ਲਈ ਸੁਖਨ-ਸੇਜ ਅਤੇ ਮਾਨਸਿਕ ਰੁਮਕਣੀ ਸੁਪਨ-ਸਾਜ਼।

ਨੀਂਦ, ਨਿਆਮਤਾਂ ਦੀ ਨੱਕੜ ਦਾਦੀ, ਨਿਆਮਤਾਂ ਦਾ ਕੇਂਦਰ ਬਿੰਦੂ, ਨੀਂਦ ਦੌਰਾਨ ਬੰਦਾ ਖੁਦ ਦੇ ਸਭ ਤੋਂ ਕਰੀਬ ਅਤੇ ਮਾਨਸਿਕ ਤੇ ਸਰੀਰਕ ਸ਼ਕਤੀ ਨੂੰ ਸਾਧਦਾ।

ਨੀਂਦ, ਬੇਫਿਕਰੀ ਦਾ ਪੈਮਾਨਾ, ਚਿੰਤਨ ਰਾਹੀਂ ਖੁਦ ਦਾ ਸੰਵਰਿਆ ਸਰੂਪ ਅਤੇ ਖੁਦ ਦੀ ਜਾਮਾ-ਤਲਾਸ਼ੀ ਰਾਹੀਂ ਨਿਖਰਿਆ ਸਮਰੂਪ।

ਨੀਂਦ, ਪਰੀਆਂ ਦਾ ਦੇਸ਼, ਖਾਮੋਸ਼ੀਆਂ ਦਾ ਮੰਦਿਰ, ਉਦਾਸੀਆਂ ਦੀ ਵਰਣਮਾਲਾ ਅਤੇ ਖੁਸ਼ੀਆਂ ਦੇ ਖਜਾਨੇ ਨੂੰ ਲੁਟਾਉਣਾ।

ਨੀਂਦ ਵਿਚ ਮਨੁੱਖ ਆਪਣੇ ਪਿਛੋਕੜ ਤੇ ਭਵਿੱਖ ਦੇ ਸਭ ਤੋਂ ਕਰੀਬ, ਬੀਤੀਆਂ ਤੇ ਮੌਜੂਦਾ ਘਟਨਾਵਾਂ ਦਾ ਸੰਗਮ ਅਤੇ ਨੀਂਦ ਵਿਚ ਇਨ੍ਹਾਂ ਦੇ ਪ੍ਰਤੀਕਰਮ ਬਹੁਤ ਕੁਝ ਸੰਕੇਤਕ ਰੂਪ ਵਿਚ ਸਾਡੀ ਸੋਚ-ਧਰਾਤਲ ਦੇ ਨਾਮ ਕਰਦੇ।

ਸੌਣ ਤੋਂ ਪਹਿਲਾਂ ਬੀਤੇ ਦਿਨ ਦਾ ਸ਼ੁਕਰਗੁਜਾਰ ਹੋਵੋ, ਦਿਨ ਦੀ ਕਰਮ-ਸਾਧਨਾ ਨੂੰ ਨਿਹਾਰੋ ਤੇ ਵਿਚਾਰੋ, ਖਾਮੀਆਂ ਤੇ ਉਪਲਬਧੀਆਂ ਦਾ ਲੇਖਾ ਜੋਖਾ ਕਰੋ, ਅਗਲੇ ਦਿਨ ਦੀ ਯੋਜਨਾਬੰਦੀ ਕਰੋ ਅਤੇ ਸਵੈ-ਸੰਵਾਦ ਦੀ ਸੰਤੁਸ਼ਟੀ ਨਾਲ ਨੀਂਦ ਦਾ ਅਨੰਦ ਮਾਣੋ। ਸਾਡੀਆਂ ਮਾਂਵਾਂ ਦੇ ਮਨਾਂ ਵਿਚ ਚਾਨਣ ਦੀ ਸ਼ੁਕਰਗੁਜਾਰੀ ਝਲਕਦੀ ਸੀ ਜਦ ਉਹ ਰਾਤ ਨੂੰ ਦੀਵਾ ਸੰਤੋਖਣ ਵੇਲੇ, ਦੀਵੇ ਨੂੰ ਆਪਣੇ ਘਰ ਪਰਤਣ ਅਤੇ ਅਗਲੀ ਸ਼ਾਮ ਨੂੰ ਫਿਰ ਵਾਪਸ ਪਰਤਣ ਦੀ ਅਰਦਾਸ ਕਰਦੀਆਂ ਸਨ। ਉਨ੍ਹਾਂ ਦੀ ਸੋਚ ਵਿਚ ਸਰਬੱਤ ਦਾ ਭਲਾ ਅਤੇ ਉਸਾਰੂ-ਬਿਰਤੀ ਦਾ ਬਸੇਰਾ ਹੁੰਦਾ ਸੀ।

ਨੀਂਦ, ਨਿੰਦਰਾਏ ਨੈਣਾਂ ਦੀ ਠਾਹਰ, ਕਿਸੇ ਦੀ ਆਗੋਸ਼ ਬਣਨ ਦਾ ਹੁਲਾਰ ਅਤੇ ਕਿਸੇ ਦੇ ਦੀਦਿਆਂ ਵਿਚ ਠਹਿਰਿਆ ਖੁਮਾਰ।

ਨੀਂਦ, ਕਣਕ/ਝੋਨੇ ਦੇ ਵੱਢ, ਵਾਹਣ ਦੀਆਂ ਢੀਮਾਂ ਜਾਂ ਮੂੰਗਫਲੀ ਦੇ ਲਾਂਗੇ 'ਤੇ ਕੁਝ ਪਲ ਸੁਸਤਾਉਣ ਦਾ ਹੁਲਾਰ। ਮੁਸ਼ੱਕਤੀ ਜਿਸਮਾਂ ਨੂੰ ਨਿਵੇਕਲੀ ਊਰਜਾ ਦਾ ਪਸਾਰ। ਕਾਮੇ ਦੀ ਮਿਹਨਤ, ਜਾਲੇ ਜਫਰ ਅਤੇ ਘਾਲਣਾ ਜਦ ਖੁਦਕੁਸ਼ੀ ਦੀ ਉਂਗਲ ਫੜਨ ਲਈ ਮਜਬੂਰ ਹੋ ਜਾਣ ਤਾਂ ਫਿਜ਼ਾ ਨੂੰ ਵੀ ਤਰੇਲੀਆਂ ਆਉਂਦੀਆਂ।

ਨੀਂਦ, ਭੁੱਖ ਨਾਲੋਂ ਮਾੜੀ। ਰੋੜਿਆਂ ਜਾਂ ਫੁੱਟਪਾਥਾਂ 'ਤੇ ਸੌਣ ਲਈ ਭੁੱਖੇ ਢਿੱਡਾਂ ਦੀ ਕੌਣ ਸਾਰ ਲੈਂਦਾ। ਕਈ ਤਾਂ ਭੁੱਖ ਤੋਂ ਉਕਤਾਏ, ਸਦਾ ਲਈ ਨੀਂਦ ਦੀ ਆਗੋਸ਼ ਵਿਚ ਸਮਾ ਜਾਂਦੇ।

ਨੀਂਦ, ਹਰ ਉਮਰ ਵਿਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਜਰੂਰੀ। ਬੱਚਿਆਂ ਲਈ ਦਸ ਘੰਟੇ ਅਤੇ ਬਾਲਗਾਂ ਲਈ ਅੱਠ ਕੁ ਘੰਟੇ ਸੌਣਾ ਜਰੂਰੀ।

ਨੀਂਦ, ਕੁਦਰਤ ਦੀ ਸਭ ਤੋਂ ਕੀਮਤੀ ਸੁਗਾਤ। ਕਿੰਨੇ ਖੁਸ਼ਕਿਸਮਤ ਨੇ ਉਹ ਲੋਕ ਜੋ ਆਪਣੀ ਨੀਂਦੇ ਸੌਂਦੇ ਜਾਂ ਜਾਗਦੇ। ਨੀਂਦ ਹੰਗਾਲਣ ਵਾਲੇ ਲੋਕਾਂ ਦੀ ਤ੍ਰਾਸਦੀ, ਮਨ 'ਚ ਖਲਲ ਪੈਦਾ ਕਰਦੀ। ਸਰੀਰ ਕਦੇ ਵੀ ਗੈਰ-ਕੁਦਰਤੀ ਵਰਤਾਰੇ ਅਨੁਸਾਰ ਨਹੀਂ ਢਲਦਾ। ਰਾਤ ਨੂੰ ਕੰਮ ਕਰਨ ਵਾਲੇ ਦਰਅਸਲ ਕੁਦਰਤੀ ਕਿਰਿਆਵਾਂ ਦੀ ਅਵੱਗਿਆ ਕਰਦੇ ਜਿਸ ਦਾ ਇਵਜ਼ਾਨਾ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਰੂਪ ਵਿਚ ਭਰਨਾ ਪੈਂਦਾ।

ਨੀਂਦ ਦੇ ਤੋਹਫੇ ਨਾਲ ਕੁਝ ਕੁ ਲੋਕ ਨਿਵਾਜੇ ਜੋ ਜਦ ਚਾਹੁਣ ਸੌਂ ਸਕਦੇ। ਕੇਹੀ ਹੋਣੀ ਏ ਉਨ੍ਹਾਂ ਦੀ, ਜੋ ਸੋਨੇ ਦੇ ਮਹੱਲੀਂ, ਸੋਨਾ ਖਾਂਦੇ, ਸੋਨੇ ਦੇ ਵਿਛੌਣੇ 'ਤੇ, ਗੋਲੀਆਂ ਖਾ ਕੇ, ਨੀਂਦ ਦੀਆਂ ਲਿਲਕੜੀਆਂ ਕੱਢਦੇ। ਪਰ ਬਹੁਤੀ ਵਾਰ ਉਨ੍ਹਾਂ ਦੀ ਸਾਰੀ ਰਾਤ ਉਸਲਵਾਟੇ ਲੈਂਦਿਆਂ ਲੰਘ ਜਾਂਦੀ।

ਕੁਦਰਤ ਵੀ ਨੀਂਦ ਦੀ ਆਗੋਸ਼ ਦਾ ਨਿੱਘ ਮਾਣਦੀ। ਕੁਦਰਤੀ ਜੀਵ ਇਸ ਦੀ ਆਮਦ ਉਡੀਕਦੇ। ਜਦ ਰਾਤ ਉਤਰਦੀ ਤਾਂ ਪਰਿੰਦੇ ਆਪਣੇ ਆਲ੍ਹਣਿਆਂ ਵੰਨੀਂ ਉਡਾਰੀ ਭਰਦੇ, ਪਰਿਵਾਰ ਵਿਚ ਦਿਨ ਦੇ ਛੇਕੜਲੇ ਪਲਾਂ ਨੂੰ ਮਾਣਦੇ, ਊਂਘਣ ਲੱਗ ਪੈਂਦੇ ਅਤੇ ਫਿਰ ਹੌਲੀ ਹੌਲੀ ਆਪਣੇ ਆਪ ਨੂੰ ਨੀਂਦ ਦੀਆਂ ਬਾਹਾਂ ਦੇ ਹਵਾਲੇ ਕਰਦੇ।

ਕਦੇ ਕਿਸੇ ਬੱਚੇ, ਫੱਕਰ, ਦਰਵੇਸ਼, ਮਜਦੂਰ ਜਾਂ ਵਾਹਣੀਂ ਸੁੱਤੇ ਕਿਸਾਨ ਨੂੰ ਨੀਂਦ ਦੇ ਹਿਲੋਰੇ ਲੈਂਦੇ ਦੇਖਣਾ, ਤੁਹਾਡੇ ਮਨ ਵਿਚ ਅਜਿਹੀ ਨੀਂਦ ਮਾਣਨ ਦੀ ਹਿਰਸ ਜਰੂਰ ਪੈਦਾ ਹੋਵੇਗੀ।



ਕੇਹਾ ਇਲਾਹੀ ਆਲਮ ਤੇ ਮੰਜ਼ਰ ਗੁਰੂ ਗੋਬਿੰਦ ਸਿੰਘ ਜੀ ਦੀ ਮਾਨਸਿਕਤਾ ਵਿਚ ਉਕਰਿਆ ਹੋਵੇਗਾ ਜਦ ਉਨ੍ਹਾਂ ਚਮਕੌਰ ਦੀ ਗੜ੍ਹੀ ਵਿਚ ਬਹੁਤ ਸਾਰੇ ਸਿੰਘਾਂ ਅਤੇ ਵੱਡੇ ਸਾਹਿਜ਼ਾਦਿਆਂ ਦੀ ਸ਼ਹਾਦਤ ਨੂੰ ਅੱਖੀਂ ਦੇਖ, ਮਾਛੀਵਾੜੇ ਦੇ ਜੰਗਲ 'ਚ, ਖੂਹ ਦੀ ਮੌਣ ਦਾ ਸਹਾਰਾ ਲੈ, ਸੌਂਦੇ ਸਮੇਂ, ਕਾਦਰ ਦੇ ਸ਼ੁਕਰਾਨੇ ਲਈ ਰੂਹ ਦੀ ਕਸ਼ੀਦਗੀ 'ਚੋਂ ਗੁਣਗੁਣਾਇਆ ਹੋਵੇਗਾ, "ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ...।" ਮਖਮਲੀ ਸੇਜਾਂ ਮਾਣ ਰਹੇ, ਅਜੋਕੇ ਬਹੁਰੂਪੀਏ ਰਹਿਬਰ ਅਜਿਹੀ ਸੋਚ-ਉਡਾਣ ਦੇ ਕਿੰਜ ਹਾਣੀ ਹੋ ਸਕਦੇ?

ਨੀਂਦ ਲਈ ਵਿਸ਼ੇਸ਼ ਬਿਸਤਰਾ, ਮਾਹੌਲ, ਸਮਾਂ, ਸਥਾਨ, ਅਜੋਕੇ ਰੋਬੋਟੀ ਮਨੁੱਖ ਦੇ ਚੋਚਲੇ। ਥੱਕੇ ਹੋਏ ਅਤੇ ਫੱਕਰ ਵਿਅਕਤੀ ਕਿਸੇ ਵੀ ਹਾਲਤ ਵਿਚ ਨੀਂਦ ਮਾਣ, ਫਿਰ ਆਪਣੀ ਮੰਜ਼ਿਲ ਵੱਲ ਤੁਰ ਪੈਂਦੇ। ਬੀਤੇ ਸਮੇਂ ਵਿਚ ਮੁਗਲਈ ਫੌਜ ਖਿਲਾਫ ਗੁਰੀਲਾ ਯੁੱਧ ਦੌਰਾਨ ਤਾਂ ਸਿੰਘ ਘੋੜਿਆਂ 'ਤੇ ਬੈਠੇ ਹੀ ਨੀਂਦ ਪੂਰੀ ਕਰ ਲਿਆ ਕਰਦੇ ਸਨ।

ਨੀਂਦ ਅਤੇ ਮੌਤ ਦਾ ਕਰੀਬੀ ਸਬੰਧ। ਸੌਣ ਤੋਂ ਬਾਅਦ ਜਾਗਿਆ ਮਨੁੱਖ, ਜਿੰਦਾ ਹੋਣ ਦੀ ਨਿਸ਼ਾਨੀ ਅਤੇ ਨੀਂਦ ਵਿਚੋਂ ਨਾ ਪਰਤਣਾ, ਮਨੁੱਖ ਤੋਂ ਮਿੱਟੀ ਬਣਨ ਦਾ ਸਫਰਨਾਮਾ।

ਕੁਝ ਲੋਕ ਬਾਹਰੀ ਰੂਪ ਵਿਚ ਸੌਂਦੇ ਪਰ ਅੰਤਰੀਵ ਰੂਪ ਵਿਚ ਸੁਲੱਗ ਅਤੇ ਸੁਚੇਤ। ਅਜਿਹੇ ਲੋਕ ਚੇਤਨਾ ਅਤੇ ਚਿੰਤਨ ਦਾ ਸੰਯੋਗ ਜੋ ਨਰੋਈ ਪਰਵਾਜ਼ ਲਈ ਖੰਭ ਹੁੰਦੇ।

ਨੀਂਦ, ਨਵੀਆਂ ਧਰਾਤਲਾਂ ਦੀ ਨਿਸ਼ਾਨਦੇਹੀ। ਨਵੀਆਂ ਸੰਭਾਵਨਾਵਾਂ ਨੂੰ ਅੰਤਰੀਵ ਵਿਚ ਸੋਚਣ 'ਤੇ ਸਮਝਣ ਦੀ ਪ੍ਰਕਿਰਿਆ ਅਤੇ ਇਸ ਵਿਚੋਂ ਹੀ ਉਭਰਦਾ ਮਨੁੱਖੀ ਕਿਰਦਾਰ।

ਨੀਂਦ, ਪੀੜ ਤੋਂ ਰਾਹਤ, ਮਾਨਸਿਕ ਬੋਝ ਤੋਂ ਛੁਟਕਾਰਾ, ਨਾੜੀ-ਤੰਤਰ ਨੂੰ ਸੁੱਖ ਦਾ ਸਾਹ ਅਤੇ ਪੈਰ-ਭਟਕਣਾ ਨੂੰ ਕੁਝ ਚਿਰ ਠਹਿਰਨ ਦਾ ਸੁਝਾਅ।

ਨੀਂਦ, ਅਜੋਕੀ ਜੀਵਨ-ਸ਼ੈਲੀ ਤੋਂ ਉਕਤਾਈ, ਪ੍ਰੇਸ਼ਾਨੀ ਵਿਚ ਖੁਦ ਨੂੰ ਕੋਂਹਦੀ ਕਿਉਂਕਿ ਬੇਘਰ ਹੋਈ ਨੀਂਦ, ਕਿਧਰ ਨੂੰ ਜਾਵੇ, ਕਿਹੜਾ ਦਰ ਖੜਕਾਵੇ ਅਤੇ ਕਿਸ ਦੇ ਆਗੋਸ਼ ਵਿਚ ਸੁਸਤਾਵੇ?

ਕਦੇ ਨੀਂਦ, ਸੁਖਨ, ਸੰਤੋਖ, ਸਬਰ, ਸੰਤੁਸ਼ਟੀ ਤੇ ਸਹਿਜ ਦੀ ਦਾਸੀ ਹੁੰਦੀ ਸੀ। ਅਜਿਹੇ ਗੁਣਾਂ ਤੋਂ ਵਿਰਵੇ ਮਨੁੱਖ ਕੋਲ ਨੀਂਦ ਕੀ ਕਰਨ ਆਵੇ?

ਨੀਂਦ ਜਦ ਨੀਂਦ ਨਾਲ ਅੰਗ ਛੁਹਾਵੇ ਤਾਂ ਨੀਂਦ ਨੂੰ ਹਰ ਕੋਈ ਸਿਰ ਝੁਕਾਵੇ। ਨੀਂਦ ਦਾ ਕਾਸਾ ਭਰਿਆ ਹੋਵੇ, ਸਾਹ-ਸੂਲੀ ਬੰਦਾ ਚੜ੍ਹਿਆ ਹੋਵੇ ਅਤੇ ਖੁਦ ਨਾਲ ਭਾਵੇਂ ਲੜਿਆ ਹੋਵੇ ਪਰ ਫਿਰ ਵੀ ਨੀਂਦਰ ਗਲ ਨਾਲ ਲਾਵੇ, ਉਸ ਦੇ ਗਮਾਂ ਨੂੰ ਝੋਲੀ ਪਾਵੇ ਅਤੇ ਬੰਦੇ ਦਾ ਦੁੱਖ-ਦਰਦ ਭੁਲਾਵੇ।

ਨੀਂਦ, ਅਸਹਿ ਪੀੜ, ਗਮ, ਦਰਦ ਅਤੇ ਅਕਹਿ ਮਾਨਸਿਕ ਝਟਕੇ ਤੋਂ ਉਭਰਨ ਦੀ ਦਵਾ। ਤਾਂਹੀਂਏਂ ਅਜਿਹੇ ਵਿਅਕਤੀ ਨੂੰ ਸੁਚੇਤ ਰੂਪ ਦਵਾਈ ਰਾਹੀਂ ਲੰਮੇਂ ਸਮੇਂ ਲਈ ਸੁਆਇਆ ਜਾਂਦਾ ਤਾਂ ਕਿ ਉਸ ਦਾ ਨਾੜੀ-ਤੰਤਰ ਸਹਿਜ 'ਚ ਆ ਸਕੇ।

ਨੀਂਦ, ਸੁਪਨ-ਉਡਾਣ, ਭਵਿੱਖੀ-ਪਹਿਚਾਣ, ਜੀਅ-ਪਰਾਣ, ਰੰਗੀਂ ਵੱਸਦਾ ਜਹਾਨ ਅਤੇ ਤਾਰਿਆਂ ਨਾਲ ਅੱਟਿਆ ਦੂਧੀਆ ਆਸਮਾਨ।

ਬੱਚਿਆਂ ਦੀ ਨੀਂਦ, ਬੇਫਿਕਰੀ ਦਾ ਸਿਰਨਾਵਾਂ। ਦਾਦੇ/ਦਾਦੀਆਂ ਜਾਂ ਨਾਨੇ/ਨਾਨੀਆਂ ਦੇ ਢਿਡ 'ਤੇ ਸਿਰ ਰੱਖ, ਕਹਾਣੀਆਂ ਸੁਣਦਿਆਂ ਨੀਂਦ ਦੇ ਆਗੋਸ਼ ਮਾਣਨਾ ਅਤੇ ਸੁਪਨਈ ਦੁਨੀਆਂ ਦੇ ਰੰਗਾਂ ਨੂੰ ਅਣਭੋਲਤਾ ਨਾਲ ਮਾਣਨਾ, ਸਿਰਫ ਬੱਚਿਆਂ ਦੇ ਹਿੱਸੇ। ਵੱਡੇ ਹੋ ਕੇ ਸਾਡੀ ਨੀਂਦ ਤੇ ਸੁਪਨੇ ਬੇਰੁਖੇ, ਖਰਵੇਂ ਤੇ ਚਿੜਚਿੜੇ ਹੋ ਜਾਂਦੇ। ਤਾਂਹੀਂ ਮਨੁੱਖ ਖੁਦ ਤੋਂ ਬਹੁਤ ਦੂਰ ਹੋ ਜਾਂਦਾ।

"ਛੇਤੀ ਸੌਂ ਸੁਵੱਖਤੇ ਜਾਣ, ਵਧੇ ਉਮਰ ਤੇ ਲੱਗਣ ਭਾਗ" ਦੀ ਜੀਵਨ-ਸ਼ੈਲੀ, ਇਕ ਵਿਗਿਆਨਕ ਸੱਚ ਜੋ ਹੁਣ ਬੀਤੇ ਦਾ ਜ਼ਰਜ਼ਰੀ ਸਫਾ। ਇੰਟਰਨੈਟ ਅਤੇ ਸ਼ੋਸ਼ਲ ਮੀਡੀਆ ਨੇ ਜੀਵਨ-ਜਾਚ ਨੂੰ "ਦੇਰ ਨਾਲ ਸੌਂ ਤੇ ਦੇਰ ਨਾਲ ਜਾਗ, ਘਟੇ ਉਮਰ 'ਤੇ ਫੁੱਟਣ ਭਾਗ" ਵਿਚ ਬਦਲ ਦਿਤਾ ਏ। ਦੇਖਣਾ! ਅਸੀਂ ਕਿੰਨਾ ਕੁ ਸਮਾਂ ਅਜਿਹੀ ਜੀਵਨ-ਰੰਗ ਜਿਉ ਸਕਾਂਗੇ?

ਨੀਂਦ, ਨੈਣਾਂ ਨੂੰ ਬੇਦਾਵਾ ਦੇ ਜਾਂਦੀ ਜਦ ਚਿੱਟੀ ਚੁੰਨੀ ਕਿੱਕਰਾਂ ਦੇ ਕੰਡਿਆਂ ਨਾਲ ਝਰੀਟੀ ਲੀਰੋ ਲੀਰ ਹੋ ਜਾਂਦੀ। ਘਰ ਨੂੰ ਪਰਦੇਸੀ ਹੋਣ ਦਾ ਹੇਰਵਾ ਹੰਢਾਉਣਾ ਪੈਂਦਾ। ਵਿਹੜੇ ਦੀ ਮੁਥਾਜ ਡੰਗੋਰੀ ਨੂੰ, ਸਾਹਾਂ 'ਚ ਸੰਤਾਪ ਰਚਾਉਣਾ ਪੈਂਦਾ। ਆਪਣਿਆਂ ਨੂੰ ਉਡੀਕਦੇ ਦਰ ਆਪਣੀ ਹੋਣੀ 'ਤੇ ਝੂਰਨ ਜੋਗੇ ਰਹਿ ਜਾਂਦੇ। ਬੱਚਿਆਂ ਨੂੰ ਲਾਡ ਲਡਾਉਣ ਵਾਲੀ ਕੰਨਹੇੜੀ, ਬਰਫ ਮਿੱਧਦੀ ਰੋਜ਼ੀ ਦੇ ਜੁਗਾੜ 'ਚ ਹਉਕਾ ਬਣ ਜਾਵੇ। ਘਰ ਦੀਆਂ ਛੱਤਾਂ ਨੂੰ ਚੋਣ ਦਾ ਸਰਾਪ ਮਿਲ ਜਾਵੇ ਜਾਂ ਖੇਤ, ਸਿਵੇ ਬਣ ਜਾਣ।

ਮਾਂ ਦੇ ਆਗੋਸ਼ ਵਿਚ ਬਚਪਨੀ ਨੀਂਦ, ਅਲੋਕਾਰੀ। ਪਿਆਰੇ ਦੀਆਂ ਬਾਹਾਂ ਵਿਚ ਸੱਜਣਾਂ ਨੂੰ ਨੀਂਦ ਹੁੰਦੀ ਬਹੁਤ ਪਿਆਰੀ। ਵੀਰੇ ਦੀ ਗਲਵਕੜੀ 'ਚ, ਵੀਰ ਲਈ ਹੁੰਦੀ ਨੀਂਦ-ਖੁਮਾਰੀ ਅਤੇ ਮੌਤ ਦੇ ਆਗੋਸ਼ 'ਚ ਆਈ ਨੀਂਦ, ਅਜ਼ਲੀ ਰਾਹਾਂ ਵੰਨੀਂ ਉਡਾਰੀ।

ਨੀਂਦ ਵਿਚ ਅੱਭੜਵਾਹੇ ਤ੍ਰਭਕਣਾ ਉਨ੍ਹਾਂ ਲੋਕਾਂ ਦੀ ਕਿਸਮਤ ਬਣ ਜਾਂਦਾ ਜਿਨ੍ਹਾਂ ਦੇ ਚੁੱਲ੍ਹੇ ਦੀ ਅੱਗ ਬੁੱਝ ਜਾਵੇ, ਜਿਨ੍ਹਾਂ ਦੇ ਨੈਣਾਂ ਵਿਚ ਜੀਵਨ-ਆਸ ਹਟਕੋਰੇ ਲੈਣ ਲੱਗ ਪਵੇ, ਜਿਹੜੇ ਮਾਂ-ਮਛੋਰਾਂ ਨੂੰ ਝਿੜਕਾਂ 'ਚ ਸਾਹ-ਪੂਰਤੀ ਦੀ ਸਜ਼ਾ ਸੁਣਾਈ ਦਿਤੀ ਜਾਵੇ, ਜਿਨ੍ਹਾਂ ਦੇ ਗਲਾਂ ਵਿਚ ਬਸਤਿਆਂ ਦੀ ਥਾਂ ਬੰਬ ਲਟਕਾ ਦਿਤੇ ਜਾਣ ਜਾਂ ਜਿਹੜੇ ਚਾਨਣ ਦਾ ਹਾਣ ਭਾਲਦੇ ਭਾਲਦੇ ਹਨੇਰੇ ਰਾਹਾਂ ਦੇ ਮਾਰਗੀ ਬਣ ਜਾਣ।

ਨੀਂਦਰੇ ਨੀ ਉਸ ਵਿਹੜੇ ਜਾਈਂ ਜਿਥੇ ਵੱਸਦੇ ਸੋਗ। ਤੇਰੀ ਇਕ ਸਵੱਲੀ ਨਜ਼ਰੇ, ਸ਼ਾਇਦ ਮਿੱਟ ਜਾਵਣ ਰੋਗ। ਨੀਂਦਰੇ ਨੀ ਉਸ ਖੇਤ ਨੂੰ ਜਾਈਂ, ਜਿਸ ਨੂੰ ਲੱਗੀਆਂ ਨਜ਼ਰਾਂ। ਫਸਲਾਂ ਦੀ ਹਰਿਆਲੀ ਬੀਜੇ, ਨਿੱਤ ਤਾਜ਼ੀਆਂ ਕਬਰਾਂ। ਨੀਂਦਰੇ ਨੀ ਉਸ ਸੋਚ 'ਚ ਉਗੀਂ, ਜਿਹੜੀ ਭੁੱਖਣਭਾਣੀ। ਹੱਥ 'ਚ ਫੜੀਆਂ ਡਿਗਰੀਆਂ ਨੇ ਵੀ, ਨਾ ਸੁਲਝਾਈ ਤਾਣੀ। ਨੀਂਦਰੇ ਨੀ ਉਸ ਮਾਂ ਨੂੰ ਪੁੱਛੀਂ, ਕਿੰਨੇ ਦਿਨਾਂ ਤੋਂ ਜਾਗੇ? ਹੱਥੀਂ ਬੁਣੀ ਫੁਲਕਾਰੀ ਜਿਸ ਦੀ, ਹੋਈ ਧਾਗੇ ਧਾਗੇ। ਨੀਂਦਰੇ ਨੀ ਉਸ ਬਾਗ ਦੀ ਬਗਲੀ, ਜਰਾ ਕੁ ਕਰੀਂ ਟਿਕਾਣਾ। ਜਿਹੜਾ ਹਰਦਮ ਸੋਚੀ ਜਾਵੇ, ਮੇਰੇ ਪੁੱਤਰਾਂ ਸਿਵਾ ਸਜਾਣਾ। ਨੀਂਦਰੇ ਨੀ ਉਸ ਘਰ ਦੀ ਜੂਹੇ, ਇਕ ਤਾਂ ਫੇਰਾ ਪਾ। ਜਿਸ ਦੀ ਹਰ ਨੁੱਕਰ 'ਚੋਂ ਉਠੇ, ਹਉਕਿਆਂ ਸੰਦੀ ਹਾਅ। ਨੀਂਦਰੇ ਨੀ ਉਨ੍ਹਾਂ ਸੁੱਤੇ ਹਰਫੀਂ, ਜਾ ਕੇ ਜਰਾ ਹਲੂਣ। ਜਿਨ੍ਹਾਂ 'ਚ ਨਿੱਤ ਸੂਲੀ ਲਟਕੇ, ਸੱਜਰਾ ਅਰਥ-ਭਰੂਣ। ਨੀਂਦਰੇ ਨੀ ਉਹ ਪੁਸਤਕ ਪੰਨਾ, ਮਸਤਕ ਵਿਚ ਉਤਾਰ। ਜਿਹੜਾ ਕਿਸ਼ਤੀ ਜਿੰਦ ਦੀ ਚੜ੍ਹਿਆ, ਨਾ ਉਰਵਾਰ ਨਾ ਪਾਰ। ਨੀਂਦਰੇ ਨੀ ਕਦੇ ਖੁਦ ਨੂੰ ਮਿਲ, ਕਾਹਤੋਂ ਰਹਿੰਦੀ ਏਂ ਦੂਰ। ਖੁਦ ਜਾਂ ਖੁਦ ਦੀ ਬੀਹੀ ਆਵੇਂ, ਤਾਂ ਮਾਣੇ ਅਗੰਮ-ਸਰੂਰ।

ਨੀਂਦ, ਸਹਿਜ ਅਵਸਥਾ, ਨਿਵੇਕਲਾ ਪੜਾਅ, ਅੰਦਰੂਨੀ ਪਰਵਾਹ, ਬਹਿਰੂਨੀ ਠਹਿਰਾਅ, ਕਿਰਿਆਤਮਕ ਸੁਝਾਅ ਅਤੇ ਆਪੇ ਤੋਂ ਆਪੇ ਤੀਕ ਦਾ ਸਫਲ ਦੁਹਰਾਅ।

ਨੀਂਦ, ਦਿਨ ਭਰ ਦੀ ਮਿਹਨਤ ਮੁਸ਼ੱਕਤ, ਸਰੀਰਕ ਥਕਾਵਟ, ਮਾਨਸਿਕ ਤਣਾਅ ਤੇ ਰੁਝੇਵਿਆਂ ਤੋਂ ਮੁਕਤੀ, ਖੱਜਲਗਣਾਂ ਨੂੰ ਕੁਝ ਦੇਰ ਹੋਰ ਰੁਕਣ ਦਾ ਸੰਦੇਸ਼ ਅਤੇ ਸੁੰਦਰ ਤੇ ਸੁਪਨ-ਮੰਡਲ ਦੀ ਸੈਰ।

ਚੰਗੇਰੀ ਨੀਂਦ ਲਈ ਜਰੂਰੀ ਹੈ ਕਿ ਤੁਸੀਂ ਸ਼ੁਭ-ਕਰਮਨ ਦੇ ਕਰਮ-ਯੋਗੀ ਹੋਵੋ, ਕਿਸੇ ਰੋਂਦੇ ਨੂੰ ਵਰਾਇਆ ਹੋਵੇ, ਡਿਗੇ ਨੂੰ ਉਠਾਇਆ ਹੋਵੇ, ਲੋੜਵੰਦ ਨੂੰ ਗਲੇ ਲਾਇਆ ਹੋਵੇ, ਗਿਆਨਹੀਣ ਦੇ ਨੈਣਾਂ ਵਿਚ ਗਿਆਨ ਦਾ ਦੀਪਕ ਜਗਾਇਆ ਹੋਵੇ ਅਤੇ ਕਰਮ ਖੇਤੀ ਵਿਚ ਸੰਤੁਸ਼ਟੀ ਦਾ ਰਾਗ ਉਗਾਇਆ ਹੋਵੇ। ਖੁਦੀ ਤੋਂ ਦੂਰ ਰਹਿਣ ਵਾਲੇ ਹੀ ਸੁਖਨ, ਸਹਿਜ ਅਤੇ ਸੰਤੋਖੀ ਨੀਂਦ ਦਾ ਅਨਹਦੀ ਅਨੰਦ ਮਾਣਦੇ।

ਨੀਂਦ ਸਭ ਤੋਂ ਖੂਬਸੂਰਤ ਮੌਕਾ, ਜਦ ਤੁਸੀਂ ਮਨਪਸੰਦ ਥਾਂਵਾਂ ਦੇਖਦੇ, ਮਿੱਤਰ ਪਿਆਰਿਆਂ ਦੀ ਸੰਗਤ ਮਾਣਦੇ, ਪੁਰਖੀ ਥਾਂਵਾਂ 'ਚ ਘੁੰਮਦੇ, ਬਚਪਨੀ ਸਾਂਝ ਨੂੰ ਨਵਿਆਉਂਦੇ, ਖੁਬਸੂਰਤ ਯਾਦਾਂ ਦੀ ਤਸ਼ਬੀਹ ਸਿਰਜਦੇ, ਸੁਪਨਿਆਂ 'ਚ ਸੁਪਨਾ ਬਣਦੇ ਹੋ।

ਨੀਂਦ, ਸੁਪਨ-ਰਾਜ਼, ਸੁਪਨ-ਸੰਯੋਗ, ਸੁਪਨ-ਸਫਲਤਾ, ਸੁਪਨ-ਸੰਸਾਰ, ਸੁਪਨ-ਸੇਧ ਅਤੇ ਸੁਪਨ-ਸਿਰਨਾਵਾਂ।

ਨੀਂਦ ਵਿਚ ਲਏ ਸੁਪਨਿਆਂ ਦੇ ਹਾਣੀ ਬਣਨ ਲਈ ਸਵੇਰੇ ਉਠਦੇ ਸਾਰ ਖੁਦ ਨੂੰ ਅਤੇ ਫਿਰ ਸੁਪਨਿਆਂ ਦੀ ਪੂਰਨਤਾ ਨੂੰ ਮੁਖਾਤਬ ਹੋਵੋ।

ਨੀਂਦ ਲਈ ਨਿੱਘਾ ਸਾਥ ਹੋਵੇ ਤਾਂ ਬਹੁਤ ਵਧੀਆ। ਪਰ ਨੀਂਦ 'ਚੋਂ ਉਠਾਉਣ ਲਈ ਇਕ ਅਜਿਹੇ ਸਾਥੀ ਦੀ ਲੋੜ ਹੁੰਦੀ ਜੋ ਖੁਦ ਜਾਗਿਆ ਹੋਵੇ ਅਤੇ ਉਸ ਵਿਚ ਸੁੱਤੇ ਜਗਾਉਣ ਦੀ ਜਗਿਆਸਾ ਹੋਵੇ।

ਸੌਣ ਤੋਂ ਪਹਿਲਾਂ ਖੁਦ ਦੇ ਰੂਬਰੂ ਹੋਣਾ, ਨਿਤ ਪ੍ਰਤੀ ਦੀ ਜ਼ਿੰਦਗੀ ਨੂੰ ਖੁਦ ਦੀ ਅੱਖ ਨਾਲ ਵਾਚਣਾ, ਇਸ ਦੇ ਚਾਨਣ ਪੱਖਾਂ ਤੇ ਹਨੇਰ ਨਗਰੀ ਨੂੰ ਜਾਣਨਾ ਅਤੇ ਚਾਨਣ-ਰੁੱਤ ਨੂੰ ਹੋਰ ਉਜਿਆਰਾ ਕਰਨ ਦੀ ਕਸਮ ਪਾ ਕੇ ਸੌਂਵੋਗੇ ਤਾਂ ਨੀਂਦ-ਹੁਲਾਰੇ ਫਖਰ ਮਹਿਸੂਸ ਕਰਨਗੇ।

ਨੀਂਦ ਨਿੱਤਨੇਮੀ ਹੋਵੇ, ਨੂਰੀ ਰੰਗ ਵਿਚ ਰੰਗੀ ਹੋਵੇ, ਨਰਾਇਣੀ ਵਿਰਾਸਤ ਨਾਲ ਵਰੋਸਾਈ ਹੋਵੇ ਅਤੇ ਨਿਰਵਿਘਨਤਾ ਨਾਲ ਲਬਰੇਜ਼ ਹੋਵੇ ਤਾਂ ਨੀਂਦ ਦੇ ਹਰ ਅਦੁੱਤੀ ਸਰੂਪ ਨੂੰ ਉਸ ਦੀ ਅਨੂਠੇਪਨ ਸੰਗ ਮਾਣਿਆ ਜਾ ਸਕਦਾ। ਸੁਭਾਗੀ ਨੀਂਦੜੀਏ ਤੂੰ ਹਰੇਕ ਦਾ ਧੰਨਭਾਗ ਬਣੀ, ਕਲਮ ਦੀ ਕਾਮਨਾ ਏ।

**ਨੀਂਦਰੇ ਨੀ ਉਸ ਵਿਹੜੇ ਜਾਈਂ ਜਿਥੇ ਵੱਸਦੇ ਸੋਗ।**
**ਤੇਰੀ ਇਕ ਸਵੱਲੀ ਨਜ਼ਰੇ, ਸ਼ਾਇਦ ਮਿੱਟ ਜਾਵਣ ਰੋਗ।**
**ਨੀਂਦਰੇ ਨੀ ਉਸ ਖੇਤ ਨੂੰ ਜਾਈਂ, ਜਿਸ ਨੂੰ ਲੱਗੀਆਂ ਨਜ਼ਰਾਂ।**
**ਫਸਲਾਂ ਦੀ ਹਰਿਆਲੀ ਬੀਜੇ, ਨਿੱਤ ਤਾਜ਼ੀਆਂ ਕਬਰਾਂ।**
**ਨੀਂਦਰੇ ਨੀ ਉਸ ਸੋਚ 'ਚ ਉਗੀਂ, ਜਿਹੜੀ ਭੁੱਖਣਭਾਣੀ।**
**ਹੱਥ 'ਚ ਫੜੀਆਂ ਡਿਗਰੀਆਂ ਨੇ ਵੀ, ਨਾ ਸੁਲਝਾਈ ਤਾਣੀ।**
**ਨੀਂਦਰੇ ਨੀ ਉਸ ਮਾਂ ਨੂੰ ਪੁੱਛੀਂ, ਕਿੰਨੇ ਦਿਨਾਂ ਤੋਂ ਜਾਗੇ?**
**ਹੱਥੀਂ ਬੁਣੀ ਫੁਲਕਾਰੀ ਜਿਸ ਦੀ, ਹੋਈ ਧਾਗੇ ਧਾਗੇ।**
**ਨੀਂਦਰੇ ਨੀ ਉਸ ਬਾਗ ਦੀ ਬਗਲੀ, ਜਰਾ ਕੁ ਕਰੀਂ ਟਿਕਾਣਾ।**
**ਜਿਹੜਾ ਹਰਦਮ ਸੋਚੀ ਜਾਵੇ, ਮੇਰੇ ਪੁੱਤਰਾਂ ਸਿਵਾ ਸਜਾਣਾ।**
**ਨੀਂਦਰੇ ਨੀ ਉਸ ਘਰ ਦੀ ਜੂਹੇ, ਇਕ ਤਾਂ ਫੇਰਾ ਪਾ।**
**ਜਿਸ ਦੀ ਹਰ ਨੁੱਕਰ 'ਚੋਂ ਉਠੇ, ਹਉਕਿਆਂ ਸੰਦੀ ਹਾਅ।**
**ਨੀਂਦਰੇ ਨੀ ਉਨ੍ਹਾਂ ਸੁੱਤੇ ਹਰਫੀਂ, ਜਾ ਕੇ ਜਰਾ ਹਲੂਣ।**
**ਜਿਨ੍ਹਾਂ 'ਚ ਨਿੱਤ ਸੂਲੀ ਲਟਕੇ, ਸੱਜਰਾ ਅਰਥ-ਭਰੂਣ।**
**ਨੀਂਦਰੇ ਨੀ ਉਹ ਪੁਸਤਕ ਪੰਨਾ, ਮਸਤਕ ਵਿਚ ਉਤਾਰ।**
**ਜਿਹੜਾ ਕਿਸ਼ਤੀ ਜਿੰਦ ਦੀ ਚੜ੍ਹਿਆ, ਨਾ ਉਰਵਾਰ ਨਾ ਪਾਰ।**
**ਨੀਂਦਰੇ ਨੀ ਕਦੇ ਖੁਦ ਨੂੰ ਮਿਲ, ਕਾਹਤੋਂ ਰਹਿੰਦੀ ਏਂ ਦੂਰ।**
**ਖੁਦ ਜਾਂ ਖੁਦ ਦੀ ਬੀਹੀ ਆਵੇਂ, ਤਾਂ ਮਾਣੇ ਅਗੰਮ-ਸਰੂਰ।**

# ਹਰਜੀਤਾ: ਜਜ਼ਬੇ ਨੂੰ ਸਲਾਮ

ਖਿਡਾਰੀ ਅਤੇ ਕਲਾਕਾਰ ਹਮੇਸ਼ਾ ਨੌਜਵਾਨ ਪੀੜ੍ਹੀ ਦਾ ਰੋਲ ਮਾਡਲ ਰਹੇ ਹਨ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਖੇਡਾਂ ਨੂੰ ਸਭਿਆਚਾਰ ਵਿਚੋਂ ਤਕਰੀਬਨ ਮਨਫੀ ਕਰ ਦਿੱਤਾ ਗਿਆ ਹੈ। ਇਥੇ ਫਿਰ ਖਿਡਾਰੀਆਂ ਅਤੇ ਕਲਾਕਾਰਾਂ ਦੀ ਜ਼ਿੰਮੇਵਾਰੀ ਸ਼ੁਰੂ ਹੁੰਦੀ ਹੈ ਕਿ ਨੌਜਵਾਨਾਂ ਨੂੰ ਸਿਹਤਮੰਦ ਖੇਡਾਂ ਵੱਲ ਲਿਆਂਦਾ ਜਾਵੇ। ਗਾਇਕ ਐਮੀ ਵਿਰਕ ਨੂੰ ਆਪਣੀ ਫਿਲਮ 'ਹਰਜੀਤਾ' ਹਾਕੀ ਖੇਡ ਅਤੇ ਖਿਡਾਰੀ ਜਗਤ ਨੂੰ ਸਮਰਪਿਤ ਕਰਨ ਲਈ ਹੱਲਾਸ਼ੇਰੀ ਦੇਣੀ ਬਣਦੀ ਹੈ। ਇਸ ਫਿਲਮ ਰਾਹੀਂ ਐਮੀ ਵਿਰਕ ਨੇ 2016 ਦਾ ਜੂਨੀਅਰ ਹਾਕੀ ਵਿਸ਼ਵ ਕੱਪ ਭਾਰਤ ਦੀ ਝੋਲੀ ਪਾਉਣ ਵਾਲੇ ਭਾਰਤੀ ਟੀਮ ਦੇ ਕਪਤਾਨ ਹਰਜੀਤ ਸਿੰਘ ਤੁਲੀ ਦੀ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਜਗਦੀਪ ਸਿੱਧੂ ਵੱਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਹਰਜੀਤ ਸਿੰਘ ਤੁਲੀ ਦੀ ਮੁੱਖ ਭੂਮਿਕਾ ਵਿਚ ਐਮੀ ਵਿਰਕ ਦੇ ਨਾਲ ਅਦਾਕਾਰਾ ਸਾਵਣ ਰੂਪੋਵਾਲੀ ਅਤੇ ਸਮੀਪ ਸਿੰਘ, ਪੰਕਜ ਤ੍ਰਿਪਾਠੀ, ਰਾਜ ਝਿੰਜਰ, ਗੁਰਪ੍ਰੀਤ ਭੰਗੂ, ਪ੍ਰਕਾਸ਼ ਗੁੱਡੂ, ਸੁੱਖੀ ਚਾਹਲ ਅਤੇ ਜਰਨੈਲ ਸਿੰਘ ਵੱਖ ਵੱਖ ਭੂਮਿਕਾਵਾਂ ਵਿਚ ਹਨ।


ਨਿਰਮਾਤਾ ਨਿੱਕ ਬਹਿਲ, ਮੁਨੀਸ਼ ਸਾਹਨੀ ਅਤੇ ਭਗਵੰਤ ਵਿਰਕ ਦੀ ਇਸ ਫਿਲਮ ਦਾ ਸੰਗੀਤ ਸੰਗੀਤਕਾਰ ਗੁਰਮੀਤ ਸਿੰਘ ਨੇ ਤਿਆਰ ਕੀਤਾ ਹੈ। ਇਸ ਫਿਲਮ ਲਈ ਐਮੀ ਵਿਰਕ ਨੇ ਕਿੰਨੀ ਮਿਹਨਤ ਕੀਤੀ ਹੋਵੇਗੀ, ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਫਿਲਮ ਲਈ ਉਸ ਨੇ 22 ਕਿਲੋ ਦੇ ਕਰੀਬ ਭਾਰ ਘਟਾਇਆ।



ਫਿਲਮ ਵਿਚ ਕੱਚੇ ਘਰ ਤੋਂ ਗ਼ਰੀਬੀ ਦੀਆਂ ਦਹਿਲੀਜ਼ਾਂ ਪਾਰ ਕਰਦਿਆਂ ਇਸ ਖਿਡਾਰੀ ਦੀ ਮਿਹਨਤ ਨੂੰ ਸਿਖਰ ਤਕ ਜਾਂਦਿਆਂ ਬਾਖ਼ੂਬੀ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਚਪਨ ਵਿਚ ਇਸ ਚੈਂਪੀਅਨ ਦਾ ਆਪਣੀ ਮਾਂ ਨੂੰ ਕਿਹਾ ਡਾਇਲਾਗ 'ਮਾਂ! ਮੈਂ ਕੱਲ੍ਹ ਹਾਕੀ ਖੇਡਣ ਜਾਵਾਂ? ਰਬੜ ਵਾਲੀ ਨਿੱਕਰ ਮਿਲੂਗੀ।' ਬੜੀ ਖ਼ੂਬਸੂਰਤੀ ਨਾਲ ਗ਼ਰੀਬੀ ਦਾ ਆਲਮ ਪੇਸ਼ ਕਰਦਾ ਹੈ।

ਮੁਹਾਲੀ ਜ਼ਿਲ੍ਹੇ ਦੇ ਕੁਰਾਲੀ ਕਸਬੇ ਦੇ ਟਰੱਕ ਡਰਾਈਵਰ ਰਾਮਪਾਲ ਸਿੰਘ ਦੇ ਬੇਟੇ ਹਰਜੀਤ ਸਿੰਘ ਤੁਲੀ ਦੀ ਕਪਤਾਨੀ ਵਾਲੀ ਭਾਰਤੀ ਜੂਨੀਅਰ ਹਾਕੀ ਟੀਮ ਨੇ 2016 ਵਿਚ ਲਖਨਊ ਵਿਖੇ ਜੂਨੀਅਰ ਹਾਕੀ ਵਿਸ਼ਵ ਚੈਂਪੀਅਨਸ਼ਿਪ ਵਿਚ ਵਿਸ਼ਵ ਚੈਂਪੀਅਨ ਜਰਮਨ ਨੂੰ ਹਰਾ ਕੇ 20 ਸਾਲਾਂ ਬਾਅਦ ਜੂਨੀਅਰ ਹਾਕੀ ਵਿਸ਼ਵ ਚੈਂਪੀਅਨਸ਼ਿਪ ਦਾ ਖ਼ਿਤਾਬ ਭਾਰਤ ਦੀ ਝੋਲੀ ਪਾਇਆ ਸੀ। 2004 ਵਿਚ 11 ਸਾਲ ਦੀ ਉਮਰ ਵਿਚ ਹਾਕੀ ਨੂੰ ਕਰੀਅਰ ਵਜੋਂ ਅਪਨਾਉਣ ਵਾਲੇ ਹਰਜੀਤ ਨੂੰ ਗ਼ਰੀਬੀ ਕਾਰਨ ਇਕ ਮੌਕੇ ਪਰਿਵਾਰ ਵੱਲੋਂ ਹਾਕੀ ਛੱਡਣ ਦਾ ਅਲਟੀਮੇਟਮ ਵੀ ਮਿਲ ਗਿਆ ਸੀ, ਪਰ ਪਰਿਵਾਰ ਨੂੰ ਔਖਿਆਂ ਸੌਖਿਆਂ ਹਰਜੀਤ ਨੇ ਮਨਾ ਲਿਆ ਸੀ।

-ਸੁਰਜੀਤ ਸਿੰਘ ਭਦੌੜ




# ਪੰਜਾਬੀ ਫਿਲਮਾਂ ਦਾ ਪਹਿਲਾ ਹੀਰੋ ਭਾਈ ਦੇਸਾ

1930ਵਿਆਂ ਦੇ ਦਹਾਕੇ ਵਿਚ ਪੰਜਾਬੀ ਸਿਨੇਮਾ ਦਾ ਖ਼ੂਬਸੂਰਤ ਆਗਾਜ਼ ਪੰਜਾਬੀ ਜ਼ੁਬਾਨ ਦੀ ਪਹਿਲੀ ਬੋਲਦੀ ਫੀਚਰ ਫਿਲਮ 'ਇਸ਼ਕ-ਏ-ਪੰਜਾਬ' ਉਰਫ 'ਮਿਰਜ਼ਾ ਸਾਹਿਬਾਂ' ਤੋਂ ਹੋਇਆ। 29 ਮਾਰਚ 1935 ਨੂੰ ਨਿਰੰਜਨ ਟਾਕੀਜ਼, ਲਾਹੌਰ ਵਿਚ ਪ੍ਰਦਰਸ਼ਿਤ ਹੋਈ ਇਸ ਫਿਲਮ ਦੇ ਪਹਿਲੇ ਹੀਰੋ ਬਣਨ ਦਾ ਮਾਣ ਹਾਸਲ ਕਰਨ ਵਾਲੇ ਭਾਈ ਦੇਸਾ ਪੰਜਾਬ ਦੇ ਰਬਾਬੀ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਇਨ੍ਹਾਂ ਦਾ ਕਸਬ ਗੁਰਦੁਆਰਿਆਂ ਵਿਚ ਸ਼ਬਦ-ਕੀਰਤਨ ਕਰਨਾ ਹੁੰਦਾ ਸੀ, ਪਰ ਭਾਈ ਦੇਸਾ ਦੇ ਹੀਰੋਨੁਮਾ ਚਿਹਰੇ ਨੇ ਉਨ੍ਹਾਂ ਨੂੰ ਫਿਲਮਾਂ ਦਾ ਹੀਰੋ ਬਣਾ ਦਿੱਤਾ, ਜਿਸ ਦਾ ਉਨ੍ਹਾਂ ਨੇ ਅੰਦਾਜ਼ਾ ਵੀ ਨਹੀਂ ਲਾਇਆ ਸੀ।

ਭਾਈ ਦੇਸਾ ਦਾ ਜਨਮ ਮੁਸਲਿਮ ਪੰਜਾਬੀ ਪਰਿਵਾਰ ਵਿਚ 1905 ਨੂੰ ਅੰਮ੍ਰਿਤਸਰ ਵਿਖੇ ਹੋਇਆ। ਇਨ੍ਹਾਂ ਦੇ ਵਾਲਿਦ ਭਾਈ ਸਾਈਂ ਦਿੱਤਾ ਜੀ ਹਜ਼ੂਰੀ ਰਬਾਬੀ ਸਨ। ਮੁਸਲਿਮ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਸੀ, ਉਨ੍ਹਾਂ ਦੇ ਵੱਡੇ ਵਡੇਰੇ ਵੀ ਅੰਮ੍ਰਿਤਸਰ ਵਿਖੇ 19ਵੀਂ ਸਦੀ ਦੇ ਭਾਈ ਮਹਿਰਾ ਅਤੇ ਖੈਰਾ ਦੇ ਨਾਂ ਨਾਲ ਮਕਬੂਲ ਰਬਾਬੀ ਸਨ। ਭਾਈ ਖੈਰਾ ਦੇ ਦੋ ਪੁੱਤਰ ਭਾਈ ਲੱਡੂ ਅਤੇ ਭਾਈ ਸਾਈਂ ਦਿੱਤਾ ਸਨ। ਆਪਣੇ ਵਡੇਰਿਆਂ ਵਾਂਗ ਭਾਈ ਸਾਈਂ ਦਿੱਤਾ ਨੇ ਵੀ ਨਾਂ ਅਤੇ ਸ਼ੁਹਰਤ ਕਮਾਈ। ਭਾਈ ਸਾਈਂ ਦਿੱਤਾ ਦੇ ਵੀ ਅੱਗੋਂ ਦੋ ਪੁੱਤਰ ਸਨ ਭਾਈ ਦੇਸਾ ਅਤੇ ਭਾਈ ਮੁਲਖਾ। ਭਾਈ ਦੇਸਾ ਨੂੰ ਸੰਗੀਤ ਨਾਲ ਬੇਪਨਾਹ ਉਲਫਤ ਸੀ ਜੋ ਕੀਰਤਨ ਦੌਰਾਨ ਵਾਲਿਦ ਸਾਹਿਬ ਦਾ ਸਾਥ ਦਿੰਦੇ ਸਨ। ਲਿਹਾਜ਼ਾ ਉਨ੍ਹਾਂ ਦੀ ਸੰਗੀਤਕ ਸੁਹਬਤ ਮਾਣਦਿਆਂ ਭਾਈ ਦੇਸਾ ਵੀ ਸੁਰਾਂ ਦਾ ਸ਼ਾਹਸਵਾਰ ਬਣ ਗਿਆ।

1930ਵਿਆਂ ਦੇ ਦਹਾਕੇ ਵਿਚ ਜਦੋਂ ਖ਼ਾਮੋਸ਼ ਸਿਨੇਮਾ ਨੂੰ ਆਵਾਜ਼ ਮਿਲੀ ਤਾਂ ਫਿਲਮਸਾਜ਼ਾਂ ਨੇ ਅਜਿਹੇ ਚਿਹਰਿਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਜੋ ਸ਼ਕਲ ਪੱਖੋਂ ਖ਼ੂਬਸੂਰਤ ਹੋਣ ਦੇ ਨਾਲ-ਨਾਲ ਵਧੀਆ ਗਾ ਵੀ ਸਕਦੇ ਹੋਣ ਕਿਉਂਕਿ ਉਸ ਵਕਤ ਪਿੱਠਵਰਤੀ ਗੁਲੂਕਾਰੀ ਦਾ ਰਿਵਾਜ ਨਹੀਂ ਸੀ ਅਤੇ ਫਨਕਾਰਾਂ ਨੂੰ ਆਪਣੇ 'ਤੇ ਫਿਲਮਾਏ ਜਾਣ ਵਾਲੇ ਗੀਤ ਖ਼ੁਦ ਗਾਉਣੇ ਪੈਂਦੇ ਸਨ। ਲਿਹਾਜ਼ਾ ਉਹੀ ਗਵੱਈਏ ਕਾਮਯਾਬੀ ਹਾਸਲ ਕਰ ਸਕੇ ਜਿਨ੍ਹਾਂ ਵਿਚ ਇਹ ਦੋਵੇਂ ਖ਼ੂਬੀਆਂ ਮੌਜੂਦ ਸਨ। ਇਹ ਖ਼ੂਬਸੂਰਤ ਮੌਕਾ ਭਾਈ ਦੇਸਾ ਨੇ ਵੀ ਹੱਥੋਂ ਨਹੀਂ ਜਾਣ ਦਿੱਤਾ। ਭਾਈ ਦੇਸਾ 30 ਸਾਲਾ ਨੌਜਵਾਨ ਸੀ ਅਤੇ ਸ਼ਕਲ ਪੱਖੋਂ ਨਿਰਾ ਪੂਰਾ ਹੀਰੋ ਜਾਪਦਾ ਸੀ। ਆਪਣੀ ਮਖ਼ਸੂਸ ਗਾਇਨ-ਸ਼ੈਲੀ ਅਤੇ ਆਵਾਜ਼ ਦੀ ਬੁਲੰਦੀ ਸਦਕਾ ਉਹ ਫਿਲਮਾਂ ਦਾ ਹੀਰੋ ਬਣ ਗਿਆ। ਉਨ੍ਹੀਂ ਦਿਨੀਂ ਹਿੰਦਮਾਤਾ ਸਿਨੇਟੋਨ ਕੰਪਨੀ, ਬੰਬੇ ਵਾਲਿਆਂ ਨੇ 'ਦਾਸਤਾਨ-ਏ-ਮੁਹੱਬਤ' ਉਤੇ ਆਧਾਰਤ ਭਾਰਤ ਦੀ ਪਹਿਲੀ ਬੋਲਦੀ ਪੰਜਾਬੀ ਫੀਚਰ ਫਿਲਮ 'ਇਸ਼ਕ-ਏ-ਪੰਜਾਬ' ਉਰਫ 'ਮਿਰਜ਼ਾ ਸਾਹਿਬਾਂ' ਬਣਾਈ ਤਾਂ ਹੀਰੋ ਵਜੋਂ ਭਾਈ ਦੇਸਾ ਨੂੰ ਲਿਆ, ਜਿਸ ਵਿਚ ਅਭਿਨੇਤਰੀ ਦਾ ਕਿਰਦਾਰ ਖ਼ੁਰਸ਼ੀਦ ਬਾਨੋ ਨੇ ਅਦਾ ਕੀਤਾ ਜੋ ਇਸ ਤੋਂ ਚਾਰ ਸਾਲ ਪਹਿਲਾਂ ਮਾਦਨ ਥੀਏਟਰ, ਕਲਕੱਤਾ ਦੀ ਹਿੰਦੀ-ਉਰਦੂ ਫਿਲਮ 'ਲੈਲਾ ਮਜਨੂੰ' ਵਿਚ 'ਮਿਸ ਸ਼ਹਿਲਾ' ਦੇ ਨਾਂ ਨਾਲ ਅਦਾਕਾਰੀ ਦਾ ਆਗਾਜ਼ ਕਰ ਚੁੱਕੀ ਸੀ।

'ਇਸ਼ਕ-ਏ-ਪੰਜਾਬ' ਬਤੌਰ ਅਦਾਕਾਰ ਉਸ ਦੀ ਪਹਿਲੀ ਪੰਜਾਬੀ ਫਿਲਮ ਸੀ, ਜਿਸ ਦੀ ਸ਼ੂਟਿੰਗ ਅੰਮ੍ਰਿਤਸਰ ਵਿਖੇ ਹੋਈ। ਜੀ.ਆਰ. ਸੇਠੀ ਦੀ ਇਹ ਫਿਲਮ 29 ਮਾਰਚ 1935 ਨੂੰ ਨਿਰੰਜਨ ਟਾਕੀਜ਼ ਲਾਹੌਰ ਵਿਖੇ ਪ੍ਰਦਰਸ਼ਿਤ ਹੋਈ। ਫਿਲਮ ਦੀ ਮੌਸੀਕੀ ਪ੍ਰੋ. ਨਵਾਬ ਖ਼ਾਨ ਨੇ ਤਿਆਰ ਕੀਤੀ। ਹਾਲਾਂਕਿ ਇਸ ਤੋਂ ਪਹਿਲਾਂ ਵੀ ਭਾਈ ਦੇਸਾ ਉਰਦੂ-ਹਿੰਦੀ ਫਿਲਮ 'ਖ਼ਾਕ ਕਾ ਪੁਤਲਾ' ਵਿਚ ਅਦਾਕਾਰੀ ਕਰ ਚੁੱਕੇ ਸਨ। ਇਸ ਫਿਲਮ ਵਿਚ ਪੰਜਾਬ ਦੇ ਇਕ ਹੋਰ ਅਜ਼ੀਮ ਲੋਕ ਗਵੱਈਆ ਭਾਈ ਛੈਲਾ ਪਟਿਆਲੇ ਵਾਲਾ ਵੀ ਹੀਰੋ ਵਜੋਂ ਆਪਣੇ ਫਨ ਦੀ ਨੁਮਾਇਸ਼ ਕਰ ਰਿਹਾ ਸੀ। ਭਾਈ ਛੈਲਾ ਵੀ ਰਬਾਬੀ ਖ਼ਾਨਦਾਨ ਨਾਲ ਸਬੰਧਤ ਸੀ।

ਭਾਈ ਦੇਸਾ ਦੀ ਬਤੌਰ ਹੀਰੋ ਪਹਿਲੀ ਉਰਦੂ/ਹਿੰਦੀ ਫਿਲਮ ਕ੍ਰਿਸ਼ਨਾ ਫਿਲਮ ਕੰਪਨੀ, ਬੰਬੇ ਦੀ 'ਖ਼ਾਕ ਕਾ ਪੁਤਲਾ' ਸੀ ਜੋ 1934 ਵਿਚ ਪ੍ਰਦਰਸ਼ਿਤ ਹੋਈ। ਜੀ.ਆਰ. ਸੇਠੀ ਦੇ ਨਿਰਦੇਸ਼ਨ 'ਚ ਬਣੀ ਇਸ ਫਿਲਮ 'ਚ ਭਾਈ ਦੇਸਾ ਦੇ ਸਨਮੁੱਖ ਹੀਰੋਇਨ ਦਾ ਕਿਰਦਾਰ ਅਲਕਨੰਦਾ ਨੇ ਅਦਾ ਕੀਤਾ ਸੀ। ਫਿਲਮ ਦੇ 11 ਗੀਤਾਂ ਵਿਚੋਂ 4 ਇਕੱਲ ਗੀਤ ਭਾਈ ਦੇਸਾ ਨੇ ਗਾਏ ਤੇ ਉਨ੍ਹਾਂ 'ਤੇ ਫਿਲਮਾਏ ਗਏ ਜਿਨ੍ਹਾਂ 'ਚ 'ਹਮੇਸ਼ਾਂ ਆਗ ਨਿਕਲਤੀ ਹੈ ਮੇਰੇ ਸੀਨੇ ਸੇ', 'ਹਲਾਲੇ ਈਦ ਨਮੂਦਾਰ ਆਸਮਾਂ ਪੇ ਹੂਆ', 'ਕਾਫਿਰ-ਏ-ਇਸ਼ਕ ਹੂੰ ਲਿੱਲਾਹ ਮੁਸਲਮਾਨ ਕਰੋ' ਅਤੇ ਇਕ ਗ਼ਾਲਿਬ ਦੀ ਲਿਖੀ ਗ਼ਜ਼ਲ 'ਕੋਈ ਉਮੀਦ ਬਰ ਨਹੀਂ ਆਤੀ, ਕੋਈ ਸੂਰਤ ਨਜ਼ਰ ਨਹੀਂ ਆਤੀ' ਸ਼ਾਮਲ ਸਨ।

ਭਾਈ ਦੇਸਾ ਦੀ ਦੂਸਰੀ ਫਿਲਮ ਮਹਾਂਲਕਸ਼ਮੀ ਸਿਨੇਟੋਨ, ਬੰਬੇ ਦੀ 'ਨਨੰਦ ਭੋਜਾਈ' (1934) ਸੀ। ਨਾਨੂੰਭਾਈ ਵਕੀਲ ਦੀ ਨਿਰਦੇਸ਼ਨਾ ਹੇਠ ਰਿਲੀਜ਼ ਹੋਈ ਇਸ ਫਿਲਮ ਵਿਚ ਹੀਰੋਇਨ ਦਾ ਕਿਰਦਾਰ ਜ਼ੁਬੈਦਾ ਬਾਨੋ ਨੇ ਨਿਭਾਇਆ। ਭਾਈ ਦੇਸਾ ਦੀ ਤੀਸਰੀ ਫਿਲਮ 'ਰਸ਼ਕ-ਏ-ਲੈਲਾ' ਉਰਫ 'ਜਾਨੇਮਨ' (1934) ਸੀ। ਭਾਈ ਦੇਸਾ ਨੇ 'ਅਸਗਰ' ਦਾ ਅਤੇ ਅਦਾਕਾਰਾ ਜ਼ੁਬੈਦਾ ਨੇ 'ਲੈਲਾ' ਦਾ ਕਿਰਦਾਰ ਅਦਾ ਕੀਤਾ। 11 ਨਗਮਿਆਂ ਵਾਲੀ ਇਸ ਫਿਲਮ ਦੀ ਮੌਸੀਕੀ ਮਾਸਟਰ ਦਿਨਕਰ ਦੀ ਸੀ। 7 ਇਕੱਲ ਗੀਤ ਭਾਈ ਦੇਸਾ 'ਤੇ ਅਤੇ 4 ਗੀਤ ਭਾਈ ਦੇਸਾ ਤੇ ਜ਼ੁਬੈਦਾ ਉਪਰ ਫਿਲਮਾਏ ਗਏ।

1935 ਵਿਚ ਭਾਈ ਦੇਸਾ ਸਫਲਤਾ ਦੇ ਸਿਖਰ 'ਤੇ ਸਨ। ਮਹਾਂਲਕਸ਼ਮੀ ਸਿਨੇਟੋਨ, ਬੰਬੇ



ਦੀ 'ਬੀਰਬਲ ਕੀ ਬੇਟੀ' ਭਾਈ ਦੇਸਾ ਦੀ ਚੌਥੀ ਕਾਮਯਾਬ ਫਿਲਮ ਸੀ। ਇਸ ਫਿਲਮ ਦੀ ਹੀਰੋਇਨ ਜ਼ੁਬੈਦਾ ਸੀ। 11 ਨਗਮਿਆਂ ਵਾਲੀ ਇਸ ਫਿਲਮ ਵਿਚੋਂ ਤਿੰਨ ਗੀਤ ਭਾਈ ਦੇਸਾ 'ਤੇ ਫਿਲਮਾਏ ਗਏ। ਇਨ੍ਹਾਂ ਵਿਚ ਸਨ 'ਅਪਨੀ ਪਿਆਰੀ ਕੇ ਬਲਹਾਰ' (ਭਾਈ ਦੇਸਾ, ਜ਼ੁਬੈਦਾ), 'ਮੋਹਨੀ ਸੂਰਤ ਹੈ ਪਿਆਰੀ' (ਭਾਈ ਦੇਸਾ), 'ਸਈਆਂ ਸੁਣੋ ਮੋਰੀ ਬਤੀਆਂ' (ਜ਼ੁਬੈਦਾ, ਭਾਈ ਦੇਸਾ)। ਇਸੇ ਸਾਲ ਹੀ ਜੀ.ਕੇ. ਮਹਿਤਾ ਦੀ ਨਿਰਦੇਸ਼ਨਾ ਵਿਚ ਪ੍ਰਦਰਸ਼ਿਤ ਹੋਈ ਮਹਾਂਲਕਸ਼ਮੀ ਸਿਨੇਟੋਨ ਦੀ ਅਗਲੀ ਫਿਲਮ 'ਚਿਰਾਗ਼-ਏ-ਹੁਸਨ' ਵਿਚ ਭਾਈ ਦੇਸਾ ਨੇ ਅਦਾਕਾਰਾ ਖ਼ੁਰਸ਼ੀਦ (ਫਿਰੋਜ਼ਾ) ਨਾਲ 'ਸ਼ੌਕਤ' ਨਾਮੀਂ ਮਹਿਬੂਬ ਦਾ ਰੋਲ ਨਿਭਾਇਆ। ਫਿਲਮ ਵਿਚ ਕੁਲ 9 ਗੀਤ ਸਨ, ਜਿਨ੍ਹਾਂ ਵਿਚੋਂ ਤਿੰਨ ਇਕੱਲ ਗੀਤ ਭਾਈ ਦੇਸਾ 'ਤੇ ਫਿਲਮਾਏ ਗਏ ਸਨ। ਇਹ ਸਨ 'ਦਿਲ ਤੜਪਤ ਹੈ ਮੇਰਾ, ਤੇਰੀ ਮੁਹੱਬਤ ਕੇ ਲੀਏ', 'ਇਧਰ ਆਓ ਲੇ ਲੂੰ ਬਲਾਏਂ ਤੁਮਹਾਰੀ'।

ਸਾਲ 1935 ਵਿਚ ਹੀ ਆਈ ਮਹਾਂਲਕਸ਼ਮੀ ਸਿਨੇਟੋਨ, ਬੰਬੇ ਦੀ 'ਗੁਲਸ਼ਨ-ਏ-ਆਲਮ' ਵਿਚ ਭਾਈ ਦੇਸਾ ਨੇ 'ਖ਼ੁਸਰੂ' ਨਾਮੀ ਕਿਰਦਾਰ ਨਿਭਾਇਆ ਜਿਸ ਵਿਚ ਅਦਾਕਾਰਾ ਜ਼ੁਬੈਦਾ ਬਾਨੋ 'ਨੂਰੀ' ਦੇ ਕਿਰਦਾਰ ਵਿਚ ਸੀ। ਨਾਨੂੰਭਾਈ ਵਕੀਲ ਦੀ ਨਿਰਦੇਸ਼ਨਾ ਹੇਠ ਬਣੀ ਇਸ ਫਿਲਮ ਦੇ ਮੌਸੀਕਾਰ ਦਿਨਕਰ ਐੱਸ ਬਿਡਕਰ ਅਤੇ ਨਗ਼ਮਾਨਿਗਾਰ ਲਾਲ ਚੰਦ ਫਲਕ ਸਨ। ਭਾਈ ਦੇਸਾ ਨੇ ਸਿਰਫ 5 ਸਿੰਗਲ ਗੀਤ ਗਾਏ ਜੋ ਉਨ੍ਹਾਂ 'ਤੇ ਹੀ ਫਿਲਮਾਏ ਗਏ। ਐਜੂਕੇਸ਼ਨਲ ਟਾਕੀਜ਼, ਬੰਬੇ ਦੀ ਫਿਲਮ 'ਗ੍ਰੈਜੂਏਟ' (1936) ਵਿਚ ਹੀਰਾਲਾਲ ਆਰ ਡਾਕਟਰ ਦੀ ਨਿਰਦੇਸ਼ਨਾ ਹੇਠ ਭਾਈ ਦੇਸਾ ਨੇ ਅਦਾਕਾਰਾ ਗੌਹਰ ਕਰਨਾਟਕੀ ਦੇ ਸਨਮੁੱਖ ਹੀਰੋ ਦਾ ਰੋਲ ਅਦਾ ਕੀਤਾ।

ਇਸੇ ਸਾਲ ਹੀ ਪਰਦਾ-ਪੇਸ਼ ਹੋਈ ਮੁਖ਼ਤਾਰ ਫਿਲਮ ਕੰਪਨੀ, ਬੰਬੇ ਦੀ 'ਪ੍ਰੇਮ ਕੀ ਆਗ' ਵਿਚ ਹਸੀਨਾ ਬਾਨੋ ਨਾਲ ਹੀਰੋ ਦਾ ਕਿਰਦਾਰ ਨਿਭਾਇਆ। ਨਿਰਦੇਸ਼ਕ ਐਮ ਐਲ ਕੂਪਰ ਦੀ ਇਸ ਫਿਲਮ ਵਿਚ 9 ਗੀਤ ਸਨ, ਜਿਨ੍ਹਾਂ ਦੇ ਬੋਲ ਆਗਾ ਜ਼ਬਾਰ ਹਸ਼ਰੀ ਦੇ ਲਿਖੇ ਸਨ। ਫਿਰਦੌਸੀ ਪਿਕਚਰਜ਼, ਬੰਬੇ ਦੀ ਸਟੰਟ ਫਿਲਮ 'ਤੂਫਾਨੀ ਖ਼ਜ਼ਾਨਾ' (1936) ਵਿਚ ਉਨ੍ਹਾਂ ਨੇ ਅਦਾਕਾਰ ਜੈ ਰਾਜ ਅਤੇ ਉਰਮਿਲਾ ਗੁਪਤਾ ਨਾਲ ਦੂਜੇ ਹੀਰੋ ਵਜੋਂ ਅਦਾਕਾਰੀ ਕੀਤੀ।

ਭਾਈ ਦੇਸਾ ਦੀ ਦੂਜੀ ਪੰਜਾਬੀ ਫਿਲਮ ਸ੍ਰੀ ਰਣਜੀਤ ਮੂਵੀਟੋਨ ਦੀ 'ਮਿਰਜ਼ਾ ਸਾਹਿਬਾਂ' (1939) ਸੀ, ਜਿਸ ਵਿਚ ਉਨ੍ਹਾਂ ਦਾਸਤਾਨ-ਗੋ ਦਾ ਕਿਰਦਾਰ ਬਾਖ਼ੂਬੀ ਅਦਾ ਕੀਤਾ। ਇਹ ਫਿਲਮ ਉਨ੍ਹਾਂ ਦੇ ਫਿਲਮ ਕਰੀਅਰ ਦੀ ਆਖ਼ਰੀ ਫਿਲਮ ਸੀ ਜਿਸ ਵਿਚ ਜ਼ਹੂਰ ਰਾਜਾ ਨੇ 'ਮਿਰਜ਼ੇ' ਦਾ ਤੇ ਇਲਾ ਦੇਵੀ ਨੇ 'ਸਾਹਿਬਾਂ' ਦਾ ਕਿਰਦਾਰ ਅਦਾ ਕੀਤਾ ਸੀ। ਭਾਈ ਦੇਸਾ ਨੇ ਕੁਲ 12 ਫਿਲਮਾਂ ਵਿਚ ਅਦਾਕਾਰੀ ਅਤੇ ਗੁਲੂਕਾਰੀ ਕੀਤੀ। ਇਸ ਵਿਚ 10 ਉਰਦੂ/ਹਿੰਦੀ ਫਿਲਮਾਂ ਅਤੇ ਦੋ ਪੰਜਾਬੀ ਫਿਲਮਾਂ ਸ਼ਾਮਲ ਹਨ। ਭਾਈ ਦੇਸਾ ਦੀਆਂ ਦੋ ਮਸ਼ਹੂਰ ਪੰਜਾਬੀ ਰਚਨਾਵਾਂ ਰਾਗ ਪੀਲੂ 'ਚ ਆਈਆਂ 'ਗੈਰ ਹੋਈਆਂ ਪਿਆਰੀਆਂ ਮੈਂ ਵਿਸਾਰੀਆਂ' ਤੇ ਦੂਜੀ 'ਜ਼ਾਲਮ ਲੋਕੀਂ ਸ਼ਿਰੀਂ ਵੈਰੀ ਸ਼ੇਰ ਦੇ' ਜੋ ਐਫ 831 ਦੇ ਤਵੇ ਵਿਚ ਰਿਕਾਰਡ ਹਨ।

ਮਾਝੇ ਦੇ ਗੱਭਰੂ ਭਾਈ ਦੇਸਾ ਨੇ ਪੰਜਾਬੀ ਫਿਲਮ ਇਤਿਹਾਸ ਦੀ ਪਹਿਲੀ ਪੰਜਾਬੀ ਫਿਲਮ 'ਇਸ਼ਕ-ਏ-ਪੰਜਾਬ' ਉਰਫ 'ਮਿਰਜ਼ਾ ਸਾਹਿਬਾਂ' ਵਿਚ ਅਦਾਕਾਰੀ ਕਰ ਕੇ ਆਪਣਾ ਨਾਂ ਪੰਜਾਬੀ ਫਿਲਮਾਂ ਦੇ ਇਤਿਹਾਸ ਵਿਚ ਸੁਨਹਿਰੇ ਹਰਫਾਂ ਵਿਚ ਦਰਜ ਕਰਵਾ ਲਿਆ ਹੈ ਜੋ ਅਮਿਟ ਹੈ। ਮੁਲਕ ਦੀ ਵੰਡ ਤੋਂ ਬਾਅਦ ਭਾਈ ਦੇਸਾ ਦਾ ਪਰਿਵਾਰ ਸਥਾਈ ਤੌਰ 'ਤੇ ਨਵੇਂ ਬਣੇ ਮੁਲਕ ਪਾਕਿਸਤਾਨ ਤੁਰ ਗਿਆ। ਉਨ੍ਹਾਂ ਦੀ 1973 ਵਿਚ ਲਾਹੌਰ ਵਿਚ ਮੌਤ ਹੋ ਗਈ। ਭਾਈ ਦੇਸਾ ਦਾ ਪੁੱਤਰ ਮੁਹੰਮਦ ਅਫਜ਼ਲ ਰੇਡੀਓ ਪਾਕਿਸਤਾਨ ਲਾਹੌਰ ਦਾ ਮੁਲਾਜ਼ਮ ਹੈ।

-ਮਨਦੀਪ ਸਿੰਘ ਸਿੱਧੂ

# ਰਾਹ ਜਾਂਦਿਆਂ ਫੜਿਆ ਫਿਲਮੀ ਰਾਹ: ਤਾਪਸੀ ਪੰਨੂ

ਫਿਲਮ 'ਪਿੰਕ' ਤੋਂ ਅਦਾਕਾਰੀ 'ਚ ਆਪਣੀ ਛਾਪ ਛੱਡਣ ਵਾਲੀ ਤਾਪਸੀ ਪੰਨੂ ਨੇ ਕਿਹਾ ਹੈ ਕਿ ਉਸ ਨੇ ਫਿਲਮ ਇੰਡਸਟਰੀ 'ਚ ਆਉਣ ਦੀ ਕਦੇ ਵੀ ਯੋਜਨਾ ਨਹੀਂ ਬਣਾਈ ਸੀ। ਉਸ ਨੇ ਕਿਹਾ, "ਹਾਲੀਵੁੱਡ, ਦੱਖਣ ਜਾਂ ਬਾਲੀਵੁੱਡ ਬਾਰੇ ਤਾਂ ਭੁੱਲ ਹੀ ਜਾਓ, ਮੈਂ ਤਾਂ ਫਿਲਮ ਸਨਅਤ 'ਚ ਆਉਣ ਬਾਰੇ ਕਦੇ ਸੋਚਿਆ ਤਕ ਨਹੀਂ ਸੀ।" ਉਂਜ ਜੇ ਹੁਣ ਉਸ ਨੂੰ ਹਾਲੀਵੁੱਡ 'ਚ ਮੌਕਾ ਮਿਲਿਆ ਤਾਂ ਉਹ ਇਸ ਬਾਰੇ ਵਿਚਾਰ ਕਰੇਗੀ ਪਰ ਆਪ ਆਪਣੇ ਵੇਰਵੇ ਲੈ ਕੇ ਕਿਸੇ ਕੋਲ ਕਦੇ ਪਹੁੰਚ ਨਹੀਂ ਕਰੇਗੀ। ਜ਼ਿਕਰਯੋਗ ਹੈ ਕਿ ਦੀਪਿਕਾ ਪਾਦੂਕੋਨ, ਪ੍ਰਿਅੰਕਾ ਚੋਪੜਾ ਸਮੇਤ ਕਈ ਅਭਿਨੇਤਰੀਆਂ ਨੇ ਹਾਲੀਵੁੱਡ ਫਿਲਮਾਂ 'ਚ ਹੱਥ ਅਜ਼ਮਾਇਆ ਹੈ। ਤਾਪਸੀ ਦਾ ਕਹਿਣਾ ਹੈ ਕਿ ਉਸ ਕੋਲ ਕਈ



ਵਧੀਆ ਕਹਾਣੀਆਂ ਵਾਲੀਆਂ ਫਿਲਮਾਂ ਹਨ ਜਿਸ ਕਰ ਕੇ ਉਹ ਹਾਲੀਵੁੱਡ ਦੀ ਦੌੜ 'ਚ ਨਹੀਂ ਪੈਣਾ ਚਾਹੁੰਦੀ।

ਬਾਲੀਵੁੱਡ ਅਤੇ ਹਾਲੀਵੁੱਡ ਦਰਮਿਆਨ ਫਰਕ ਬਾਰੇ ਉਸ ਨੇ ਕਿਹਾ ਕਿ ਭਾਰਤੀ ਫਿਲਮ ਸਨਅਤ ਸਹੀ ਦਿਸ਼ਾ 'ਚ ਅੱਗੇ ਵਧ ਰਹੀ ਹੈ। ਹਾਲੀਵੁੱਡ ਵਿਚ ਵਸੀਲੇ ਜ਼ਰੂਰ ਉਚ ਮਿਆਰ ਦੇ ਹਨ ਅਤੇ ਉਨ੍ਹਾਂ ਨਾਲ ਤੁਲਨਾ ਨਹੀਂ ਕਰ ਸਕਦੇ। ਇਸ ਵਰ੍ਹੇ ਤਾਪਸੀ ਪੰਨੂ ਦੀਆਂ ਤਿੰਨ ਫਿਲਮਾਂ 'ਸੂਰਮਾ', 'ਮੁਲਕ' ਅਤੇ 'ਮਨਮਰਜ਼ੀਆਂ' ਰਿਲੀਜ਼ ਹੋ ਰਹੀਆਂ ਹਨ। 'ਸੂਰਮਾ' ਫਿਲਮ ਹਾਕੀ ਖਿਡਾਰੀ ਸੰਦੀਪ ਸਿੰਘ ਦੀ ਜ਼ਿੰਦਗੀ ਉਤੇ ਆਧਾਰਤ ਹੈ। ਇਸ ਵਿਚ ਲੀਡ ਰੋਲ ਤਾਪਸੀ ਪੰਨੂ ਅਤੇ ਦਲਜੀਤ ਦੁਸਾਂਝ ਦੇ ਹਨ।


PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 7/11/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.